ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 51 | 24 December 2021 to 30 December 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਲੁਧਿਆਣਾ ਦੇ ਅਦਾਲਤੀ ਕੰਪਲੈਕਸ ਵਿਚ ਬੰਬ ਧਮਾਕਾ; ਇੱਕ ਹਲਾਕ

**✪ ਤਿੰਨ ਔਰਤਾਂ ਸਣੇ 6 ਜ਼ਖ਼ਮੀ ✪ ਦੂਜੀ ਮੰਜ਼ਿਲ ਸਥਿਤ ਪਖਾਨੇ ਵਿਚ ਹੋਇਆ ਧਮਾਕਾ ✪ ਮੁੱਖ ਮੰਤਰੀ ਵੱਲੋਂ ਉੱਚ ਪੱਧਰੀ ਜਾਂਚ ਦੇ ਹੁਕਮ ✪ ਖਾਲਿਸਤਾਨੀਆਂ ਨੂੰ ਫਸਾਉਣ ਦੀਆਂ ਤਿਆਰੀਆਂ ✪ ਗ੍ਰਹਿ ਮੰਤਰਾਲੇ ਵੱਲੋਂ ਪੰਜਾਬ ਸਰਕਾਰ ਤੋਂ ਰਿਪੋਰਟ ਤਲਬ ✪ ਕੇਂਦਰੀ ਮੰਤਰੀ ਰਿਜਿਜੂ ਬੋਲੇ- ਧਮਾਕੇ 'ਤੇ ਸਿਆਸਤ ਨਾ ਕਰਨ ਮੁਖ ਮੰਤਰੀ ਚੰਨੀ, ਡਿਪਟੀ ਸੀਐੱਮ ਰੰਧਾਵਾ ਤੇ ਸਿੱਧੂ**







ਲੁਧਿਆਣਾ: ਲੁਧਿਆਣਾ ਦੇ ਅਦਾਲਤੀ ਕੰਪਲੈਕਸ ਦੀ ਦੂਜੀ ਮੰਜਿਲ 'ਤੇ ਜੁਡੀਸ਼ੀਅਲ ਮੈਜਿਸਟਰੇਟ ਸ਼ਵੇਤਾ ਦਾਸ ਦੀ ਅਦਾਲਤ ਦੇ ਨੇੜੇ ਰਿਕਾਰਡ ਰੂਮ ਨਾਲ ਲੱਗਦੇ ਬਾਥਰੂਮ ਵਿਚ ਬੀਤੇ ਦਿਨੀਂ ਦੁਪਹਿਰ ਹੋਏ ਧਮਾਕੇ ਵਿਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ 3 ਔਰਤਾਂ ਸਣੇ 6 ਜਣੇ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਬਾਥਰੂਮ ਅੰਦਰੋਂ ਇੱਕ ਲਾਸ਼ ਮਿਲੀ ਹੈ ਤੇ ਸ਼ੱਕ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਇਹ ਵਿਅਕਤੀ ਇੱਥੇ ਬੰਬ ਲਾਉਣ ਆਇਆ ਤੇ ਧਮਾਕੇ ਦੀ ਲਪੇਟ ਵਿਚ ਆ ਗਿਆ। ਇਸ ਦੌਰਾਨ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਮਾਮਲੇ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ ਤੇ ਨਾਲ ਹੀ ਜ਼ਖ਼ਮੀਆਂ ਦਾ ਇਲਾਜ ਮੁਫ਼ਤ ਕਰਨ ਦਾ ਐਲਾਨ ਕੀਤਾ ਹੈ। ਘਟਨਾ ਤੋਂ ਤੁਰੰਤ ਬਾਅਦ ਪੁਲੀਸ ਨੇ ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਹੈ। ਘਟਨਾ ਤੋਂ ਕੁਝ ਸਮੇਂ ਬਾਅਦ ਹੀ ਗ੍ਰਹਿ ਮੰਤਰੀ ਸੁਖਜਿੰਦਰ ਰੰਧਾਵਾ ਤੇ ਡੀਜੀਪੀ ਸਿਧਾਰਥ ਚਟੋਪਾਧਿਆ ਮੌਕੇ 'ਤੇ ਪੁੱਜੇ ਅਤੇ ਹਾਲਾਤ ਦਾ ਜਾਇਜ਼ਾ ਲਿਆ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਲੁਧਿਆਣਾ ਪੁੱਜ ਕੇ ਪੁਲੀਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਹੈ।

ਧਮਾਕਾ ਇਨ੍ਹਾਂ ਕੁ ਤੇਜ਼ ਸੀ ਕਿ ਬਾਥਰੂਮ ਦੇ ਅੰਦਰ ਦੀਆਂ ਸਾਰੀਆਂ ਕੰਧਾਂ ਡਿੱਗ ਗਈਆਂ। ਉੱਧਰ ਬਾਥਰੂਮ ਦੇ ਬਾਹਰ ਫੋਟੋ ਸਟੇਟ ਮਸ਼ੀਨ ਲਾ ਕੇ ਬੈਠੀ ਔਰਤ ਵੀ ਧਮਾਕੇ ਦੀ ਲਪੇਟ ਵਿਚ ਆ ਕੇ ਜ਼ਖਮੀ ਹੋ ਗਈ। ਧਮਾਕੇ ਮਗਰੋਂ ਪੂਰੇ ਕੰਪਲੈਕਸ ਵਿਚ ਹਫ਼ਤਾ ਦਫ਼ੜੀ ਮਚ ਗਈ। ਇਸ ਘਟਨਾ ਵਿਚ ਜ਼ਖ਼ਮੀ ਹੋਏ ਪੰਜ ਵਿਅਕਤੀਆਂ ਨੂੰ ਵੱਖ ਵੱਖ ਹਸਤਪਾਲਾਂ ਵਿਚ ਭਰਤੀ ਕਰਵਾਇਆ। ਜ਼ਖ਼ਮੀਆਂ ਦੀ ਪਛਾਣ ਸੰਦੀਪ ਕੌਰ ਰਾਏਕੋਟ, ਸ਼ਰਨਜੀਤ ਕੌਰ ਜਮਾਲਪੁਰ, ਮਨੀਸ਼ ਕੁਮਾਰ ਵਰਿੰਦਾਵਨ ਰੋਡ ਲੁਧਿਆਣਾ ਅਤੇ ਕ੍ਰਿਸ਼ਨਾ ਖੰਨਾ ਵਾਸੀ ਫੇਜ਼-1 ਦੁੱਗਰੀ ਵਜੋਂ ਹੋਈ ਹੈ। ਜਾਂਚ ਦੌਰਾਨ ਪੁਲੀਸ ਨੂੰ ਬਾਥਰੂਮ ਅੰਦਰੋਂ ਇੱਕ ਲਾਸ਼ ਮਿਲੀ ਹੈ, ਜੋ ਕਿ ਪੂਰੀ ਤਰ੍ਹਾਂ ਖਿੰਡ ਚੁੱਕੀ ਹੈ। ਮ੍ਰਿਤਕ ਦੀ ਪਛਾਣ ਨਹੀਂ ਹੋ ਸਕੀ ਤੇ ਪੁਲੀਸ ਨੂੰ ਸ਼ੱਕ ਹੈ ਕਿ ਇਹੀ ਵਿਅਕਤੀ ਬੰਬ ਨੂੰ ਲਿਆਇਆ ਹੋਵੇਗਾ ਅਤੇ ਬੰਬ ਲਾਉਂਦੇ ਸਮੇਂ ਧਮਾਕਾ ਹੋ ਗਿਆ ਹੋਵੇਗਾ ਐੱਨਆਈਏ ਤੇ ਐੱਨਐੱਸਜੀ ਦੀਆਂ ਟੀਮਾਂ ਨੇ ਮੌਕੇ 'ਤੇ ਪੁੱਜ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਘਟਨਾ ਸਥਾਨ 'ਤੇ ਪੁੱਜੇ। ਉਨ੍ਹਾਂ ਸਿਵਲ ਹਸਪਤਾਲ ਤੇ ਡੀਐੱਮਸੀ ਹਸਪਤਾਲ ਦਾ ਦੌਰਾ ਵੀ ਕੀਤਾ। ਉੱਪ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਕਹਿਣਾ ਸੀ ਕਿ ਪੰਜਾਬ ਵਿਚ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਧਮਾਕੇ ਪਿੱਛੇ ਬਾਹਰੀ ਤਾਕਤਾਂ ਦੇ ਹੱਥ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਨੇ ਲੁਧਿਆਣਾ ਦੇ ਅਦਾਲਤੀ ਕੰਪਲੈਕਸ ਵਿਚ ਹੋਏ ਧਮਾਕੇ ਸਬੰਧੀ ਰਿਪੋਰਟ ਮੰਗੀ ਹੈ। ਅਧਿਕਾਰੀਆਂ ਅਨੁਸਾਰ ਮੰਤਰਾਲੇ ਨੇ ਰਾਜ ਸਰਕਾਰ ਨੂੰ ਮੁੱਢਲੀ ਜਾਂਚ

ਬਾਕੀ ਸਫ਼ਾ 30 'ਤੇ

# ਡਰੱਗ ਮਾਮਲੇ ਵਿਚ ਬਿਕਰਮ ਮਜੀਠੀਆ ਨੂੰ ਝੱਟਕਾ, ਕੋਰਟ ਨੇ ਖਾਰਜ ਕੀਤੀ ਜ਼ਮਾਨਤ ਅਰਜ਼ੀ

**ਡੀਜੀਪੀ ਚਟੋਪਾਧਿਆਏ ਨੇ ਕਿਹਾ ਕਿ ਮਜੀਠੀਆ ਦੇ ਕਰੀਬੀਆਂ ਤੋਂ ਵੀ ਪੁੱਛਗਿੱਛ ਹੋਵੇਗੀ ਤੇ ਐਸਆਈਟੀ ਭਾਰਤ ਤੋਂ ਕੈਨੇਡਾ ਅਤੇ ਅਮਰੀਕਾ ਭੇਜੇ ਗਏ ਸੂਡੋ ਐਫੇਡਰਾਈਨ ਡਰੱਗ ਦੀ ਮੁੜ ਜਾਂਚ ਤੇ ਪੈਸਿਆਂ ਦੇ ਲੈਣ-ਦੇਣ ਦੀ ਵੀ ਜਾਂਚ ਕੀਤੀ ਜਾਵੇਗੀ**

**ਮਜੀਠੀਆ ਉਪਰ ਡਰਗ ਕੇਸ ਤੋਂ ਬਾਅਦ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਚੰਨੀ ਸਰਕਾਰ ਅਕਾਲੀ ਦਲ ਨਾਲ ਦੁਸ਼ਮਣੀ ਕਮਾ ਰਹੀ ਹੈ ਅਸੀਂ ਅਦਾਲਤ ਵਲ ਰੁਖ ਕਰਾਂਗੇ। ਵਿਰੋਧੀ ਧਿਰਾਂ ਭਾਜਪਾ ,ਆਪ ਦਾ ਕਹਿਣਾ ਹੈ ਕਿ ਇਹ ਕੇਸ ਪਹਿਲਾਂ ਕਿਉਂ ਨਹੀਂ ਦਰਜ ਹੋਇਆ ਚੋਣਾਂ ਨੇੜੇ ਕਾਂਗਰਸ ਸਰਕਾਰ ਸਤਾ ਦੀ ਗਲਤ ਵਰਤੋਂ ਕਰ ਰਹੀ ਹੈ। ਲੀਗਲੀ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਇਹ ਕੇਸ ਅਦਾਲਤ ਵਿਚ ਫੇਲ ਹੋਇਆ ਤਾਂ ਕਾਂਗਰਸ ਨੂੰ ਵਡਾ ਸਿਆਸੀ ਨੁਕਸਾਨ ਹੋਵੇਗਾ। ਹੁਣ ਹਾਈਕੋਰਟ ਵਿਚ ਮਾਮਲਾ ਜਾਵੇਗਾ ਸਮਾਂ ਦਸੇਗਾ ਕਿ ਕੀ ਬਣਦਾ ਹੈ ਮਜੀਠੀਆ ਦੇ ਭਵਿੱਖ ਦਾ।**

**ਮੋਹਾਲੀ/ਏ.ਟੀ.ਨਿਊਜ਼** ਡਰੱਗਜ਼ ਮਾਮਲੇ ਵਿਚ ਘਿਰੇ ਸਾਬਕਾ ਮੰਤਰੀ ਅਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਮੋਹਾਲੀ ਅਦਾਲਤ ਨੇ ਝਟਕਾ ਦਿੱਤਾ ਹੈ। ਅਦਾਲਤ ਨੇ ਉਸ ਵੱਲੋਂ ਲਾਈ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਹੈ। ਇਸ ਨਾਲ ਬਿਕਰਮ ਮਜੀਠੀਆ ਦੀਆਂ ਮੁਸੀਬਤਾਂ ਵਧ ਗਈਆਂ ਹਨ ਅਤੇ ਉਨ੍ਹਾਂ 'ਤੇ ਗ੍ਰਿਫ਼ਤਾਰੀ ਦੀ ਤਲਵਾਰ ਲਟਕ ਗਈ ਹੈ। ਮਜੀਠੀਆ ਦੇ ਵਕੀਲ ਨੇ ਕਿਹਾ ਕਿ ਅਸੀਂ ਹਾਈ ਕੋਰਟ ਦਾ ਰੁਖ ਕਰਾਂਗੇ। ਜ਼ਿਕਰਯੋਗ ਹੈ ਕਿ ਪੰਜਾਬ ਵਿਰੁਧਚ ਨਸ਼ਿਆਂ ਨੂੰ ਲੈ ਕੇ ਪੰਜਾਬ ਸਰਕਾਰ ਨੇ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਐੱਫ਼ਆਈਆਰ ਦਰਜ ਕੀਤੀ ਸੀ। ਐਫ਼ਆਈਆਰਜ ਦਰ ਹੋਣ ਤੋਂ ਬਾਅਦ ਉਹ ਰੂਪੋਸ਼ ਹੋ ਗਿਆ ਸੀ। ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਖਿਲਾਫ ਨਸ਼ਿਆਂ ਦੇ ਮਾਮਲੇ ਵਿਚ ਮੋਹਾਲੀ ਦੇ ਸਟੇਟ ਕ੍ਰਾਈਮ ਸੈੱਲ ਫੇਜ਼-4 ਵਿਚ ਮਾਮਲਾ ਦਰਜ ਕਰਨ ਤੋਂ ਬਾਅਦ ਉਨ੍ਹਾਂ ਖਿਲਾਫ ਗ੍ਰਹਿ ਮੰਤਰਾਲੇ ਵੱਲੋਂ ਲੁਕ ਆਉਟ ਨੋਟਿਸ ਜਾਰੀ ਕਰ ਦਿਤਾ ਸੀ । ਪੰਜਾਬ ਸਰਕਾਰ ਨੇ ਮਜੀਠੀਆ ਦੇ ਵਿਦੇਸ਼ ਭੱਜਣ ਦਾ ਖਦਸ਼ਾ ਪ੍ਰਗਟਾਇਆ ਸੀ। ਕੇਸ ਦਰਜ ਹੋਣ ਤੋਂ ਬਾਅਦ ਮਜੀਠੀਆ ਰੂਪੋਸ਼ ਸਨ। ਜਾਣਕਾਰੀ ਅਨੁਸਾਰ ਐਸਆਈਟੀ ਦੀਆਂ ਚਾਰ ਟੀਮਾਂ ਨੇ 16 ਥਾਵਾਂ 'ਤੇ ਛਾਪੇ ਮਾਰੇ ਸਨ। ਪੁਲਿਸ ਸੂਤਰਾਂ ਅਨੁਸਾਰ ਜੇ ਚੰਡੀਗੜ੍ਹ ਸਥਿਤ ਮਜੀਠੀਆ ਦੇ ਸਰਕਾਰੀ ਫਲੈਟ 'ਤੇ ਪੁੱਜੀ ਪਰ ਉਥੇ ਕੋਈ ਨਹੀਂ ਮਿਲਿਆ। ਸਾਬਕਾ ਅਕਾਲੀ ਮੰਤਰੀ ਬਿਕਰਮ ਮਜੀਠੀਆ 'ਤੇ ਕੇਸ ਦਰਜ ਕਰਨ ਬਾਰੇ ਸਾਬਕਾ ਮੰਤਰੀ ਨੂੰ ਪਹਿਲਾਂ ਹੀ ਪਤਾ ਸੀ। ਇਸ ਕਾਰਨ ਉਨ੍ਹਾਂ ਨੇ ਮੋਬਾਈਲ ਲੋਕੇਸ਼ਨ ਤੋਂ ਪੰਜਾਬ ਪੁਲਿਸ ਨੂੰ ਚਕਮਾ ਦੇ



ਦਿੱਤਾ। ਟੀਮ ਨੇ ਜਦੋਂ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪਾ ਮਾਰਿਆ ਤਾਂ ਮੋਬਾਈਲ ਤਾਂ ਮਿਲਿਆ ਪਰ ਮਜੀਠੀਆ ਉੱਥੇ ਨਹੀਂ ਸਨ।

ਦੱਸ ਦੇਈਏ ਕਿ ਮਜੀਠੀਆ ਮਾਮਲੇ ਵਿਚ ਪੰਜਾਬ ਪੁਲਿਸ ਨੇ ਜਾਂਚ ਲਈ ਤਿੰਨ ਮੈਂਬਰੀ ਐੱਸਆਈਟੀ ਦਾ ਗਠਨ ਕੀਤਾ ਹੈ। ਏਆਈਜੀ ਬਲਰਾਜ ਸਿੰਘ, ਡੀਐਸਪੀ ਰਾਜੇਸ਼ ਕੁਮਾਰ ਅਤੇ ਡੀਐਸਪੀ ਕੁਲਵੰਤ ਸਿੰਘ ਨੂੰ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਵਿੱਚ ਸ਼ਾਮਲ ਕੀਤਾ ਗਿਆ ਹੈ। ਏਆਈਜੀ ਦੀ ਅਗਵਾਈ ਵਿੱਚ ਬਣਾਈ ਗਈ ਐਸਆਈਟੀ ਮਾਮਲੇ ਦੀ ਜਾਂਚ ਕਰੇਗੀ। ਇਸ ਮਾਮਲੇ ਵਿਚ ਏਜੀ ਦੀ ਰਿਪੋਰਟ 'ਤੇ ਸੱਤ ਸਾਲ ਪੁਰਾਣੇ ਮਾਮਲੇ ਦੀ ਜਾਂਚ ਵੀ ਮੁੜ ਸ਼ੁਰੂ ਹੋ ਗਈ ਹੈ।

ਡੀਜੀਪੀ ਸਿਧਾਰਥ ਚਟੋਪਾਧਿਆਏ ਨੇ ਕਿਹਾ ਕਿ ਮਜੀਠੀਆ ਦੇ ਕਰੀਬੀਆਂ ਤੋਂ ਵੀ ਪੁੱਛਗਿੱਛ ਕੀਤੀ ਜਾਵੇਗੀ। ਐਸਆਈਟੀ ਭਾਰਤ ਤੋਂ ਕੈਨੇਡਾ ਅਤੇ ਅਮਰੀਕਾ ਭੇਜੇ ਗਏ ਸੂਡੋ ਐਫੇਡਰਾਈਨ ਡਰੱਗ ਦੀ ਮੁੜ ਜਾਂਚ ਕਰੇਗੀ। ਪੈਸਿਆਂ ਦੇ ਲੈਣ-ਦੇਣ ਅਤੇ ਬੈਂਕ ਖਾਤਿਆਂ ਦੀ ਵੀ ਜਾਂਚ ਕੀਤੀ ਜਾਵੇਗੀ। ਬਿਕਰਮ ਮਜੀਠੀਆ ਖਿਲਾਫ 49 ਪੰਨਿਆਂ ਦੀ ਐਫਆਈਆਰ ਦਰਜ ਕੀਤੀ ਗਈ ਹੈ। ਪੁਲਿਸ ਕੋਲ ਇਸ ਗੱਲ ਦੀ ਵੀ ਜਾਣਕਾਰੀ ਹੈ

ਬਾਕੀ ਸਫ਼ਾ 30 'ਤੇ

## ਬੰਬ ਧਮਾਕਾ ਕਰਨ ਵਾਲੇ ਸਖਸ਼ ਦੀ ਹੋਈ ਪਛਾਣ, ਨਿਕਲਿਆ ਮੁਅੱਤਲ ਪੁਲਿਸ ਮੁਲਾਜ਼ਮ



**ਲੁਧਿਆਣਾ/ਏ.ਟੀ.ਨਿਊਜ਼:** ਜ਼ਿਲ੍ਹਾ ਅਦਾਲਤ ਲੁਧਿਆਣਾ ਵਿੱਚ ਧਮਾਕਾ `ਚ ਮਾਰੇ ਗਏ ਵਿਅਕਤੀ ਦੀ ਪਹਿਚਾਣ ਹੋ ਗਈ ਹੈ। ਪੁਲਿਸ ਨੇ ਮ੍ਰਿਤਕ ਦੀ ਪਛਾਣ ਸਿਮ ਅਤੇ ਡੋਂਗੇਲ ਤੋਂ ਟਰੈਕ ਕਰਕੇ ਕੀਤੀ। ਹਾਲਾਂਕਿ ਉਸਦਾ ਚਿਹਰਾ ਅਤੇ ਸਰੀਰ ਵਿਗੜਿਆ ਹੋਇਆ ਸੀ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਮ੍ਰਿਤਕ ਦੇ ਪਰਿਵਾਰ ਨੇ ਲਾਸ਼ ਦੀ ਪੁਸ਼ਟੀ ਕੀਤੀ। ਮ੍ਰਿਤਕ ਦੀ ਪਛਾਣ ਗਗਨਦੀਪ ਸਿੰਘ ਸਾਬਕਾ ਪੁਲਿਸ ਮੁਲਾਜ਼ਮ ਵਜੋਂ ਹੋਈ ਹੈ। ਮ੍ਰਿਤਕ ਹੈੱਡ ਕਾਂਸਟੇਬਲ ਸੀ, ਉਸਨੂੰ 2019 ਵਿੱਚ ਨਸ਼ੇ ਦੇ ਇਕ ਮਾਮਲੇ ਵਿਚ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਉਸ ਨੇ ਦੋ ਸਾਲ ਜੇਲ੍ਹ ਵਿੱਚ ਬਿਤਾਏ। ਉਸ ਨੂੰ ਸਤੰਬਰ ਮਹੀਨੇ ਵਿੱਚ ਰਿਹਾਅ ਕੀਤਾ ਗਿਆ ਸੀ। ਗਗਨਦੀਪ ਸਿੰਘ ਦੇ ਕਥਿਤ ਤੌਰ 'ਤੇ ਡਰੱਗ ਮਾਮਲੇ ਨਾਲ ਸਬੰਧ ਸਨ।

## ਜਥੇਦਾਰ ਬ੍ਰਹਮਪੁਰਾ ਬਾਦਲ ਦਲ ਵਿਚ ਸ਼ਾਮਲ, ਮੀਤ ਸਰਪ੍ਰਸਤ ਵਜੋਂ ਕੀਤੀ ਨਿਯੁਕਤੀ

**ਬ੍ਰਹਮਪੁਰਾ ਦਾ ਫ਼ੈਸਲਾ ਸੁਖਦੇਵ ਸਿੰਘ ਢੀਂਡਸਾ ਲਈ ਵੱਡਾ ਝਟਕਾ**



**ਚੰਡੀਗੜ/ਏ.ਟੀ.ਨਿਊਜ਼:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸਰਪ੍ਰਸਤ ਤੇ ਸੀਨੀਅਰ ਅਕਾਲੀ ਨੇਤਾ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਆਪਣੇ ਸਾਥੀਆਂ ਸਣੇ ਮੁੜ ਤੋਂ ਸੁਖਬੀਰ ਬਾਦਲ ਦੀ ਪ੍ਰਧਾਨਗੀ ਕਬੂਲਦਿਆਂ ਅਕਾਲੀ ਦਲ 'ਚ ਸ਼ਾਮਲ ਹੋ ਗਏ ਹਨ। ਜਥੇਦਾਰ ਬ੍ਰਹਮਪੁਰਾ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਤੇ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦੀ ਹਾਜ਼ਰੀ ਵਿੱਚ ਅਕਾਲੀ ਦਲ ਵਿਚ ਸ਼ਾਮਲ ਹੋਏ। ਉਨਾਂ ਨੂੰ ਅਕਾਲੀ ਦਲ ਦਾ ਮੀਤ ਸਰਪ੍ਰਸਤ ਨਿਯੁਕਤ ਕੀਤਾ ਗਿਆ ਹੈ। ਸੰਯੁਕਤ ਅਕਾਲੀ ਦਲ ਦੇ ਹੋਰ ਆਗੂ ਜੋ ਮੁੜ ਪਾਰਟੀ ਵਿੱਚ ਸ਼ਾਮਲ ਹੋਏ ਹਨ, ਉਨਾਂ 'ਚ ਜਥੇਦਾਰ ਉਜਾਗਰ ਸਿੰਘ

ਬਾਕੀ ਸਫ਼ਾ 30 'ਤੇ

TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS

**FUEL CARDS**
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

**YOU BREAK DOWN**
WE SHOW UP
24-HOUR ROADSIDE ASSISTANCE

**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE BAYS. EXPERTISE. SOLUTIONS.

**FUEL MANAGEMENT**
DAILY FUEL RATES IN PHONE APP

CALL FOR MORE INFO
(855)641-6955, (888)795-7035

# ਗੁਰਦਵਾਰਿਆਂ ਦੀ ਸੁਰੱਖਿਆ ਹਿੱਤ ਸਿੱਖ ਸੰਗਤਾਂ ਪਹਿਰੇਦਾਰੀ ਕਰਨ : ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ.

## 'ਬੇਅਦਬੀ ਕਰਨ ਵਾਲਿਆਂ ਨੂੰ ਮੌਕੇ ਤੇ ਖਾਲਸਾਈ ਰਵਾਇਤਾਂ ਨਾਲ ਸਜ਼ਾ ਦੇਣ ਨਾਲ ਹੀ ਰੁਕਣਗੀਆਂ ਬੇਅਦਬੀਆਂ'

**ਲੰਡਨ/ਏ.ਟੀ.ਨਿਊਜ਼ :** ਸੱਚਖੰਡ ਸ੍ਰੀ ਦਰਬਾਰ ਸਾਹਿਬ ਸਮੇਤ ਪੰਜਾਬ ਵਿੱਚ ਵਾਪਰ ਰਹੀਆਂ ਬੇਅਦਬੀਆਂ ਦੀਆਂ ਘਟਨਾਵਾਂ ਨਾਲ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਨੂੰ ਜਿੱਥੇ ਭਾਰੀ ਦੁੱਖ ਮਹਿਸੂਸ ਹੋ ਰਿਹਾ ਹੈ, ਉੱਥੇ ਦਿੱਲੀ ਤੇ ਸ਼ੰਭੂ ਬਾਰਡਰ ਸਮੇਤ ਪੰਜਾਬ ਵਿੱਚ ਦੋ ਥਾਵਾਂ ਤੇ ਕਥਿਤ ਦੋਸ਼ੀਆਂ ਨੂੰ ਸੋਧਣ ਨਾਲ ਕੁੱਝ ਤਸੱਲੀ ਵੀ ਹੋਈ ਹੈ। ਪੰਜਾਬ ਵਿੱਚ ਆਏ ਦਿਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹੋ ਰਹੀ ਬੇਅਦਬੀ ਖਿਲਾਫ ਸਰਕਾਰੀ ਧਿਰ ਵਲੋਂ ਕਦੇ ਵੀ ਸਖਤ ਐਕਸ਼ਨ ਨਹੀਂ ਲਿਆ ਗਿਆ ਅਤੇ ਪੁਲਿਸ ਅਤੇ ਸਰਕਾਰਾਂ ਨੇ ਕਦੇ ਵੀ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਨਹੀਂ ਦਿੱਤੀਆਂ, ਬਲਕਿ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਦੱਸ ਕੇ ਲਾਭ ਦੇਣ ਦੇ ਯਤਨ ਕੀਤੇ ਹਨ। ਇਸੇ ਕਾਰਨ ਹੀ ਸਿੱਖ ਵਿਰੋਧੀ ਲਾਬੀ ਦੇ ਹੌਂਸਲੇ ਵਧ ਗਏ ਹਨ ਅਤੇ ਇਹ ਦੁਸ਼ਟ ਸਿੱਖ ਕੌਮ ਦੇ ਪ੍ਰਾਣਾਂ ਤੋਂ ਪਿਆਰੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੱਕ ਅੱਪੜ ਰਹੇ ਹਨ। ਗੁਰਦੁਆਰਾ ਸਾਹਿਬਾਨ ਵਿਖੇ ਬੇਅਦਬੀ ਕਰਨ ਵਾਲਿਆਂ ਅਤੇ ਬੇਅਦਬੀ ਦੀ ਭਾਵਨਾ ਨਾਲ ਯਤਨ ਕਰਨ ਵਾਲੇ ਦੁਸ਼ਟਾਂ ਨੂੰ ਮੌਕੇ 'ਤੇ ਹੀ ਕਾਬੂ ਕਰਕੇ ਖਾਲਸਾਈ ਰਵਾਇਤਾਂ ਅਨੁਸਾਰ ਸਜ਼ਾ ਦਿੱਤੀ ਗਈ ਹੈ ਜੋ ਕਿ ਬਹੁਤ ਹੀ ਸ਼ਲਾਘਾਯੋਗ ਕਾਰਵਾਈ ਹੈ ਅਤੇ ਸਿੱਖ ਕੌਮ ਨੂੰ ਇਸ ਤੇ ਹਮੇਸ਼ਾ ਨਾਜ਼ ਰਹੇਗਾ। ਬਰਤਾਨੀਆ ਵਿੱਚ ਅਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਕੌਮੀ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਇਨਾਂ ਦੁਸ਼ਟਾਂ ਨੂੰ ਸੋਧਣ ਦੀ ਕਾਰਵਾਈ ਦਾ ਹਾਰਦਿਕ ਸਵਾਗਤ ਕੀਤਾ ਗਿਆ। ਇਸ ਦੁਸ਼ਟ ਨੂੰ ਸੋਧਣ ਵਾਲੇ ਸਿੰਘਾਂ 'ਤੇ ਕੌਮ ਨੂੰ ਨਾਜ਼ ਰਹੇਗਾ। ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਸੁਰੱਖਿਆ ਪ੍ਰਬੰਧ ਹੋਰ ਸਖਤ ਕਰਨ ਦੀ



ਲੋੜ ਹੈ। ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿੱਚ ਕੀਰਤਨੀ ਜਥਿਆਂ ਦੇ ਪਿੱਛੇ ਬੈਠਣ ਵਾਲਿਆਂ ਪ੍ਰਤੀ ਵੀ ਕੋਡ ਆਫ ਕੰਡਕਟ ਜਾਰੀ ਕਰਨ ਦੀ ਲੋੜ ਹੈ। ਕੁੱਝ ਦਹਾਕੇ ਪਹਿਲਾਂ ਕੀਰਤਨ ਕਰਨ ਵਾਲੇ ਜਥਿਆਂ ਦੇ ਪਿੱਛੇ ਕੋਈ ਵੀ ਨਹੀਂ ਬੈਠਿਆ ਕਰਦਾ ਸੀ। ਹੁਣ ਵੀ ਉਸੇ ਹੀ ਮਰਿਆਦਾ ਦਾ ਪਾਲਣ ਕਰਨ ਦੀ ਜਰੂਰਤ ਹੈ ਜਾਂ ਕੀਰਤਨੀ ਜਥਿਆਂ ਦੇ ਪਿਛਲੇ ਪਾਸੇ ਬੈਠਣ ਦਾ ਹੱਕ ਕੇਵਲ ਤਿਆਰ ਬਰ ਤਿਆਰ ਸਿੰਘਾਂ ਨੂੰ ਹੀ ਹੋਣਾ ਚਾਹੀਦਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੇ ਸਿੱਖਾਂ ਅਤੇ ਸਿੱਖੀ ਦੀ ਕਾਤਲ ਕਾਂਗਰਸ, ਭਾਜਪਾ, ਅਕਾਲੀ ਦਲ ਬਾਦਲ, ਕਾਮਰੇਡ ਅਤੇ ਆਮ ਆਦਮੀ ਸਮੇਤ ਸਾਰੀਆਂ ਹੀ ਸਿਆਸੀ ਪਾਰਟੀਆਂ ਵੋਟਾਂ ਬਟੋਰਨ ਲਈ ਸਿਆਸਤ ਕਰ ਰਹੀਆਂ ਹਨ ਜੋ ਕਿ ਇਨਾਂ ਪਾਰਟੀਆਂ ਦਾ ਬਹੁਤ ਹੀ ਸ਼ਰਮਨਾਕ ਅਤੇ ਘਿਨਾਉਣਾ ਕਾਰਾ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ., ਯੂ.ਕੇ. ਦੀਆਂ ਸਮੂਹ ਸਿੱਖ ਸੰਗਤਾਂ, ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਸਨਿਮਰ ਅਪੀਲ ਕੀਤੀ ਗਈ ਹੈ ਕਿ ਗੁਰਦੁਆਰਿਆਂ ਨੂੰ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਜਾਣ ਅਤੇ ਅਗਰ ਕੋਈ ਵੀ ਵਿਆਕਤੀ ਅਜਿਹੀ ਘਟੀਆ ਹਰਕਤ ਕਰਦਾ ਅੜਿੱਕੇ ਆ ਜਾਵੇ ਤਾਂ ਉਸ ਨੂੰ ਪੁਲਿਸ ਦੇ ਸਪੁਰਦ ਕਰਨ ਦੀ ਬਜਾਏ ਮੌਕੇ 'ਤੇ ਹੀ ਖਾਲਸਾਈ ਰਵਾਇਤਾਂ ਅਨੁਸਾਰ ਸਜ਼ਾ ਦਿੱਤੀ ਜਾਵੇ। ਅਗਰ ਸਰਕਾਰਾਂ ਦੋਸ਼ੀਆਂ ਵਸਤੇ ਸਖਤ ਕਨੂੰਨ ਹੋਂਦ ਵਿੱਚ ਨਹੀਂ ਲਿਆਉਂਦੀਆਂ ਹਨ ਤਾਂ ਵੀ ਖਾਲਸੇ ਨੂੰ ਆਪਣੇ ਕਾਨੂੰਨ ਦੀ ਵਰਤੋਂ ਕਰਨ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ।

# ਬਾਦਲ ਦਲ 2 ਜਨਵਰੀ ਨੂੰ ਅੰਮ੍ਰਿਤਸਰ ਵਿਚ ਵਿਸ਼ਾਲ ਪੰਥਕ ਇਕੱਠ ਕਰੇਗਾ

## ਬੇਅਦਬੀ ਦੀਆਂ ਘਟਨਾਵਾਂ ਦੀ ਹਾਈਕੋਰਟ ਦੇ ਮੌਜੂਦਾ ਜੱਜ ਦੀ ਨਿਗਰਾਨੀ ਹੇਠ ਜਾਂਚ ਕਰਵਾਈ ਜਾਵੇ:ਕੋਰ ਕਮੇਟੀ

**ਚੰਡੀਗੜ੍ਹ/ਏ.ਟੀ.ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਮੰਗ ਕੀਤੀ ਕਿ ਹਾਲ ਹੀ 'ਵਿਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਦੀ ਹਾਈਕੋਰਟ ਦੇ ਮੌਜੂਦਾ ਜੱਜ ਦੀ ਨਿਗਰਾਨੀ ਹੇਠ ਜਾਂਚ ਕਰਵਾਈ ਜਾਵੇ ਅਤੇ ਪਾਰਟੀ ਨੇ ਪੁਲਿਸ ਵਲੋਂ ਬੇਅਦਬੀ ਮਾਮਲਿਆਂ ਵਿਚ ਕਾਰਵਾਈ ਨਾ ਕਰਨ ਦੇ ਖ਼ਿਲਾਫ਼ ਰੋਸ ਪ੍ਰਗਟਾਉਣ ਲਈ 2 ਜਨਵਰੀ ਨੂੰ ਅੰਮ੍ਰਿਸਰ ਵਿਚ ਮੰਜੀ ਸਾਹਿਬ ਵਿਖੇ ਵਿਸ਼ਾਲ ਪੰਥਕ ਰੋਸ ਇਕੱਠ ਕਰਨ ਦਾ ਐਲਾਨ ਕੀਤਾ। ਇਸ ਬਾਰੇ ਫ਼ੈਸਲਾ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ 'ਚ ਲਿਆ ਗਿਆ ਜਿਸ ਦੀ ਪ੍ਰਧਾਨਗੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੀਤੀ ਅਤੇ ਇਸ ਵਿਚ ਪਾਰਟੀ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਤੇ ਹੋਰ ਸੀਨੀਅਰ ਆਗੂ ਸ਼ਾਮਿਲ ਸਨ। ਸ. ਬਾਦਲ ਨੇ ਕਿਹਾ ਕਿ ਸਿੱਖਾਂ ਤੇ ਪੰਜਾਬੀਆਂ ਨੂੰ ਕਾਂਗਰਸ ਸਰਕਾਰ ਅਤੇ ਇਨ੍ਹਾਂ ਦੇ ਗ੍ਰਹਿ ਮੰਤਰੀ 'ਤੇ ਕੋਈ ਵਿਸ਼ਵਾਸ ਨਹੀਂ ਹੈ। ਸਰਕਾਰ ਨੂੰ ਇਨ੍ਹਾਂ ਘਟਨਾਵਾਂ ਪਿੱਛੇ ਸਾਜ਼ਿਸ਼ ਬੇਨਕਾਬ ਕਰਨ ਈ ਦਿਲਚਸਪੀ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਵਾਸੀ ਹਾਈਕੋਰਟ ਦੀ ਨਿਗਰਾਨੀ ਹੇਠ ਉਚ ਪੱਧਰੀ ਜਾਂਚ ਚਾਹੁੰਦੇ ਹਨ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਕੇਸਾਂ ਪਿਛਲੀ ਸਾਜ਼ਿਸ਼ ਬੇਨਕਾਬ ਕਰਨ ਵਿਚ ਫ਼ੇਲ੍ਹ ਹੋ ਗਈ ਹੈ ਹਾਲਾਂਕਿ ਸ਼੍ਰੋਮਣੀ ਕਮੇਟੀ ਨੇ ਗੁਟਕਾ ਸਾਹਿਬ ਸਰੋਵਰ ਵਿਚ ਸੁੱਟਣ ਵਾਲਾ ਵਿਅਕਤੀ ਪੁਲਿਸ ਹਵਾਲੇ ਵੀ ਕਰ ਦਿੱਤਾ ਸੀ ਤੇ ਜੇਕਰ ਕੇਸ ਦੀ ਸਹੀ ਤਰੀਕੇ ਜਾਂਚ ਕੀਤੀ ਗਈ ਹੁੰਦੀ ਤਾਂ ਫਿਰ 18 ਦਸੰਬਰ ਵਾਲੀ ਘਟਨਾ ਵਾਪਰਨ ਤੋਂ ਰੋਕੀ ਜਾ ਸਕਦੀ ਸੀ। ਉਨ੍ਹਾਂ ਕਿਹਾ ਕਿ ਲੁਧਿਆਣਾ ਵਿਖੇ ਬੰਬ ਧਮਾਕਾ ਵੀ ਸੂਬੇ ਵਿਚ ਸ਼ਾਂਤੀ ਨੂੰ ਅਸਥਿਰ ਕਰਨ ਲਈ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ ਦਾ ਸਿੱਧਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਤੇ ਖ਼ਾਸ ਤੌਰ 'ਤੇ ਸੂਬਾ ਪੁਲਿਸ ਮੁਖੀ ਨੂੰ ਅਮਨ ਕਾਨੂੰਨ ਸਥਿਤੀ 'ਤੇ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ ।ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸੂਬੇ ਵਿਚ ਵਾਪਰੀਆਂ ਬੇਅਦਬੀ ਤੇ ਹਿੰਸਾ ਦੀਆਂ ਘਟਨਾਵਾਂ ਦਾ 20 22 ਦੀਆਂ ਵਿਧਾਨ ਸਭਾ ਚੋਣਾਂ ਦੇ ਕੰਧ 'ਤੇ ਲਿਖੇ ਨਤੀਜੇ ਨਾਲ ਸਿੱਧਾ ਸੰਬੰਧ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਉਭਾਰ ਨਾਲ ਉਹ ਬੌਖਲਾ ਗਏ ਹਨ, ਜਿਨ੍ਹਾਂ ਨੂੰ ਅਕਾਲੀ ਦਲ ਦੇ ਸੱਤਾ ਵਿਚ ਵਾਪਸ ਪਰਤਣ ਨਾਲ ਨੁਕਸਾਨ ਹੋਵੇਗਾ।

# ਯੂ.ਕੇ. ਦੀ ਸਿੱਖ ਸੰਸਦ ਪ੍ਰੀਤ ਕੌਰ ਗਿੱਲ ਨੂੰ ਬੇਅਦਬੀ ਮਾਮਲੇ ਵਿਚ ਰੋਸ ਪ੍ਰਗਟ ਕਰਨ ਕਰਕੇ ਬਣਾਇਆ ਜਾ ਰਿਹਾ ਹੈ ਨਿਸ਼ਾਨਾ

## ਸਿੱਖ ਮਸਲਿਆਂ 'ਤੇ ਡਟ ਕੇ ਪਹਿਰਾ ਦੇਂਦੀ ਹੈ ਪ੍ਰੀਤ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ** :-ਬ੍ਰਿਟੇਨ ਦੇ ਬਰਮਿੰਗਮ ਤੋਂ ਲੇਬਰ ਪਾਰਟੀ ਦੀ ਸਿੱਖ ਮੈਂਬਰ ਪਾਰਲੀਮੈਂਟ ਪ੍ਰੀਤ ਕੌਰ ਗਿੱਲ ਨੂੰ ਸਿਰਫ ਇਸ ਕਰਕੇ ਟ੍ਰੋਲ ਕੀਤਾ ਜਾ ਰਿਹਾ ਹੈ ਅਤੇ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਕਿਉਂਕਿ ਪ੍ਰੀਤ ਨੇ ਦਰਬਾਰ ਸਾਹਿਬ ਹੋਈ ਬੇਅਦਬੀ ਖ਼ਿਲਾਫ਼ ਟਵੀਟ ਕੀਤੇ ਸਨ ਤੇ ਉੱਥੇ ਕੀਤੀ ਗਈ ਬੇਅਦਬੀ ਖਿਲਾਫ ਰੋਸ ਪ੍ਰਗਟ ਕੀਤਾ ਸੀ। ਇਸ ਮਾਮਲੇ ਤੇ ਪ੍ਰੀਤ ਕੌਰ ਨਾਲ ਕੀਤੀ ਗਈ ਗੱਲਬਾਤ ਵਿਚ ਉਨਾਂ ਕਿਹਾ ਕਿ ਮੈਂ ਸਿੱਖ ਪਰਿਵਾਰ ਦੀ ਧੀ ਹਾਂ ਤੇ ਪੰਜਾਬ ਸਾਡਾ ਘਰ ਹੈ। ਉਨਾਂ ਕਿਹਾ ਕਿ ਦਰਬਾਰ ਸਾਹਿਬ ਵਿਖੇ ਕੀਤੀ ਗਈ ਬੇਅਦਬੀ ਬਾਰੇ ਜ਼ੇਕਰ ਸਿੱਖ ਹੀ ਰੋਸ ਪ੍ਰਗਟ ਨਹੀਂ ਕਰੇਗਾ ਤਾਂ ਕੀ ਉਹ ਗੁਰੂ ਦਾ ਸਿੱਖ ਅਖਵਾਉਣ ਦੇ ਲਾਇਕ ਹੈ ? ਦਰਬਾਰ



ਸਾਹਿਬ ਮਨੁੱਖਤਾ ਦੀ ਸਾਂਝੀਵਾਲਤਾ ਦਾ ਸੋਮਾ ਹੈ ਤੇ ਓਥੇ ਕੁਕਰਮ ਕਰਨਾ ਤਾਂ ਸੋਚਿਆ ਵੀ ਨਹੀਂ ਜਾ ਸਕਦਾ ਹੈ ਇਸ ਮਾਮਲੇ ਦੀ ਪੂਰੀ ਤਹਿਕੀਕਾਤ ਕੀਤੀ ਜਾਣੀ ਚਾਹੀਦੀ ਹੈ।

ਜ਼ਿਕਰਯੋਗ ਹੈ ਕਿ ਪ੍ਰੀਤ ਕੌਰ ਨੇ ਪਹਿਲਾਂ ਕਿਸਾਨੀ ਅੰਦੋਲਨ ਦੀ ਡੱਟ ਕੇ ਹਮਾਇਤ ਕੀਤੀ ਸੀ ਤੇ ਕਿਸਾਨੀ ਮਸਲਿਆਂ ਨੂੰ ਤੁਰੰਤ ਹੱਲ ਕਰਵਾਉਣ ਲਈ ਸਰਕਾਰ ਨੂੰ ਜਲਦ ਤੋਂ ਜਲਦ ਇਹ ਮਸਲਾ ਸੁਲਝਾਉਣ ਲਈ ਅਪੀਲ ਕੀਤੀ ਸੀ। ਪ੍ਰੀਤ ਪੰਜਾਬ ਦੀ ਧੀ ਹੈ ਜੋ ਪੰਜਾਬ ਅਤੇ ਸਿੱਖਾਂ ਦੇ ਮਸਲੇ 'ਤੇ ਡੱਟ ਕੇ ਸਾਥ ਦਿੰਦੀ ਹੈ। ਪ੍ਰੀਤ ਕੌਰ ਦੇ ਅਕਸ ਨੂੰ ਵਿਗਾੜਨ ਲਈ ਧਮਕੀਆਂ ਪ੍ਰੀਤ ਦਾ ਕੁਝ ਨਹੀਂ ਵਿਗਾੜ ਸਕਣਗੀਆਂ ਕਿਉਂਕਿ ਪ੍ਰੀਤ ਦੇ ਨਾਲ ਪੂਰਾ ਪੰਜਾਬ ਹੈ ਤੇ ਉਹ ਪੰਜਾਬ ਦਾ ਮਾਣ ਹੈ।

# ਹਿੰਦੁਸਤਾਨ ਦੀ ਜੇਲ੍ਹਾਂ ਅੰਦਰ ਬੰਦ, ਬੰਦੀ ਸਿੰਘਾਂ ਦੀ ਰਿਹਾਈ ਲਈ ਅੰਤਰਰਾਸ਼ਟਰੀ ਪੱਧਰ ਤੇ ਆਵਾਜ਼ ਬੁਲੰਦ ਕਰਣ ਦੀ ਅਪੀਲ: ਹਰਦੀਪ ਸਿੰਘ ਨਿੱਝਰ



**ਨਵੀਂ ਦਿੱਲੀ/(ਮਨਪ੍ਰੀਤ ਸਿੰਘ ਖਾਲਸਾ:** ਕੈਨੇਡਾ ਦੇ ਸਰੀ ਡੇਲਟਾ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨੇ ਪਿਛਲੇ ਲੰਮੇ ਸਮੇਂ ਤੋਂ ਜੇਲ੍ਹਾਂ ਅੰਦਰ ਬੰਦ ਅਤੇ ਹੋਰ ਸਮੂਹ ਸਿੱਖ ਕੈਦੀ ਜਿਨ੍ਹਾਂ ਨੇ ਝੂਠੇ ਮੁਕੱਦਮੇ ਦਰਜ਼ ਕਰਕੇ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਸਾਡੀ ਸਮੂਹ ਪੰਥਕ ਜਥੇਬੰਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਹੈ ਕਿ ਆਪਸੀ ਧੜੇਬੰਦੀ ਤੋਂ ਉੱਪਰ ਉੱਠ ਕੇ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਅੰਤਰਰਾਸ਼ਟਰੀ ਪੱਧਰ ਤੇ ਆਵਾਜ਼ ਬੁਲੰਦ ਕਰੀਏ, ਜਿਨ੍ਹਾਂ ਕੌਮੀ ਸੂਰਮਿਆਂ ਨੇ ਕੌਮ ਦੀ ਅਣਖ ਗੈਰਤ ਨੂੰ ਜਿਊਂਦੇ ਰੱਖਣ ਲਈ ਆਪਣੀ ਜ਼ਿੰਦਗੀ ਦੇ ਸੁਨਹਿਰੀ ਪਲ ਕੌਮ ਦੇ ਲੇਖੇ ਲਾ ਕੇ ਆਪਣੀ ਜ਼ਿੰਮੇਵਾਰੀ ਨਿਭਾ ਦਿੱਤੀ ਹੈ ਆਓ ਹੁਣ ਆਪਾਂ ਸਾਰੇ ਮਿਲ ਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਆਪੋ ਆਪਣੀ ਜ਼ਿੰਮੇਵਾਰੀ ਨਿਭਾਈਏ।

ਬੰਦੀ ਸਿੰਘਾਂ ਦੀ ਰਿਹਾਈ ਦੇ ਸਬੰਧ ਵਿਚ ਦੇਸ਼ਾਂ ਵਿਦੇਸ਼ਾਂ ਦੇ ਹਰੇਕ ਗੁਰੂ ਘਰਾਂ ਦੇ ਵਿੱਚ ਵੱਡੇ ਬੋਰਡ ਲਗਾ ਕੇ ਸਿੱਖ ਸੰਗਤਾਂ ਨੂੰ ਜਾਣੂ ਕਰਵਾਇਆ ਜਾਵੇ ਕਿ ਲੋਕਤੰਤਰ ਦਾ ਮਖੌਟਾ ਪਾਉਣ ਵਾਲੇ ਹਿੰਦੁਸਤਾਨੀ ਹਾਕਮਾਂ ਵੱਲੋਂ ਮਨੁੱਖੀ ਹੱਕਾਂ ਦਾ ਸ਼ਰ੍ਹੇਆਮ ਘਾਣ ਕੀਤਾ ਜਾ ਰਿਹਾ ਹੈ। ਉੱਥੇ ਅਸੀਂ ਸੋਸ਼ਲ ਮੀਡੀਆ, ਟੀ.ਵੀ ਚੈਨਲਾਂ ਅਤੇ ਰੇਡੀਓ ਰਾਹੀਂ ਬੰਦੀ ਸਿੰਘਾਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕਰੀਏ। ਬੇਸ਼ੱਕ ਅਸੀਂ ਦੇਸ਼ਾਂ ਵਿਦੇਸ਼ਾਂ ਵਿੱਚ ਜਿੱਥੇ ਵੀ ਬੈਠੇ ਹਾਂ ਪਰ ਆਪਾਂ ਆਪਣੇ ਕੌਮੀ ਸੂਰਮੇ ਬੰਦੀ ਸਿੰਘਾਂ ਦੀ ਰਿਹਾਈ ਲਈ ਹਾਅ ਦਾ ਨਾਅਰਾ ਮਾਰੀਏ।

# ਚੋਣਾਂ ਨੇੜੇ ਲੁਧਿਆਣਾ ਬੰਬ ਧਮਾਕਾ ਮੌੜ ਬੰਬ ਧਮਾਕੇ ਵਾਂਗ ਸਾਜਿਸ਼-ਜਥੇਦਾਰ ਹਵਾਰਾ ਕਮੇਟੀ



**ਅੰਮ੍ਰਿਤਸਰ/ਏ.ਟੀ.ਨਿਊਜ਼ :**ਜਥੇਦਾਰ ਹਵਾਰਾ ਕਮੇਟੀ ਵਲੋਂ ਚੋਣਾਂ ਦੇ ਨਜ਼ਦੀਕ ਅਦਾਲਤੀ ਕੰਪਲੈਕਸ ਲੁਧਿਆਣਾ'ਚ ਹੋਏ ਬੰਬ ਧਮਾਕੇ ਨੂੰ ਮੌੜ ਬੰਬ ਧਮਾਕੇ ਨਾਲ ਜੋੜ ਕੇ ਸਿਆਸਤ ਤੋ ਪ੍ਰੇਰਿਤ ਘਟਨਾ ਵਜੋਂ ਦੇਖਿਆ ਜਾ ਰਿਹਾ ਹੈ।ਜ਼ਿਕਰ ਯੋਗ ਹੈ ਕਿ 2017 ਦੀ ਵਿਧਾਨ ਸਭਾ ਚੋਣਾਂ ਤੋ ਪਹਿਲਾਂ 31 ਜਨਵਰੀ ਨੂੰ ਮੌੜ ਮੰਡੀ ਬਠਿੰਡਾ ਵਿਖੇ ਵੱਡਾ ਬੰਬ ਧਮਾਕਾ ਹੋਇਆ ਸੀ ਜਿਸ ਵਿੱਚ ਸੱਤ ਲੋਕ ਮਾਰੇ ਗਏ ਸਨ ਤੇ ਦੋ ਦਰਜਨ ਜ਼ਖਮੀ ਹੋਏ ਸਨ।ਮੌੜ ਬੰਬ ਧਮਾਕੇ'ਚ ਡੇਰਾ ਸਿਰਸਾ ਦਾ ਹੱਥ ਹੋਣ ਦਾ ਸ਼ੱਕ ਸੀ।ਜਥੇਬੰਦੀਆਂ ਵਲੋ ਬਾਰ ਬਾਰ ਮੰਗ ਕਰਨ ਦੇ ਬਾਵਜੂਦ ਕਾਂਗਰਸ ਸਰਕਾਰ ਨੇ ਪੰਜ ਸਾਲ ਦੌਰਾਨ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨਹੀ ਕੀਤੀ।ਹੁਣ ਲੁਧਿਆਣਾ ਬੰਬ ਧਮਾਕਾ ਚੋਣਾਂ ਦੀ ਸਿਆਸਤ ਨੂੰ ਪ੍ਰਭਾਵਿਤ ਕਰਨ ਦੇ ਮੰਤਵ ਨਾਲ ਕੀਤਾ ਗਿਆ ਕਾਰਾ ਹੈ। ਹਵਾਰਾ ਕਮੇਟੀ ਦੇ ਆਗੂ ਐਡਵੋਕੇਟ ਅਮਰ ਸਿੰਘ ਚਾਹਲ,ਪ੍ਰੋਫੈਸਰ ਬਲਜਿੰਦਰ ਸਿੰਘ ,ਐਡਵੋਕੇਟ ਦਿਲਸ਼ੇਰ ਸਿੰਘ,ਬਾਪੂ ਗੁਰਚਰਨ ਸਿੰਘ ਤੇ ਮਹਾਬੀਰ ਸਿੰਘ ਸੁਲਤਾਨਵਿੰਡ ਨੇ ਕਿਹਾ ਕਿ ਦਰਬਾਰ ਸਾਹਿਬ'ਚ

ਬਾਕੀ ਸਫ਼ਾ 30 'ਤੇ

# ਸਿੱਖ ਪੰਥ ’ਤੇ ਚੌਤਰਫੋਂ ਹੋ ਰਹੇ ਹਮਲਿਆਂ ਨੂੰ ਇਕਮੁੱਠ ਹੋ ਕੇ ਹੀ ਠੱਲਿਆ ਜਾ ਸਕਦਾ : ਗਿਆਨੀ ਹਰਪ੍ਰੀਤ ਸਿੰਘ

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਪੰਥਕ ਹਾਲਾਤ ਦੇ ਮੱਦੇਨਜ਼ਰ ਪੰਥਕ ਏਕਤਾ ਦੀ ਲੋੜ ’ਤੇ ਜ਼ੋਰ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ):-** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵਾਪਰੀ ਬੇਅਦਬੀ ਦੀ ਮੰਦਭਾਗੀ ਘਟਨਾ ਤੋਂ ਬਾਅਦ ਪੰਥ ਦੇ ਨਾਂਅ ਇਕ ਅਹਿਮ ਸੰਦੇਸ਼ ਜਾਰੀ ਕਰਦਿਆਂ ਮੌਜੂਦਾ ਕੌਮੀ ਹਾਲਾਤਾਂ ਦੇ ਮੱਦੇਨਜ਼ਰ ਪੰਥਕ ਏਕਤਾ ਦੀ ਲੋੜ ’ਤੇ ਜ਼ੋਰ ਦਿੱਤਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਸਿੱਖ ਪੰਥ ਨੂੰ ਚੁਫੇਰਿਓਂ ਸਿਧਾਂਤਕ ’ਤੇ ਸਰੀਰਕ ਮਾਰੂ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਸਾਲਾਂ ਤੋਂ ਲਗਾਤਾਰ ਵਾਪਰ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਵੀ ਇਸੇ ਚੁਣੌਤੀਪੂਰਨ ਵਰਤਾਰੇ ਦਾ ਇਕ ਹਿੱਸਾ ਹਨ। ਸਿੱਖਾਂ ਦੀ ਜਿੰਦ-ਜਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਬੇਅਦਬੀ ਦੀ ਘਟਨਾ ਦਾ ਵਾਪਰ ਜਾਣਾ ਸਿੱਖਾਂ ਦੇ ਸਬਰ ਦਾ ਅੰਤ ਵੇਖਣ ਦਾ ਖ਼ਤਰਨਾਕ ਤੇ ਭਿਆਨਕ ਸਿਖਰ ਹੈ। ਸਿੱਖਾਂ ਲਈ ਸ੍ਰੀ ਹਰਿਮੰਦਰ ਸਾਹਿਬ ਤੋਂ ਉੱਪਰ ਕੁਝ ਵੀ ਨਹੀਂ ਹੈ ਅਤੇ ਜਦੋਂ ਹਮਲਾਵਰ ਸ੍ਰੀ ਹਰਿਮੰਦਰ ਸਾਹਿਬ ਤੱਕ ਪਹੁੰਚ ਗਏ ਹਨ ਤਾਂ ਕੌਮ ਨੂੰ ਤੁਰੰਤ ਜਾਗਣਾ ਜ਼ਰੂਰੀ ਹੈ।

ਉਨਾਂ ਕਿਹਾ ਕਿ ਸਾਡਾ ਵਿਰਸਾ ਬੜਾ ਮਾਣਮੱਤਾ ਹੈ। ਸਿੱਖਾਂ ਨੇ ਮੁਗਲ ਕਾਲ ਵੇਲੇ ਬੇਹੱਦ ਬਿਖੜੇ ਅਤੇ ਜ਼ੁਲਮੀ ਸਮਿਆਂ ਵਿਚ ਵੀ ਆਪਸੀ ਇਤਫਾਕ ਤੇ ਪੰਥਕ ਏਕਤਾ ਦੇ ਜ਼ਰੀਏ ਜ਼ੁਲਮੀ ਹਨੇਰੀਆਂ-ਤੂਫਾਨਾਂ ਨਾਲ ਮੱਥਾ ਲਾ ਕੇ ਪੰਥ ਦੀ ਚੜਦੀਕਲਾ ਬਰਕਰਾਰ ਰੱਖੀ ਹੈ। ਸਾਡੇ ਕੋਲ ਪੰਥਕ ਏਕਤਾ ਦੀ ਅਹਿਮੀਅਤ ਨੂੰ ਸਮਝਣ ਲਈ ਸੌ ਸਾਲ ਪਹਿਲਾਂ ਹੋਂਦ ਵਿਚ ਆਈਆਂ ਦੋ ਅਹਿਮ



ਪੰਥਕ ਸੰਸਥਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਦੇ ਪਿਛੋਕੜ ਵਿਚ ਅਕਾਲੀ ਮੋਰਚਿਆਂ ਦਾ ਅਦੁੱਤੀ ਇਤਿਹਾਸ ਹੈ, ਜਿਸ ਦੌਰਾਨ ਸਿੱਖਾਂ ਨੇ ਹਰ ਤਰਾਂ ਦੇ ਰਾਜਨੀਤਕ, ਵਿਚਾਰਕ ਤੇ ਜਾਤੀ ਮਤਭੇਦਾਂ ਤੋਂ ਉੱਪਰ ਉੱਠ ਕੇ ਸੈਂਕੜੇ ਸ਼ਹੀਦੀਆਂ ਦੇ ਕੇ ਅਤੇ ਅਕਹਿ-ਅਸਹਿ ਜ਼ੁਲਮ ਸਹਿਣ ਕਰਕੇ ਜਿੱਥੇ ਗੁਰਧਾਮਾਂ ਨੂੰ ਆਜ਼ਾਦ ਕਰਵਾਉਣ ਤੇ ਸਿੱਖਾਂ ਦੀ ਰਾਜਨੀਤਕ ਹੋਂਦ ਸਥਾਪਿਤ ਕਰਨ ਦੀ ਲੜਾਈ ਜਿੱਤੀ, ਉੱਥੇ ਭਾਰਤ ਦੀ ਕੌਮੀ ਮੁਕਤੀ ਲਹਿਰ ਵਿਚ ਵੀ ਆਪਣਾ ਲਾਸਾਨੀ ਯੋਗਦਾਨ ਪਾਇਆ। ਉਨਾਂ ਕਿਹਾ ਕਿ ਅੱਜ ਜਿੱਥੇ ਸਿੱਖਾਂ ਨੂੰ ਆਤਮਿਕ ਤੇ ਬੌਧਿਕ ਤੌਰ ‘ਤੇ ਤੋੜਨ ਲਈ ਗੁਰੂ ਗ੍ਰੰਥ ਤੇ ਗੁਰੂ ਪੰਥ ਉੱਪਰ ਅਸਹਿਣਯੋਗ ਹਮਲੇ ਹੋ ਰਹੇ ਹਨ, ਉੱਥੇ ਸਾਡੇ ਵਡੇਰਿਆਂ ਦੁਆਰਾ ਆਪਣਾ ਖ਼ੂਨ ਡੋਲ ਕੇ ਕਾਇਮ ਕੀਤੀਆਂ ਪੰਥਕ ਸੰਸਥਾਵਾਂ ਨੂੰ ਵੀ ਮਾਰੂ ਢਾਹ ਲਾਉਣ ਲਈ ਖ਼ਤਰਨਾਕ ਸਾਜ਼ਿਸ਼ਾਂ ਅਮਲ ਵਿਚ ਲਿਆਂਦੀਆਂ ਜਾ ਰਹੀਆਂ ਹਨ।

ਉਨਾਂ ਕਿਹਾ ਕਿ ਸਾਨੂੰ ਆਪਣੀਆਂ ਪੰਥਕ ਸੰਸਥਾਵਾਂ ’ਤੇ ਹੋ ਰਹੇ ਹਮਲਿਆਂ ਪਿੱਛਲੀ ਮਾਨਸਿਕਤਾ ਨੂੰ ਸਮਝਣ ਦੀ ਲੋੜ ਹੈ। ਜੇਕਰ ਸਾਡੀਆਂ ਸੰਸਥਾਵਾਂ ਦੀ ਹੋਂਦ ਖ਼ਤਰੇ ਵਿਚ ਪੈ ਗਈ ਤਾਂ ਸਾਡੀ ਰੂਹਾਨੀ ਤੇ ਰਾਜਨੀਤਕ ਅਜ਼ਮਤ ਵੀ ਸੁਰੱਖਿਅਤ ਨਹੀਂ ਰਹਿ ਸਕੇਗੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਕਿਹਾ ਕਿ ਸਾਡੇ ਲਈ ਜਿੱਥੇ ਅੱਜ ਪੰਥ ’ਤੇ ਹੋ ਰਹੇ ਹਮਲਿਆਂ ਦੀ ਰਾਜਨੀਤਕ ਤੇ ਸੱਭਿਆਚਾਰਕ ਰਣਨੀਤੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ,

**ਬਾਕੀ ਸਫ਼ਾ 31 ’ਤੇ**

# ਅਮਰੀਕਾ ਦੇ ਅੱਧੇ ਰਾਜਾਂ ਵਿਚ ਵਧ ਰਹੇ ਹਨ ਕੋਵਿਡ ਦੇ ਮਾਮਲੇ

## ਨਿਊਯਾਰਕ ਵਿਚ ਕੋਵਿਡ ਮਾਮਲੇ ਵਧਣ ਦਾ ਰਿਕਾਰਡ ਟੁੱਟਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਅਮਰੀਕਾ ਦੇ ਅੱਧੇ ਰਾਜਾਂ ਵਿਚ ਕੋਵਿਡ-19 ਮਾਮਲੇ ਵਧ ਰਹੇ ਹਨ ਜਦ ਕਿ ਨਿਊਯਾਰਕ ਵਿਚ ਕੋਵਿਡ-19 ਦੇ ਮਾਮਲਿਆਂ ਵਿਚ ਰਿਕਾਰਡ ਵਾਧਾ ਹੋਇਆ ਹੈ। ਲੰਘੇ ਦਿਨ ਨਿਊਯਾਰਕ ਰਾਜ ਵਿਚ 21000 ਲੋਕਾਂ ਦੇ ਟੈਸਟ ਪਾਜ਼ੇਟਿਵ ਆਏ ਹਨ ਜੋ ਕਿ ਵੱਡੀ ਪੱਧਰ ਉਪਰ ਟੈਸਟਿੰਗ ਸ਼ੁਰੂ ਹੋਣ ਤੋਂ ਬਾਅਦ ਤਕਰੀਬਨ ਇਕ ਸਾਲ ਦੌਰਾਨ ਇਕ ਦਿਨ ਵਿਚ ਆਏ ਸਭ ਤੋਂ ਵਧ ਮਾਮਲੇ ਹਨ। ਇਸ ਤੋਂ ਪਹਿਲਾਂ 14 ਜਨਵਰੀ 2021 ਨੂੰ ਰਾਜ ਵਿਚ ਤਕਰੀਬਨ 20000 ਟੈਸਟ ਪਾਜ਼ੇਟਿਵ ਆਏ ਸਨ। ਨਿਊਯਾਰਕ ਸ਼ਹਿਰ ਵਿਚ ਵੀ ਮਾਮਲੇ ਵਧ ਰਹੇ ਹਨ। ਇਸ ਸ਼ਨੀਵਾਰ ਸ਼ਹਿਰ ਵਿਚ 5000 ਤੋਂ ਵਧ ਲੋਕਾਂ ਦੇ ਟੈਸਟ ਪਾਜ਼ੇਟਿਵ ਆਏ ਹਨ ਜਿਨਾਂ ਵਿਚੋਂ 200 ਤੋਂ ਵਧ ਲੋਕਾਂ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ ਹੈ। ਸ਼ਹਿਰ ਦੇ ਮੇਅਰ ਬਿਲ ਡੀ ਬਲਾਸਿਓ ਨੇ ਕਿਹਾ ਹੈ ਕਿ ਇਸ ਸਾਲ ਅਕਤੂਬਰ ਤੋਂ ਬਾਅਦ ਕੋਵਿਡ ਮਾਮਲਿਆਂ ਵਿਚ ਵਾਧਾ ਹੋਇਆ ਹੈ। ਅਕਤੂਬਰ ਦੇ ਆਖਿਰ ਵਿਚ ਸ਼ਹਿਰ ਵਿੱਚ ਪ੍ਰਤੀ ਦਿਨ 1000 ਤੋਂ ਘੱਟ ਮਾਮਲੇ ਆਉਂਦੇ ਸਨ ਪ੍ਰੰਤੂ ਇਸ ਸਮੇ ਕੋਵਿਡ ਮਾਮਲੇ ਤੇਜੀ ਨਾਲ ਵਧੇ ਹਨ। ਰਾਜ ਦੇ ਪੱਛਮੀ ਹਿੱਸੇ ਵਿਚ ਨਵੇਂ ਮਾਮਲਿਆਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਗਵਰਨਰ ਕੈਥੀ ਹੋਚੁਲ ਨੇ ਕਿਹਾ ਹੈ ਕਿ ਹਾਲਾਤ ਤੇਜੀ ਨਾਲ ਬਦਲ ਰਹੇ ਹਨ ਤੇ ਪ੍ਰਤੀ ਦਿਨ ਕੋਵਿਡ ਮਾਮਲੇ ਵਧਣ ਦਾ ਰਿਕਾਰਡ ਟੁੱਟ ਰਿਹਾ ਹੈ। ਜੌਹਨਜ ਹੋਪਕਿੰਜ ਯੁਨੀਵਰਸਿਟੀ ਅਨੁਸਾਰ ਪਿਛਲੇ ਹਫਤੇ ਨਿਊਯਾਰਕ ਵਿਚ ਸਭ ਤੋਂ ਵਧ ਕੋਵਿਡ ਮਾਮਲੇ ਆਏ ਹਨ ਜਦ ਕਿ ਉਹੀਓ ਤੇ ਇਲੀਨੋਇਸ ਕ੍ਰਮਵਾਰ ਦੂਸਰੇ ਤੇ ਤੀਸਰੇ ਸਥਾਨ ’ਤੇ ਰਹੇ। ਅਮਰੀਕਾ ਦੇ ਅੱਧੇ ਰਾਜਾਂ ਵਿਚ ਕੋਵਿਡ ਮਾਮਲੇ ਵਧ ਰਹੇ ਹਨ। ਯੁਨੀਵਰਸਿਟੀ ਅਨੁਸਾਰ ਹਵਾਈ, ਵਾਸ਼ਿੰਗਟਨ ਡੀ ਸੀ ਤੇ ਫਲੋਰਿਡਾ ਵਿਚ ਨਵੇਂ ਮਾਮਲੇ ਆਉਣ ਦੀ ਰਫਤਾਰ ਨਿਊਯਾਰਕ ਨਾਲੋਂ ਵੀ ਵਧ ਹੈ।

# ਸਾਬਕਾ ਪੁਲਿਸ ਅਧਿਕਾਰੀ ਕਿਮ ਪੋਟਰ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਕਰਾਰ, ਜੇਲ ਭੇਜਿਆ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-**ਮਿਨੀਸੋਟਾ ਦੇ ਸਾਬਕਾ ਪੁਲਿਸ ਅਧਿਕਾਰੀ ਕਿਮ ਪੋਟਰ ਨੂੰ ਮਿਨੀਆਪੋਲਿਸ ਦੇ ਨੀਮ ਸ਼ਹਿਰੀ ਖੇਤਰ ਬਰੁਕਲਿਨ ਸੈਂਟਰ ਵਿਚ ਇਕ ਟ੍ਰੈਫਿਕ ਸਟਾਪ ’ਤੇ ਗੋਲੀਆਂ ਚਲਾ ਕੇ ਡੌਂਟ ਰਾਈਟ ਨਾਮੀ ਵਿਅਕਤੀ ਦੀ ਹੱਤਿਆ ਕਰ ਦੇਣ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਹੈ। ਮਿਨੀਆਪੋਲਿਸ ਦੀ ਜ਼ਿਲਾ ਜੱਜ ਗੀਗਿਨਾ ਚੂ ਨੇ ਜਦੋਂ ਫੈਸਲਾ ਸੁਣਾਇਆ ਤਾਂ 49 ਸਾਲਾ ਪੋਟਰ ਜਜ਼ਬਾਤੀ ਹੋ ਗਈ ਜਦਕਿ ਉਸ ਦੇ ਇਕ ਵਕੀਲ ਨੇ ਆਪਣਾ ਚਿਹਰਾ ਥੋੜੇ ਸਮੇਂ ਲਈ ਮੇਜ਼ ਉਪਰ ਰੱਖ ਦਿੱਤਾ ਜੋ ਪ੍ਰਤੱਖ ਤੌਰ ’ਤੇ ਪ੍ਰੇਸ਼ਾਨ ਨਜ਼ਰ ਆ ਰਿਹਾ ਸੀ। ਅਦਾਲਤ ਵਿਚ ਪੋਟਰ ਦਾ ਪਤੀ ਤੇ ਰਾਈਟ ਦੇ ਮਾਤਾ-ਪਿਤਾ ਹਾਜ਼ਰ ਸਨ। ਜਦੋਂ ਪੋਟਰ ਨੂੰ ਫਸਟ ਡਿਗਰੀ ਕਤਲ ਲਈ ਦੋਸ਼ੀ ਠਹਿਰਾਇਆ ਤਾਂ ਰਾਈਟ ਦੀ ਮਾਂ ਦੇ ਅੱਖਾਂ ਵਿਚੋਂ ਹੰਝੂ ਵਗ ਤੁਰੇ। ਬਚਾਅ ਪੱਖ ਦੇ ਵਕੀਲ ਪਾਲ ਇੰਘ ਨੇ ਜੱਜ ਨੂੰ ਬੇਨਤੀ ਕੀਤੀ ਕਿ ਜਦੋਂ ਤੱਕ ਉਸ ਦੇ ਮੁਵੱਕਲ ਨੂੰ ਸਜ਼ਾ ਨਹੀਂ ਸੁਣਾਈ ਜਾਂਦੀ, ਉਸ ਨੂੰ ਜਮਾਨਤ ਉਪਰ ਰਿਹਾਅ ਕਰ ਦਿੱਤਾ ਜਾਵੇ, ਪ੍ਰੰਤੂ ਜੱਜ ਨੇ ਇਹ ਬੇਨਤੀ ਰੱਦ



*ਪੁਲਿਸ ਅਧਿਕਾਰੀ ਕਿਮ ਪੋਟਰ ਆਪਣੇ ਵਕੀਲ ਨਾਲ ਨਜਰ ਆ ਰਹੀ ਹੈ।*

ਕਰਦਿਆਂ ਪੋਟਰ ਨੂੰ ਹਿਰਾਸਤ ਵਿਚ ਲੈਣ ਦਾ ਹੁਕਮ ਦਿੱਤਾ। ਵਕੀਲ ਨੇ ਕਿਹਾ ਕਿ ਪੋਟਰ ਨੂੰ ਆਪਣੇ ਕੀਤੇ ’ਤੇ ਪਛਤਾਵਾ ਹੈ ਤੇ ਉਸ ਤੋਂ ਸਮਾਜ ਨੂੰ ਕੋਈ ਖਤਰਾ ਨਹੀਂ ਹੈ। ਸਰਕਾਰੀ ਵਕੀਲਾਂ ਨੇ ਪੋਟਰ ਨੂੰ ਹਿਰਾਸਤ ਵਿਚ ਰੱਖਣ ਦੀ ਬੇਨਤੀ ਕਰਦਿਆਂ ਕਿਹਾ ਕਿ ਪੋਟਰ ਰਾਜ ਤੋਂ ਬਾਹਰ ਰਹਿੰਦੀ ਹੈ। ਜ਼ਿਲਾ ਜੱਜ ਨੇ ਆਪਣੇ ਫੈਸਲੇ ਵਿਚ ਲਿਖਿਆ ਕਿ ਮੈਂ ਇਸ ਮਾਮਲੇ ਨੂੰ ਹੋਰ ਮਾਮਲਿਆਂ ਤੋਂ ਵੱਖਰਾ ਰੱਖ ਕੇ ਵਿਚਾਰ ਨਹੀਂ ਸਕਦੀ। ਇਸ ’ਤੇ ਪੁਲਿਸ ਨੇ ਪੋਟਰ ਨੂੰ ਹਿਰਾਸਤ ਵਿਚ ਲੈ ਲਿਆ। ਰਾਈਟ ਦੇ ਪਰਿਵਾਰ ਨੇ ਫੈਸਲੇ ਉਪਰ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਉਨਾਂ ਦੇ ਪੁੱਤਰ ਦੀ ਬੇਤੁਕੀ ਹੱਤਿਆ ਵਾਸਤੇ ਜੁੰਮੇਵਾਰੀ ਤੇ ਜਵਾਬਦੇਹੀ ਤਾਂ ਬਣਦੀ ਹੈ। ਅਸੀਂ ਉਹ ਦਿਨ ਨਹੀਂ ਭੁੱਲੇ ਜਦੋਂ ਬਿਨਾਂ ਕਿਸੇ ਕਾਰਨ ਗੋਲੀਆਂ ਚਲਾ ਕੇ ਸਾਡੇ ਪੁੱਤਰ ਨੂੰ ਜਾਨੋਂ ਮਾਰ ਦਿੱਤਾ ਗਿਆ ਸੀ।

# ਮਿਸ਼ੀਗਨ ਦੇ ਸ਼ਹਿਰ ਹਮਟਰੈਮਕ ਵਿਚ ਪਹਿਲੀ ਵਾਰ ਬਣੇਗਾ ਮੁਸਲਮਾਨ ਭਾਈਚਾਰੇ ਦਾ ਮੇਅਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-**ਮਿਸ਼ੀਗਨ ਦੇ ਸ਼ਹਿਰ ਹਮਟਰੈਮਕ ਵਿਚ ਪਹਿਲੀ ਵਾਰ ਮੁਸਲਮਾਨ ਭਾਈਚਾਰੇ ਦਾ ਮੇਅਰ ਅਹੁਦਾ ਸੰਭਾਲੇਗਾ ਤੇ ਪੂਰੀ ਸਿਟੀ ਕੌਂਸਲ ਵਿਚ ਮੁਸਲਮਾਨ ਭਾਈਚਾਰੇ ਦੇ ਮੈਂਬਰ ਹੋਣਗੇ। 99 ਸਾਲ ਪਹਿਲਾਂ ਵਸੇ ਹਮਟਰੈਮਕ ਸ਼ਹਿਰ ਵਿਚ ਹੁਣ ਤੱਕ ਸਾਰੇ ਮੇਅਰ ਪੋਲਿਸ਼ ਅਮਰੀਕੀ ਹੀ ਬਣੇ ਹਨ ਪ੍ਰੰਤੂ ਸ਼ਤਾਬਦੀ ਪੂਰੀ ਹੋਣ ਮੌਕੇ ਹਾਲਾਤ ਬਦਲ ਜਾਣਗੇ ਤੇ ਅਗਲੇ ਸਾਲ 2 ਜਨਵਰੀ ਨੂੰ ਮੁਸਲਮਾਨ ਮੇਅਰ ਆਮਰ ਗਾਲਿਬ ਮੇਅਰ ਦਾ ਅਹੁਦਾ ਸੰਭਾਲਣਗੇ । ਉਨਾਂ ਦੇ ਨਾਲ ਹੀ ਪੂਰੀ ਸਿਟੀ ਕੌਂਸਲ ਉਪਰ ਮੁਸਲਮਾਨ ਭਾਈਚਾਰੇ ਦੇ ਮੈਂਬਰ ਕਾਬਜ਼ ਹੋ ਜਾਣਗੇ। ‘ਮੁਸਲਿਮ ਪਬਲਿਕ ਅਫੇਅਰ ਕੌਂਸਲ’ ਅਨੁਸਾਰ ਅਮਰੀਕਾ ਵਿਚ ਹਮਟਰੈਮਕ ਪਹਿਲਾ ਸ਼ਹਿਰ ਹੋਵੇਗਾ ਜਿਥੇ ਸਿਟੀ ਕੌਂਸਲ ਦੇ ਸਾਰੇ ਮੈਂਬਰ ਮੁਸਲਮਾਨ ਭਾਈਚਾਰੇ ਦੇ ਹੋਣਗੇ। 42 ਸਾਲਾ ਆਮਰ ਗਾਲਿਬ ਯਮਨ ਵਿਚ ਪੈਦਾ ਹੋਇਆ ਸੀ ਤੇ ਉਹ ਆਪਣੇ ਪਰਿਵਾਰ ਵਿਚੋਂ ਇਕੱਲਾ ਹੀ 23 ਸਾਲ ਪਹਿਲਾਂ ਭਰ ਜਵਾਨੀ ਵਿਚ ਅਮਰੀਕਾ ਆਇਆ ਸੀ।



*ਆਮਰ ਗਾਲਿਬ*

# ਸੈਨੇਟ ਵੱਲੋਂ ਭਾਰਤੀ ਮੂਲ ਦੀ ਸ਼ਾਲਿਨਾ ਕੁਮਾਰ ਦੀ ਜੱਜ ਵਜੋਂ ਨਿਯੁਕਤੀ ਦੀ ਪੁਸ਼ਟੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਬੀਤੇ ਦਿਨ ਸੈਨੇਟ ਨੇ ਰਾਸ਼ਟਰਪਤੀ ਜੋ ਬਾਈਡਨ ਵੱਲੋਂ ਭਾਰਤੀ ਮੂਲ ਦੀ ਅਮਰੀਕਨ ਮਹਿਲਾ ਸ਼ਾਲਿਨਾ ਕੁਮਾਰ ਦੀ ਸੰਘੀ ਜੱਜ ਵਜੋਂ ਕੀਤੀ ਨਿਯੁਕਤੀ ਨੂੰ ਪ੍ਰਵਾਨਗੀ ਦੇ ਦਿੱਤੀ। ਉਹ ਮਿਸ਼ੀਗਨ ਦੇ ਪੂਰਬੀ ਜ਼ਿਲੇ ਦੀ ਜ਼ਿਲਾ ਅਦਾਲਤ ਵਿਚ ਜੱਜ ਵਜੋਂ ਸੇਵਾਵਾਂ ਨਿਭਾਵੇਗੀ। ਅਮਰੀਕੀ ਸੈਨੇਟਰ ਡੈਬੀ ਸਟਾਬੇਨੋਅ ਤੇ ਗੈਰੀ ਪੀਟਰਜ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਸ਼ਾਲਿਨਾ ਕੁਮਾਰ ਪਹਿਲੀ ਭਾਰਤੀ ਮੂਲ ਦੀ ਅਮਰੀਕਨ ਔਰਤ ਹੈ ਜੋ ਮਿਸ਼ੀਗਨ ਵਿਚ ਸੰਘੀ ਜੱਜ ਵਜੋਂ ਨਿਯੁਕਤ ਹੋਈ ਹੈ। ਸੈਨੇਟਰਾਂ ਨੇ ਕਿਹਾ ਹੈ ਕਿ ਕੁਮਾਰ ਓਕਲੈਂਡ ਕਾਊਂਟੀ ਵਿਚ ਸਿਕਸਥ ਸਰਕਟ ਕੋਰਟ ਦੀ ਸਤਿਕਾਰਤ ਮੁੱਖ ਜੱਜ ਹੈ ਤੇ ਅਸੀਂ ਜਾਣਦੇ ਹਾਂ ਕਿ ਉਹ ਇਕ ਸੰਘੀ ਜੱਜ ਵਜੋਂ ਵੀ ਆਪਣੀਆਂ ਸ਼ਾਨਦਾਰ ਸੇਵਾਵਾਂ ਨੂੰ ਜਾਰੀ ਰਖੇਗੀ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਪੰਜਾਬ ਵਿਚ 5 ਜਨਵਰੀ ਤੋਂ ਬਾਅਦ ਚੋਣ ਪ੍ਰੋਗਰਾਮ ਦਾ ਐਲਾਨ

## ਕੌਮੀ ਚੋਣ ਕਮਿਸ਼ਨ ਵਲੋਂ ਸਥਾਨਕ ਅਧਿਕਾਰੀਆਂ ਦੀਆਂ ਨਿਯੁਕਤੀਆਂ ਮੰਤਰੀ, ਵਿਧਾਇਕਾਂ ਦੀ ਮਰਜ਼ੀ ਅਨੁਸਾਰ ਹੋਣ 'ਤੇ ਔਖੀ

**ਚੰਡੀਗੜ੍ਹ/ਏ.ਟੀ.ਨਿਊਜ਼:** ਕੌਮੀ ਚੋਣ ਕਮਿਸ਼ਨ ਵਲੋਂ ਰਾਜ ਦੇ ਸੀਨੀਅਰ ਅਧਿਕਾਰੀਆਂ ਨਾਲ ਇੱਥੇ ਕੀਤੀਆਂ ਮੀਟਿੰਗਾਂ ਅਤੇ ਉਸ ਦੌਰਾਨ ਉਠਾਏ ਗਏ ਮੁੱਦਿਆਂ ਤੋਂ ਰਾਜ ਦੀ ਅਫ਼ਸਰਸ਼ਾਹੀ ਘਬਰਾਹਟ ਵਿਚ ਹੈ। ਚੋਣ ਕਮਿਸ਼ਨ ਵਲੋਂ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਦੇ ਉਸ ਬਿਆਨ ਦਾ ਜਿਵੇਂ ਸਖ਼ਤ ਨੋਟਿਸ ਲਿਆ ਗਿਆ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਉਹ ਜ਼ਿਲ੍ਹਾ ਪੱਧਰ ਦੇ ਪੁਲਿਸ ਅਧਿਕਾਰੀ ਵਿਧਾਇਕਾਂ ਤੇ ਸਥਾਨਕ ਮੰਤਰੀਆਂ ਦੀ ਰਾਏ ਅਨੁਸਾਰ ਲਗਾ ਰਹੇ ਹਨ, ਉਸ ਤੋਂ ਸਪਸ਼ਟ ਹੈ ਕਿ ਸੂਬੇ ਵਿਚ ਚੋਣ ਜ਼ਾਬਤਾ ਲੱਗਣ ਦੇ ਨਾਲ ਹੀ ਖੇਤਰੀ ਅਧਿਕਾਰੀਆਂ ਦਾ ਵੱਡਾ ਰੱਦੋਬਦਲ ਹੋਵੇਗਾ ਜਿਸ ਵਿਚ ਪੁਲਿਸ ਅਧਿਕਾਰੀ ਮੁੱਖ ਤੌਰ 'ਤੇ ਨਿਸ਼ਾਨੇ 'ਤੇ ਰਹਿਣਗੇ। ਕਮਿਸ਼ਨ ਵਲੋਂ ਗੈਰ ਆਈ.ਪੀ.ਐਸ. ਅਧਿਕਾਰੀਆਂ ਨੂੰ ਜ਼ਿਲ੍ਹਾ ਪੁਲਿਸ ਮੁਖੀ ਨਿਯੁਕਤ ਕਰਨ 'ਤੇ ਇਤਰਾਜ਼ ਕੀਤਾ ਜਾਂਦਾ ਰਿਹਾ ਹੈ। ਇਸੇ ਤਰ੍ਹਾਂ ਸੂਬੇ 'ਚ ਵੋਟਰ ਸੂਚੀਆਂ ਵੀ 5 ਜਨਵਰੀ ਛਾਪਣ ਤੱਕ ਲਏ ਗਏ ਫ਼ੈਸਲੇ ਕਾਰਨ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਸੂਬੇ ਵਿਚ ਚੋਣਾਂ ਦਾ ਐਲਾਨ ਤੇ ਚੋਣ ਜ਼ਾਬਤਾ 5 ਜਨਵਰੀ ਤੋਂ ਬਾਅਦ ਕਦੀ ਵੀ ਸੰਭਵ ਹੋ ਸਕਦਾ ਹੈ ਅਤੇ ਇਹ ਐਲਾਨ 10 ਜਨਵਰੀ ਤੋਂ ਬਾਅਦ ਵੀ ਹੋ ਸਕਦਾ ਹੈ। ਮੁੱਖ ਚੋਣ ਕਮਿਸ਼ਨਰ ਤੇ ਉਨ੍ਹਾਂ ਦੀ ਟੀਮ ਵਲੋਂ ਰਾਜ ਦੇ ਡਿਪਟੀ ਕਮਿਸ਼ਨਰਾਂ ਤੇ ਜ਼ਿਲ੍ਹਾ ਪੁਲਿਸ ਮੁਖੀਆਂ ਤੇ ਦੂਜੇ ਸੀਨੀਅਰ ਅਧਿਕਾਰੀਆਂ ਨਾਲ ਲਈ ਗਈ ਮੀਟਿੰਗ ਦੌਰਾਨ ਇਹ ਸਪਸ਼ਟ ਸੀ ਕਿ ਕਮਿਸ਼ਨ ਇਸ ਵਾਰ ਚੋਣਾਂ ਦੌਰਾਨ ਸ਼ਰਾਬ, ਨਸ਼ੇ ਤੇ ਪੈਸੇ ਵੰਡਣ ਵਰਗੇ ਮਾਮਲਿਆਂ ਸਬੰਧੀ ਕਾਫ਼ੀ ਗੰਭੀਰ ਹੈ ਅਤੇ ਇਸ ਮੰਤਵ ਲਈ ਕਮਿਸ਼ਨ ਕੇਂਦਰ ਸਰਕਾਰ ਦੀਆਂ ਏਜੰਸੀਆਂ ਇਨਫੋਰਸਮੈਂਟ ਡਾਇਰੈਕਟੋਰੇਟ, ਇਨਕਮ ਟੈਕਸ, ਨਾਰਕੋਟਿਕ ਬਿਊਰੋ ਤੇ ਕੇਂਦਰੀ ਖ਼ੁਫ਼ੀਆ ਏਜੰਸੀਆਂ ਨੂੰ ਅਹਿਮ ਭੂਮਿਕਾ ਦੇਵੇਗੀ ਕਿਉਂਕਿ ਸੂਬੇ ਦੀ ਪੁਲਿਸ ਦੇ ਵੱਡੇ ਪੱਧਰ 'ਤੇ ਸਿਆਸੀਕਰਨ ਦੇ ਦੋਸ਼ ਲੱਗ ਰਹੇ ਹਨ। ਚੋਣ ਕਮਿਸ਼ਨ ਵਲੋਂ ਚੋਣਾਂ ਦੇ ਐਲਾਨ ਦੇ ਨਾਲ ਹੀ ਸੂਬੇ 'ਚ ਕੇਂਦਰੀ ਸੁਰੱਖਿਆ ਬਲਾਂ ਦੀ ਤਾਇਨਾਤੀ ਸ਼ੁਰੂ ਕਰ ਦਿੱਤੇ ਜਾਣ ਦੀ

# ਆਨਲਾਈਨ ਪੇਸ਼ੀ 'ਚ ਸ਼ਾਮਲ ਹੋਏ ਸੁਮੇਧ ਸੈਣੀ ਨੂੰ ਅਦਾਲਤ ਵਲੋਂ ਲਗੀ ਫਟਕਾਰ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:-** ਪੰਜਾਬ ਪੁਲਿਸ ਦੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਬੈਡ 'ਤੇ ਪਏ ਇੱਕ ਕੇਸ ਦੀ ਵਰਚੁਅਲ ਸੁਣਵਾਈ ਵਿੱਚ ਸ਼ਾਮਲ ਹੋਏ। ਸੁਣਵਾਈ ਕਰ ਰਹੇ ਜੱਜ ਉਨ੍ਹਾਂ ਦੀ ਇਸ ਕਾਰਵਾਈ 'ਤੇ ਕਾਫੀ ਨਾਰਾਜ਼ ਹੋ ਗਏ ਅਤੇ ਸੁਣਵਾਈ ਦੌਰਾਨ ਹੀ ਉਨ੍ਹਾਂ ਨੂੰ ਖੂਬ ਫਟਕਾਰ ਲਗਾਈ।

ਪੰਜਾਬ ਪੁਲਿਸ ਦੇ ਸਾਬਕਾ ਮੁਖੀ ਸੁਮੇਧ ਸਿੰਘ ਸੈਣੀ 1994 ਦੇ ਤੀਹਰੇ ਕਤਲ ਕੇਸ ਵਿੱਚ ਮੁਲਜ਼ਮ ਹਨ। ਇਸ ਦੀ ਸੁਣਵਾਈ ਦੌਰਾਨ ਉਹ ਮੰਜੇ 'ਤੇ ਲੇਟ ਗਿਆ। ਇਸ 'ਤੇ ਵਿਸ਼ੇਸ਼ ਸੀਬੀਆਈ ਜੱਜ ਸੰਜੀਵ ਅਗਰਵਾਲ ਨੇ ਸੁਮੇਧ ਸੈਣੀ ਨੂੰ ਫਟਕਾਰ ਲਗਾਉਂਦੇ ਹੋਏ ਕਿਹਾ ਕਿ ਉਹ ਭਵਿੱਖ 'ਚ ਅਜਿਹਾ ਨਾ ਕਰੇ ਅਤੇ ਅਦਾਲਤ ਦੀ ਮਰਿਆਦਾ ਨੂੰ ਬਰਕਰਾਰ ਰੱਖੇ।

ਜੱਜ ਨੇ ਇਹ ਵੀ ਨੋਟ ਕੀਤਾ ਕਿ ਭਾਵੇਂ ਸਾਬਕਾ ਪੁਲਿਸ ਅਧਿਕਾਰੀ ਨੇ ਕਿਹਾ ਕਿ ਉਹ ਬਿਮਾਰ ਸੀ ਅਤੇ ਬੁਖਾਰ ਤੋਂ ਪੀੜਤ ਸੀ ਪਰ ਉਸ ਨੇ ਇਸ ਸਬੰਧੀ ਕੋਈ ਵੀ ਮੈਡੀਕਲ ਕਾਗਜ਼ ਅਦਾਲਤ ਨੂੰ ਨਹੀਂ ਦਿਖਾਏ। ਸੁਮੇਧ ਸੈਣੀ ਅਤੇ ਤਿੰਨ ਹੋਰ ਪੁਲਿਸ ਮੁਲਾਜ਼ਮਾਂ 'ਤੇ 1994 ਵਿਚ ਲੁਧਿਆਣਾ ਵਿਚ ਤਿੰਨ ਵਿਅਕਤੀਆਂ ਵਿਨੋਦ ਕੁਮਾਰ, ਅਸ਼ੋਕ ਕੁਮਾਰ ਅਤੇ ਉਨ੍ਹਾਂ ਦੇ ਡਰਾਈਵਰ ਮੁਖਤਿਆਰ ਸਿੰਘ ਨੂੰ ਅਗਵਾ ਕਰਨ ਤੋਂ ਬਾਅਦ ਕਤਲ ਕਰਨ



ਦਾ ਦੋਸ਼ ਹੈ। ਸੀਬੀਆਈ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਅਦਾਲਤ ਨੇ ਆਪਣੇ ਹੁਕਮ ਵਿੱਚ ਕਿਹਾ- "ਮੁਲਜ਼ਮ ਨੰਬਰ 1 ਸੁਮੇਧ ਕੁਮਾਰ ਸੈਣੀ ਵੀਸੀ ਰਾਹੀਂ ਕਾਰਵਾਈ ਵਿੱਚ ਸ਼ਾਮਲ ਹੋਇਆ ਹੈ। ਹਾਲਾਂਕਿ ਦੇਖਿਆ ਗਿਆ ਹੈ ਕਿ ਉਹ ਬੈੱਡ 'ਤੇ ਲੇਟ ਕੇ ਵੀਸੀ ਦੀ ਕਾਰਵਾਈ 'ਚ ਸ਼ਾਮਲ ਹੋਏ। ਪੁੱਛਣ 'ਤੇ ਉਸ ਨੇ ਕਿਹਾ ਕਿ ਉਹ ਬਿਮਾਰ ਹੈ ਅਤੇ ਬੁਖਾਰ ਤੋਂ ਪੀੜਤ ਹੈ। ਹਾਲਾਂਕਿ ਇਸ ਸਬੰਧੀ ਕੋਈ ਕਾਗਜ਼ ਪੇਸ਼ ਨਹੀਂ ਕੀਤਾ ਗਿਆ ਅਤੇ ਨਾ ਹੀ ਰਿਕਾਰਡ 'ਤੇ ਦਰਜ ਕੀਤਾ ਗਿਆ ਹੈ। ਇਸ ਅਨੁਸਾਰ, ਦੋਸ਼ੀ ਨੰਬਰ 1 ਨੂੰ ਭਵਿੱਖ ਵਿੱਚ ਆਪਣੇ ਵਿਵਹਾਰ ਪ੍ਰਤੀ ਸਾਵਧਾਨ ਰਹਿਣ ਅਤੇ ਵੀਸੀ ਦੁਆਰਾ ਕਾਰਵਾਈ ਵਿੱਚ ਪੇਸ਼ ਹੋਣ ਸਮੇਂ ਅਦਾਲਤ ਦੀ ਮਰਿਆਦਾ ਨੂੰ ਬਰਕਰਾਰ ਰੱਖਣ ਲਈ ਸਾਵਧਾਨ ਕੀਤਾ ਜਾਂਦਾ ਹੈ।

ਸੀਬੀਆਈ ਨੇ ਦੋਸ਼ ਲਾਇਆ ਹੈ ਕਿ ਸੁਮੇਧ ਸੈਣੀ ਨੇ ਹੋਰ ਮੁਲਜ਼ਮ ਪੁਲੀਸ ਮੁਲਾਜ਼ਮਾਂ ਸੁਖ ਮਹਿੰਦਰ ਸਿੰਘ ਸੰਧੂ, ਪਰਮਜੀਤ ਸਿੰਘ ਅਤੇ ਬਲਬੀਰ ਚੰਦ ਤਿਵਾੜੀ ਨਾਲ ਮਿਲ ਕੇ ਪੰਜਾਬ ਵਿੱਚ ਇੱਕ ਆਟੋਮੋਬਾਈਲ ਡੀਲਰਸ਼ਿਪ ਖ਼ਿਲਾਫ਼ ਸਾਜ਼ਿਸ਼ ਰਚੀ ਸੀ। ਸੈਣੀ ਉਸ ਸਮੇਂ ਲੁਧਿਆਣਾ ਦੇ ਐੱਸ.ਐੱਸ.ਪੀ. ਸਨ ਤੇ ਪੀੜਤ ਪਰਿਵਾਰਾਂ ਨੂੰ ਇਸ ਮਾਮਲੇ ਵਿੱਚ ਕੇਸ ਦਰਜ ਕਰਵਾਉਣ ਲਈ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ। ਆਖ਼ਰਕਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਦਖ਼ਲ ਤੋਂ ਬਾਅਦ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ।

# ਸੌਦਾ ਸਾਧ ਦੀ ਪਟੀਸ਼ਨ 'ਤੇ ਹਾਈਕੋਰਟ ਨੇ ਪੰਜਾਬ ਸਰਕਾਰ ਤੋਂ ਬੇਅਦਬੀ ਮਾਮਲਿਆਂ ਦੀ ਜਾਂਚ ਰਿਪੋਰਟ ਕੀਤੀ ਤਲਬ

**ਚੰਡੀਗੜ੍ਹ/ਏ.ਟੀ.ਨਿਊਜ਼ :** ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਬੇਅਦਬੀ ਮਾਮਲੇ ਦੀ ਹੁਣ ਤੱਕ ਦੀ ਜਾਂਚ ਦੀ ਪੂਰੀ ਸਟੇਟਸ ਰਿਪੋਰਟ ਹਾਈ ਕੋਰਟ ਵਿਚ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਹਾਈਕੋਰਟ ਨੇ ਇਹ ਹੁਕਮ ਡੇਰਾ ਮੁਖੀ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਦਿੱਤੇ ਹਨ। ਡੇਰਾ ਮੁਖੀ ਗੁਰਮੀਤ ਸਿੰਘ ਨੇ ਪੰਜਾਬ ਸਰਕਾਰ ਤੋਂ ਬੇਅਦਬੀ ਮਾਮਲੇ ਵਿਚ ਦਰਜ ਮਾਮਲਿਆਂ ਦੀ ਜਾਂਚ ਐੱਸ.ਆਈ.ਟੀ ਦੀ ਬਜਾਏ ਸੀ.ਬੀ. ਆਈ ਤੋਂ ਕਰਵਾਉਣ ਦੀ ਮੰਗ ਨੂੰ ਲੈ ਕੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ। ਪਟੀਸ਼ਨ ਵਿਚ ਸਰਕਾਰ ਵੱਲੋਂ ਮਾਮਲੇ ਦੀ ਸੀਬੀਆਈ ਜਾਂਚ ਦੇ ਹੁਕਮਾਂ ਨੂੰ ਵਾਪਸ ਲਏ ਜਾਣ ਨੂੰ ਵੀ ਚੁਣੌਤੀ ਦਿੱਤੀ ਗਈ ਹੈ।

ਦਾਇਰ ਪਟੀਸ਼ਨ ਵਿਚ ਡੇਰਾ ਮੁਖੀ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਨਵੰਬਰ 2015 ਵਿਚ ਬੇਅਦਬੀ ਮਾਮਲੇ ਵਿਚ ਦਰਜ ਐਫਆਈਆਰ ਦੀ ਸੀਬੀਆਈ ਜਾਂਚ ਦੇ ਹੁਕਮ ਦਿੱਤੇ ਸਨ। ਪਰ ਬਾਅਦ ਵਿਚ ਜਿਵੇਂ ਹੀ ਸੂਬੇ ਵਿਚ ਸਰਕਾਰ ਬਦਲੀ ਤਾਂ ਇਸ ਮਾਮਲੇ ਦੀ ਜਾਂਚ ਲਈ ਸੇਵਾਮੁਕਤ ਜਸਟਿਸ



ਰਣਜੀਤ ਸਿੰਘ ਦੀ ਪ੍ਰਧਾਨਗੀ ਹੇਠ ਇਕ ਜਾਂਚ ਕਮਿਸ਼ਨ ਦਾ ਗਠਨ ਕੀਤਾ ਗਿਆ ਅਤੇ ਬਾਅਦ ਵਿਚ ਅਗਸਤ 2018 ਵਿਚ ਪੰਜਾਬ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਲਈ ਵਿਧਾਨ ਸਭਾ 'ਚ ਮਤਾ ਪਾਸ ਕਰ ਕੇ ਹੁਕਮ ਵਾਪਸ ਲੈ ਲਏ ਗਏ।

ਡੇਰਾ ਮੁਖੀ ਦਾ ਕਹਿਣਾ ਹੈ ਕਿ ਇਸ ਮਾਮਲੇ ਦੇ ਇਕ ਮੁਲਜ਼ਮ ਦੇ ਬਿਆਨਾਂ ਤੋਂ ਬਾਅਦ ਉਨ੍ਹਾਂ ਨੂੰ ਪਿਛਲੇ ਸਾਲ ਇਸ ਕੇਸ ਵਿਚ ਨਾਮਜ਼ਦ ਕੀਤਾ ਗਿਆ ਸੀ ਤੇ ਫਿਰ ਉਨ੍ਹਾਂ ਦੇ ਪ੍ਰੋਡਕਸ਼ਨ ਵਾਰੰਟ ਜਾਰੀ ਕੀਤੇ ਗਏ ਸਨ। ਜਿਸ ਨੂੰ ਰੱਦ ਕਰਦਿਆਂ ਹਾਈ ਕੋਰਟ ਨੇ ਐਸ.ਆਈ.ਟੀ ਨੂੰ ਸੁਨਾਰੀਆ ਜੇਲ ਜਾ ਕੇ ਪੁੱਛਗਿੱਛ ਕਰਨ ਦੇ ਹੁਕਮ ਦਿੱਤੇ ਸਨ ਅਤੇ ਐਸ.ਆਈ.ਟੀ ਉਨ੍ਹਾਂ ਤੋਂ ਪੁੱਛਗਿੱਛ ਕਰ ਚੁੱਕੀ ਹੈ। ਡੇਰਾ ਮੁਖੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਜਾਣਬੁੱਝ ਕੇ ਫਸਾਇਆ ਜਾ ਰਿਹਾ ਹੈ, ਇਸ ਲਈ ਇਸ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਜ਼ਰੂਰੀ ਹੈ। ਇਸ ਲਈ ਉਨ੍ਹਾਂ ਨੇ ਬੇਅਦਬੀ ਕਾਂਡ ਨਾਲ ਸਬੰਧਤ ਐਫਆਈਆਰ ਦੀ ਜਾਂਚ ਸੀਬੀਆਈ ਤੋਂ ਕਰਵਾਉਣ ਦੇ ਜੋ ਹੁਕਮ ਸਰਕਾਰ ਨੇ ਰੱਦ ਕੀਤੇ ਹਨ, ਉਨ੍ਹਾਂ ਨੂੰ ਰੱਦ ਕਰਦਿਆਂ ਇਸ ਮਾਮਲੇ ਦੀ ਸੀਬੀਆਈ ਜਾਂਚ ਦੀ ਮੰਗ ਕੀਤੀ ਹੈ।

# ਭਾਰਤੀ ਮੂਲ ਦੇ 4 ਅਮਰੀਕੀਆਂ ਦੀ ਰਾਸ਼ਟਰਪਤੀ ਦੇ ਸਲਾਹਕਾਰ ਕਮਿਸ਼ਨ ਵਿਚ ਨਿਯੁਕਤੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਰਾਸ਼ਟਰਪਤੀ ਜੋ ਬਾਇਡਨ ਨੇ ਏਸ਼ੀਆਈ ਅਮਰੀਕੀਆਂ ਬਾਰੇ ਆਪਣੇ ਸਲਾਹਕਾਰ ਕਮਿਸ਼ਨ ਵਿਚ ਭਾਰਤੀ ਮੂਲ ਦੇ 4 ਅਮਰੀਕੀਆਂ ਨੂੰ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਵਾਈਟ ਹਾਊਸ ਵੱਲੋਂ ਜਾਰੀ ਬਿਆਨ ਅਨੁਸਾਰ ਨਿਯੁਕਤ ਕੀਤੇ ਸਲਾਹਕਾਰਾਂ ਵਿਚ ਇਕ ਪਾਕਿਸਤਾਨੀ ਮੂਲ ਦੀ ਔਰਤ ਵੀ ਸ਼ਾਮਿਲ ਹੈ। ਨਿਯੁਕਤ ਕੀਤੇ ਭਾਰਤੀਆਂ ਵਿਚ ਸਿਲੀਕੋਨ ਵਾਦੀ ਦੇ ਤਕਨੀਕੀ ਮਾਹਿਰ ਅਜੇ ਭੂਟੋਰੀਆ, ਨਿਊਜਰਸੀ ਦੇ ਮੈਡੀਸੀਨ ਮਾਹਿਰ ਕਮਲ ਕਲਸੀ, ਸੋਨਲ ਸ਼ਾਹ ਤੇ ਇੰਜੀਨੀਅਰ ਤੇ ਉਦਮੀ ਸਮਿਤਾ ਐਨ ਸ਼ਾਹ ਸ਼ਾਮਿਲ ਹਨ। ਪਾਕਿਸਤਾਨੀ ਮੂਲ ਦੀ ਅਮਰੀਕਨ ਨਹੀਦ ਕੁਰੈਸ਼ੀ ਨੂੰ ਵੀ ਕਮਿਸ਼ਨ ਵਿਚ ਸ਼ਾਮਿਲ ਕੀਤਾ ਗਿਆ ਹੈ।



*ਸੋਨਲ ਸ਼ਾਹ ਜਿਸ ਨੂੰ ਰਾਸ਼ਟਰਪਤੀ ਦੇ ਸਲਾਹਕਾਰ ਕਮਿਸ਼ਨ ਵਿਚ ਨਿਯੁਕਤ ਕੀਤਾ ਗਿਆ ਹੈ*

# 84 ਸਿੱਖ ਕਤਲੇਆਮ ਦੀ ਜਾਂਚ ਕਰਨ ਵਾਲੇ ਜਸਟਿਸ ਨਾਨਾਵਤੀ ਚਲ ਵਸੇ

**ਅਹਿਮਦਾਬਾਦ/ਏ.ਟੀ.ਨਿਊਜ਼ :** 1984 ਦੇ ਸਿੱਖ ਵਿਰੋਧੀ ਕਤਲੇਆਮ ਅਤੇ 2002 ਵਿਚ ਗੋਧਰਾ ਦੰਗਿਆਂ ਦੀ ਜਾਂਚ ਲਈ ਬਣਾਏ ਕਮਿਸ਼ਨ ਦੇ ਮੁਖੀ ਸਾਬਕਾ ਸੁਪਰੀਮ ਕੋਰਟ ਦੇ ਜੱਜ ਜਸਟਿਸ ਗਿਰੀਸ਼ ਠਾਕੁਰਲਾਲ ਨਾਨਾਵਤੀ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ। ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਨਾਨਵਤੀ (86) ਦਾ ਦਿਲ ਫੇਲ ਹੋਣ ਕਾਰਨ ਮੌਤ ਹੋਈ। ਨਾਨਾਵਤੀ ਦੀ ਅਗਵਾਈ ਵਾਲੇ ਕਮਿਸ਼ਨ ਨੇ ਗੋਧਰਾ ਫ਼ਿਰਕੂ ਦੰਗਿਆਂ ਦੇ ਮਾਮਲੇ ਵਿਚ ਉਸ ਵੇਲੇ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਗੁਜਰਾਤ ਸਰਕਾਰ ਨੂੰ ਕਲੀਨ ਚਿੱਟ ਦੇ ਦਿੱਤੀ ਸੀ। 17 ਫਰਵਰੀ 1934 ਨੂੰ ਜਨਮੇ ਨਾਨਾਵਤੀ ਪਹਿਲਾਂ 11 ਫਰਵਰੀ 1958 ਨੂੰ ਬੰਬੇ ਹਾਈਕੋਰਟ ਦੇ ਵਕੀਲ ਨਿਯੁਕਤ ਹੋਏ ਸਨ।



# ਪੰਥਕ ਆਗੂ ਸੰਤ ਬਾਬਾ ਅਜੀਤ ਸਿੰਘ ਜੀ ਪਰਿਵਾਰ ਵਿਛੋੜੇ ਵਾਲੇ ਚਲ ਵਸੇ

**ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ, ਪਾਰਲੀਮੈਂਟ ਬੋਰਡ ਦੇ ਚੇਅਰਮੈਨ, ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਅਤੇ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਵਿਧਾਇਕ ਰਹਿ ਚੁੱਕੇ ਸੰਤ ਬਾਬਾ ਅਜੀਤ ਸਿੰਘ ਜੀ ਪਰਿਵਾਰ ਵਿਛੋੜੇ ਵਾਲੇ ਇਸ ਦੁਨੀਆ 'ਤੇ ਨਹੀਂ ਰਹੇ। ਸੰਤ ਅਜੀਤ ਸਿੰਘ ਜੀ ਨਿਹੋਲਕੇ ਪਿੰਡ ਦੇ ਰਹਿਣ ਵਾਲੇ ਸਨ। 82 ਸਾਲ ਦੇ ਸੰਤ ਬਾਬਾ ਅਜੀਤ ਸਿੰਘ ਜੀ ਨੇ ਆਖ਼ਰੀ ਸਾਹ ਮੈਕਸ ਹਸਪਤਾਲ ਮੁਹਾਲੀ ਵਿਖੇ ਲਏ।



# ਅਦਾਕਾਰਾ ਕੰਗਨਾ ਰਣੌਤ ਮੁੰਬਈ ਪੁਲਿਸ ਦੇ ਸਾਹਮਣੇ ਹੋਈ ਪੇਸ਼

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:** ਅਭਿਨੇਤਰੀ ਕੰਗਨਾ ਰਣੌਤ ਸੋਸ਼ਲ ਮੀਡੀਆ 'ਤੇ ਕਿਸਾਨਾਂ ਖ਼ਿਲਾਫ ਕੀਤੀ ਗਈ ਕਥਿਤ ਟਿੱਪਣੀ ਨੂੰ ਲੈ ਕੇ ਵੀਰਵਾਰ ਨੂੰ ਮੁੰਬਈ ਪੁਲਸ ਦੇ ਸਾਹਮਣੇ ਪੇਸ਼ ਹੋਈ। ਇਹ ਜਾਣਕਾਰੀ ਅਦਾਕਾਰਾ ਦੇ ਵਕੀਲ ਨੇ ਦਿੱਤੀ। ਕੰਗਨਾ ਨੇ ਕਥਿਤ ਤੌਰ 'ਤੇ ਕਿਸਾਨ ਅੰਦੋਲਨ ਨੂੰ ਵੱਖਵਾਦੀ ਸਮੂਹ ਨਾਲ ਜੋੜਿਆ ਸੀ। ਕੰਗਨਾ ਸਵੇਰੇ ਕਰੀਬ 11 ਵਜੇ ਖਾਰ ਥਾਣੇ ਪਹੁੰਚੀ। ਇਕ ਸਿੱਖ ਸੰਗਠਨ ਦੀ ਸ਼ਿਕਾਇਤ 'ਤੇ ਪਿਛਲੇ ਮਹੀਨੇ ਖਾਰ ਪੁਲਸ ਸਟੇਸ਼ਨ 'ਚ ਕੰਗਨਾ ਖ਼ਿਲਾਫ ਐੱਫ.ਆਈ.ਆਰ. ਦਰਜ ਕੀਤੀ ਗਈ ਸੀ। ਕੰਗਨਾ ਦੇ ਵਕੀਲ ਰਿਜ਼ਵਾਨ ਸਿੱਦੀਕੀ ਨੇ ਦੱਸਿਆ ਕਿ ਅਭਿਨੇਤਰੀ ਮਾਮਲੇ 'ਚ ਆਪਣਾ ਬਿਆਨ ਦਰਜ ਕਰਵਾਉਣ ਲਈ ਥਾਣੇ ਪਹੁੰਚੀ। ਪੁਲਿਸ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਉਸਨੂੰ ਪੁੱਛਗਿੱਛ ਲਈ ਨੋਟਿਸ ਜਾਰੀ ਕੀਤਾ ਸੀ। ਕੰਗਨਾ ਦੇ ਵਕੀਲ ਨੇ ਬੰਬੇ ਹਾਈ ਕੋਰਟ ਨੂੰ ਕਿਹਾ ਸੀ ਕਿ ਉਹ 22 ਦਸੰਬਰ ਨੂੰ ਖਾਰ ਪੁਲਿਸ ਦੇ ਸਾਹਮਣੇ ਪੇਸ਼ ਹੋਵੇਗੀ। ਬੁੱਧਵਾਰ ਨੂੰ ਉਸ ਦੇ ਵਕੀਲ ਨੇ ਪੇਸ਼ ਹੋਣ ਲਈ ਦੂਜੀ ਤਰੀਕ ਲਈ ਬੇਨਤੀ ਕੀਤੀ ਸੀ। ਮੁੰਬਈ ਪੁਲਿਸ ਨੇ ਪਹਿਲਾਂ ਬੰਬੇ ਹਾਈ ਕੋਰਟ ਨੂੰ ਕਿਹਾ ਸੀ ਕਿ ਉਹ ਕੰਗਨਾ ਨੂੰ 25 ਜਨਵਰੀ, 2022 ਤੱਕ ਉਸਦੀ ਸੋਸ਼ਲ ਮੀਡੀਆ ਪੋਸਟ ਲਈ ਗ੍ਰਿਫਤਾਰ ਨਹੀਂ ਕਰੇਗੀ, ਜਿਸ ਵਿੱਚ ਕਥਿਤ ਤੌਰ 'ਤੇ ਕਿਸਾਨਾਂ ਦੇ ਪ੍ਰਦਰਸ਼ਨਾਂ ਨੂੰ ਵੱਖਵਾਦੀ ਸਮੂਹ ਨਾਲ ਜੋੜਿਆ ਗਿਆ ਸੀ।

ਹਾਈ ਕੋਰਟ ਨੇ ਕਿਹਾ ਸੀ ਕਿ ਇਹ ਮੁੱਦਾ ਕੰਗਨਾ ਦੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਮੌਲਿਕ ਅਧਿਕਾਰ ਦਾ ਵੱਡਾ ਸਵਾਲ ਹੈ ਅਤੇ ਅਦਾਲਤ ਨੂੰ ਉਸ ਨੂੰ ਕੁਝ ਅੰਤਰਿਮ ਰਾਹਤ ਦੇਣੀ ਪਵੇਗੀ। ਕੰਗਨਾ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਹਾਈਕੋਰਟ ਦਾ ਰੁਖ ਕੀਤਾ ਸੀ ਅਤੇ ਖਾਰ ਪੁਲਿਸ ਸਟੇਸ਼ਨ ਵਿੱਚ ਉਸਦੇ ਖਿਲਾਫ ਦਰਜ ਐਫਆਈਆਰ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। ਅਭਿਨੇਤਰੀ ਦੇ ਖਿਲਾਫ ਐਫਆਈਆਰ ਇੱਕ ਸਿੱਖ ਸੰਸਥਾ ਦੇ ਕੁਝ ਮੈਂਬਰਾਂ ਦੀ ਸ਼ਿਕਾਇਤ ਤੋਂ ਬਾਅਦ ਦਰਜ ਕੀਤੀ ਗਈ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਕੰਗਨਾ ਨੇ ਆਪਣੇ 'ਇੰਸਟਾਗ੍ਰਾਮ' 'ਤੇ ਇੱਕ ਪੋਸਟ ਰਾਹੀਂ ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਦੇ ਅੰਦੋਲਨ ਨੂੰ ਖਾਲਿਸਤਾਨੀ ਅੰਦੋਲਨ ਵਜੋਂ ਪੇਸ਼ ਕੀਤਾ ਹੈ। ਪੁਲਿਸ ਨੇ ਕੰਗਨਾ ਦੇ ਖਿਲਾਫ ਹਿੰਦੁਸਤਾਨੀ ਦੰਡਾਵਲੀ ਦੀ ਧਾਰਾ 295-ਏ ਦੇ ਤਹਿਤ ਮਾਮਲਾ ਦਰਜ ਕੀਤਾ ਹੋਇਆ ਹੈ।

# ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਦੋਸ਼ੀ ਦਾ ਸੰਗਤਾਂ ਨੇ ਲਾਇਆ ਸੋਧਾ

**✪ ਕਪੂਰਥਲਾ ਗੁਰਦੁਆਰਾ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀ ਨੂੰ ਸੰਗਤਾਂ ਨੇ ਝਟਕਾਇਆ ✪ 2015 ਤੋਂ ਬਾਅਦ ਬੇਅਦਬੀ ਦੇ 100 ਤੋਂ ਜ਼ਿਆਦਾ ਮਾਮਲੇ ✪ ਚੋਣਾਂ ਕਾਰਨ ਸੂਬੇ ਦੀ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼: ਮੁਖ ਮੰਤਰੀ ✪ ਸਾਜ਼ਿਸ਼ਕਾਰਾਂ ਦਾ ਛੇਤੀ ਪਰਦਾਫਾਸ਼ ਕੀਤੇ ਜਾਣ ਦਾ ਕੀਤਾ ਦਾਅਵਾ ✪ ਬਾਇਓਮੈਟ੍ਰਿਕ ਰਿਕਾਰਡ ਨਾਲ ਵੀ ਨਹੀਂ ਹੋ ਸਕੀ ਬੇਅਦਬੀ ਦੇ ਦੋਸ਼ੀਆਂ ਦੀ ਪਛਾਣ ✪ ਸ਼੍ਰੋਮਣੀ ਕਮੇਟੀ ਨੇ ਗੁਰਧਾਮਾਂ 'ਤੇ ਚੌਕਸੀ ਵਧਾਈ ✪ ਡਰੋਨ ਖਰੀਦਣ ਦੀ ਤਿਆਰੀ**

**ਅੰਮ੍ਰਿਤਸਰ /ਏ.ਟੀ.ਨਿਊਜ਼::** 18- 19 ਦਸੰਬਰ ਨੂੰ ਪੰਜਾਬ ਵਿਚ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੀਆਂ ਦੋ ਘਟਨਾਵਾਂ ਅੰਮ੍ਰਿਤਸਰ ਤੇ ਕਪੂਰਥਲੇ ਵਿਚ ਵਾਪਰੀਆਂ। ਦੋ ਮੁਲਜ਼ਮਾਂ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿਤੀ ਤੇ ਬੇਅਦਬੀ ਕਾਂਡ ਨਾਲ ਪੂਰੇ ਸਿਖ ਜਗਤ ਵਿਚ ਰੋਸ ਫੈਲਿਆ ਹੋਇਆ ਹੈ । ਦਰਬਾਰ ਸਾਹਿਬ ਵਿਚ ਬੇਅਦਬੀ ਦੀ ਘਟਨਾ ਨੂੰ ਸਿਖ ਜਗਤ ਨੇ ਆਪਣੇ ਵਾਜੂਦ ਲਈ ਚੈਲਿੰਜ ਸਮਝਿਆ ਤੇ ਸੰਘ ਪਰਿਵਾਰ ਤੇ ਸਿਖ ਵਿਰੋਧੀ ਏਜੰਸੀਆਂ ਨੂੰ ਦੋਸ਼ੀ ਠਹਿਰਾਇਆ ਹੈ।ਸੰਘ ਪਰਿਵਾਰ ਦਾ ਕਹਿਣਾ ਕਿ ਬੇਅਦਬੀ ਦੀ ਘਟਨਾ ਨਿੰਦਨਯੋਗ ਹੈ ਤੇ ਦੋਸ਼ੀਆਂ ਨੂੰ ਸਖਤ ਸਜ਼ਾ ਮਿਲੇ।

ਬੀਤੇ ਸ਼ਨਿਚਰਵਾਰ ਸ਼ਾਮ ਸ੍ਰੀ ਦਰਬਾਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁਲਾਜ਼ਮਾਂ ਨੂੰ ਸੰਗਤ ਅਤੇ ਸੇਵਾਦਾਰਾਂ ਨੇ ਕੁੱਟ-ਕੁੱਟ ਕੇ ਮਾਰ ਮੁਕਾਇਆ ਸੀ। ਇਸ ਤੋਂ ਬਾਅਦ ਐਤਵਾਰ ਸਵੇਰੇ ਕਪੂਰਥਲਾ ਦੇ ਪਿੰਡ ਨਿਜਾਮਪੁਰ ਵਿਚ ਨਿਸ਼ਾਨ ਸਾਹਿਬ ਦੀ ਬੇਅਦਬੀ ਦਾ ਯਤਨ ਕਰਨ ਵਾਲੇ ਨੌਜਵਾਨ ਨੂੰ ਸੰਗਤ ਨੇ ਪੁਲਿਸ ਦੀ ਮੌਜੂਦਗੀ ਵਿਚ ਕੁੱਟ-ਕੁੱਟ ਕੇ ਮਾਰ ਦਿੱਤਾ। ਇਨ੍ਹਾਂ ਦੋਵਾਂ ਘਟਨਾਵਾਂ ਨੇ ਸੂਬੇ ਦੀ ਸਿਆਸਤ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪੰਜਾਬ ਵਿਚ ਬਰਗਾੜੀ ਬੇਅਦਬੀ ਮਾਮਲੇ ਵਿਚ ਦੋਸ਼ੀਆਂ ਸਜ਼ਾ ਦੇਣ ਸਬੰਧੀ ਸਿਆਸੀ ਘਟਨਾਕ੍ਰਮ ਸੋਨੇ ਦੇ ਮਿਆਨ ਵਾਲੀ ਸ੍ਰੀ ਸਾਹਿਬ ਚੁੱਕ ਲਈ । ਇਸ ਮੌਕੇ ਉਥੇ ਮੌਜੂਦ ਸੇਵਾਦਾਰਾਂ ਤੇ ਸ਼ਰਧਾਲੂਆਂ ਨੇ ਉਸ ਨੂੰ ਕਾਬੂ ਕਰਕੇ ਬਾਹਰ ਪਰਿਕਰਮਾ ਵਿਚ ਲਿਜਾ ਕੇ ਪੁੱਛਗਿੱਛ ਕਰਨ ਦੀ ਕੋਸ਼ਿਸ਼ ਕੀਤੀ, ਪਰ ਇਸ ਦੌਰਾਨ ਗੁਸੇ ਵਿਚ ਆਏ ਸ਼ਰਧਾਲੂਆਂ ਨੇ ਉਸ ਦੀ ਭਾਰੀ ਕੁੱਟਮਾਰ ਕੀਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ ।ਜਾਣਕਾਰੀ ਅਨੁਸਾਰ ਭਾਵੇਂ ਇਸ ਵਿਅਕਤੀ ਦੀ ਅਜੇ ਤੱਕ ਸ਼ਨਾਖਤ ਨਹੀਂ ਹੋਈ, ਪਰ ਇਹ ਵਿਅਕਤੀ ਉੱਤਰ-ਪ੍ਰਦੇਸ਼ ਜਾਂ ਬਿਹਾਰ ਨਾਲ ਸਬੰਧਿਤ ਕੋਈ ਪ੍ਰਵਾਸੀ ਨੌਜਵਾਨ ਸਮਝਿਆ ਜਾ ਰਿਹਾ ਹੈ ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂ ਘਰ ਵਿਖੇ ਬੇਅਦਬੀ ਕਰਨ ਵਾਲੇ ਦੋਸ਼ੀ ਨੂੰ ਸ਼ਰਧਾਲੂਆਂ ਵਲੋਂ ਮੌਕੇ 'ਤੇ ਹੀ ਪੰਥਕ ਰਵਾਇਤਾਂ ਅਨੁਸਾਰ ਸਜ਼ਾ ਦੇ ਦਿੱਤੀ ਗਈ ਹੈ । ਬੇਅਦਬੀ ਦੀ ਇਸ ਵਾਪਰੀ ਘਟਨਾ ਕਾਰਨ ਦੇਸ਼-ਵਿਦੇਸ਼ ਦੀਆਂ ਸੰਗਤਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਙ ਬੇਅਦਬੀ ਦੀ ਘਟਨਾ ਬਾਰੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਡਿਊਟੀ ਨਿਭਾਅ ਰਹੇ ਸੇਵਾਦਾਰਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਤੁਰੰਤ ਹੀ ਅੱਖ ਦੇ ਫੋਰ ਨਾਲ ਇਸ



ਰਹੀਆਂ ਹਨ ।ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਗੁਰੂ ਘਰਾਂ ਦੀ ਸੁਰੱਖਿਆ ਲਈ ਪੁਖਤਾ ਪ੍ਰਬੰਧ ਕਰਨੇ ਚਾਹੀਦੇ ਹਨ ।

**ਮੁਲਜ਼ਮ ਖ਼ਿਲਾਫ਼ ਬੇਅਦਬੀ ਤੇ ਇਰਾਦਾ ਕਤਲ ਦੇ ਦੋਸ਼ਾਂ ਹੇਠ ਪਰਚਾ ਦਰਜ**

ਸ੍ਰੀ ਦਰਬਾਰ ਸਾਹਿਬ ਵਿਖੇ ਵਾਪਰੀ ਬੇਅਦਬੀ ਦੀ ਘਟਨਾ ਸੰਬੰਧੀ ਪੁਲਿਸ ਵਲੋਂ ਮੁਲਜ਼ਮ ਖ਼ਿਲਾਫ਼ ਥਾਣਾ ਕੋਤਵਾਲੀ ਵਿਖੇ ਬੇਅਦਬੀ ਦੀ ਧਾਰਾ 295ਏ ਅਤੇ ਇਰਾਦਾ ਕਤਲ ਦੀ ਧਾਰਾ 307 ਭਾਰਤੀ ਦੰਡਾਵਲੀ ਤਹਿਤ ਪਰਚਾ ਦਰਜ ਕਰ ਲਿਆ ਗਿਆ ਹੈ ਙ ਪੁਲਿਸ ਵਲੋਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਸਾਧਾ ਸਿੰਘ (47) ਦੇ ਬਿਆਨਾਂ 'ਤੇ ਪਰਚਾ ਦਰਜ ਕੀਤਾ ਹੈ, ਜਿਸ ਨੇ ਕਿਹਾ ਕਿ ਘਟਨਾ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਹੋਰ ਸੇਵਾਦਾਰਾਂ ਨਾਲ ਮੌਜੂਦ ਸੀ ।

**ਘਟਨਾ ਨੂੰ ਅੰਜਾਮ ਦੇਣ ਵਾਲੇ ਨੌਜਵਾਨ ਦੀ ਤਸਵੀਰ ਜਾਰੀ**

ਘਟਨਾ ਨੂੰ ਅੰਜਾਮ ਦੇਣ ਵਾਲੇ ਨੌਜਵਾਨ ਦੀ ਪੁਲਿਸ ਵਲੋਂ ਤਸਵੀਰ ਜਾਰੀ ਕਰ ਦਿੱਤੀ ਗਈ ਹੈ । ਪੁਲਿਸ ਵਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਦੇ ਬਾਹਰਵਾਰ ਭਾਰੀ ਸੁਰੱਖਿਆ ਪ੍ਰਬੰਧ ਕੀਤੇ ਗਏ ਅਤੇ ਹਰ ਤਰ੍ਹਾਂ ਦੀ ਕਾਰਵਾਈ ਤੇ ਪੁਲਿਸ ਵਲੋਂ ਮੁਸਤੈਦੀ ਨਾਲ ਨਜ਼ਰ ਰੱਖੀ ਜਾ ਰਹੀ ਹੈ ।

**ਮੁਖ ਮੰਤਰੀ ਚੰਨੀ ਦਰਬਾਰ ਸਾਹਿਬ ਪੁਜੇ**

ਦਰਬਾਰ ਸਾਹਿਬ ਵਿਚ ਵਾਪਰੀ ਮੰਦਭਾਗੀ ਘਟਨਾ ਤੋਂ ਬਾਅਦ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਥੇ ਸ੍ਰੀ ਦਰਬਾਰ ਸਾਹਿਬ ਵਿਚ ਮੱਥਾ ਟੇਕਿਆ। ਉਨ੍ਹਾਂ ਕਿਹਾ ਕਿ ਮੰਦਭਾਗੀ ਘਟਨਾ ਦੇ ਮਾਮਲੇ ਦੀ ਸਰਕਾਰ ਵਲੋਂ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ ਅਤੇ ਸਾਜ਼ਿਸ਼ਕਾਰਾਂ ਦਾ ਪਰਦਾਫਾਸ਼ ਕੀਤਾ ਜਾਵੇਗਾ। ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੋਵੇਂ ਸ੍ਰੀ ਦਰਬਾਰ ਸਾਹਿਬ ਵਿਚ ਨਤਮਸਤਕ ਹੋਏ। ਉਨ੍ਹਾਂ ਕਿਹਾ ਕਿ ਇਸ ਨਾਲ ਨਾ ਸਿਰਫ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਸਗੋਂ ਹਿਰਦੇ ਵੀ ਵਲੂੰਧਰੇ ਗਏ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕੁਝ ਸਮਾਜ ਵਿਰੋਧੀ ਤਾਕਤਾਂ ਆਪਣੇ ਨਾਪਾਕ ਮਨਸੂਬਿਆਂ ਤਹਿਤ ਅਜਿਹੀਆਂ ਕਾਰਵਾਈਆਂ ਕਰਵਾ ਸਕਦੀਆਂ ਹਨ ਜਿਨ੍ਹਾਂ ਨੂੰ ਨਾਕਾਮ ਕਰਨ ਲਈ ਚੌਕਸ ਹੋਣਾ ਜ਼ਰੂਰੀ ਹੈ।

**ਪੁਲਿਸ ਨਹੀਂ ਕਰ ਸਕੀ ਦੋਸ਼ੀਆਂ ਦੀ ਪਛਾਣ**

ਸ੍ਰੀ ਦਰਬਾਰ ਸਾਹਿਬ ਵਿਖੇ ਮਾਰੇ ਗਏ ਬੇਅਦਬੀ ਕਾਂਡ ਦੇ ਮੁਲਜ਼ਮ ਦੀ ਪਛਾਣ ਬਾਇਓਮੈਟ੍ਰਿਕ ਡਾਟਾਬੇਸ ਤੋਂ ਵੀ ਨਹੀਂ ਹੋ ਸਕੀ। ਪੁਲਿਸ ਤੇ ਸੁਵਿਧਾ ਕੇਂਦਰ ਦੀ ਇਕ ਟੀਮ ਸਿਵਲ ਹਸਪਤਾਲ ਤੇ ਪੋਸਟਮਾਰਟਮ ਹਾਊਸ ਪੁੱਜੀ, ਜਿੱਥੇ ਮ੍ਰਿਤਕ ਦੇ ਫਿੰਗਰ ਪ੍ਰਿੰਟ ਦਾ ਰਿਕਾਰਡ ਲਿਆ ਗਿਆ ਪਰ ਮ੍ਰਿਤਕ ਦੇ ਫਿੰਗਰ ਪ੍ਰਿੰਟ ਆਧਾਰ ਡਾਟਾਬੇਸ ਨਾਲ ਮੈਚ ਨਹੀਂ ਹੋਏ। ਡੀਸੀਪੀ ਪਰਮਿੰਦਰ ਸਿੰਘ ਭੰਡਾਲ ਨੇ ਦੱਸਿਆ ਕਿ ਪੁਲਿਸ ਆਪਣੇ ਪੱਧਰ ਉਤੇ ਮੁਲਜ਼ਮ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਹੁਣ ਸਵਾਲ ਇਹ ਉੱਠ ਰਿਹਾ ਹੈ ਕਿ ਜੇਕਰ ਮਾਰੇ ਗਏ ਦੋਸ਼ੀਆਂ ਦੀ ਪਛਾਣ ਕਰਨ ਲਈ ਕੋਈ ਅੱਗੇ ਨਹੀਂ ਆਉਂਦਾ ਤਾਂ ਕੀ ਪੰਜਾਬ ਪੁਲਿਸ ਫੋਰੈਂਸਿਕ ਮਾਹਿਰਾਂ ਦੀ ਮਦਦ ਲਵੇਗੀ।

**ਸ਼੍ਰੋਮਣੀ ਕਮੇਟੀ ਵੀ ਬਣਾਏਗੀ ਸਿੱਟ**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਹੋਏ ਬੇਅਦਬੀ ਦੇ ਮਾਮਲੇ ਨੂੰ ਲੈ ਕੇ ਸਿੱਖ ਜਥੇਬੰਦੀਆਂ ਨਾਲ ਅਹਿਮ ਮੀਟਿੰਗ ਕੀਤੀ। ਮੀਟਿੰਗ ਮਗਰੋਂ ਪ੍ਰਧਾਨ ਧਾਮੀ ਨੇ ਕਿਹਾ ਕਿ ਪੰਜਾਬ ਸਰਕਾਰ ਵਾਂਗ ਸ਼੍ਰੋਮਣੀ ਕਮੇਟੀ ਵੀ ਇਕ ਸਿੱਟ ਬਣਾਏਗੀ। ਉਨ੍ਹਾਂ ਕਿਹਾ ਕਿ ਅਸੀਂ ਸਰਕਾਰ ਦੀ ਸਿੱਟ ਬਣਨ ਦੀ ਉਡੀਕ ਕਰ ਰਹੇ ਹਾਂ, ਉਸ ਤੋਂ ਬਾਅਦ ਅਸੀਂ ਆਪਣੀ ਸਿੱਟ ਬਣਾਵਾਂਗੇ। ਜੋ ਪੁਲਸ ਨੇ ਤਫ਼ਤੀਸ਼ ਕਰਨੀ ਹੈ, ਉਹ ਉਸ ਦਾ ਆਪਣਾ ਸਿਸਟਮ ਹੈ। ਸਾਡੀ ਸਿੱਟ ਮੋਨੀਟਰੀ ਵਾਚ ਕਰੇਗੀ ਕਿ ਉਸ ਵਿਚ ਕੀ ਸੱਚ ਹੈ ਅਤੇ ਕੀ ਝੂਠ ਹੈ। ਉਨ੍ਹਾਂ ਕਿਹਾ ਕਿ ਉਕਤ ਮੁਲਜ਼ਮ ਨੂੰ ਦਰਬਾਰ ਸਾਹਿਬ ਵਿਚ ਤਾਇਨਾਤ ਟਾਸਕ ਫੋਰਸ ਨੇ ਸ਼ੱਕ ਪੈਣ 'ਤੇ ਅੰਦਰ ਦਾਖਲ ਹੋਣ ਤੋਂ ਕਈ ਵਾਰ ਰੋਕਿਆ ਸੀ ਪਰ ਟਾਸਕ ਫੋਰਸ ਦੀ ਡਿਊਟੀ ਬਦਲਣ 'ਤੇ ਉਹ ਕਿਸੇ ਤਰ੍ਹਾਂ ਅੰਦਰ ਦਾਖਲ ਹੋ ਗਿਆ, ਜਿਸ ਤੋਂ ਬਾਅਦ ਉਸ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ।

ਉਨ੍ਹਾਂ ਕਿਹਾ ਕਿ ਸਿੱਟ ਦੇ ਫ਼ੈਸਲੇ ਤੋਂ ਬਾਅਦ ਉਕਤ ਮੁਲਜ਼ਮ ਨਾਲ ਸਬੰਧਤ ਵੀਡੀਓ ਨੂੰ ਜਨਤਕ ਕੀਤਾ ਜਾਵੇਗਾ ਕਿ ਟਾਸਕ ਫੋਰਸ ਵੱਲੋਂ ਉਸ ਨੂੰ ਕਿੰਨੀ ਵਾਰ ਅੰਦਰ ਦਾਖਲ ਹੋਣ ਤੋਂ ਰੋਕਿਆ ਗਿਆ। ਉਨ੍ਹਾਂ ਕਿਹਾ ਕਿ ਸਾਡੇ ਕੋਲ ਪੂਰੀ ਰਿਕਾਰਡਿੰਗ ਹੈ ਕਿ ਉਹ ਕਿੱਥੋਂ ਦਾਖਲ ਹੋਇਆ ਤੇ ਕਿੰਨੀ ਵਾਰ ਪਰਿਕਰਮਾ ਕੀਤੀ। ਕਪੂਰਥਲਾ ਮਾਮਲੇ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਪੁਲਸ ਤੱਥਾਂ ਦੇ ਆਧਾਰ 'ਤੇ ਕਾਰਵਾਈ ਕਰੇ। ਉਨ੍ਹਾਂ ਕਿਹਾ ਕਿ ਇਹ ਲੋਕ ਕਿਸੇ ਸਾਜ਼ਿਸ਼ ਤਹਿਤ ਭੇਜੇ ਗਏ ਸਨ।

ਉਹਨਾਂ ਕਿਹਾ ਕਿ ਮੱਥਾ ਟੇਕਣ ਜਾਣ ਵਾਲ਼ੀ ਸੰਗਤ ਵਿਚਲੇ ਮਾੜੇ ਅਨਸਰਾਂ 'ਤੇ ਤਿੱਖੀ ਨਿਗਾਹ ਰੱਖਣ ਲਈ ਕੁਝ ਥਾਈਂ ਡਰੋਨ ਖਰੀਦੇ ਜਾਣਗੇ। ਹਰੇਕ ਗੁਰਦੁਆਰੇ ਵਿਚ ਲੋੜ ਮੁਤਾਬਿਕ ਸੀਸੀਟੀਵੀ ਕੈਮਰੇ ਲਵਾਏ ਜਾਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

**ਡੀਜੀਪੀ ਚਟੋਪਾਧਿਆਏ ਨੇ ਲਿਆ ਗੰਭੀਰ ਨੋਟਿਸ**

ਪੰਜਾਬ ਦੇ ਨਵੇਂ ਕਾਰਜਕਾਰੀ ਡੀ. ਜੀ. ਪੀ. ਐੱਸ. ਚਟੋਪਾਧਿਆਏ ਨੇ ਸੂਬੇ ਦੇ ਸਾਰੇ ਪੁਲਸ ਕਮਿਸ਼ਨਰਾਂ ਅਤੇ ਐੱਸ. ਐੱਸ. ਪੀਜ਼ ਨੂੰ ਕਿਹਾ ਹੈ ਕਿ ਸੂਬੇ ਵਿੱਚ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਬੇਅਦਬੀ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ ਅਤੇ ਕਾਨੂੰਨ ਵਿਵਸਥਾ ਨੂੰ ਆਪਣੇ ਹੱਥਾਂ ਵਿੱਚ ਲੈਣ ਵਾਲੇ ਸ਼ਰਾਰਤੀ ਅਨਸਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਸੂਬੇ ਵਿੱਚ ਹਾਈ ਅਲਰਟ ਤੋਂ ਬਾਅਦ ਕਈ ਜ਼ਿਲਿਆਂ ਵਿੱਚ ਸੁਰੱਖਿਆ ਪ੍ਰਬੰਧ ਵਧਾ ਦਿੱਤੇ ਗਏ ਹਨ।

**ਕੇਂਦਰ ਸਰਕਾਰ ਨੇ ਪੰਜਾਬ 'ਚ ਹਾਈ ਅਲਰਟ ਦੇ ਦਿੱਤੇ ਨਿਰਦੇਸ਼**

ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬੇਅਦਬੀ ਦੀਆਂ ਘਟਨਾਵਾਂ 'ਤੇ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਅਲਰਟ ਜਾਰੀ ਕੀਤਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਦੇ ਸਾਰੇ ਗੁਰਦੁਆਰਿਆਂ, ਡੇਰਿਆਂ, ਮੰਦਰਾਂ ਤੋਂ ਇਲਾਵਾ ਸਾਰੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਵਧਾਉਣ ਨੂੰ ਕਿਹਾ ਹੈ। ਗ੍ਰਹਿ ਮੰਤਰਾਲੇ ਨੇ ਕਿਹਾ ਹੈ ਕਿ ਦੇਸ਼ ਵਿਰੋਧੀ ਤੱਤ ਪੰਜਾਬ ਵਿਚ ਧਾਰਮਿਕ ਭਾਵਨਾਵਾਂ ਭੜਕਾਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਧਾਰਮਿਕ ਸਥਾਨਾਂ ਦਾ ਇਸਤੇਮਾਲ ਕਰ ਕੇ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ।

## ਪਿੰਡ ਨਿਜ਼ਾਮਪੁਰ ਵਿਚ ਬੇਅਦਬੀ ਦੀ ਕੋਸ਼ਿਸ਼ ਕਰਨ ਵਾਲੇ ਦੋਸ਼ੀ ਨੂੰ ਸੰਗਤ ਨੇ ਲਾਇਆ ਸੋਧਾ

### ਪੁਲੀਸ ਨੇ ਕਤਲ ਦੇ ਦੋਸ਼ ਵਿਚ ਗਰੰਥੀ ਸਿੰਘ ਨੂੰ ਕੀਤਾ ਗ੍ਰਿਫਤਾਰ



ਜਲੰਧਰ: ਕਪੂਰਥਲਾ ਦੇ ਪਿੰਡ ਨਿਜ਼ਾਮਪੁਰ ਵਿੱਚ ਵੀ ਬੀਤੇ ਦਿਨੀਂ ਤਕੜਸਾਰ ਬੇਅਦਬੀ ਦੀ ਕੋਸ਼ਿਸ਼ ਕੀਤੀ ਗਈ। ਪਿੰਡ ਦੇ ਗੁਰਦੁਆਰਾ ਦੇ ਗ੍ਰੰਥੀ ਸਿੰਘ ਬਾਬਾ ਅਮਰਜੀਤ ਸਿੰਘ ਨੇ ਇਸ ਘਟਨਾ ਬਾਰੇ ਸ਼ੋਸ਼ਲ ਮੀਡੀਆ 'ਤੇ ਵੀਡੀਓ ਪਾ ਕੇ ਇਲਾਕੇ ਦੀਆਂ ਸੰਗਤਾਂ ਨੂੰ ਜਾਣਕਾਰੀ ਦਿੱਤੀ ਤੇ ਉਥੇ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ। ਹਾਲਾਂ ਕਿ ਉਥੇ ਨੇੜਲੇ ਥਾਣੇ ਸੁਭਾਨਪੁਰ ਤੋਂ ਪੁਲੀਸ ਪਹੁੰਚ ਗਈ ਸੀ ਪਰ ਸੰਗਤ ਨੇ ਫੜੇ ਮੁਲਜ਼ਮ ਨੂੰ ਪੁਲੀਸ ਹਵਾਲੇ ਨਹੀਂ ਕੀਤਾ ਤੇ ਪੁਲੀਸ ਦੀ ਹਾਜ਼ਰੀ ਵਿਅਕਤੀ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ। ਗੁੱਸੇ ਵਿੱਚ ਆਏ ਲੋਕਾਂ ਨੇ ਨੈਸ਼ਨਲ ਹਾਈਵੇ 'ਤੇ ਜਾਮ ਲਾ ਦਿੱਤਾ। ਜਾਮ ਲੱਗਣ ਨਾਲ ਗੱਡੀਆਂ ਦੀਆਂ ਲੰਬੀਆਂ ਲਾਈਨਾਂ ਲੱਗ ਗਈਆਂ ਹਨ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਾਗੀਰ ਕੌਰ, ਮੈਂਬਰ ਪਰਮਜੀਤ ਸਿੰਘ ਰਾਏਪੁਰ ਤੇ ਜਰਨੈਲ ਸਿੰਘ ਡੋਗਰਾਵਾਲਾ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਤੇ ਇਸ ਨੂੰ ਡੂੰਘੀ ਸਾਜ਼ਿਸ਼ ਦੱਸਿਆ ਹੈ। ਗ੍ਰੰਥੀ ਸਿੰਘ ਬਾਬਾ ਅਮਰਜੀਤ ਸਿੰਘ ਨੇ ਕਿਹਾ ਕਿ ਇਹ ਵਿਅਕਤੀ ਤੜਕੇ 4 ਵਜੇ ਦੇ ਕਰੀਬ ਗੁਰਦੁਆਰੇ ਵਿਚ ਦੇਖਿਆ ਗਿਆ ਅਤੇ ਇਸ ਨੂੰ ਜਦੋਂ ਉਨ੍ਹਾਂ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਹ ਭੱਜ ਗਿਆ। ਸੰਗਤ ਨੇ ਉਸ ਨੂੰ ਕਾਬੂ ਕਰ ਲਿਆ। ਫੜੇ ਗਏ ਮੁਲਜ਼ਮ ਦੀ ਸੰਗਤ ਨੇ ਕੁੱਟਮਾਰ ਕੀਤੀ ਅਤੇ ਪੁੱਛ ਪੜਤਾਲ ਕੀਤੀ ਪਰ ਇਸ ਨੇ ਹਾਲੇ ਤੱਕ ਸਿਰਫ ਇਹੀ ਦੱਸਿਆ ਹੈ ਕਿ ਉਹ ਦਿੱਲੀ ਦਾ ਰਹਿਣ ਵਾਲਾ ਹੈ। ਕਪੂਰਥਲਾ ਦੇ ਐੱਸਐੱਸਪੀ ਹਰਕੰਵਲਪ੍ਰੀਤ ਸਿੰਘ ਖੱਖ ਕਹਿਣਾ ਹੈ ਕਿ ਚੋਰ ਸਿਲੰਡਰ ਚੋਰੀ ਕਰਨ ਦੇ ਇਰਾਦੇ ਨਾਲ ਗੁਰੂਦੁਆਰੇ ਵਿਚ ਆਇਆ ਸੀ। ਉਸਨੂੰ ਬਾਬੇ ਨੇ ਹੁਣ ਬੇਅਦਬੀ ਬਣਾ ਦਿੱਤਾ। ਖੱਖ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਵਿਚ ਬੇਅਦਬੀ ਦੀ ਕੋਈ ਘਟਨਾ ਨਹੀਂ ਵਾਪਰੀ ਤੇ ਮੌਕੇ 'ਤੇ ਕਾਬੂ ਕੀਤੇ ਨੌਜਵਾਨ ਨੂੰ ਪੁਲਿਸ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਭੀੜ ਨੇ ਮੌਕੇ 'ਤੇ ਹੀ ਮਾਰ ਦਿੱਤਾ ।ਉਨ੍ਹਾਂ ਇਹ ਕਿਹਾ ਕਿ ਬਾਬਾ ਅਮਰਜੀਤ ਸਿੰਘ ਨੇ ਗੁਰਦੁਆਰਾ ਸਾਹਿਬ ਦੇ ਹੇਠਲੇ ਕਮਰਿਆਂ ਵਿਚ ਆਪਣੀ ਰਿਹਾਇਸ਼ ਕੀਤੀ ਹੋਈ ਹੈ, ਇੱਥੇ ਉਨ੍ਹਾਂ ਬਾਹਰਲੇ ਰਾਜ ਦੇ ਦੋ ਲੜਕਿਆਂ ਨੂੰ ਸੇਵਾਦਾਰ ਰੱਖਿਆ ਹੋਇਆ ਹੈ ਤੇ ਗੁਰਦੁਆਰਾ ਸਾਹਿਬ ਵਿਚ ਦਾਖਲ ਹੋਇਆ ਨੌਜਵਾਨ ਉਨ੍ਹਾਂ ਦੇ ਬੱਚਿਆਂ ਦੀ ਜੈਕੇਟ ਪਾ ਕੇ ਜਦੋਂ ਗੁਰਦੁਆਰਾ ਸਾਹਿਬ ਵਿਚੋਂ ਭੱਜਣ ਲੱਗਾ ਤਾਂ ਦੋਵਾਂ ਲੜਕਿਆਂ ਨੇ ਉਸ ਦਾ ਪਿੱਛਾ ਕਰ ਕੇ ਉਸ ਨੂੰ ਕਾਬੂ ਕਰ ਲਿਆ ।ਐਸ.ਐਸ.ਪੀ. ਦਾ ਇਹ ਵੀ ਕਹਿਣਾ ਹੈ ਕਿ ਸੇਵਾਦਾਰਾਂ ਵਲੋਂ ਕਾਬੂ ਕੀਤੇ ਗਏ ਨੌਜਵਾਨ ਕੋਲੋਂ ਦੋ ਸਕੂਲ ਦੇ ਸ਼ਨਾਖ਼ਤੀ ਕਾਰਡ ਵੀ ਬਰਾਮਦ ਹੋਏ, ਜੋ ਕਪੂਰਥਲਾ ਸ਼ਹਿਰ ਦੇ ਬੱਚਿਆਂ ਨਾਲ ਸਬੰਧਿਤ ਸਨ । ਇੱਥੇ ਵਰਨਣਯੋਗ ਹੈ ਕਿ ਇਕ ਪਰਿਵਾਰ ਨੇ ਧਾਰਮਿਕ ਤਸਵੀਰਾਂ ਨਾਲ ਹੀ ਉਕਤ ਸ਼ਨਾਖਤੀ ਕਾਰਡ ਕਾਜਲੀ ਵੇਂਈ ਨੇੜੇ ਸੁੱਟ ਦਿੱਤੇ ਸਨ ।

ਬਾਕੀ ਸਫ਼ਾ 31 'ਤੇ

# ਚਮਕੌਰ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਮੌਕੇ ਵਿਸ਼ਾਲ ਨਗਰ ਕੀਰਤਨ ਕੱਢਿਆ

## ✪ ਬਾਬਾ ਅਵਤਾਰ ਸਿੰਘ ਦੀ ਅਗਵਾਈ ਹੇਠ ਸਜਾਇਆ ਮੁਹੱਲਾ ✪ ਸੰਗਤਾਂ ਦੀ ਖਿੱਚ ਦਾ ਖ਼ਾਸ ਕੇਂਦਰ ਬਣਿਆ ਦਾਸਤਾਨ- ਏ-ਸ਼ਹਾਦਤ



ਗੁ: ਸ੍ਰੀ ਕਤਲਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਸੰਗਤਾਂ। ਤਸਵੀਰ: ਜਗਮੋਹਨ ਸਿੰਘ ਨਾਰੰਗ





ਚਮਕੌਰ ਸਾਹਿਬ ਦੇ ਸ਼ਹੀਦੀ ਜੋੜ ਮੇਲ ਦੇ ਆਖ਼ਰੀ ਦਿਨ ਸਜਾਏ ਗਏ ਨਗਰ ਕੀਰਤਨ ਦਾ ਦ੍ਰਿਸ਼। ਤਸਵੀਰ : ਮੁਨੀਸ਼





**ਸ੍ਰੀ ਚਮਕੌਰ ਸਾਹਿਬ /ਏ.ਟੀ.ਨਿਊਜ਼:** ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 2 ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਅਤੇ ਚਮਕੌਰ ਦੀ ਜੰਗ ਦੇ ਸ਼ਹੀਦਾਂ ਨੂੰ ਸਮਰਪਿਤ 3 ਦਿਨਾਂ ਸ਼ਹੀਦੀ ਸਮਾਗਮ ਦੌਰਾਨ ਵੱਡੀ ਗਿਣਤੀ 'ਵਿਚ ਸੰਗਤਾਂ ਨੇ ਇੱਥੋਂ ਦੇ ਗੁਰਦੁਆਰਾ ਸਾਹਿਬਾਨ 'ਵਿਚ ਨਤਮਸਤਕ ਹੁੰਦਿਆਂ ਕੌਮ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ । ਸ਼ਰਧਾਲੂਆਂ ਨੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ, ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਗੁਰਦੁਆਰਾ ਸ੍ਰੀ ਰਣਜੀਤ ਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਤਾੜੀ ਸਾਹਿਬ, ਗੁਰਦੁਆਰਾ ਸ੍ਰੀ ਸ਼ਹੀਦ ਬੁਰਜ ਭਾਈ ਜੈਤਾ ਜੀ ਸਮੇਤ ਹੋਰ ਗੁਰਧਾਮਾਂ ਵਿਖੇ ਨਤਮਸਤਕ ਹੁੰਦਿਆਂ ਕੌਮ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ । ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਬਾਬਾ ਸੰਗਤ ਸਿੰਘ ਦੀਵਾਨ ਹਾਲ ਵਿਚ ਸ਼੍ਰੋਮਣੀ ਕਮੇਟੀ ਦੀ ਸਜੀ ਧਾਰਮਿਕ ਸਟੇਜ ਤੋਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਸੁਰਿੰਦਰ ਸਿੰਘ ਨੇ ਕਿਹਾ ਕਿ ਗੜ੍ਹੀ ਚਮਕੌਰ ਦੀ ਜੰਗ ਵਿਚ ਸਾਹਿਬਜ਼ਾਦਿਆਂ ਵਲੋਂ ਦਿੱਤੀਆਂ ਸ਼ਹਾਦਤਾਂ ਸਮੁੱਚੀ ਸਿੱਖ ਕੌਮ ਲਈ ਪ੍ਰੇਰਨਾ ਸਰੋਤ ਹਨ ਜਿਸ ਤੋਂ ਹੀ ਸਾਨੂੰ ਜ਼ੁਲਮ ਤੇ ਜਬਰ ਖ਼ਿਲਾਫ਼ ਲੜਨ ਦੀ ਪ੍ਰੇਰਨਾ ਮਿਲਦੀ ਹੈ । ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਅੱਜ ਵਾਪਰ ਰਹੀਆਂ ਬੇਅਦਬੀਆਂ ਦੀਆਂ ਘਟਨਾਵਾਂ ਸਿੱਖ ਕੌਮ ਦੇ ਹਿਰਦਿਆਂ ਨੂੰ ਵਲੂੰਧਰ ਰਹੀਆਂ ਹਨ, ਜਿਸ ਲਈ ਸਮੁੱਚੀ ਕੌਮ ਨੂੰ ਸੁਚੇਤ ਹੋਣਾ ਪਵੇਗਾ । ਆਖ਼ੀਰਲੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਗਿਆ ।ਨਗਰ ਕੀਰਤਨ ਦੀ ਆਰੰਭਤਾ ਦੀ ਅਰਦਾਸ ਸਿੰਘ ਸਾਹਿਬ ਗਿਆਨੀ ਰਘਵੀਰ ਸਿੰਘ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਲੋਂ ਕੀਤੀ ਗਈ ਙ ਇਸ ਮੌਕੇ ਵਿਸ਼ੇਸ਼ ਤੌਰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਵੀ ਮੌਜੂਦ ਸਨ ।ਨਗਰ ਕੀਰਤਨ ਅੱਗੇ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਗਤਕਾ ਅਖਾੜਾ ਚਮਕੌਰ ਸਾਹਿਬ, ਭਾਈ ਬਚਿੱਤਰ ਸਿੰਘ ਗਤਕਾ ਅਖਾੜਾ ਖਰੜ ਅਤੇ ਮੀਰੀ ਪੀਰੀ ਗਤਕਾ ਅਖਾੜਾ ਮਾਣੇਮਾਜਰਾ ਦੇ ਸਿੰਘ ਪੁਰਾਤਨ ਸ਼ਸਤਰਾਂ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਨਗਰ ਕੀਰਤਨ ਦੀ ਸ਼ੋਭਾ ਵਧਾ ਰਹੇ ਸਨ । ਉਨ੍ਹਾਂ ਪਿੱਛੇ ਖ਼ਾਲਸਾ ਸਕੂਲ ਸ੍ਰੀ ਜੰਡ ਸਾਹਿਬ ਦੇ ਵਿਦਿਆਰਥੀ, ਕੀਰਤਨ ਕਰਦੀਆਂ ਸ਼ਬਦ ਚੌਂਕੀ ਸੇਵਕ ਜਥਾ ਸ੍ਰੀ ਫ਼ਤਿਹਗੜ੍ਹ ਸਾਹਿਬ, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਸ੍ਰੀ ਫ਼ਤਿਹਗੜ੍ਹ ਸਾਹਿਬ, ਬਸੀ ਪਠਾਣਾ, ਪਟਿਆਲਾ ਦੀਆਂ ਸੰਗਤਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਸੁੰਦਰ ਪਾਲਕੀ ਇਕ ਅਲੌਕਿਕ ਨਜ਼ਾਰਾ ਪੇਸ਼ ਕਰ ਰਹੀਆਂ ਸਨ । ਨਗਰ ਕੀਰਤਨ ਗੁ: ਸ੍ਰੀ ਗੜ੍ਹੀ ਸਾਹਿਬ ਤੋਂ ਅਰੰਭ ਹੋ ਕੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ, ਗੁਰਦੁਆਰਾ ਸ਼ਹੀਦੀ ਬੁਰਜ ਭਾਈ ਜੈਤਾ ਜੀ, ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਸ੍ਰੀ ਤਾੜੀ ਸਾਹਿਬ, ਸ੍ਰੀ ਰਣਜੀਤ ਗੜ੍ਹ ਸਾਹਿਬ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਬਾਬਾ ਸੰਗਤ ਸਿੰਘ ਦੀਵਾਨ ਹਾਲ ਵਿਚ ਪੁੱਜਾ ਜਿੱਥੇ ਕੀਰਤਨ ਸੋਹਿਲੇ ਦੇ ਪਾਠ ਉਪਰੰਤ ਸੰਪੂਰਨ ਹੋਇਆ । ਨਗਰ ਕੀਰਤਨ ਦੀ ਅਰੰਭਤਾ ਤੋਂ ਪਹਿਲਾ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ, ਗੁਰਦੁਆਰਾ ,ਸ੍ਰੀ ਕਤਲਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਸ੍ਰੀ ਤਾੜੀ ਸਾਹਿਬ, ਸ੍ਰੀ ਸ਼ਹੀਦੀ ਬੁਰਜ ਭਾਈ ਜੈਤਾ ਜੀ, ਸ੍ਰੀ ਅਮਰਗੜ੍ਹ ਸਾਹਿਬ, ਗੁਰਦੁਆਰਾ ਸ਼੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ, ਗੁਰਦੁਆਰਾ ਸ਼ਹੀਦੀ ਅਸਥਾਨ ਪਿਆਰੇ ਸਾਹਿਬ ਸਿੰਘ ਜੀ,ਗੁਰਦੁਆਰਾ ਅਮਰਗੜ੍ਹ ਹਿਬ,ਗੁਰਦੁਆਰਾ ਯਾਦਗਾਰ ਸ਼ਹੀਦਾਂ ਸ੍ਰੀ ਹੇਮਕੁੰਟ ਲੰਗਰ ਅਸਥਾਨ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਦੀਵਾਨ ਸਜਾਏ ਗਏ ।

ਨਿਹੰਗ ਮੁਖੀ ਜਥੇਦਾਰ ਬਾਬਾ ਅਵਤਾਰ ਸਿੰਘ ਮੁਖੀ ਦਲ ਬਾਬਾ ਬਿਧੀ ਚੰਦ ਸੰਪਰਦਾਅ ਸੁਰਸਿੰਘ ਵਾਲਿਆਂ ਦੀ ਅਗਵਾਈ ਹੇਠ ਨਿਹੰਗ ਸਿੰਘਾਂ ਵਲੋਂ ਗੁ: ਸ੍ਰੀ ਤਾੜੀ ਸਾਹਿਬ ਤੋਂ ਮਹੱਲਾ ਸਜਾਇਆ ਗਿਆ । ਇਹ ਮੁਹੱਲਾ ਗੁ: ਸ੍ਰੀ ਤਾੜੀ ਸਾਹਿਬ ਤੋਂ ਅਰੰਭ ਹੋ ਕੇ ਇੱਥੋਂ ਦੇ ਵੱਖ-ਵੱਖ ਗੁਰਧਾਮਾਂ ਦੀ ਪਰਿਕਰਮਾ ਸਟੇਡੀਅਮ ਵਿਚ ਪੁੱਜਾ ਜਿੱਥੇ ਨਿਹੰਗ ਸਿੰਘਾਂ ਵਲੋਂ ਜੰਗਜੂ ਖੇਡਾਂ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਙ ਇਸ ਮੌਕੇ ਬਾਬਾ ਚਰਨਜੀਤ ਸਿੰਘ, ਜਥੇਦਾਰ ਬਲਬੀਰ ਸਿੰਘ, ਬਾਬਾ ਗੱਫਾ ਜੀ, ਬਾਬਾ ਬਲਕਾਰ ਸਿੰਘ, ਬਾਬਾ ਨਵਜੋਤ ਸਿੰਘ, ਬਾਬਾ ਗੁਰਰਾਜ ਸਿੰਘ ਨਗਾਰੀ ਸਿੰਘ, ਬਾਬਾ ਗੁਰਬਾਜ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਜੰਗਜੂ ਖੇਡਾਂ ਦਾ ਅਨੰਦ ਮਾਣਿਆ ।

**ਬਾਬਾ ਬਲਬੀਰ ਸਿੰਘ ਦੀ ਅਗਵਾਈ ਹੇਠ ਮਹੱਲਾ ਸਜਾਇਆ**

ਇਸੇ ਦੌਰਾਨ 96 ਕਰੋੜੀ ਸ਼੍ਰੋਮਣੀ ਅਕਾਲੀ ਪੰਥ ਬੁੱਢਾ ਦਲ ਦੇ ਨਿਹੰਗ ਸਿੰਘਾਂ ਵਲੋਂ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਦੀ ਅਗਵਾਈ 'ਵਿਚ ਇਤਿਹਾਸਕ ਗੁਰਦੁਆਰਾ ਸ੍ਰੀ ਰਣਜੀਤ ਗੜ੍ਹ ਸਾਹਿਬ ਤੋਂ ਮਹੱਲਾ ਸਜਾਇਆ ਗਿਆ, ਜੋ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ, ਸ੍ਰੀ ਗੜ੍ਹੀ ਸਾਹਿਬ, ਸ੍ਰੀ ਤਾੜੀ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਸਥਾਨਕ ਸਟੇਡੀਅਮ ਪੁੱਜਾ ਜਿੱਥੇ ਨਿਹੰਗ ਸਿੰਘਾਂ ਨੇ ਘੋੜ ਸਵਾਰੀ, ਕੀਲਾ ਪੁਟਾਈ ਸਮੇਤ ਖ਼ਾਲਸਾਈ ਜੰਗਜੂ ਖੇਡਾਂ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਬਾਬਾ ਨਾਗਰ ਸਿੰਘ ਹਰੀਆਂ ਵੇਲਾਂ ਵਾਲੇ, ਬਾਬਾ ਕੁਲਵਿੰਦਰ ਸਿੰਘ ਚੌਤਾਂ ਸ੍ਰੀ ਚਮਕੌਰ ਸਾਹਿਬ ਵਾਲੇ, ਬਾਬਾ ਰਘਵੀਰ ਖਿਆਲਾ, ਬਾਬਾ ਮਨਮੋਹਨ ਸਿੰਘ ਬਾਰਨ ਵਾਲੇ, ਬਾਬਾ ਨਿਹਾਲ ਸਿੰਘ ਹਰੀਆਂ ਬੇਲਾ ਵਾਲੇ, ਬਾਬਾ ਮੇਜਰ ਸਿੰਘ, ਬਾਬਾ ਖੜਕ ਸਿੰਘ, ਬਾਬਾ ਰਣਜੋਧ ਸਿੰਘ, ਬਾਬਾ ਇੰਦਰ ਸਿੰਘ ਘੋੜਿਆ ਵਾਲੇ, ਬਾਬਾ ਪਰਗਟ ਸਿੰਘ ਤਰਨਾ ਦਲ, ਬਾਬਾ ਮਾਨ ਸਿੰਘ ਮਜੀਠਾ ਸਮੇਤ ਗੁਰੂ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਵੱਡੀ ਗਿਣਤੀ ਵਿਚ ਹਾਜ਼ਰ ਸਨ ।

**ਦਾਸਤਾਨ ਏ ਸ਼ਹਾਦਤ ਖਿਚ ਦਾ ਕੇਂਦਰ ਬਣਿਆ**

ਪੰਜਾਬ ਸਰਕਾਰ ਵਲੋਂ ਤਿਆਰ ਕਰਵਾਏ ਪ੍ਰਾਜੈਕਟ ਦਾਸਤਾਨ ਏ ਸ਼ਹਾਦਤ ਤਿੰਨ ਰੋਜ਼ਾ ਸ਼ਹੀਦੀ ਜੋੜ ਮੇਲੇ ਮੌਕੇ ਹਜ਼ਾਰਾਂ ਦੀ ਗਿਣਤੀ ਵਿਚ ਆਪਣੀ ਸ਼ਰਧਾ ਭੇਟ ਕਰਨ ਲਈ ਪਹੁੰਚੀਆਂ ਸੰਗਤਾਂ ਦੀ ਖਿਚ ਦਾ ਕੇਂਦਰ ਬਣਿਆ। ਹਾਲ ਹੀ ਵਿਚ ਪੰਜਾਬ ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਪ੍ਰਾਜੈਕਟ ਅੰਦਰ ਅਤਿ ਆਧੁਨਿਕ ਤਕਨੀਕਾਂ ਨਾਲ ਸਿੱਖ ਕੌਮ ਦੀ ਸ਼ਾਨਾਮੱਤੀ ਤੇ ਲਾਸਾਨੀ ਸ਼ਹਾਦਤਾਂ ਦੇ ਨਾਲ ਭਰਪੂਰ ਅਤੇ ਰੌਂਗਟੇ ਖੜ੍ਹੇ ਕਰ ਦੇਣ ਵਾਲੀਆ ਲਾਮਿਸਾਲ ਕੁਰਬਾਨੀਆਂ ਨੂੰ ਰੂਪਮਾਨ ਕਰਦੇ ਇਸ ਪ੍ਰੋਜੈਕਟ ਵੇਖਣ ਉਪਰੰਤ ਬਾਹਰ ਆਉਣ ਵਾਲੀਆਂ ਸੰਗਤਾਂ ਆਪਣੀਆਂ ਨਮ ਅੱਖਾਂ ਨਾਲ ਇਸ ਨੂੰ ਚੰਨੀ ਸਰਕਾਰ ਵਲੋਂ ਕੌਮ ਅਤੇ ਮਨੁੱਖਤਾ ਨੂੰ ਦਿੱਤੀ ਇੱਕ ਅਨਮੁੱਲੀ ਧਰੋਹਰ ਗਰਦਾਨਿਆ ਗਿਆ ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਚੀਨ ਨੇ ਪੈਂਗਾਂਗ ਝੀਲ ਨਾਲ ਲਗਦੇ ਇਲਾਕੇ ਵਿਚ ਉਸਾਰਿਆ ਹੈਲੀਪੈਡ

## ਭਾਰਤ ਦਾ ਘੇਰਾ ਤੰਗ ਕਰਨ ਦਾ ਯਤਨ ✪ ਅਮਰੀਕਾ ਦੇ ਰਿਹਾ ਏ ਚੀਨ ਨੂੰ ਚੁਣੌਤੀ

**ਨਵੀਂ ਦਿੱਲੀ/ਏ.ਟੀ.ਨਿਊਜ਼:** ਪੂਰਬੀ ਲੱਦਾਖ ਵਿਚ ਚੀਨ ਦੇ ਨਾਲ ਲੰਬੇ ਸਮੇਂ ਤੋਂ ਚਲ ਰਹੀ ਤਣਾਅ ਦਰਮਿਆਨ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਚੀਨ ਨੇ ਭਾਰਤ ਦੇ ਖ਼ਿਲਾਫ਼ ਇਕ ਵਾਰ ਫਿਰ ਚਾਲਾਕੀ ਦਿਖਾਉਂਦੇ ਹੋਏ ਪੈਂਗਾਂਗ ਝੀਲ ਨਾਲ ਲਗਦੇ ਇਲਾਕੇ ਵਿਚ ਹੈਲੀਪੈਡ ਦੀ ਉਸਾਰੀ ਕਰ ਲਈ ਹੈ। ਚੀਨ ਨੇ ਹੈਲੀਪੈਡ ਤੋਂ ਇਲਾਵਾ ਖੇਤਰ ਵਿਚ ਕੁਝ ਹੋਰ ਵੀ ਪੱਕੀਆਂ ਉਸਾਰੀਆਂ ਕੀਤੀਆਂ ਹਨ। ਚੀਨ ਵਲੋਂ ਕੀਤੀਆਂ ਗਈਆਂ ਉਸਾਰੀਆਂ ਦਾ ਖੁਲਾਸਾ ਸੈਟੇਲਾਈਟ ਰਾਹੀਂ ਖਿੱਚੀਆਂ ਗਈਆਂ ਤਸਵੀਰਾਂ ਨਾਲ ਹੋਇਆ ਹੈ। ਦਰਅਸਲ, ਜੈਕ ਡਿਟਚ ਨਾਂ ਦੇ ਇਕ ਰਿਪੋਰਟ ਨੇ ਇਸ ਤਸਵੀਰ ਨੂੰ ਪੋਸਟ ਕੀਤਾ ਹੈ। ਅਮਰੀਕਾ ਦੀ ਫਾਰਨ ਪਾਲਿਸੀ ਮੈਗਜ਼ੀਨ ਲਈ ਕੰਮ ਕਰਨ ਵਾਲੇ ਜੈਕ ਨੇ ਜਿਨਾਂ ਤਸਵੀਰਾਂ ਨੂੰ ਸ਼ੇਅਰ ਕੀਤਾ ਹੈ ਉਹ ਪੈਂਗਾਂਗ ਝੀਲ ਦੇ ਉੱਤਰੀ ਕਿਨਾਰੇ ਦੀਆਂ ਹਨ। ਇਨਾਂ ਤਸਵੀਰਾਂ ਵਿਚ ਹੈਲੀਪੈਡ, ਚੀਨੀ ਬੋਟ ਅਤੇ ਸਥਾਈ ਬੰਗਰਾਂ ਨੂੰ ਸੌਖਿਆਂ ਹੀ ਦੇਖਿਆ ਜਾ ਸਕਦਾ ਹੈ।

ਤੁਹਾਡੇ ਦੱਸ ਦਈਏ ਕਿ ਅਜਿਹਾ ਪਹਿਲੀ ਵਾਰ ਨਹੀਂ ਹੈ ਕਿ ਜਦੋਂ ਭਾਰਤ ਦੇ ਖ਼ਿਲਾਫ਼ ਚੀਨ ਨੇ ਇਸ ਤਰਾਂ ਦੀ ਕੋਈ ਘਟਨਾ ਕੀਤੀ ਹੋਵੇ। ਇਸ ਤੋਂ ਪਹਿਲਾਂ ਨਵੰਬਰ ਵਿਚ ਵੀ ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਦੀ ਰਿਪੋਰਟ ਵਿਚ ਇਹ ਕਿਹਾ ਗਿਆ ਸੀ ਕਿ ਚੀਨ ਨੇ ਅਰੁਣਾਚਲ ਪ੍ਰਦੇਸ਼ ਵਿਚ ਇਕ ਪੂਰਾ ਪਿੰਡ ਵਸਾ ਲਿਆ ਹੈ। ਰਿਪੋਰਟ ਵਿਚ ਇਥੋਂ ਤੱਕ ਦਾਅਵਾ ਕੀਤਾ ਗਿਆ ਸੀ ਕਿ ਚੀਨ ਨੇ ਇਹ ਪਿੰਡ ਹੁਣ ਨਹੀਂ, ਸਗੋਂ ਕਈ ਸਾਲ ਪਹਿਲਾਂ ਵਸਾ ਲਿਆ ਸੀ। ਇਸ ਨਾਲ ਹੀ ਫੌਜ ਨਾਲ ਜੁੜੇ ਸੂਤਰਾਂ ਵਿਚ ਵੀ ਇਹ ਖ਼ੁਲਾਸਾ ਹੋਇਆ ਸੀ ਕਿ ਚੀਨ ਨੇ ਪੂਰਬੀ ਲੱਦਾਖ ਵਿਚ ਐੱਲ. ਏ. ਸੀ. ਦੇ ਨੇੜੇ ਮਿਜ਼ਾਇਲ ਅਤੇ ਰਾਕੇਟ ਰੈਜੀਮੈਂਟ ਨੂੰ ਤਾਇਨਾਤ ਕੀਤਾ ਹੈ। ਸੂਤਰਾਂ ਤੋਂ ਜਾਣਕਾਰੀ ਮਿਲੀ ਸੀ ਚੀਨ ਆਪਣੀ ਕਨੈਕਟੀਵਿਟੀ ਸਟ੍ਰਾਂਗ ਕਰਨ ਲਈ ਅਕਸਾਈ ਚੀਨ ਇਲਾਕੇ ਵਿਚ ਇਕ ਹਾਈਵੇ ਦੀ ਉਸਾਰੀ ਕਰ ਰਿਹਾ ਹੈ।

**ਚੀਨ ਨੂੰ ਪੱਛਮੀ ਦੇਸ਼ਾਂ ਵਲੋਂ ਚੁਣੌਤੀ ਤੇ ਓਲੰਪਿਕ ਖੇਡਾਂ**

ਦੁਨੀਆ ਭਰ ਵਿਚ ਇਨੀਂ ਦਿਨੀਂ ਠੰਡੀ ਜੰਗ ਵਾਲੀਆਂ ਭਾਵਨਾਵਾਂ ਦਾ ਵੇਗ ਤੇਜ਼ੀ ਨਾਲ ਵਧ ਰਿਹਾ ਹੈ। ਇਸ ਦਾ ਹੀ ਨਤੀਜਾ ਹੈ ਕਿ ਇਹ ਸਾਲ ਅਮਰੀਕਾ ਅਤੇ ਚੀਨ ਵਿਚਾਲੇ ਤਕਰਾਰ ਵਧਣ ਦੇ ਰੂਪ ਵਿਚ ਵੀ ਚੇਤੇ ਕੀਤਾ ਜਾਵੇਗਾ। ਇਸ ਦਾ ਪਰਛਾਵਾਂ ਫਰਵਰੀ ਵਿਚ ਚੀਨ ਵਿਚ ਹੋਣ ਵਾਲੀਆਂ ਵਿੰਟਰ ਓਲੰਪਿਕ ਖੇਡਾਂ 'ਤੇ ਵੀ ਪੈਂਦਾ ਨਜ਼ਰ ਆ ਰਿਹਾ ਹੈ।ਹਾਲ ਹੀ ਵਿਚ ਬਾਇਡਨ ਪ੍ਰਸ਼ਾਸਨ ਨੇ ਐਲਾਨ ਕੀਤਾ ਹੈ ਕਿ ਚੀਨ ਦੇ ਮਨੁੱਖੀ ਹੱਕਾਂ ਦੇ ਬੇਹੱਦ ਖ਼ਰਾਬ ਰਿਕਾਰਡ ਨੂੰ ਦੇਖਦੇ ਹੋਏ ਅਮਰੀਕਾ ਉੱਥੇ ਆਪਣੇ ਡਿਪਲੋਮੈਟ ਨਹੀਂ ਭੇਜੇਗਾ। ਹਾਲਾਂਕਿ ਅਮਰੀਕਾ ਦਾ ਇਰਾਦਾ ਖੇਡਾਂ ਦੇ ਬਾਈਕਾਟ ਦਾ ਨਹੀਂ ਹੈ ਕਿਉਂਕਿ ਇਸ ਨਾਲ ਉਨਾਂ ਖਿਡਾਰੀਆਂ ਨੂੰ ਨਿਰਾਸ਼ਾ ਹੋਵੇਗੀ ਜੋ ਅਰਸੇ ਤੋਂ ਤਿਆਰੀਆਂ ਵਿਚ ਰੁੱਝੇ ਹੋਏ ਹਨ।

ਫਿਰ ਵੀ ਅਮਰੀਕਾ ਨੇ ਇਹ ਸੁਨੇਹਾ ਤਾਂ ਦੇ ਹੀ ਦਿੱਤਾ ਹੈ ਕਿ ਸ਼ਿਨਜਿਆਂਗ ਵਿਚ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਨੂੰ ਦੇਖਦੇ ਹੋਏ ਸਭ ਕੁਝ ਆਮ ਵਾਂਗ ਨਹੀਂ ਚੱਲ ਸਕਦਾ। ਇਹ 1979 ਵਿਚ ਸੋਵੀਅਤ ਸੰਘ ਦੁਆਰਾ ਅਫ਼ਗਾਨਿਸਤਾਨ ਵਿਚ ਦਾਖ਼ਲ ਹੋਣ ਦੇ ਵਿਰੋਧ ਵਿਚ ਮਾਸਕੋ (1980) ਓਲੰਪਿਕ ਖੇਡਾਂ ਦੇ ਅਮਰੀਕੀ ਬਾਈਕਾਟ ਵਰਗਾ ਨਹੀਂ ਹੈ, ਫਿਰ ਵੀ ਬਾਈਡਨ ਪ੍ਰਸ਼ਾਸਨ ਦੁਆਰਾ ਸਰਦ ਰੁੱਤ ਦੀਆਂ ਓਲੰਪਿਕ ਖੇਡਾਂ ਦਾ ਕੂਟਨੀਤਕ ਬਾਈਕਾਟ ਅਮਰੀਕਾ-ਚੀਨ ਵਿਚਾਲੇ ਪਹਿਲਾਂ ਤੋਂ ਹੀ ਵਧ ਰਹੇ ਮਤਭੇਦਾਂ ਦੇ ਪਾੜੇ ਨੂੰ ਹੋਰ ਵਧਾਉਣ ਦਾ ਕੰਮ ਕਰੇਗਾ। ਸ਼ਿਨਜਿਆਂਗ ਤੋਂ ਲੈ ਕੇ ਹਾਂਗਕਾਂਗ ਅਤੇ ਦੱਖਣੀ ਚੀਨ ਸਾਗਰ ਤੋਂ ਲੈ ਕੇ ਹਿਮਾਲਿਅਨ ਸਰਹੱਦਾਂ ਤਕ ਚੀਨ ਆਪਣੇ ਘੇਰੇ ਵਿਚ ਉਨਾਂ ਤੌਰ-ਤਰੀਕਿਆਂ ਨਾਲ ਪੱਛਮੀ ਅਤੇ ਹੋਰ ਦੇਸ਼ਾਂ ਨੂੰ ਚੁਣੌਤੀ ਦੇ ਰਿਹਾ ਹੈ ਜਿਸ ਨੇ ਗੰਭੀਰ ਟਕਰਾਅ ਉਪਜਾ ਦਿੱਤੇ ਹਨ। ਅੱਜ ਵਾਸ਼ਿੰਗਟਨ ਨੂੰ ਚੀਨ ਇਕ ਰਣਨੀਤਕ ਮੁਕਾਬਲੇਬਾਜ਼ ਦਿਸ ਰਿਹਾ ਹੈ। ਅਜਿਹੀ ਮੁਕਾਬਲੇਬਾਜ਼ੀ ਜਿਸ ਦੇ ਨਾਲ ਤਾਲ ਮਿਲਾਉਣ ਦੀਆਂ ਸੰਭਾਵਨਾਵਾਂ ਦਿਨ-ਬਦਿਨ ਕਮਜ਼ੋਰ ਪੈਂਦੀਆਂ ਦਿਸ ਰਹੀਆਂ ਹਨ।



ਭੂ-ਰਾਜਨੀਤਕ ਮੁਕਾਬਲੇਬਾਜ਼ੀ ਵਿਚ ਸਭ ਤੋਂ ਨਵਾਂ ਮੋਰਚਾ ਖੇਡਾਂ ਦਾ ਜੁੜ ਗਿਆ ਹੈ। ਚੀਨੀ ਟੈਨਿਸ ਖਿਡਾਰਨ ਪੇਂਗ ਸ਼ੁਈ ਨੇ ਕੁਝ ਸਮਾਂ ਪਹਿਲਾਂ ਚੀਨੀ ਸਰਕਾਰ ਦੇ ਇਕ ਸੀਨੀਅਰ ਅਧਿਕਾਰੀ 'ਤੇ ਜਿਨਸੀ ਸ਼ੋਸ਼ਣ ਦਾ ਇਲਜ਼ਾਮ ਲਗਾਇਆ ਸੀ। ਇਸ ਤੋਂ ਬਾਅਦ ਉਹ ਗਾਇਬ ਹੋ ਗਈ। ਇਸ ਮਾਮਲੇ ਨੇ ਪੂਰੀ ਦੁਨੀਆ ਨੂੰ ਚਿੰਤਾ ਵਿਚ ਪਾ ਦਿੱਤਾ। ਇਸ ਦਾ ਹੀ ਨਤੀਜਾ ਸੀ ਕਿ ਚੀਨ ਵਰਗੇ ਵੱਡੇ ਬਾਜ਼ਾਰ ਦੀ ਪਰਵਾਹ ਨਾ ਕਰਦੇ ਹੋਏ ਵਿਸ਼ਵ ਮਹਿਲਾ ਟੈਨਿਸ ਸੰਘ ਅਰਥਾਤ ਡਬਲਯੂਟੀਏ ਨੇ ਬਹੁਤ ਹੀ ਦਲੇਰਾਨਾ ਫ਼ੈਸਲਾ ਲੈਂਦੇ ਹੋਏ ਪੇਂਗ ਸ਼ੁਈ ਦੇ ਮਸਲੇ 'ਤੇ ਚੀਨ ਵਿਚ ਪ੍ਰਸਤਾਵਿਤ ਸਾਰੇ ਟੂਰਨਾਮੈਂਟ ਰੱਦ ਕਰ ਦਿੱਤੇ। ਹਾਲਾਂਕਿ ਬਾਅਦ ਵਿਚ ਪੇਂਗ ਸ਼ੁਈ ਇਸ ਤੋਂ ਇਨਕਾਰੀ ਹੋ ਗਈ ਕਿ ਉਸ ਨੇ ਕਿਸੇ 'ਤੇ ਜਿਨਸੀ ਸ਼ੋਸ਼ਣ ਦੇ ਇਲਜ਼ਾਮ ਲਗਾਏ ਸਨ। ਫਿਰ ਵੀ ਉਨਾਂ ਨੂੰ ਲੈ ਕੇ ਡਬਲਯੂਟੀਏ ਨੇ ਜੋ ਕਦਮ ਚੁੱਕਿਆ, ਉਸ ਦੀ ਕੌਮਾਂਤਰੀ ਓਲੰਪਿਕ ਸੰਘ (ਆਈਓਸੀ) ਦੇ ਰੁਖ਼ ਨਾਲ ਤੁਲਨਾ ਕਰੀਏ ਤਾਂ ਨਿਰਾਸ਼ਾ ਹੁੰਦੀ ਹੈ।

ਆਈਓਸੀ ਚੀਨ ਨਾਲ ਅਸਹਿਜ ਮੁੱਦਿਆਂ ਨੂੰ ਚੁੱਕਣ ਤੋਂ ਝਿਜਕਦਾ ਹੈ ਜੋ ਦਰਸਾਉਂਦਾ ਹੈ ਕਿ ਰਾਜਨੀਤਕ ਮੁੱਦਿਆਂ 'ਤੇ ਉਹ 'ਬੇਪਰਵਾਹ' ਰਵੱਈਆ ਅਪਣਾਉਂਦਾ ਹੈ। ਹਾਲੀਆ ਅਮਰੀਕੀ ਪਹਿਲ ਦੀ ਨਿੰਦਾ ਕਰਦੇ ਹੋਏ ਚੀਨ ਨੇ ਉਸ 'ਤੇ 'ਖੇਡ ਵਿਚ ਰਾਜਨੀਤਕ ਨਿਰਪੱਖਤਾ' ਦੀ ਉਲੰਘਣਾ ਦਾ ਦੋਸ਼ ਲਾ ਕੇ ਇਸ ਦੇ ਵਿਰੋਧ ਵਿਚ ਕਦਮ ਚੁੱਕਣ ਦੀ ਧਮਕੀ ਦਿੱਤੀ।

ਓਥੇ ਹੀ ਬ੍ਰਿਟੇਨ, ਕੈਨੇਡਾ ਅਤੇ ਆਸਟ੍ਰੇਲੀਆ ਵਰਗੇ ਦੇਸ਼ ਵੀ ਵਿੰਟਰ ਓਲੰਪਿਕ ਦੇ ਕੂਟਨੀਤਕ ਬਾਈਕਾਟ ਦੀ ਅਮਰੀਕੀ ਮੁਹਿੰਮ ਵਿਚ ਸ਼ਾਮਲ ਹੋ ਗਏ ਹਨ ਤਾਂ ਚੀਨ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਤਕੜਾ ਸਮਰਥਨ ਮਿਲਿਆ ਹੈ। ਪੁਤਿਨ ਨਾ ਸਿਰਫ਼ ਖੇਡਾਂ ਦੇ ਉਦਘਾਟਨੀ ਸਮਾਰੋਹ ਵਿਚ ਸ਼ਿਰਕਤ ਕਰਨਗੇ ਸਗੋਂ ਇਸ ਦੌਰਾਨ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਉਨਾਂ ਦੀ ਬੈਠਕ ਵੀ ਹੋਣੀ ਹੈ। ਪੁਤਿਨ ਦੇ ਇਸ ਦਾਅ ਤੋਂ ਬਾਅਦ ਸ਼ੀ ਜਿਨਪਿੰਗ ਨੇ ਵੀ ਨਾਟੋ ਤੋਂ ਸੁਰੱਖਿਆ ਦੀ ਲਿਖਤੀ ਗਾਰੰਟੀ ਸਬੰਧੀ ਰੂਸ ਦੀ ਮੰਗ ਦਾ ਸਮਰਥਨ ਕੀਤਾ ਹੈ ਕਿ ਨਾਟੋ ਪੂਰਬ ਵੱਲ ਆਪਣਾ ਵਿਸਥਾਰ ਨਾ ਕਰੇ ਅਤੇ ਯੂਕ੍ਰੇਨ ਵਿਚ ਹਥਿਆਰਾਂ ਦੇ ਜਮਾਵੜੇ ਤੋਂ ਬਚੇ। ਦਰਅਸਲ, ਰੂਸ ਨੂੰ ਇਸ ਤੋਂ ਆਪਣੇ ਲਈ ਖ਼ਤਰੇ ਦਾ ਖ਼ਦਸ਼ਾ ਹੈ।

ਇਹ ਦੇਖਣਾ ਦਿਲਚਸਪ ਹੈ ਕਿ ਇਟਲੀ ਅਤੇ ਫਰਾਂਸ ਵਰਗੇ ਦੇਸ਼ ਇਸ ਬਾਈਕਾਟ ਦੇ ਚਾਹਵਾਨ ਨਹੀਂ। ਫਰਾਂਸੀਸੀ ਰਾਸ਼ਟਰਪਤੀ ਮੈਕਰੋਂ ਨੇ ਇਸ ਨੂੰ 'ਪ੍ਰਤੀਕਾਤਮਕ ਅਤੇ ਬੇਮਤਲਬ' ਦੱਸਿਆ ਹੈ। ਯੂਰਪੀ ਸੰਘ ਨੇ ਹਮੇਸ਼ਾ ਦੀ ਤਰਾਂ ਚੀਨ ਨੂੰ ਸਿੱਧੇ-ਸਿੱਧੇ ਲੰਮੇ ਹੱਥੀਂ ਲੈਣ ਤੋਂ ਝਿਜਕ ਦਿਖਾਈ। ਜਦਕਿ ਜੁਲਾਈ ਵਿਚ ਹੀ ਯੂਰਪੀ ਸੰਸਦ ਨੇ ਸੰਘ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਸੀ ਕਿ ਜਦ ਤਕ ਚੀਨੀ ਸਰਕਾਰ ਹਾਂਗਕਾਂਗ, ਸ਼ਿਨਜਿਆਂਗ ਉਈਗਰ ਖੇਤਰ, ਤਿੱਬਤ, ਇਨਰ ਮੰਗੋਲੀਆ ਅਤੇ ਚੀਨ ਦੇ ਹੋਰ ਹਿੱਸਿਆਂ ਵਿਚ ਮਨੁੱਖੀ ਅਧਿਕਾਰਾਂ ਨੂੰ ਲੈ ਕੇ ਆਪਣਾ ਵਤੀਰਾ ਨਹੀਂ ਸੁਧਾਰਦੀ, ਉਦੋਂ ਤਕ ਉਹ ਬੀਜਿੰਗ ਵਿੰਟਰ ਓਲੰਪਿਕ ਵਿਚ ਸ਼ਿਰਕਤ ਕਰਨ ਲਈ ਸਰਕਾਰੀ ਨੁਮਾਇੰਦਿਆਂ ਅਤੇ ਡਿਪਲੋਮੈਟਾਂ ਨੂੰ ਮਿਲੇ ਸੱਦਿਆਂ ਨੂੰ ਸਵੀਕਾਰ ਨਾ ਕਰਨ। ਬੇਸ਼ੱਕ ਅਮਰੀਕਾ ਦਾ ਕਦਮ ਖ਼ਾਲਸ ਤੌਰ 'ਤੇ ਪ੍ਰਤੀਕਾਤਮਕ ਹੈ। ਇਸ ਨਾਲ ਖੇਡਾਂ ਦੀ ਚਮਕ ਫਿੱਕੀ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ। ਦੁਨੀਆ ਦੇ ਜ਼ਿਆਦਾਤਰ ਹਿੱਸਿਆਂ ਵਿਚ ਇਸ ਨਾਲ ਕੋਈ ਫ਼ਰਕ ਨਹੀਂ ਪੈਣ ਵਾਲਾ। ਇਸ ਦੀ ਉਮੀਦ ਵੀ ਘੱਟ ਹੀ ਹੈ ਕਿ ਖੇਡਾਂ ਵਿਚ ਕੁਝ ਡਿਪਲੋਮੈਟਾਂ ਦੀ ਗ਼ੈਰ-ਮੌਜੂਦਗੀ ਕਾਰਨ ਚੀਨ ਆਪਣੀਆਂ ਨੀਤੀਆਂ ਅਤੇ ਵਿਵਹਾਰ ਵਿਚ ਕੁਝ ਤਬਦੀਲੀ ਲਿਆਵੇਗਾ।

ਹਾਲਾਂਕਿ ਅਮਰੀਕਾ ਵਿਚ ਇਸ ਮਸਲੇ 'ਤੇ ਦੁਰਲਭ ਸਰਬ-ਪਾਰਟੀ ਸਮਰਥਨ ਦੇਖਣ ਨੂੰ ਮਿਲਿਆ ਹੈ। ਇਸ ਤੋਂ ਵੀ ਵਧ ਕੇ ਇਹ ਕਿ ਕੁਝ ਸੰਸਦ ਮੈਂਬਰਾਂ ਨੂੰ ਇਹ ਨਾਕਾਫ਼ੀ ਲੱਗਦਾ ਹੈ। ਉਨਾਂ ਮੁਤਾਬਕ ਜੋਅ ਬਾਈਡਨ ਪ੍ਰਸ਼ਾਸਨ ਨੂੰ ਇਨਾਂ ਖੇਡਾਂ ਦਾ ਮੁਕੰਮਲ ਬਾਈਕਾਟ ਕਰਨਾ ਚਾਹੀਦਾ ਸੀ। ਜੋ ਵੀ ਹੋਵੇ, ਆਗਾਮੀ ਵਿੰਟਰ ਓਲੰਪਿਕ ਖੇਡਾਂ ਹਾਲੀਆ ਦੌਰ ਦੇ ਇਤਿਹਾਸ ਦੇ ਸਭ ਤੋਂ ਤਲਖ਼ ਖੇਡ ਆਯੋਜਨਾਂ 'ਚੋਂ ਇਕ ਬਣਦੀਆਂ ਦਿਸ ਰਹੀਆਂ ਹਨ ਅਤੇ 1936 ਦੇ ਬਰਲਿਨ ਓਲੰਪਿਕ ਦਾ ਪ੍ਰੇਤ ਸਾਇਆ ਇਸ ਵਿਚਾਰ ਨੂੰ ਨਿਰੰਤਰ ਆਕਾਰ ਦਿੰਦਾ ਹੈ। ਇਹ ਸਹੀ ਹੈ ਕਿ ਸ਼ੀ ਜਿਨਪਿੰਗ ਦੀਆਂ ਅੱਤਵਾਦੀ ਨੀਤੀਆਂ ਕਾਰਨ ਸੰਸਾਰ ਦੇ ਸਾਹਮਣੇ ਜੋ ਚੁਣੌਤੀਆਂ ਉਤਪੰਨ ਹੋ ਗਈਆਂ ਹਨ, ਉਹ ਅਜੇ ਉਸ ਤਰਾਂ ਦੀਆਂ ਨਹੀਂ ਹਨ ਜਿਸ ਤਰਾਂ ਦੀਆਂ ਹਿਟਲਰ ਦੇ ਵੇਲੇ ਸਨ ਪਰ ਸ਼ੀ ਜਿਨਪਿੰਗ ਦੀ ਤਿਕੜਮਾਂ ਵਿਰੁੱਧ ਆਵਾਜ਼ ਬੁਲੰਦ ਨਾ ਹੋਣ ਦੇ ਖ਼ਤਰੇ ਦਿਨ-ਬਦਿਨ ਪ੍ਰਤੱਖ ਹੁੰਦੇ ਜਾ ਰਹੇ ਹਨ। ਇਹੀ ਕਾਰਨ ਹੈ ਕਿ ਵਿੰਟਰ ਓਲੰਪਿਕ ਖੇਡਾਂ ਦੀ ਅਜਿਹੀ ਬਾਈਕਾਟ ਮੁਹਿੰਮ ਨੇ ਨਾਗਰਿਕ ਸਮਾਜਾਂ ਅਤੇ ਦੇਸ਼ਾਂ ਵਿਚਾਲੇ ਇਕ ਸਮਾਨ ਰੂਪ ਨਾਲ ਪ੍ਰਭਾਵ ਛੱਡਿਆ ਹੈ। ਚੀਨ ਖ਼ੁਦ ਆਪਣੇ ਸਿਆਸੀ ਏਜੰਡੇ ਲਈ ਖੇਡਾਂ ਦਾ ਇਸਤੇਮਾਲ ਕਰਨ ਵਿਚ ਅੱਗੇ ਰਿਹਾ ਹੈ। ਫਿਰ ਚਾਹੇ ਉਸ ਦੁਆਰਾ 1956 ਵਿਚ ਮੈਲਬੌਰਨ ਓਲੰਪਿਕ ਖੇਡਾਂ ਦਾ ਬਾਈਕਾਟ ਕਰਨਾ ਹੋਵੇ ਜਾਂ ਫਿਰ ਆਲੋਚਕਾਂ ਨੂੰ ਸ਼ਾਂਤ ਕਰਨ ਲਈ ਆਪਣੇ ਵੱਡੇ ਬਾਜ਼ਾਰ ਦਾ ਡਰ ਦਿਖਾ ਕੇ ਨਿੱਜੀ ਖੇਤਰ 'ਤੇ ਦਬਾਅ ਪਾਉਣਾ ਹੋਵੇ।

ਹੁਣ ਇਹ ਸਪੱਸ਼ਟ ਹੈ ਕਿ ਸ਼ੀ ਜਿਨਪਿੰਗ ਦੀ ਹਮਲਾਵਰ ਵਿਦੇਸ਼ ਨੀਤੀ ਅਤੇ ਚੀਨੀ ਕਮਿਊਨਿਸਟ ਪਾਰਟੀ ਦੇ ਕਰੂਰ ਨਿਰੰਕੁਸ਼ ਏਜੰਡੇ ਨੂੰ ਚੁਣੌਤੀ ਮਿਲਣੀ ਤੈਅ ਹੈ। ਭਾਵੇਂ ਇਹ ਸਪਸ਼ਟ ਨਹੀਂ ਕਿ ਇਸ ਵਿਚ ਓਲੰਪਿਕ ਦਾ ਬਾਈਕਾਟ ਕਿੰਨਾ ਮਦਦਗਾਰ ਸਿੱਧ ਹੋ ਸਕੇਗਾ। ਕੌਮਾਂਤਰੀ ਪੱਧਰ 'ਤੇ ਕਿਉਂਕਿ ਸ਼ੀ ਜਿਨਪਿੰਗ ਦੀ ਸਵੀਕਾਰਤਾ ਲਗਾਤਾਰ ਘਟ ਰਹੀ ਹੈ ਤਾਂ ਉਨਾਂ ਕੋਲ ਇਸ ਦੀ ਕਾਟ ਦਾ ਇਹੀ ਤਰੀਕਾ ਹੈ ਕਿ ਉਹ ਘਰੇਲੂ ਪੱਧਰ 'ਤੇ ਆਪਣੀ ਸਾਖ਼ ਵਧਾਉਣ। ਇਸ ਵਿਚ ਉਹ ਬਾਹਰਲੀ ਦੁਨੀਆ ਵਿਰੁੱਧ ਹੋਰ ਸਖ਼ਤ ਰਵੱਈਆ ਅਪਣਾਉਣਗੇ।

ਹੁਣ ਇਸ ਵਿਚ ਸ਼ੱਕ ਨਹੀਂ ਕਿ ਮਹਾਸ਼ਕਤੀਆਂ ਵਿਚਾਲੇ ਤਲਖ਼ ਮੁਕਾਬਲੇਬਾਜ਼ੀ ਦੇ ਦੌਰ ਵਿਚ ਖੇਡਾਂ ਇਕ ਵਾਰ ਫਿਰ ਜੰਗ ਦੇ ਮੈਦਾਨ ਦੇ ਤੌਰ 'ਤੇ ਉੱਭਰ ਰਹੀਆਂ ਹਨ ਜਿੱਥੇ ਦੁਸ਼ਮਣੀ ਹੋਰ ਠੋਸ ਆਕਾਰ ਲਵੇਗੀ। ਵੈਸੇ ਤਾਂ ਖੇਡਾਂ ਨੂੰ ਮਿਲਵਰਤਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਪਰ ਜਦ ਇਨਾਂ ਦਾ ਇਸਤੇਮਾਲ ਸਿਆਸੀ ਏਜੰਡੇ ਤਹਿਤ ਹੋਣ ਲੱਗੇ ਤਾਂ ਖੇਡਾਂ ਦਾ ਵੱਕਾਰ ਯਕੀਨਨ ਘਟੇਗਾ। ਖੇਡ ਭਾਵਨਾ ਨੂੰ ਢਾਅ ਨਾ ਲਾਉਂਦੇ ਹੋਏ ਖੇਡਾਂ ਦਾ ਇਸਤੇਮਾਲ ਸਿਆਸੀ ਤੇ ਰਣਨੀਤਕ ਹਿੱਤਾਂ ਦੀ ਪੂਰਤੀ ਲਈ ਹਰਗਿਜ਼ ਨਹੀਂ ਕਰਨਾ ਚਾਹੀਦਾ। ਸਭ ਮੁਲਕਾਂ ਨੂੰ ਆਪਣੀਆਂ ਖਹਿਬਾਜ਼ੀਆਂ ਖੇਡ ਦੇ ਮੈਦਾਨ ਤੋਂ ਬਾਹਰ ਕੱਢਣ ਨੂੰ ਪਹਿਲ ਦੇਣੀ ਚਾਹੀਦੀ ਹੈ। ਉਹ ਖੇਡ ਦੇ ਮੈਦਾਨ ਨੂੰ ਜੰਗ ਦਾ ਮੈਦਾਨ ਹਰਗਿਜ਼ ਨਾ ਬਣਾਉਣ।

# ਜੰਗ 'ਚ ਰੋਬੋਟ ਦੀ ਵਰਤੋਂ ਹੋਈ ਤਾਂ ਮਨੁੱਖ ਜਾਤੀ ਦੀ ਹੋਵੇਗੀ ਤਬਾਹੀ

## ਵੱਡੀ ਗਿਣਤੀ ਵਿਚ ਦੇਸ਼ ਕਰ ਰਹੇ ਇਸਦਾ ਵਿਰੋਧ

**ਦਿੱਲੀ/ਏ.ਟੀ.ਨਿਊਜ਼ :** ਜੰਗੀ ਤਕਨੀਕ ਦੀ ਹੋੜ ਵਿਚ ਅਮਰੀਕਾ, ਰੂਸ ਤੇ ਕਿਸੇ ਹੱਦ ਤੱਕ ਚੀਨ ਅੱਗੇ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਤੇ ਰੋਬੋਟਿਕਸ ਦੇ ਇਸਤੇਮਾਲ ਨਾਲ ਅਜਿਹੇ ਰੋਬੋਟ ਤੇ ਮਸ਼ੀਨਾਂ ਤਿਆਰ ਕੀਤੀਆਂ ਜਾ ਰਹੀਆਂ ਹਨ ਜਿਹੜੀਆਂ ਮਨੁੱਖ ਵਾਂਗ ਜੰਗ ਕਰਨਗੀਆਂ। ਉਨਾਂ ਵਿਚ ਦਿਮਾਗ਼ ਨਹੀਂ ਹੋਵੇਗਾ। ਉਹ ਸਿਗਨਲ ਦੇ ਆਧਾਰ 'ਤੇ ਹਮਲਾ ਕਰਨਗੇ। ਅਜਿਹੇ ਰੋਬੋਟ ਤੇ ਮਸ਼ੀਨਾਂ ਨੂੰ ਜੰਗ ਵਿਚ ਵੱਡਾ ਬਦਲਾਅ ਮੰਨਿਆ ਜਾ ਰਿਹਾ ਹੈ। ਜੰਗ ਵਿਚ ਰੋਬੋਟ ਤੇ ਆਟੋਮੈਟਿਕ ਮਸ਼ੀਨਾਂ ਦੀ ਵਰਤੋਂ ਰੋਕਣ ਲਈ ਹੁਣੇ ਜਿਹੇ ਸਵਿਟਜ਼ਲੈਂਡ ਦੇ ਜਨੇਵਾ ਵਿਚ ਦੁਨੀਆ ਦੇ 125 ਦੇਸ਼ਾਂ ਦੀ ਕਾਨਫਰੰਸ ਹੋਈ। ਅਸਲ 'ਚ ਇਨਾਂ ਦੇਸ਼ਾਂ ਦਾ ਇਕ ਸੰਗਠਨ ਹੈ ਜਿਸ ਨੂੰ ਰਵਾਇਤੀ ਹਥਿਆਰਾਂ ਦਾ ਸੰਮੇਲਨ (ਕਨਵੈਨਸ਼ਨ ਆਨ ਸਰਟੇਨ ਕਨਵੈਨਸ਼ਨਲ ਵੈਪਨਸ) ਕਿਹਾ ਗਿਆ ਹੈ। ਇਹ ਕਾਨਫਰੰਸ ਮਨੁੱਖ ਜਾਤੀ ਲਈ ਜੰਗ ਦੇ ਖ਼ਤਰੇ ਨੂੰ ਘੱਟ



ਕਰਨ 'ਤੇ ਕੰਮ ਕਰਦੀ ਹੈ। ਇਸ ਦੇ ਮੈਂਬਰਾਂ ਨੇ ਮੰਗ ਰੱਖੀ ਕਿ ਜੰਗ 'ਚ ਇਸਤੇਮਾਲ ਲਈ ਬਣ ਰਹੇ 'ਕਿਲਰ ਰੋਬੋਟਸ' 'ਤੇ ਰੋਕ ਲਗਾਈ ਜਾਵੇ। ਅਜਿਹੇ ਰੋਬਟ ਤੇ ਮਸ਼ੀਨਾਂ ਬਣਾਉਣ ਵਾਲੇ ਦੇਸ਼ਾਂ ਨੇ ਇਸ ਮਤੇ ਦਾ ਵਿਰੋਧ ਕੀਤਾ।

ਜੰਗ ਦੇ ਰਣਨੀਤੀਕਾਰ ਮੰਨਦੇ ਹਨ ਕਿ ਅਜਿਹੇ ਰੋਬੋਟ ਨਾਲ ਫ਼ੌਜੀਆਂ ਦੇ ਖ਼ਤਰੇ ਨੂੰ ਦੂਰ ਕੀਤਾ ਜਾ ਸਕੇਗਾ। ਮਨੁੱਖ ਦੇ ਮੁਕਾਬਲੇ ਫ਼ੈਸਲੇ ਵੀ ਤੇਜ਼ੀ ਨਾਲ ਕੀਤੇ ਜਾ ਸਕਣਗੇ। ਮਨੁੱਖ ਰਹਿਤ ਡ੍ਰੋਨ ਤੇ ਟੈਂਕ ਨਾਲ ਜੰਗੀ ਖੇਤਰ ਦਾ ਨਕਸ਼ਾ ਹੀ ਬਦਲ ਜਾਵੇਗਾ। ਹਾਲਾਂਕਿ ਆਲੋਚਕਾਂ ਦਾ ਕਹਿਣਾ ਹੈ ਕਿ ਮਸ਼ੀਨਾਂ ਨੂੰ ਮਾਰੂ ਫੈਸਲੇ ਲੈਣ ਦਾ ਅਧਿਕਾਰ ਦੇਣਾ ਇਖ਼ਲਾਕੀ ਤੌਰ 'ਤੇ ਗ਼ਲਤ ਹੈ। ਅਜਿਹੇ ਰੋਬੋਟ ਬਾਲਗ ਤੇ ਬੱਚਿਆਂ ਵਿਚਕਾਰ ਫ਼ਰਕ ਨਹੀਂ ਕਰ ਸਕਣਗੇ, ਨਾ ਹੀ ਕਿਸੇ ਫ਼ੌਜੀ ਤੇ ਨਾਗਰਿਕਾਂ 'ਚ ਫ਼ਰਕ ਕਰ ਸਕਣਗੇ। ਅਜਿਹੇ ਵਿਚ ਉਹ ਬੱਸ ਸਾਹਮਣੇ ਦਿਖਾਈ ਦੇ ਰਹੇ ਲਕਸ਼ ਨੂੰ ਨਿਸ਼ਾਨਾ ਬਣਾਉਣਗੇ। ਇਹੀ ਮਨੁੱਖ ਜਾਤੀ ਲਈ ਵੱਡਾ ਖ਼ਤਰਾ ਹੈ। ਕਾਨਫਰੰਸ ਵਿਚ ਰੈੱਡ ਕ੍ਰਾਸ ਕੌਮਾਂਤਰੀ ਕਮੇਟੀ ਦੇ ਮੁਖੀ ਪੀਟਰ ਮਾਰਰ ਨੇ ਕਿਹਾ ਕਿ ਮਨੁੱਖ ਦੇ ਸਥਾਨ 'ਤੇ ਜੰਗ ਵਿਚ ਆਟੋਮੈਟਿਕ ਹਥਿਆਰਾਂ ਨੂੰ ਅੱਗੇ ਕਰਨ ਦੀ ਗੱਲ ਨੈਤਿਕ ਆਧਾਰ 'ਤੇ ਇਕ ਵੱਡਾ ਸਵਾਲ ਹੈ।

**ਅਮਰੀਕਾ ਨੇ ਕੀਤਾ ਭਾਰੀ ਨਿਵੇਸ਼**

ਲਾਕਹੀਡ ਮਾਰਟਿਨ, ਬੋਇੰਗ, ਰੇਥਾਨ ਤੇ ਨਾਥਾਰਪ ਵਰਗੇ ਹਥਿਆਰ ਨਿਰਮਾਤਾ ਕੰਪਨੀਆਂ ਨਾਲ ਅਮਰੀਕੀ ਖੇਤਰ 'ਚ ਭਾਰੀ ਨਿਵੇਸ਼ ਕਰ ਰਿਹਾ ਹੈ। ਇਸ 'ਚ ਰੇਡੀਓ ਫ੍ਰਿਕਵੈਂਸੀ ਦੇ ਆਧਾਰ 'ਤੇ ਗਤੀਮਾਨ ਟੀਚਿਆਂ ਦਾ ਪਤਾ ਲਗਾਉਣ ਵਾਲੀ ਲੰਬੀ ਦੂਰੀ ਦੀ ਮਿਜ਼ਾਈਲ, ਹਮਲਾ ਕਰਨ ਵਾਲਾ ਡ੍ਰੋਨ ਦਾ ਝੁੰਡ ਤੇ ਆਟੋਮੈਟਿਕ ਮਿਜ਼ਾਈਲ ਰੱਖਿਆ ਪ੍ਰਣਾਲੀ ਸ਼ਾਮਿਲ ਹਨ। ਕੌਮਾਂਤਰੀ ਰਣਨੀਤਕ ਅਧਿਐਨ ਕੇਂਦਰ ਦੇ ਖੋਜੀ ਫਰੈਂਜ ਸਟੀਫਨ ਗਾਡੀ ਦਾ ਕਹਿਣਾ ਹੈ ਕਿ ਆਟੋਮੈਟਿਕ ਹਥਿਆਰ ਬਾਕੀ ਸਫ਼ਾ 31 'ਤੇ

# ਗੁਰੂ ਸਾਹਿਬ ਦੇ ਸਰੂਪ ਦੀ ਬੇਅਦਬੀ ਦੇ ਦੋਸ਼ੀ ਨੂੰ ਸੋਧਾ ਤੇ ਪੰਥ ਵਿਰੋਧੀ ਤਾਕਤਾਂ



**ਸਰਬਜੀਤ ਸਿੰਘ ਘੁਮਾਣ**

ਭਾਰਤੀ ਹਕੂਮਤੀ ਮਸ਼ੀਨਰੀ ਸਿੱਖਾਂ ਦੇ ਇਸ਼ਟ ਦੀ ਬੇਅਦਬੀ ਹੋਣ ਤੋਂ ਰੋਕਣ ਵਿਚ ਨਾਕਾਮ ਹੈ। ਉਲਟਾ ਲੋਕਾਂ ਦਾ ਕਹਿਣਾ ਹੈ ਕਿ ਇਹ ਕਰਤੂਤ ਕਰਵਾ ਹੀ ਹਕੂਮਤੀ ਏਜੰਸੀਆਂ ਰਹੀਆਂ ਹਨ। ਆਪ ਪੁਲਿਸ ਕਿਸੇ ਦੋਸ਼ੀ ਨੂੰ ਫੜਦੀ ਨਹੀਂ ਤੇ ਜੇ ਸਿੱਖ ਬੇਅਦਬੀ ਕਰਨ ਆਏ ਨੂੰ ਫੜ ਕੇ ਪੁਲਿਸ ਹਵਾਲੇ ਕਰਨ, ਪੁਲਿਸ ਮਾਨਸਿਕ ਰੋਗੀ ਕਹਿਕੇ ਉਸ ਦੀ ਜਮਾਨਤ ਕਰਵਾਉਣ ਤੇ ਬਰੀ ਕਰਵਾਉਣ ਤੁਰ ਪੈਂਦੀ ਹੈ। ਹਕੀਕਤ ਇਹ ਹੈ ਕਿ ਜਿਹੜੇ ਮਾਨਸਿਕ ਰੋਗੀ ਹੋਣ ਉਨਾਂ ਨੂੰ ਵੀ ਪਤਾ ਹੁੰਦਾ ਕਿ ਜਿੱਥੇ ਨਿਸ਼ਾਨ ਸਾਹਿਬ ਹੋਵੇ ਉਥੇ ਗੁਰਦੁਆਰਾ ਸਾਹਿਬ ਹੁੰਦਾ, ਜਿਥੋਂ ਮੈਂ ਜਦ ਵੀ ਜਾਵਾਂ, ਛਕਣ ਨੂੰ ਲੰਗਰ ਮਿਲਦਾ ਹੈ। ਅਕਸਰ ਹੀ ਝੱਲੇ ਜਿਹੇ ਕਿਸਮਤ ਮਾਰੇ ਗੁਰਦੁਆਰਾ ਸਾਹਿਬਾਨ ਵਿਚ ਦੇਖਦੇ ਹਾਂ। ਉਹ ਕਦੇ ਵੀ ਨੁਕਸਾਨ ਨਹੀਂ ਕਰ ਸਕਦੇ। ਅਸਲ ਵਿਚ ਬੇਅਦਬੀ ਕਰਨ ਵਾਲੇ ਪਾਪੀਆਂ ਨੂੰ ਮਾਨਸਿਕ ਰੋਗੀ ਕਹਿਣ ਵਾਲੇ ਖੁਦ ਮਾਨਸਿਕ ਰੋਗੀ ਹਨ ਜਿਨਾਂ ਨੂੰ ਮੰਦਬੁੱਧੀ ਹੋਣ ਕਰਕੇ ਸੱਚ ਨਹੀਂ ਦਿਸਦਾ।ਹੁਣ ਤੱਕ ਚਾਰ ਸੌ ਤੋਂ ਵੱਧ ਘਟਨਾਵਾਂ ਹੋ ਚੁੱਕੀਆਂ ਹਨ। ਪਰ ਜਿਹੜਾ ਹਕੂਮਤੀ ਸਿਸਟਮ ਸਾਡੇ ਫੋਨ ਟੇਪ ਕਰਦਾ, ਸਾਡੀ ਹਰ ਹਰਕਤ ਤੇ ਨਜ਼ਰ ਰੱਖਦਾ ਤੇ ਪੂਰੀ ਮੁਸਤੈਦੀ ਨਾਲ ਕੰਮ ਕਰਦਾ ਹੈ, ਉਹ ਸਿਸਟਮ ਕਿਸੇ ਦੋਸ਼ੀ ਨੂੰ ਵਾਰਦਾਤ ਤੋਂ ਪਹਿਲਾਂ ਨਹੀਂ ਫੜ ਸਕਿਆ। ਇਹੋ ਸਿਸਟਮ ਆਏ ਦਿਨ ਦੋਹਾਈ ਦਿੰਦਾ ਹੈ ਕਿ ਖਾੜਕੂਵਾਦ ਲਿਆਉਣ ਲਈ ਫੋਨ 'ਤੇ ਤਿਆਰੀਆਂ ਕਰਦੇ ਫੜ ਲਏ। ਨਾ ਇਹ ਸਿਸਟਮ ਬੇਅਦਬੀ ਕਰਨ ਦੀ ਵਿਉਂਤ ਬਣਾਉਂਦੇ ਨੂੰ ਫੜਦਾ ਅਤੇ ਨਾ ਕਾਬੂ ਕਰਕੇ ਇਸ ਸਿਸਟਮ ਦੇ ਹਵਾਲੇ ਕੀਤੇ ਦੀ ਪੜਤਾਲ ਕਰਦਾ ਹੈ ਕਿ ਇਸਦੇ ਨਾਲ ਸਾਜਿਸ਼ ਵਿਚ ਹੋਰ ਕਿਹੜੇ ਸ਼ਾਮਲ ਹਨ, ਹਰ ਦੋਸ਼ੀ ਨੂੰ ਬਚਾਉਣ ਲਈ ਪੂਰੀ ਵਾਹ ਲਾਉਂਦਾ।ਫੇਰ ਇਸ ਸਿਸਟਮ ਉਤੇ ਭਰੋਸਾ ਕਿਵੇਂ ਰਹੇ।ਕਾਨੂੰਨ ਹੱਥ ਵਿਚ ਲੈਣ ਦੀਆਂ ਗੱਲਾਂ ਕਰਨ ਵਾਲਿਆਂ ਨੂੰ ਚਾਹੀਦਾ ਕਿ ਦੱਸਣ ਕਿ ਹੋਰ ਸਿੱਖ ਕੀ ਕਰਨ ? ਅਸਲ ਵਿਚ ਕਾਨੂੰਨ ਹੱਥ ਵਿਚ ਲੈਣ ਦੀ ਗੱਲ ਕਰਨ ਵਾਲੇ, ਸਬੂਤ ਖਤਮ ਕਰਨ ਦੀ ਗੱਲ ਕਰਨ ਵਾਲੇ, ਅਸਲ ਮਸਲਿਆਂ ਤੋਂ ਭਟਕਾਉਣ ਦੀ ਗੱਲ ਕਰਨ ਵਾਲੇ ਅਤੇ ਮਾਨਸਿਕ ਰੋਗੀ ਕਹਿਕੇ ਦੋਸ਼ੀਆਂ ਨੂੰ ਬਚਾਉਣ ਵਾਲੇ ਇਕੋ ਥੈਲੀ ਦੇ ਚੱਟੇ ਵੱਟੇ ਹਨ। ਇਨਾਂ ਨਾਲ ਮੀਡੀਆ ਵੀ ਹੈ ਜਿਹੜਾ ਸਿੱਖ ਸੰਗਤਾਂ ਨੂੰ 'ਹਜੂਮੀ ਹਿੰਸਕ ਭੀੜ' ਕਹਿਕੇ ਦੁਸ਼ਟਾਂ ਦੇ ਸੋਧੇ ਨੂੰ ਮਾਨਵ ਲੀਚਿੰਗ ਕਹਿੰਦੇ ਹਨ। ਫੇਰ ਕੁਝ ਜਾਅਲੀ ਕਾਮਰੇਡੀ ਸੋਚ ਹੈ ਜਿਸਦਾ ਰੰਡੀ ਰੋਣਾ ਹੈ ਕਿ ਸਿੱਖ ਤੇ ਭਗਵੇਂ ਬ੍ਰਿਗੇਡ ਵਾਲੇ ਗਰੀਬ ਲੋਕਾਂ ਉਤੇ ਧਾਰਮਿਕ ਜਬਰ ਕਰਦੇ ਹਨ। ਇਨਾਂ ਨੂੰ ਬੇਅਦਬੀ ਕਰਨ ਵਾਲਿਆਂ ਉਤੇ ਪੂਰਾ ਮਾਣ ਹੈ ਕਿ ਜੋ ਕੰਮ ਅਸੀਂ ਨਹੀਂ ਕਰ ਸਕਦੇ ਇਹ ਕਰ ਰਹੇ ਹਨ। ਇਹ ਸਾਰੇ ਲੋਕ ਸਿੱਖਾਂ ਨੂੰ ਕਲਪਦੇ ਦੇਖਕੇ ਖੁਸ਼ ਹੁੰਦੇ ਹਨ। ਇਹ ਸਿੱਖਾਂ ਦੇ ਸੰਤਾਪ ਵਿਚੋਂ ਸਕੂਨ ਲੈਂਦੇ ਹਨ। ਪਰ ਦਰਬਾਰ ਸਾਹਿਬ ਵਿਚ ਕਰਤੂਤ ਕਰਨ ਆਏ ਦੁਸ਼ਟ ਨੂੰ ਸੋਧਾ ਲਾਉਣ ਨਾਲ ਜਦ ਖਾਲਸੇ ਦਾ ਜਲਾਲ ਸਿਖਰ ਛੋਹਣ ਲੱਗਿਆ ਤਾਂ ਸਾਰੇ ਪੰਥ ਦੋਖੀ ਲਾਣਾ ਸੜ ਬਲ ਗਿਆ। ਇਨਾਂ ਨੂੰ ਸਿੱਖ ਤਾਂ ਦੁਖੀ, ਸਤੇ ਹੋਏ ਚੰਗੇ ਲੱਗਦੇ ਹਨ। ਸਿੱਖ ਮਿੰਨਤਾਂ ਕਰਦੇ ਹੋਣ, ਸਿੱਖ ਫਰਿਆਦਾਂ ਕਰਦੇ ਹੋਣ, ਸਿੱਖ ਮਸਕੀਨ ਜਿਹੇ, ਨਿਮਾਣੇ ਨਿਤਾਣੇ ਬਣਕੇ ਪਿਟਦੇ ਫਿਰਨ ਅਤੇ ਸਿੱਖਾਂ ਦੀ ਕੋਈ ਸੁਣਵਾਈ ਨਾ ਹੋਵੇ। ਪਰ ਦਰਬਾਰ ਸਾਹਿਬ ਵਾਲੇ ਘਟਨਾਕ੍ਰਮ ਨੇ ਖਾਲਸੇ ਦੀ ਚੜਤ ਨੇ ਦੁਸ਼ਮਣ ਧਿਰ ਨੂੰ ਬੇਹੱਦ ਕਰਾਰਾ ਝਟਕਾ ਦਿੱਤਾ ਹੈ।ਦੁਸ਼ਮਣ ਧਿਰ ਨੂੰ ਗਰੰਟੀ ਸੀ ਕਿ ਸਿੱਖ ਬੇਅਦਬੀ ਕਰਨ ਵਾਲੇ ਨੂੰ ਫੜਕੇ ਪੁਲਿਸ ਹਵਾਲੇ ਕਰਨਗੇ। ਪਰ ਵਾਪਰ ਬਿਲਕੁਲ ਉਲਟ ਗਿਆ।ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ ਤੇ ਹਰ ਸਿੱਖ ਸੰਸਥਾ ਤੇ ਹਰ ਸਿੱਖ ਆਗੂ ਸੰਤੁਸ਼ਟ ਹੈ। ਸਾਰਾ ਸਿੱਖ ਜਗਤ ਇਕਜੁਟ ਤੇ ਇਕਮੁੱਠ ਹੈ। ਸਾਰੀ ਕੌਮ ਬੇਅਦਬੀ ਕਰਨ ਦੀ ਕੋਸ਼ਿਸ਼ ਦਾ ਇਕੋ ਜਿਹਾ ਦੁੱਖ ਮੰਨ ਰਹੀ ਹੈ।ਸਾਰੀ ਕੌਮ ਦੁਸ਼ਟ ਦੇ ਸੋਧੇ ਦਾ ਇਕੋ ਜਿਹਾ ਸਕੂਨ ਮੰਨ ਰਹੀ ਹੈ।ਸਾਰਾ ਪੰਥ ਏਕੇ ਦੀ ਲੜੀ ਵਿਚ ਪਰੋ ਦਿੱਤਾ ਗਿਆ ਹੈ। ਖਾਲਸੇ ਦੀ ਸਮੂਹਿਕ ਸਾਂਝੀ ਸ਼ਕਤੀ ਦਾ ਅਹਿਸਾਸ ਭਾਰਤੀ ਹਕੂਮਤੀ ਸਿਸਟਮ ਨੂੰ ਖਾਮੋਸ਼ੀ ਨਾਲ ਵੰਗਾਰ ਰਿਹਾ ਹੈ ਕਿ ਜੋ ਵੀ ਮੰਦਭਾਵਨਾ ਨਾਲ ਆਵੇਗਾ ਬਖਸ਼ਿਆ ਨਹੀਂ ਜਾਵੇਗਾ।

# ਰਾਜਨੀਤਕ ਲਾਹੇ ਲਈ ਬੇਅਦਬੀਆਂ ਕਿਉਂ ?



**ਦੀਪਾ ਰੰਧਾਵਾ**

ਅੱਜਕੱਲ ਜੋ ਪੰਜਾਬ ਦਾ ਮਾਹੌਲ ਚੱਲ ਰਿਹਾ ਹੈ ਉਹ ਫਿਰਕੂ ਫ਼ਸਾਦ ਨੂੰ ਬੜਾਵਾ ਦੇ ਰਿਹਾ ਹੈ । ਧਰਮ ਨੂੰ ਲੈ ਕੇ ਜੋ ਰਾਜਨੀਤਿਕ ਸਿਆਸਤ ਸਿਆਸਤਦਾਨਾਂ ਦੁਆਰਾ ਖੇਡੀ ਜਾ ਰਹੀ ਹੈ ਉਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੋਹਰਾ ਬਣਾਇਆ ਜਾ ਰਿਹਾ ਹੈ। ਇਕ ਗੱਲ ਬਹੁਤ ਹੀ ਸੋਚਣ ਤੇ ਵਿਚਾਰਨ ਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦਾ ਪ੍ਰਕਾਸ਼ ਦੁਨੀਆਂ ਦੇ ਹਰ ਇੱਕ ਕੋਨੇ ਵਿੱਚ ਹੁੰਦਾ ਹੈ ਕਹਿਣ ਤੋਂ ਭਾਵ ਪੰਜਾਬ ਤੋਂ ਬਾਹਰ ਵੀ ਹੁੰਦਾ ਹੈ। ਫਿਰ ਇਹ ਬੇਅਦਬੀ ਪੰਜਾਬ ਵਿੱਚ ਹੀ ਕਿਉਂ ਵਧ ਰਹੀ ਹੈ । ਇਸ ਸਵਾਲਾਂ ਦੇ ਘੇਰੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਆਉਂਦੀ ਹੈ, ਜਿਸ ਦੇ ਹੱਥ ਵਿੱਚ ਪੰਥ ਨੇ ਆਪਣੇ ਸਿਰਮੌਰ ਧਰਮ ਗ੍ਰੰਥ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਸੌਂਪੀ ਹੈ।

ਦੂਜੀ ਗੱਲ ਜਦੋਂ ਇਨਾਂ ਬੇਅਦਬੀਆਂ ਦੀ ਸ਼ੁਰੂਆਤ ਪਿੰਡਾਂ ਤੋਂ ਹੋਣੀ ਸ਼ੁਰੂ ਹੋਈ ਸੀ ਉਦੋਂ ਹੀ ਇਸ ਨੂੰ ਗੰਭੀਰਤਾ ਨਾਲ ਕਿਉਂ ਨਹੀਂ ਲਿਆ ਗਿਆ ? ਖ਼ਾਲਸੇ ਦੀ ਜਨਮ ਭੂਮੀ ਸ੍ਰੀ ਆਨੰਦਪੁਰ ਸਾਹਿਬ ਜਿਸ ਸਮੇਂ ਬੇਅਦਬੀ ਹੋਈ ਸੀ ਉਸ ਸਮੇਂ ਵੀ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੁਆਰਾ ਕੋਈ ਗੰਭੀਰ ਫ਼ੈਸਲਾ ਕਿਉਂ ਨਹੀਂ ਲਿਆ ਗਿਆ ? ਜਦੋਂਕਿ ਇੱਥੇ ਬੇਅਦਬੀ ਕਰਨ ਆਏ ਬੰਦੇ ਦਾ ਸਬੰਧ ਸਿੱਧਾ ਸੱਚੇ ਸੌਦੇ ਦੇ ਸਾਧ ਨਾਲ ਸੀ, ਉਹ ਤੇ ਮਾਨਸਿਕ ਰੋਗੀ ਨਹੀਂ ਸੀ ਫਿਰ ਵੀ ਉਸ ਨੂੰ ਮੌਤ ਦੀ ਸਜ਼ਾ ਕਿਉਂ ਨਹੀਂ ਸੁਣਾਈ ਗਈ ? ਸਿੰਘੂ ਬਾਰਡਰ ਉੱਤੇ ਬੇਅਦਬੀ ਕਰਨ ਵਾਲੇ ਨੂੰ ਜਦੋਂ ਸੋਧਿਆ ਗਿਆ ਉਦੋਂ ਕੁਝ ਧਾਰਮਿਕ ਪ੍ਰਚਾਰਕਾਂ ਦੁਆਰਾ ਕਿੰਤੂ ਪ੍ਰੰਤੂ ਕਿਉਂ ਕੀਤੀ ਗਈ ? ਬੇਅਦਬੀਆਂ ਕਰਨ ਵਾਲੇ ਮਾਨਸਿਕ ਰੋਗੀ ਹੀ ਕਿਉਂ ਹੁੰਦੇ ਹਨ ? ਸਭ ਤੋਂ ਵੱਡਾ ਸਵਾਲ ਪੰਜਾਬ ਵਿਚ ਹੀ ਇਹ ਬੇਅਦਬੀਆਂ ਕਿਉਂ ਹੋ ਰਹੀਆਂ ਹਨ ? ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਕੇਵਲ ਪੰਜਾਬ ਵਿੱਚ ਹੋ ਰਿਹਾ ਹੈ ? ਇਨਾਂ ਸਾਰੇ ਸਵਾਲਾਂ ਦੇ ਜਵਾਬ ਇੱਕੋ ਸ਼ਬਦ ਤੋਂ ਲਿਆ ਜਾ ਸਕਦਾ ਹੈ ਉਹ ਹੈ 'ਰਾਜਨੀਤੀ'। ਸਾਰੀ ਦੁਨੀਆਂ ਜਾਣਦੀ ਹੈ ਕਿ ਸਿੱਖ ਕੌਮ ਸਬਰ, ਨਿਡਰ ਤੇ ਨਿਰਵੈਰਤਾ ਵਾਲੀ ਕੌਮ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਸ ਕੌਮ ਨੂੰ ਜਦੋਂ ਵੀ ਢਾਹ ਲੱਗੀ ਉਹ ਆਪਣਿਆਂ ਦੀ ਗੱਦਾਰੀ ਕਾਰਨ ਹੀ ਲੱਗੀ ਹੈ ।

ਅੱਜ ਵੀ ਜੋ ਹਾਲਾਤ ਪੰਜਾਬ ਵਿੱਚ ਵਿਗੜ ਰਹੇ ਉਸ ਦੇ ਪਿੱਛੇ ਵੀ ਕੁਝ ਆਪਣੇ ਹੀ ਗੱਦਾਰ ਲੋਕ ਹਨ। ਜੋ ਚੰਦ ਕੁ ਰੁਪਿਆਂ ਦੀ ਖ਼ਾਤਰ ਆਪਣਾ ਜ਼ਮੀਰ ਵੇਚ ਕੇ ਕੌਮ ਨਾਲ ਗ਼ਦਾਰੀ ਕਰਦੇ ਹਨ ਕਿਉਂ ਕਿ ਉਨਾਂ ਨੂੰ ਕੇਵਲ ਭੁੱਖ ਰਾਜਨੀਤੀ ਦੀ ਜਾਂ ਫਿਰ ਨੋਟਾਂ ਦੀ ਹੈ। ਵੋਟਾਂ ਦੇ ਸਮੇਂ ਬੇਅਦਬੀਆਂ ਕਰਵਾਉਣ ਦਾ ਮਕਸਦ ਲੋਕਾਂ ਦਾ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣਾ ਹੈ ਤਾਂ ਜੋ ਉਹ ਆਪਣੇ ਹੱਕਾਂ ਨੂੰ ਭੁੱਲ ਕੇ ਧਰਮ ਨੂੰ ਬਚਾਉਣ ਲਈ ਰੋਸ ਮੁਜ਼ਾਹਰੇ ਕਰਨ। ਇਨਾਂ ਰਾਜਨੀਤਕ ਲੋਕਾਂ ਦੀ ਖੇਡ ਇਹ ਹੀ ਹੈ ਕਿ ਆਮ ਜਨਤਾ ਰੋਸ ਮੁਜ਼ਾਹਰੇ ਕਰੇ ਅਤੇ ਉਨਾਂ ਮੁਜ਼ਾਹਰਿਆਂ ਵਿਚ ਸ਼ਾਮਲ ਹੋ ਕੇ ਆਮ ਜਨਤਾ ਦਾ ਧਿਆਨ ਆਪਣੇ ਵੱਲ ਕਰ ਸਕੀਏ ।

ਬਾਕੀ ਸਫ਼ਾ 31 'ਤੇ



# ਜਦੋਂ ਭਿਜੀਆਂ ਅੱਖਾਂ ਨੇ ਕਿਹਾ, "ਤੁਸੀਂ ਨਾ ਜਾਓ, ..." ਅੱਖੀ ਡਿਠੀ ਘਟਨਾ



**ਨਰਿੰਦਰ ਕੌਰ ਸੋਹਲ**

ਜਵਾਕ ਨੇ ਅੱਖਾਂ ਭਰਦਿਆਂ ਬਜ਼ੁਰਗ ਨੂੰ ਕਿਹਾ "ਤੁਸੀਂ ਨਾ ਜਾਓ, ਫਿਰ ਹਮੇਂ ਰੋਟੀ ਕੌਣ ਦੇਗਾ।" ਬਜ਼ੁਰਗ ਨੇ ਵੀ ਭਾਵੁਕ ਹੋ ਕੇ ਜਵਾਕ ਨੂੰ ਕਲਾਵੇ ਵਿੱਚ ਲੈਂਦਿਆਂ ਕਿਹਾ, "ਪੁੱਤਰਾ ਰੋਟੀ ਬਚਾਉਣ ਦੀ ਲੜਾਈ ਲੜਨ ਆਏ ਸੀ, ਇਹ ਤਾਂ ਜਿੱਤ ਲਈ ਪਰ ਸਭ ਨੂੰ ਪੇਟ ਭਰਕੇ ਰੋਟੀ ਮਿਲੇ, ਉਹ ਲੜਾਈ ਅਜੇ ਜਾਰੀ ਹੈ, ਉਹ ਵੀ ਜ਼ਰੂਰ ਜਿੱਤਾਂਗੇ।"

ਦਿੱਲੀ ਦੇ ਬਾਰਡਰਾਂ ਉੱਤੇ ਲੜੇ ਮੋਰਚੇ ਤੋਂ ਇਹ ਕਹਾਣੀ ਕਿਸੇ ਇੱਕ ਜਵਾਕ ਦੀ ਨਹੀਂ ,ਸਗੋਂ ਅਣਗਿਣਤ ਪਰਿਵਾਰਾਂ ਦੀ ਏ ਜਿਨਾਂ ਨੂੰ ਕਿਸਾਨ ਅੰਦੋਲਨ ਦੌਰਾਨ ਪੇਟ ਭਰ ਕੇ ਰੋਟੀ ਮਿਲੀ। ਬੇਸ਼ਕ ਪਿਛਲੇ ਇੱਕ ਸਾਲ ਤੋਂ ਦਿੱਲੀ ਬਾਰਡਰਾਂ ਉੱਤੇ ਚੱਲਦਾ ਕਿਸਾਨ ਮੋਰਚਾ ਫਤਿਹ ਹੋ ਗਿਆ ਹੈ ਪਰ ਇਹ ਅਜਿਹਾ ਬਹੁਤ ਕੁਝ ਹਾਂ-ਪੱਖੀ ਸਾਡੀ ਝੋਲੀ ਵਿੱਚ ਪਾ ਗਿਆ ਹੈ ਜੋ ਕਦੇ ਖਤਮ ਨਹੀਂ ਹੋਵੇਗਾ। ਵਾਪਸੀ ਲਈ ਜਦੋਂ ਕਿਸਾਨ ਭਰਾਵਾਂ ਨੇ ਆਪੋ ਆਪਣਾ ਸਮਾਨ ਇਕੱਠਾ ਕਰਨਾ ਸ਼ੁਰੂ ਕੀਤਾ ਤਾਂ ਅਣਗਿਣਤ ਅੱਥਰੂਆਂ ਭਿੱਜੀਆਂ ਅੱਖਾਂ ਇੱਕ ਉਮੀਦ ਨਾਲ ਤੱਕਦੀਆਂ ਨਜ਼ਰ ਆਈਆਂ ਜਿਵੇਂ ਕਹਿ ਰਹੀਆਂ ਹੋਣ, ਫਿਰ ਕਦੋਂ ਆਓਗੇ ? ਅਸਲ ਵਿੱਚ ਇਸ ਉਮੀਦ ਪਿੱਛੇ ਬਹੁਤ ਕੁਝ ਹੈ ਜੋ ਸ਼ਾਇਦ ਬਿਆਨ ਨਹੀਂ ਕੀਤਾ ਜਾ ਸਕਣਾ।

ਕਿਸਾਨਾਂ ਦੇ ਦਿੱਲੀ ਬਾਰਡਰਾਂ ਉੱਤੇ ਆ ਕੇ ਬੈਠਣ ਅਤੇ ਲੰਗਰਾਂ ਦੇ ਦਿਨ ਰਾਤ ਚੱਲਣ ਨੇ ਮਜ਼ਦੂਰ ਪਰਿਵਾਰਾਂ ਨੂੰ ਬਹੁਤ ਸਕੂਨ ਦਿੱਤਾ ਸੀ। ਇਸ ਦੌਰਾਨ ਉਹਨਾਂ ਦੇ ਢਿੱਡ ਭਰਨ ਦਾ ਫ਼ਿਕਰ ਹੀ ਨਹੀਂ ਮੁੱਕਿਆ ਸੀ ਸਗੋਂ ਉਹਨਾਂ ਨੂੰ ਇਲਾਜ ਤੇ ਖੁੱਲੇ ਆਸਮਾਨ ਹੇਠ ਰਾਤਾਂ ਗੁਜ਼ਾਰਨ ਦਾ ਫ਼ਿਕਰ ਵੀ ਨਾ ਰਿਹਾ। ਕਿਸਾਨਾਂ ਦੇ ਟੈਂਟ ਇਹਨਾਂ ਦਾ ਬਹੁਤ ਵੱਡਾ ਸਹਾਰਾ ਬਣੇ। ਮੁਫ਼ਤ ਦਵਾਈਆਂ ਦੇ ਸਟਾਲ ਤੇ ਕਿਸਾਨ ਹਸਪਤਾਲ, ਇਹਨਾਂ ਦਾ ਦਰਦ ਹਰਨ ਲੱਗੇ। ਦਿਨ ਰਾਤ ਚੱਲਦੇ ਲੰਗਰ ਪੇਟ ਅੰਦਰਲੀ ਅੱਗ ਨੂੰ ਬੁਝਾਉਣ ਵਿੱਚ ਸਹਾਈ ਹੋਏ। ਜਿਹੜੇ ਲੋਕ ਕਦੇ ਖਾਲੀ ਢਿੱਡ 'ਤੇ ਹੱਥ ਰੱਖ ਕੇ ਸੌਣ ਲਈ ਮਜਬੂਰ ਸਨ, ਹੁਣ ਭਰੇ ਢਿੱਡ ਨਾਲ ਸਕੂਨ ਦੀ ਨੀਂਦ ਸੌਣ ਲੱਗੇ। ਛੋਟੇ ਛੋਟੇ ਬੱਚਿਆਂ ਨਾਲ ਜਦੋਂ ਮੀਡੀਆ ਵਾਲੇ ਲੰਗਰ ਬਾਰੇ ਗੱਲ ਕਰਦੇ ਤਾਂ ਉਹਨਾਂ ਦੀ ਖੁਸ਼ੀ ਨਾ ਸੰਭਾਲੀ ਜਾਂਦੀ। ਉਹਨਾਂ ਦਾ ਕਹਿਣਾ ਹੁੰਦਾ ਕਿ ਐਨਾ ਪੇਟ ਭਰਕੇ ਤਾਂ ਅਸੀਂ ਕਦੇ ਖਾਧਾ ਹੀ ਨਹੀਂ ਸੀ। ਖਾਣੇ ਦੇ ਐਨੇ ਰੰਗ ਵੀ ਹੁੰਦੇ ਨੇ, ਪਤਾ ਨਹੀਂ ਸੀ। ਜਿਹੜੇ ਬੱਚਿਆਂ ਨੇ ਕਦੇ ਸਕੂਲ ਦਾ ਮੂੰਹ ਨਹੀਂ ਵੇਖਿਆ ਸੀ, ਉਹਨਾਂ ਨੂੰ ਇੱਥੇ ਕੁਝ ਨੌਜਵਾਨਾਂ ਵੱਲੋਂ ਪੜ੍ਹਾਇਆ ਜਾਣ ਲੱਗਾ। ਇਸ ਨਾਲ ਉਹਨਾਂ ਨੂੰ ਬਹੁਤ ਕੁਝ ਸਿੱਖਣ



ਸਿਖਾਉਣ ਨੂੰ ਮਿਲਿਆ। ਜਵਾਕ ਕਹਿੰਦੇ ਸਾਨੂੰ ਐਨਾ ਪਿਆਰ ਮਿਲਿਆ ਸੀ ਕਿ ਅੱਜ ਕਿਸਾਨਾਂ ਦੇ ਜਾਣ ਨਾਲ ਅਸੀਂ ਆਪਣੇ ਆਪ ਨੂੰ ਅਨਾਥ ਹੋਏ ਮਹਿਸੂਸ ਕਰ ਰਹੇ ਹਾਂ। ਇਸੇ ਤਰਾਂ ਜਦੋਂ ਮੀਡੀਆ ਵਾਲੇ ਔਰਤਾਂ ਨਾਲ ਗੱਲ ਕਰਦੇ ਤਾਂ ਉਹ ਅੱਖਾਂ ਭਰਦੀਆਂ ਕਹਿੰਦੀਆਂ, "ਕਿਸਾਨਾਂ ਦੇ ਇੱਥੇ ਆਉਣ ਨਾਲ ਅਸੀਂ ਸੁਰੱਖਿਅਤ ਮਹਿਸੂਸ ਕਰਦੀਆਂ ਸੀ। ਐਨਾ ਮਾਣ ਸਨਮਾਨ ਤਾਂ ਸਾਨੂੰ ਕਦੇ ਮਿਲਿਆ ਹੀ ਨਹੀਂ ਸੀ, ਜਿੰਨਾ ਇਹਨਾਂ ਨੇ ਦਿੱਤਾ। ਫੈਕਟਰੀ ਵਿੱਚ ਕੰਮ ਕਰਦਿਆਂ ਵੀ ਅਸੀਂ ਕਦੇ ਰੱਜ ਕੇ ਰੋਟੀ ਨਹੀਂ ਸੀ ਖਾਧੀ। ਪਰ ਇਹਨਾਂ ਦੇ ਆਉਣ ਨਾਲ ਰੁਜ਼ਗਾਰ ਦੇ ਨਾਲ ਨਾਲ ਇੱਜ਼ਤ ਮਾਣ, ਰੱਜਵੀਂ ਰੋਟੀ ਅਤੇ ਹੋਰ ਜ਼ਰੂਰਤਾਂ ਵੀ ਪੂਰੀਆਂ ਹੋਈਆਂ ਸਨ। ਲਾਕਡਾਊਨ ਨੇ ਸਾਡੇ ਕੋਲੋਂ ਬਹੁਤ ਕੁਝ ਖੋਹ ਲਿਆ ਸੀ ਪਰ ਕਿਸਾਨਾਂ ਦੇ ਇੱਥੇ ਆਉਣ ਨਾਲ ਬਹੁਤ ਕੁਝ ਮਿਲਿਆ ਸੀ। ਜਿਵੇਂ ਸਾਨੂੰ ਡਰਾਇਆ ਜਾਂਦਾ ਰਿਹਾ ਸੀ, ਉਂਝ ਦੇ ਤਾਂ ਇਹ ਬਿਲਕੁਲ ਨਹੀਂ ਸਨ।"

ਅਸਲ ਵਿੱਚ ਕਿਸਾਨਾਂ ਵੱਲੋਂ ਇੱਥੇ ਲੰਗਰ ਪਕਾਉਣ, ਬਰਤਨ ਸਾਫ਼ ਕਰਨ ਅਤੇ ਸਾਫ਼ ਸਫ਼ਾਈ ਆਦਿ ਲਈ ਔਰਤਾਂ ਕੋਲੋਂ ਦਿਹਾੜੀ ਉੱਤੇ ਕੰਮ ਕਰਵਾਇਆ ਜਾਂਦਾ ਸੀ। ਦਿਹਾੜੀ ਤੋਂ ਇਲਾਵਾ ਉਹਨਾਂ ਦੀ ਹੋਰ ਵੀ ਬਹੁਤ ਮਦਦ ਕੀਤੀ ਜਾਂਦੀ ਸੀ, ਜਿਸ ਕਾਰਨ ਹੁਣ ਫਿਰ ਇਹਨਾਂ ਨੂੰ ਹਰ ਪੱਖੋਂ ਫ਼ਿਕਰ ਸਤਾਉਣ ਲੱਗਾ ਹੈ।

ਇੱਕ ਹਰਿਆਣੇ ਦੇ ਲੰਗਰ ਵਾਲਿਆਂ ਨੇ ਆਪਣੇ ਕੋਲ ਕੰਮ ਕਰਦੀ ਔਰਤ ਨੂੰ ਜਦੋਂ ਵਾਪਸੀ ਸਮੇਂ ਬਹੁਤ ਸਾਰਾ ਸਮਾਨ ਭਾਂਡੇ, ਮਸ਼ੀਨ, ਕੂਲਰ, ਕੰਬਲ਼ ਵਗੈਰਾ ਦਿੱਤੇ ਤਾਂ ਉਹ ਭਾਵੁਕ ਹੋਈ ਰੋਂਦਿਆਂ ਕਹਿਣ ਲੱਗੀ ਸਾਨੂੰ ਸਮਾਨ ਨਹੀਂ, ਤੁਹਾਡੀ ਲੋੜ ਹੈ। ਉਸ ਦੀਆਂ ਗੱਲਾਂ ਸੁਣ ਤਾਊ ਦੀਆਂ ਅੱਖਾਂ ਵੀ ਭਰ ਆਈਆਂ। ਇਸੇ ਤਰਾਂ ਟਰਾਲੀ ਵਿੱਚ ਬੈਠੇ ਬਾਪੂ ਨੇ ਜਦੋਂ ਇੱਕ ਲੜਕੀ ਨੂੰ ਕਿਹਾ ਕਿ ਅਸੀਂ ਹੁਣ ਵਾਪਸ ਜਾ ਰਹੇ ਹਾਂ ਤਾਂ ਉਸਦੇ ਜਜ਼ਬਾਤ ਅੱਖਾਂ ਰਾਹੀਂ ਵਹਿ ਤੁਰੇ। ਉਹ ਬਾਪੂ ਦੇ ਗਲ਼ ਲੱਗ ਕੇ ਉੱਚੀ ਉੱਚੀ ਰੋਣ ਲੱਗੀ ਜਿਵੇਂ ਆਪਣੇ ਪਰਿਵਾਰ ਦਾ ਕੋਈ ਜੀਅ ਕਿਤੇ ਦੂਰ ਚੱਲਿਆ ਹੋਵੇ। ਅਸਲ ਵਿੱਚ ਇਹ ਬੱਚੇ ਰੋਜ਼ ਇਹਨਾਂ ਬਜ਼ੁਰਗਾਂ ਕੋਲ ਆ ਬੈਠਦੇ ਸਨ ਤੇ ਇਹ ਬਜ਼ੁਰਗ ਉਹਨਾਂ ਦੇ ਖਾਣ-ਪੀਣ ਦਾ ਧਿਆਨ ਰੱਖਦਿਆਂ, ਕੱਪੜੇ ਤੇ ਹੋਰ ਚੀਜ਼ਾਂ ਵਗੈਰਾ ਵੀ ਦਿੰਦੇ ਸਨ। ਇਹਨਾਂ ਬੱਚਿਆਂ ਦਾ ਕਿਸਾਨਾਂ ਨਾਲ ਬਹੁਤ ਮੋਹ ਪਿਆਰ ਬਣ ਗਿਆ ਸੀ। ਇੱਕ ਗੱਲ ਹੋਰ ਪਤਾ ਲੱਗੀ ਕਿ ਜੇ ਕਿਸੇ ਗਲੀ ਮਹੱਲੇ ਵਿੱਚ ਹੋ ਰਹੇ ਵਿਆਹ ਸਮੇਂ ਉਸ ਪਰਿਵਾਰ ਨੂੰ ਕੋਈ ਮੁਸ਼ਕਲ ਆਈ ਤਾਂ ਕਿਸਾਨਾਂ ਨੇ ਉਹਨਾਂ ਦੀ ਵੀ ਪੂਰੀ ਮਦਦ ਕੀਤੀ। ਇੱਥੋਂ ਤਕ ਕਿ ਆਪਣੇ ਟੈਂਟ ਤਕ ਉਹਨਾਂ ਨੂੰ ਵਿਆਹ ਦਾ ਪ੍ਰਬੰਧ ਕਰਨ ਲਈ ਭੇਟ ਕਰ ਦਿੱਤੇ।

ਬਾਰਡਰਾਂ ਉੱਤੇ ਦੁਕਾਨਾਂ ਲੰਮਾ ਸਮਾਂ ਬੰਦ ਰਹੀਆਂ ਸਨ ਪਰ ਅੰਦੋਲਨ ਲੰਮਾ ਚੱਲਣ ਕਾਰਨ ਕੁਝ ਕੁ ਦੁਕਾਨਦਾਰ ਦੁਕਾਨਾਂ ਖੋਲਣ ਲੱਗ ਪਏ ਸਨ। ਹੁਣ ਜਦੋਂ ਬਾਰਡਰ ਖਾਲੀ ਹੋ ਚੁੱਕੇ ਹਨ ਤਾਂ ਦੁਕਾਨਦਾਰ ਸੁੰਨੇ ਸੁੰਨੇ ਮਹਿਸੂਸ ਕਰ ਰਹੇ ਹਨ। ਇੱਕ ਦੁਕਾਨਦਾਰ ਤਾਂ ਇਹ ਕਹਿੰਦਾ ਭਾਵੁਕ ਹੋ ਗਿਆ ਕਿ ਸਾਡਾ ਦੁਕਾਨ ਵਿੱਚ ਵੜਨ ਨੂੰ ਦਿਲ ਨਹੀਂ ਕਰਦਾ। ਬਾਰਡਰਾਂ ਉੱਤੇ ਵਸਣ ਵਾਲਿਆਂ ਤੋਂ ਇਲਾਵਾ ਦਿੱਲੀ ਵਾਸੀ ਹੋਰ ਉਹ ਲੋਕ ਜੋ ਨਿੱਤ ਇੱਥੇ ਆਉਂਦੇ ਤੇ ਮਦਦਗਾਰ ਬਣਦੇ ਰਹੇ, ਉਹ ਵੀ ਉਦਾਸ ਸਨ।

ਦਿੱਲੀ ਦੀਆਂ ਲਾਡੋ ਰਾਣੀਆਂ ਰੋ ਰੋ ਕੇ ਵਿਛੜਣ ਦਾ ਦਰਦ ਬਿਆਨ ਕਰ ਰਹੀਆਂ ਸਨ। ਇਹਨਾਂ ਦਾ ਕਹਿਣਾ ਸੀ ਕਿ ਸਾਨੂੰ ਇੱਥੇ ਬਹੁਤ ਸਾਰਾ ਪਿਆਰ ਹੀ ਨਹੀਂ ਮਿਲਿਆ ਸਗੋਂ ਨਵੇਂ ਰਿਸ਼ਤੇ ਵੀ ਮਿਲੇ ਹਨ। ਇਹਨਾਂ ਰਿਸ਼ਤਿਆਂ ਦਾ ਨਿੱਘ ਮਾਣਦਿਆਂ, ਇਸ ਸਾਂਝ ਨੂੰ ਹਮੇਸ਼ਾ ਦਿਲਾਂ ਵਿੱਚ ਸਮੋਈ ਰੱਖਣ ਲਈ ਇਹਨਾਂ ਨੇ ਪੰਜਾਬੀ ਬੋਲੀ ਅਤੇ ਖਾਣਾ ਬਣਾਉਣਾ ਵੀ ਸਿੱਖ ਲਿਆ ਹੈ। ਹੈਰਾਨੀ ਤਾਂ ਉਦੋਂ ਹੋਈ ਜਦੋਂ ਇਸ ਅੰਦੋਲਨ ਦੌਰਾਨ ਲੱਖਾਂ ਕਰੋੜਾਂ ਰੁਪਏ ਦਾ ਨੁਕਸਾਨ ਕਰਵਾਉਣ ਵਾਲੇ ਵੀ ਵਿਦਾਇਗੀ ਸਮੇਂ ਭਾਵੁਕ ਹੋਏ ਤੋਂ ਬਿਨਾਂ ਨਾ ਰਹਿ ਸਕੇ। ਕਮਾਲ! ਇਸ ਅੰਦੋਲਨ ਨੇ ਜਿੱਤ ਦਾ ਸ਼ਾਨਦਾਰ ਇਤਿਹਾਸ ਹੀ ਨਹੀਂ ਸਿਰਜਿਆ, ਸਗੋਂ ਰਿਸ਼ਤਿਆਂ ਨੂੰ ਵੀ ਨਵੇਂ ਅਰਥ ਦਿੱਤੇ ਹਨ, ਜੋ ਨਫ਼ੇ ਨੁਕਸਾਨ ਤੋਂ ਕਿਤੇ ਉੱਚੇ ਉੱਠੇ ਨਜ਼ਰ ਆਉਂਦੇ ਹਨ। ਕਿਸਾਨਾਂ ਨੇ ਦਿੱਲੀ ਹੀ ਨਹੀਂ ਜਿੱਤੀ, ਸਗੋਂ ਦਿਲ ਜਿੱਤਣ ਵਿੱਚ ਵੀ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ।

ਪਿੱਛੇ ਝਾਤ ਮਾਰੀਏ ਤਾਂ ਯਾਦ ਆਉਂਦਾ ਕਿ ਇੱਕ ਕਾਲਾ ਦੌਰ ਅਜਿਹਾ ਵੀ ਆਇਆ ਸੀ ਜਦੋਂ ਪੱਗਾਂ ਤੋਂ ਲੋਕ ਡਰਨ ਲੱਗੇ ਸਨ। ਦੇਸ਼ ਵਿਦੇਸ਼ ਵਿੱਚ ਵੀ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਣ ਲੱਗਾ ਸੀ। ਪੰਜਾਬ ਵਿੱਚਲੇ ਅੱਤਵਾਦ ਨੇ ਤਾਂ ਜੋ ਨੁਕਸਾਨ ਕੀਤਾ ਹੀ, ਸਿਆਸੀ ਰੋਟੀਆਂ ਸੇਕਣ ਵਾਲਿਆਂ ਨੇ ਉਸ ਤੋਂ ਵੀ ਵਧੇਰੇ ਨੁਕਸਾਨ ਕੀਤਾ ਸੀ। ਬਹੁਤ ਗ਼ਲਤ ਪ੍ਰਚਾਰ ਕਰਕੇ ਸਾਰੀ ਕੌਮ ਨੂੰ ਭੰਡਿਆ ਜਾਂਦਾ ਰਿਹਾ। ਪਰ ਅੱਜ ਮਾਣ ਮਹਿਸੂਸ ਹੋ ਰਿਹਾ ਕਿ ਕਿਸਾਨ ਅੰਦੋਲਨ ਨੇ ਪੰਜਾਬੀਆਂ ਦੀ ਪੱਗ ਦੀ ਸ਼ਾਨ ਨੂੰ ਬਹੁਤ ਉੱਚਾ ਕਰ ਦਿੱਤਾ ਹੈ। ਇਹ ਡਰਾਉਣ ਦੀ ਬਜਾਏ ਸਗੋਂ ਰੋਟੀ ਤੇ ਇੱਜ਼ਤ ਦੇਣ ਦੀ ਪ੍ਰਤੀਕ ਬਣ ਗਈ ਹੈ। ਸ਼ਾਲਾ ਇਹ ਕੌਮ ਇਸੇ ਤਰਾਂ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਹਰ ਜ਼ਰੂਰਤਮੰਦ ਦੀ ਮਦਦਗਾਰ ਬਣਕੇ ਮਾਣ ਵਧਾਉਂਦੀ ਰਹੇ।

# ਕਿਸਾਨੀ ਸੰਘਰਸ਼ ਦੀ ਫ਼ਤਹਿ



**ਸੰਜੀਵ ਸਿੰਘ ਸੈਣੀ, ਮੋਹਾਲੀ**

ਜੂਨ 2020 ਵਿੱਚ ਕੇਂਦਰ ਸਰਕਾਰ ਰਾਹੀਂ ਖੇਤੀਬਾੜੀ ਆਰਡੀਨੈਂਸ ਜਾਰੀ ਕੀਤੇ ਗਏ। ਕਿਸਾਨਾਂ ਨੂੰ ਡਰ ਸਤਾਉਣ ਲੱਗਾ ਕਿ ਇਹ ਬਿੱਲ ਉਨਾਂ ਨੂੰ ਬਰਬਾਦ ਕਰ ਦੇਣਗੇ। ਪਹਿਲਾਂ ਤਾਂ ਕਿਸਾਨਾਂ ਨੇ ਪੰਜਾਬ ਸੂਬੇ ਭਰ ਵਿਚ ਪ੍ਰਦਰਸ਼ਨ ਕੀਤਾ। ਪੰਜਾਬ ਵਿੱਚ ਕਾਰਪੋਰੇਟ ਅਦਾਰਿਆਂ, ਰਿਲਾਇੰਸ ਅਦਾਰਿਆਂ, ਭਾਜਪਾ ਆਗੂਆਂ ਦੇ ਦਫ਼ਤਰਾਂ ਤੇ ਲਗਾਤਾਰ ਧਰਨੇ ਦਿੱਤੇ ਗਏ। ਔਰਤਾਂ, ਨੌਜਵਾਨਾਂ ਨੇ ਵਧ ਚੜ ਕੇ ਹਿੱਸਾ ਲਿਆ। ਹਰ ਇੱਕ ਤਬਕੇ ਨੇ ਆਪਣੀ ਸ਼ਿਰਕਤ ਕੀਤੀ। ਨੌਜਵਾਨਾਂ ਵਿੱਚ ਉਤਸ਼ਾਹ ਦੇਖਣ ਵਾਲਾ ਸੀ।ਪੰਜਾਬ ਵਿੱਚ ਰੇਲ ਚੱਕਾ ਜਾਮ ਕੀਤਾ ਗਿਆ ਸੀ। ਜਦੋਂ ਗੱਲ ਕਿਸੇ ਤਣ-ਪੱਤਣ ਨਾ ਲੱਗ ਸਕੀ ਤਾਂ 26-27 ਨਵੰਬਰ 2020 ਨੂੰ ਦਿੱਲੀ ਵੱਲ ਕੂਚ ਕੀਤਾ ਗਿਆ। ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਦੇ ਰਸਤੇ ਵਿੱਚ ਕਈ ਤਰਾਂ ਦੇ ਰੋੜੇ ਅਟਕਾਏ ਗਏ। ਅੱਥਰੂ ਗੈਸ ਦੇ ਗੋਲੇ, ਪਾਣੀ ਦੀਆਂ ਬੁਛਾੜਾਂ ਦੀ ਪ੍ਰਵਾਹ ਕੀਤੇ ਬਿਨਾਂ ਹੀ ਕਿਸਾਨਾਂ ਨੇ ਹਰਿਆਣਾ ਦੀਆਂ ਸਰਹੱਦਾਂ ਨੂੰ ਪਾਰ ਕੀਤਾ। ਤੇ ਦਿੱਲੀ ਦੀ ਬਰੂਹਾਂ ਤੇ ਡੇਰੇ ਲਗਾ ਲਏ। ਦੇਖਾ- ਦੇਖੀ ਵਿੱਚ ਹੋਰ ਸੂਬਿਆਂ ਦੇ ਕਿਸਾਨਾਂ ਨੇ ਵੀ ਦਿੱਲੀ ਵੱਲ ਵਹੀਰਾਂ ਘੱਤੀਆਂ। ਫਿਰ ਇਹ ਅੰਦੋਲਨ ਜਨ-ਅੰਦੋਲਨ ਬਣ ਗਿਆ। ਜਿਸ ਨੂੰ ਵਿਦੇਸ਼ਾਂ ਵੱਲੋਂ ਵੀ ਭਰਪੂਰ ਸਮਰਥਨ ਮਿਲਿਆ। ਕਿਸਾਨਾਂ ਦੇ ਸਿਦਕ, ਸਿਰੜ ਸਦਕਾ ਇਹ ਅੰਦੋਲਨ ਹੁਣ ਤੱਕ ਬਹੁਤ ਹੀ ਸ਼ਾਂਤਮਈ ਢੰਗ ਨਾਲ ਚੱਲਿਆ।ਖੇਤੀ ਵਿਸ਼ਾ ਜੋ ਸੂਬਿਆਂ ਦਾ ਵਿਸ਼ਾ ਹੈ, ਫਿਰ ਕੇਂਦਰ ਸਰਕਾਰ ਨੇ ਸੂਬਿਆਂ ਤੋਂ ਉਲਟ ਚੱਲ ਕੇ, ਬਿਨਾਂ ਸਲਾਹ ਮਸ਼ਵਰਾ ਕੀਤੇ ਖੇਤੀ ਬਿੱਲ ਕਿਉਂ ਬਣਾਏ। ਤਕਰੀਬਨ ਖੇਤੀ ਮੰਤਰੀ ਨਾਲ ਕਿਸਾਨਾਂ ਦੀਆਂ 11 ਮੀਟਿੰਗਾਂ ਹੋਈਆਂ, ਜੋ ਕਿਸੇ ਤਣ ਪੱਤਣ ਨਾ ਲੱਗ ਸਕੀਆਂ। ਪਹਿਲੇ ਹੀ ਦਿਨ ਤੋਂ ਕੇਂਦਰੀ ਖੇਤੀਬਾੜੀ ਮੰਤਰੀ ਇਨਾਂ ਬਿੱਲਾਂ ਦੀ ਵਕਾਲਤ ਕਰਦੇ ਆ ਰਹੇ ਸਨ। ਕੇਂਦਰੀ ਖੇਤੀਬਾੜੀ ਮੰਤਰੀ ਨੇ ਕਿਹਾ ਹੈ ਕਿ ਸਰਕਾਰ ਬਿੱਲਾਂ ਵਿੱਚ ਸੋਧਾਂ ਕਰਨ ਲਈ ਤਿਆਰ ਹੈ, ਪਰ ਇਹ ਕਾਨੂੰਨਾਂ ਵਿੱਚ ਕੁੱਝ ਵੀ ਗਲਤ ਨਹੀਂ ਹੈ। ਸਰਕਾਰ ਇਨਾਂ ਕਾਨੂੰਨਾਂ ਨੂੰ ਰੱਦ ਨਹੀਂ ਕਰੇਗੀ।ਐਮ ਐਸ ਪੀ ਖ਼ਤਮ ਨਹੀਂ ਹੋਵੇਗੀ।ਕੇਂਦਰ ਸਰਕਾਰ ਵਾਰ-ਵਾਰ ਕਹਿੰਦੀ ਹੈ ਕਿ ਇਹ ਬਿੱਲ ਕਿਸਾਨਾਂ ਲਈ ਲਾਹੇਵੰਦ ਹਨ। ਜੇ ਇਹ ਬਿੱਲ ਕਿਸਾਨਾਂ ਲਈ ਲਾਹੇਵੰਦ ਹਨ ਤਾਂ ਸਰਕਾਰ ਕਾਨੂੰਨਾਂ ਵਿੱਚ ਸੋਧਾਂ ਕਰਨ ਲਈ ਕਿਉਂ ਤਿਆਰ ਹੋਈ ? ਜਦੋਂ ਕਿਸਾਨ ਆਪਣਾ ਫ਼ਾਇਦਾ ਕਰਵਾਉਣਾ ਹੀ ਨਹੀਂ ਚਾਹੁੰਦੇ ਸਨ, ਤਾਂ ਸਰਕਾਰ ਧੱਕੇ ਨਾਲ ਕਿਸਾਨਾਂ ਦੇ ਗਲ਼ ਇਹ ਕਾਨੂੰਨ ਕਿਉਂ ਮੜ ਰਹੀ ਸੀ ? ਕਿਸਾਨਾਂ ਨੂੰ ਮੰਡੀਆਂ ਖਤਮ ਹੋਣ ਦਾ ਵੀ ਡਰ ਸੀ। ਕੇਂਦਰ ਦੇ ਵਜ਼ੀਰ ਕਹਿੰਦੇ ਸਨ ਕਿ ਕਿਸਾਨਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਦਿੱਲੀ ਦੀ ਬਰੂਹਾਂ 'ਤੇ ਟਰੈਕਟਰ ਮਾਰਚ ਕੱਢਿਆ ਗਿਆ। ਪਗੜੀ ਸੰਭਾਲ ਜੱਟਾ ਦਿਵਸ, ਕਿਸਾਨਾਂ ਦੇ ਮਸੀਹਾ ਛੋਟੂ ਰਾਮ ਦੀ ਜਯੰਤੀ ਵੀ ਬਰੂਹਾਂ ਤੇ ਮਨਾਈ ਗਈ। 700 ਦੇ ਕਰੀਬ ਕਿਸਾਨਾਂ ਨੇ ਸ਼ਹੀਦੀ ਵੀ ਦਿੱਤੀ ਹੈ। ਕਿਸਾਨ ਸਮਝਦਾਰ ਹਨ। ਭੋਲੇ-ਭਾਲੇ ਹਨ। ਖੇਤੀ ਕਾਨੂੰਨਾਂ ਵਿੱਚ ਸਾਫ਼ ਸਾਫ਼ ਲਿਖਿਆ ਸੀ, ਕਿ ਇਹ ਕਾਨੂੰਨ ਕਾਰਪੋਰੇਟ ਅਦਾਰੇ ਦੇ ਹੱਕ ਵਿੱਚ ਹਨ।ਆਖਿਰ ਪ੍ਰਧਾਨ ਮੰਤਰੀ ਮੋਦੀ ਜੀ ਨੇ ਗੁਰੂ ਨਾਨਕ ਦੇਵ ਜੀ ਦੇ 552ਵੇ ਪ੍ਰਕਾਸ਼ ਪੁਰਬ ਤੇ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਲਈ ਕਿਹਾ। ਕਿਸਾਨਾਂ ਦੀਆਂ ਸਾਰੀਆਂ ਮੰਗਾਂ ਨੂੰ ਮੰਨਣ ਲਈ ਕਿਹਾ ਤੇ ਕਿਸਾਨਾਂ ਤੋਂ ਮਾਫ਼ੀ ਵੀ ਮੰਗੀ। ਕੇਂਦਰੀ ਖੇਤੀਬਾੜੀ ਸਕੱਤਰ ਵਲੋਂ ਮਿਲੀ ਚਿੱਠੀ ਪ੍ਰਾਪਤ ਹੋਣ ਤੋਂ ਬਾਅਦ ਜਥੇਬੰਦੀਆਂ ਵੱਲੋਂ ਕਿਸਾਨ ਅੰਦੋਲਨ ਨੂੰ ਖ਼ਤਮ ਕਰਨ ਦਾ ਐਲਾਨ ਕੀਤਾ ਗਿਆ। ਕਿਸਾਨਾਂ ਨੇ 11 ਦਸੰਬਰ ਨੂੰ ਆਪਣੇ ਘਰ ਪੁੱਜ ਜਾਣਾ ਹੈ ਤੇ 13 ਦਸੰਬਰ ਨੂੰ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣਗੇ। ਕਿਸਾਨ ਆਗੂਆਂ ਨੇ ਇਹ ਵੀ ਕਿਹਾ ਹੈ ਕਿ ਇਹ ਅੰਦੋਲਨ ਦੀ ਸਮਾਪਤੀ ਨਹੀਂ ਹੈ, ਬਲਕਿ ਇਸ ਨੂੰ ਮੁਲਤਵੀ ਕੀਤਾ ਗਿਆ ਹੈ 15 ਜਨਵਰੀ ਨੂੰ ਮੁੜ ਬੈਠਕ ਕਰਨਗੇ।ਸਰਕਾਰਾਂ ਨੂੰ ਇਤਿਹਾਸ ਵੱਲ ਝਾਤੀ ਮਾਰ ਲੈਣੀ ਚਾਹੀਦੀ ਸੀ ਕਿ ਜਦੋਂ 1960 ਵਿੱਚ ਦੇਸ਼ ਨੂੰ ਅਨਾਜ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਤਾਂ ਸਾਨੂੰ ਵਿਦੇਸ਼ਾਂ ਦੇ ਮੂਹਰੇ ਹੱਥ ਫੈਲਾਉਣੇ ਪਏ ਸਨ ਤਾਂ ਉਹ ਸਾਡੇ ਮੂਹਰੇ ਕਈ ਤਰਾਂ ਦੀਆਂ ਸ਼ਰਤਾਂ ਰੱਖ ਦਿੰਦੇ ਸਨ। ਫਿਰ ਸਾਡੇ ਪੰਜਾਬ, ਹਰਿਆਣਾ ਦੇ ਕਿਸਾਨ ਵੀਰਾਂ ਨੇ ਆਪਣੀ ਮਿਹਨਤ ਸਦਕਾ ਵਧੀਆ ਖਾਦਾਂ, ਬੀਜਾਂ ਦੀ ਵਰਤੋਂ ਕਰਕੇ ਝੋਨੇ, ਕਣਕ ਦੀ ਰਿਕਾਰਡ ਤੋੜ ਪੈਦਾਵਾਰ ਕੀਤੀ। ਇਹ ਕਿਸਾਨਾਂ ਦੀ ਸਭ ਤੋਂ ਵੱਡੀ ਜਿੱਤ ਹੈ। ਖਾਸ ਕਰਕੇ ਪੰਜਾਬੀਆਂ ਦਾ ਇਸ ਵਿਚ ਅਹਿਮ ਯੋਗਦਾਨ ਰਿਹਾ ਹੈ। ਕਿਸਾਨ ਅੰਦੋਲਨ ਨੇ ਇੱਕ ਤਰਾਂ ਨਾਲ ਅੱਜ ਦੇ ਯੂਥ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰ ਦਿੱਤਾ ਹੈ।

## ਜ਼ੁਲਮ-ਏ-ਸਰਹੰਦ

ਕੰਧੇ ਸਰਹੰਦ ਦੀਏ ਤੂੰ ਏ ਕਿ ਕਹਿਰ ਕਮਾਇਆ ਏ
ਨਿੱਕੇ ਨਿੱਕੇ ਬਾਲਾ ਨੂੰ ਤੂੰ ਆਪਣੇ ਵਿੱਚ ਸਮਾਇਆ ਏ ।

ਤੈਨੂੰ ਭੋਰਾ ਸੰਗ ਨਾ ਲੱਗੀ ਤੂੰ ਬਾਲਾ ਨੂੰ ਅਪਣਾਇਆ ਏ
ਕਰਕੇ ਕਹਿਰ ਏ ਤੂੰ ਸਰਹੰਦੇ ਆਪਣਾ ਰੰਗ ਵਿਖਾਇਆ ਏ ।

ਵਜ਼ੀਰ ਖਾਂ ਦੇ ਪਿੱਛੇ ਲੱਗ ਤੂੰ ਆਪਣਾ ਭੇਸ ਵਟਾਇਆ ਏ
ਐਵੇਂ ਕਿਵੇਂ ਤੂੰ ਬਾਲਾ ਨੂੰ ਆਪਣੀ ਬੁੱਕਲ ਵਿੱਚ ਲੁਕਾਇਆ ਏ ।

ਨਿੱਕੇ ਨਿੱਕੇ ਬਾਲਾ ਦੀ ਤੂੰ ਦਸ ਜਿੰਦ ਨੂੰ ਕਿੰਝ ਚਿਣਵਾਇਆ ਏ
ਤੈਨੂੰ ਭੋਰਾ ਤਰਸ ਨਾ ਆਇਆ ਤੂੰ ਬਾਲਾ ਨੂੰ ਹਿੱਕ ਨਾਲ ਲਾਇਆ ਏ

ਨਿੱਕੀ ਉਮਰੇ ਖੇਡਣ ਦੀ ਥਾਂ ਤੂੰ ਨਾਲ ਆਪਣੇ ਖਿਡਾਇਆ ਏ
ਸੱਤ-ਨੌ ਵਰ੍ਹਿਆਂ ਦੇ ਲਾਲਾ ਨੂੰ ਤੂੰ ਜਹਾਨੋਂ ਮਾਰ ਮੁਕਾਇਆ ਏ ।

ਕੰਧੇ ਸਰਹੰਦ ਦੀਏ ਤੂੰ ਏ ਕਿ ਕਹਿਰ ਕਮਾਇਆ ਏ
ਕਰਕੇ ਕਹਿਰ ਏ ਤੂੰ ਸਰਹੰਦੇ ਆਪਣਾ ਰੰਗ ਵਿਖਾਇਆ ਏ ।

ਜਸਕੀਰਤ ਸਿੰਘ
ਮੰਡੀ ਗੋਬਿੰਦਗੜ੍ਹ
ਜ਼ਿਲ੍ਹਾ :- ਸ਼੍ਰੀ ਫ਼ਤਹਿਗੜ੍ਹ ਸਾਹਿਬ
ਸੰਪਰਕ :- 98889-49201

ਅੰਮ੍ਰਿਤਸਰ ਟਾਈਮਜ਼ AMRITSAR TIMES
24 ਦਸੰਬਰ 2021 ਤੋਂ 30 ਦਸੰਬਰ 2021

## ਬੇਅਦਬੀ ਘਟਨਾਵਾਂ : ਵਰਤਾਰੇ ਅਤੇ ਮਨੋਰਥਾਂ ਦੀ ਸ਼ਨਾਖਤ ਕਰਨ ਦੀ ਲੋੜ

ਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤਿ ਗੰਭੀਰ, ਦੁਖਦਾਈ ਅਤੇ ਸੰਵੇਦਨਸ਼ੀਲ ਮਸਲਾ ਹੈ। ਬੇਅਦਬੀ ਦੀਆਂ ਵਾਰ-ਵਾਰ ਵਾਪਰ ਰਹੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਇਹ ਘਟਨਾਵਾਂ ਕਰਵਾਈਆਂ ਜਾ ਰਹੀਆਂ ਹਨ। ਸਾਲ **2015** ਵਿਚ ਜੋ ਘੋਰ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਸਨ, ਉਹਨਾ ਪਿੱਛੇ ਇਕ ਨਿਰਧਾਰਤ ਤਰੀਕਾ-ਕਾਰ ਸੀ। ਉਦੋਂ ਬੇਅਦਬੀ ਗੁਪਤ ਤਰੀਕੇ ਨਾਲ ਕੀਤੀ ਜਾਂਦੀ ਸੀ। ਹੁਣ ਬੇਅਦਬੀਆਂ ਦਾ ਤਰੀਕਾਕਾਰ ਬਦਲ ਰਿਹਾ ਹੈ। ਹਾਲੀਆ ਬੇਅਦਬੀ ਦੀ ਘਟਨਾਵਾਂ ਵਿਚ ਦੋਸ਼ੀਆਂ ਨੇ ਸ਼ਰੇਆਮ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿੱਥੇ ਪਹਿਲਾਂ ਦੂਰਦੁਰਾਡੇ ਜਾਂ ਏਕਾਂਤ ਵਾਲੀਆਂ ਥਾਵਾਂ ਉੱਤੇ ਬੇਅਦਬੀ ਕੀਤੀ ਜਾਂਦੀ ਸੀ ਉੱਥੇ ਹੁਣ ਪ੍ਰਮੁੱਖ ਅਸਥਾਨਾਂ ਉੱਤੇ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

14 ਸਤੰਬਰ 2021 ਨੂੰ ਤਖਤ ਸ੍ਰੀ ਕੇਸਗੜ ਸਾਹਿਬ ਦੇ ਅੰਦਰ ਬੇਅਦਬੀ ਕੀਤੀ ਗਈ। ਦੋਸ਼ੀ ਨੂੰ ਮੌਕੇ ਉੱਤੇ ਫੜ ਕੇ ਪੁਲਿਸ ਹਵਾਲੇ ਕੀਤਾ ਗਿਆ। ਭਾਵੇਂ ਕਿ ਦੋਸ਼ੀ ਦਾ ਸਬੰਧ ਡੇਰਾ ਸਿਰਸਾ ਨਾਲ ਹੋਣਾ ਪ੍ਰਤੱਖ ਹੋ ਗਿਆ ਪਰ ਜਾਂਚ ਦਾ ਦਾਇਰਾ ਬਹੁਤਾ ਨਹੀਂ ਵਧਾਇਆ ਗਿਆ ਅਤੇ ਅਗਲੀਆਂ ਤੰਦਾਂ ਨਹੀਂ ਭਾਲੀਆਂ ਗਈਆਂ। ਫਿਰ 18 ਦਸੰਬਰ 2021 ਨੂੰ ਇਕ ਦੋਸ਼ੀ ਨੇ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਬੇਅਦਬੀ ਦੀ ਕੋਸ਼ਿਸ਼ ਕੀਤੀ ਜਿਸ ਨੂੰ ਮੌਕੇ ਉੱਤੇ ਕਾਬੂ ਕਰ ਲਿਆ ਗਿਆ, ਤੇ ਬਾਅਦ ਵਿਚ ਉਸ ਦਾ ਸੋਧਾ ਲਗਾਏ ਜਾਣ ਦੀ ਜਾਣਕਾਰੀ ਸਾਹਮਣੇ ਆਈ। ਇਹ ਦੋਵੇਂ ਘਟਨਾਵਾਂ ਭਾਵੇਂ ਵੱਖ-ਵੱਖ ਸਮੇਂ ਅਤੇ ਸਥਾਨ ਉੱਤੇ ਵਾਪਰੀਆਂ ਹਨ ਪਰ ਇਹਨਾ ਦਾ ਤਰੀਕਾਕਾਰ ਕਾਫੀ ਮਿਲਦਾ ਜੁਲਦਾ ਹੈ। ਇਹ ਦੋਵੇਂ ਬੇਅਬਦੀ ਘਟਨਾਵਾਂ ਦੇ ਬਦਲੇ ਤਰੀਕਾਕਾਰ ਦੀ ਦੱਸ ਪਾਉਂਦੀਆਂ ਹਨ। ਪਰ ਦੋਵਾਂ ਵਿਚੋਂ ਕਿਸੇ ਵੀ ਘਟਨਾ ਪਿਛੇ ਕੋਈ ਠੋਸ ਜਾਣਕਾਰੀ ਸਾਹਮਣੇ ਨਹੀਂ ਆ ਸਕੀ।

ਇਸ ਦਰਮਿਆਨ **15** ਅਕਤੂਬਰ **2021** ਨੂੰ ਕਿਸਾਨ ਮੋਰਚੇ ਦੌਰਾਨ ਸਿੰਘੂ ਸਰਹੱਦ ਵਿਖੇ ਨਿਹੰਗ ਸਿੰਘਾਂ ਦੇ ਇਕ ਪੜਾਅ ਵਿਖੇ ਸਰਬ ਲੋਹ ਗ੍ਰੰਥ ਦੀ ਬੇਅਦਬੀ ਕਰਨ ਵਾਲੇ ਨੂੰ ਨਿਹੰਗ ਸਿੰਘਾਂ ਨੇ ਸੋਧਾ ਲਗਾ ਦਿੱਤਾ ਤੇ ਸੋਧਾ ਲਗਾਉਣ ਵਾਲਿਆਂ ਨੇ ਆਪਣੀ ਇੱਛਾ ਨਾਲ ਪੁਲਿਸ ਨੂੰ ਗ੍ਰਿਫਤਾਰੀ ਦੇ ਦਿੱਤੀ। ਪਰ ਇਹ ਗੱਲ ਅਜੇ ਵੀ ਰਾਜ ਬਣੀ ਹੋਈ ਹੈ ਕਿ ਬੇਅਦਬੀ ਕਰਨ ਵਾਲੇ ਵਿਅਕਤੀ ਨੂੰ ਸਿੰਘੂ ਬਾਰਡਰ ਵਿਖੇ ਕੌਣ ਲੈ ਕੇ ਗਿਆ ਸੀ ?

ਸ੍ਰੀ ਅੰਮ੍ਰਿਤਸਰ ਦੇ ਘਟਨਾਕ੍ਰਮ ਤੋਂ ਕਰੀਬ **12** ਕੁ ਘੰਟੇ ਬਾਅਦ **19** ਦਸੰਬਰ ਨੂੰ ਤੜਕਸਾਰ ਕਪੂਰਥਲਾ ਦੇ ਇਕ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਵੱਲੋਂ ਫੜੇ ਗਏ ਇਕ ਸ਼ੱਕੀ ਵਿਅਕਤੀ ਨੂੰ ਬੇਅਦਬੀ ਦਾ ਦੋਸ਼ੀ ਦੱਸਿਆ ਗਿਆ ਅਤੇ ਕਰੀਬ **6-7** ਘੰਟੇ ਬਾਅਦ ਪੁਲਿਸ ਦੀ ਹਾਜ਼ਰੀ ਵਿਚ ਉਸ ਨੂੰ ਭਾਰੀ ਰੋਹ ਵਿਚ ਆਏ ਨੌਜਵਾਨਾਂ ਵੱਲੋਂ ਮਾਰ ਦੇਣ ਦੀ ਘਟਨਾ ਵਾਪਰੀ।

ਉੱਪਰੀ-ਥੱਲੀ ਵਾਪਰੀਆਂ ਇਹਨਾ ਘਟਨਾਵਾਂ ਨੂੰ, ਅਤੇ ਖਾਸ ਕਰਕੇ ਕਪੂਰਥਲੇ ਵਾਲੀ ਘਟਨਾ ਨੂੰ ਇੰਡੀਅਨ ਮੀਡੀਏ ਨੇ ਸਿੱਖਾਂ ਵਿਰੁਧ ਭੰਡੀ ਪ੍ਰਚਾਰ ਲਈ ਵਰਤਿਆ ਹੈ।

ਇਸੇ ਦੌਰਾਨ ਇਕ ਘਟਨਾ ਹੋਰ ਵੀ ਵਾਪਰੀ ਸੀ। **15** ਦਸੰਬਰ ਨੂੰ ਇਕ ਵਿਅਕਤੀ ਨੇ ਹਰਿਮੰਦਰ ਸਾਹਿਬ ਦੇ ਅੰਮ੍ਰਿਤਸਰ ਸਰੋਵਰ ਵਿਚ ਗੁਰਬਾਣੀ ਦਾ ਗੁਟਕਾ ਸਾਹਿਬ ਸੁੱਟ ਦਿੱਤਾ ਸੀ। ਦੋਸ਼ੀ ਨੂੰ ਕਾਬੂ ਕਰਕੇ ਪੁਲਿਸ ਦੇ ਹਵਾਲੇ ਕੀਤਾ ਗਿਆ ਸੀ। ਪੁਲਿਸ ਨੇ ਬਿਨਾ ਕਿਸੇ ਖਾਸ ਜਾਂਚ ਪਰਖ ਦੇ ਉਸ ਦਾ ਮਾਨਸਿਕ ਤਵਾਜਨ ਹਿੱਲਿਆ ਹੋਇਆ ਦੱਸਦਿਆਂ ਉਸ ਦਾ ਰਿਮਾਂਡ ਲਏ ਬਿਨਾ ਉਸ ਨੂੰ ਜੇਲ ਭੇਜ ਦਿੱਤਾ।

ਬੇਅਦਬੀ ਘਟਨਾਵਾਂ ਦਾ ਇੰਝ ਵਾਪਰਨਾ ਦਰਸਾਉਂਦਾ ਹੈ ਕਿ ਇਹਨਾ ਦਾ ਪਰਦੇ ਪਿੱਛੋਂ ਕਿਸੇ ਵੱਲੋਂ ਸੰਚਾਲਨ ਕੀਤਾ ਜਾ ਰਿਹਾ ਹੈ। ਇਹ ਸਿਰਫ ਸਾਜਿਸ਼-ਥੋਅ ਕਰਨ ਵਾਲੀ ਗੱਲ ਨਹੀਂ ਹੈ, ਅਜਿਹੀਆਂ ਕਈ ਕੜੀਆਂ ਮੌਜੂਦ ਹਨ ਜੋ ਇਸ ਪਿੱਛੇ ਕਿਸੇ ਤਾਕਤਵਰ ਸੂਤਰਧਾਰ ਦਾ ਹੱਥ ਹੋਣ ਵੱਲ ਇਸ਼ਾਰਾ ਕਰਦੀਆਂ ਹਨ। ਕੇਂਦਰੀ ਜਾਂਚ ਏਜੰਸੀ ਸੀ.ਬੀ.ਆਈ. ਬੁਰਜ ਜਵਾਹਰ ਸਿੰਘ ਵਾਲਾ, ਬਰਗਾੜੀ, ਗੁਰੂਸਰ ਜਲਾਲ ਅਤੇ ਮੱਲ ਕੇ ਬੇਅਬਦੀ ਮਾਮਲੇ ਬੰਦ ਕਰਵਾਉਣ ਉੱਤੇ ਬਜਿਦ ਕਿਉਂ ਹੈ ? ਜਦਕਿ ਪੰਜਾਬ ਪੁਲਿਸ ਦੀ ਜਾਂਚ ਇਸ ਪਿੱਛੇ ਡੇਰਾ ਸਿਰਸਾ ਦਾ ਹੱਥ ਦਰਸਾਅ ਰਹੀ ਹੈ। ਜਨਵਰੀ **2017** ਦੀ ਮੌੜ ਬੰਬ ਧਮਾਕੇ ਦੀ ਜਾਂਚ ਦੌਰਾਨ ਜਦੋਂ ਇਹ ਸਾਹਮਣੇ ਆਇਆ ਕਿ ਇਸ ਪਿੱਛੇ ਡੇਰਾ ਸੌਦਾ ਸਿਰਸਾ ਦਾ ਹੱਥ ਹੈ ਤਾਂ ਜਾਂਚ ਅੱਧ ਵਿਚਾਲੇ ਬੰਦ ਕਰਵਾ ਦਿੱਤੀ ਗਈ।

ਹੁਣ ਜਦੋਂ ਸਿੱਖਾਂ ਨੇ ਇਸ ਖਿੱਤੇ ਵਿਚ ਮਜਲੂਮ ਅਤੇ ਸੰਘਰਸ਼ਸ਼ੀਲ ਧਿਰਾਂ ਦੇ ਸਾਂਝੇ ਸੰਘਰਸ਼ ਵਿਚ ਅਹਿਮ ਭੂਮਿਕਾ ਨਿਭਾਉਣ ਦੀ ਆਪਣੀ ਸਮਰੱਥਾ ਪ੍ਰਤੱਖ ਤੌਰ ਉੱਤੇ ਉਜਾਗਰ ਕੀਤੀ ਹੈ ਤਾਂ ਇੰਡੀਅਨ ਸੇਟਟ/ਏਜੰਸੀਆਂ ਸਿੱਖਾਂ ਨੂੰ ਘੇਰਨ ਲਈ ਚੁਫੇਰਿਓਂ ਕੋਸ਼ਿਸ਼ਾਂ ਕਰ ਰਹੀਆਂ ਹਨ। ਬਦਲੇ ਤਰੀਕਾਕਾਰ ਵਾਲੀਆਂ ਬੇਅਦਬੀ ਦੀਆਂ ਘਟਨਾਵਾਂ ਦੀ ਤੰਦ ਇਹਨਾ ਕੋਸ਼ਿਸ਼ਾਂ ਨਾਲ ਜਰੂਰ ਜੁੜਦੀ ਹੈ। ਇਹ ਘਟਨਾਵਾਂ ਵੱਡੀ ਵਿਓਂਤਬੰਦੀ ਦਾ ਹਿੱਸਾ ਜਾਪਦੀਆਂ ਹਨ। ਇਹ ਸਭ ਨੂੰ ਸਮਝੇ ਬਿਨਾ ਇਸ ਦਾ ਟਾਕਰਾ ਕਰਨਾ ਮੁਸ਼ਕਿਲ ਹੋਵੇਗਾ। ਹਰ ਘਟਨਾ ਨੂੰ ਸਟੇਟ ਖਾਸ ਤਰਾਂ ਦੇ ਪ੍ਰਭਾਵ ਸਿਰਜਣ ਲਈ ਵਰਤੇਗੀ। ਸਿੰਘੂ ਬਾਰਡਰ ਬੇਅਦਬੀ ਘਟਨਾ ਦੇ ਮਾਮਲੇ ਵਿਚ ਇਸ ਪਾਸੇ ਬਿਲਕੁਲ ਮਿੱਥੇ ਕੇ ਕੋਸ਼ਿਸ਼ ਕੀਤੀ ਗਈ ਸੀ ਅਤੇ ਸਿੱਖਾਂ ਨੂੰ ਵੱਖ ਕਰਕੇ ਸਿੱਧੇ ਨਿਸ਼ਾਨੇ ਉੱਤੇ ਲਿਆਉਣ ਦਾ ਯਤਨ ਕੀਤਾ ਗਿਆ। ਹੁਣ ਅੰਮ੍ਰਿਤਸਰ ਅਤੇ ਕਪੂਰਥਲਾ ਵਾਲੀ ਘਟਨਾ ਤੋਂ ਫੌਰਨ ਬਾਅਦ ਵੀ ਅਜਿਹੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ।

ਮੌਜੂਦਾ ਹਾਲਾਤ ਵਿਚ ਸਿੱਖਾਂ ਲਈ ਇਹ ਗੱਲ ਹੋਰ ਵੀ ਵਧੇਰੇ ਗੰਭੀਰ ਹੋ ਕੇ ਵਿਚਾਰਨ ਵਾਲੀ ਹੈ ਕਿ ਇਸ ਘਟਨਾਕ੍ਰਮ ਪਿੱਛੇ ਕਿਸ ਦਾ ਹੱਥ ਹੈ ? ਕੀ ਇਹ ਬਿਪਰ ਬਿਰਤੀ ਵਾਲੇ ਸੰਘ ਪਰਿਵਾਰ ਦਾ ਕਾਰਾ ਹੈ ? ਜਾਂ ਇਹ ਪੱਛਮੀ ਤਾਰਕਿਕ ਬਿਰਤੀ ਵਾਲੀ ਅਫਸਰਸਾਹੀ/ਏਜੰਸੀਆਂ ਕਰਵਾ ਰਹੀਆਂ ਹਨ ? ਜਾਂ ਵਿਸ਼ਵ ਰਾਜਨੀਤੀ ਦੇ ਕਿਸੇ ਪਸਾਰ ਅਨੁਸਾਰ ਕੋਈ ਵਿਸ਼ਵ ਤਾਕਤ ਅਜਿਹਾ ਕਰਵਾ ਰਹੀ ਹੈ ? ਜਿੱਥੇ ਅਸੀਂ ਇਹਨਾ ਘਟਨਾਵਾਂ ਅਤੇ ਇਹਨਾ ਦੇ ਪ੍ਰਤੀਕਰਮ ਬਾਰੇ ਸਿੱਖ ਪੱਖ ਉਭਾਰਨਾ ਹੈ ਓਥੇ ਜਰੂਰੀ ਹੈ ਕਿ ਇਹਨਾ ਘਟਨਾਵਾਂ ਦੀ ਲੜੀ ਅਤੇ ਇਸ ਲੜੀ ਦੇ ਪ੍ਰਸੰਗ ਨੂੰ ਵੀ ਬਰਾਬਰ ਉਭਾਰੀਏ ਤਾਂ ਕਿ ਘਟਨਾਵਾਂ ਪਿਛਲੇ ਵਰਤਾਰੇ ਤੋਂ ਪਰਦਾ ਚੁੱਕਿਆ ਜਾ ਸਕੇ।

ਅਜਿਹਾ ਕੀਤੇ ਬਿਨਾ ਫੇਸਬੁੱਕ ਅਤੇ ਟਿਵੱਟਰ ਉੱਤੇ ਘੜੇ ਜਾ ਰਹੇ ਹਾਂ-ਨਾਂਹ ਪੱਖੀ ਬਿਰਤਾਂਤਾਂ ਵਿਚੋਂ ਵੀ ਸਟੇਟ ਦੀ ਸਿੱਖਾਂ ਨੂੰ ਨਖੇੜ ਕੇ ਸਪਸ਼ਟ ਨਿਸ਼ਾਨੇ ਉੱਤੇ ਲਿਆਉਣ ਦੀ ਕੋਸ਼ਿਸ਼ ਨੂੰ ਚਣੌਤੀ ਨਹੀਂ ਦਿੱਤੀ ਜਾ ਸਕਦੀ।

ਪੰਜਾਬ ਅਤੇ ਇੰਡੀਆ ਦੇ ਅੰਦਰੂਨੀ ਸਿਆਸੀ ਹਾਲਾਤ ਅਤੇ ਦੱਖਣ ਏਸ਼ੀਆਈ ਖਿੱਤੇ ਅਤੇ ਇੰਡੀਆ ਦੀਆਂ ਚੀਨ-ਪਾਕਿਸਤਾਨ ਵਾਲੀਆਂ ਸਰਹੱਦਾਂ ਦੇ ਹਾਲਾਤ ਦੇ ਮੱਦੇਨਜ਼ਰ ਇਹ ਘਟਨਾਵਾਂ ਸਿੱਖਾਂ ਲਈ ਆ ਰਹੇ ਹਾਲਾਤ ਦੀ ਗੰਭੀਰਤਾ ਨੂੰ ਉਜਾਗਰ ਕਰਦੀਆਂ ਹਨ। ਜਿੱਥੇ ਆਉਂਦੇ ਦਿਨਾਂ ਦੇ ਘਟਨਾਕ੍ਰਮ ਉੱਤੇ ਬਾਰੀਕ ਨਜ਼ਰ ਰੱਖਣ ਦੀ ਲੋੜ ਹੋਵੇਗੀ ਓਥੇ ਹਾਲੀਆਂ ਘਟਨਾਕ੍ਰਮ ਨੂੰ ਵੀ ਨਿੱਠ ਕੇ ਘੋਖਣ ਦੀ ਲੋੜ ਹੈ।

# ਭਾਰਤ ਵਿਚ ਪ੍ਰਮੁੱਖ ਮਨੁੱਖੀ ਅਧਿਕਾਰਾਂ ਦੀ ਉਲੰਘਣਾ



**ਰਣਜੀਤ ਸਿੰਘ ਕੁਕੀ**

ਮੌਜੂਦਾ ਸਮੇਂ ਭਾਰਤ ਵਿਚ ਪ੍ਰਮੁੱਖ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ ਜਿਸ ਵਿਚ ਗੈਰ-ਕਾਨੂੰਨੀ ਹੱਤਿਆਵਾਂ, ਪੁਲਿਸ ਦੁਆਰਾ ਗੈਰ-ਨਿਆਂਇਕ ਹੱਤਿਆਵਾਂ, ਪੁਲਿਸ ਅਤੇ ਜੇਲ ਅਧਿਕਾਰੀਆਂ ਦੁਆਰਾ ਕੀਤੇ ਜਾਂਦੇ ਗੈਰ-ਮਨੁੱਖੀ ਵਰਤਾਰੇ, ਸਰਕਾਰੀ ਅਧਿਕਾਰੀਆਂ ਦੁਆਰਾ ਕਿਸੇ ਨੂੰ ਬੰਧੀ ਬਣਾਉਣਾ, ਸਖਤ ਜੇਲ ਸਥਿਤੀਆਂ, ਬੋਲਣ ਦੀ ਅਜ਼ਾਦੀ ਉੱਪਰ ਪਾਬੰਦੀਆਂ, ਨਿਯੰਤ੍ਰਣ, ਗੈਰ-ਸਰਕਾਰੀ ਸੰਸਥਾਵਾਂ ਉੱਪਰ ਕੰਟਰੋਲ, ਰਾਜਨੀਤਿਕ ਭਾਗੀਦਾਰੀ ਉੱਪਰ ਨਿਯੰਤ੍ਰਣ, ਸਾਰੀਆਂ ਸਰਕਾਰੀ ਸੰਸਥਾਵਾਂ ਵਿਚ ਭ੍ਰਿਸ਼ਟਾਚਾਰ, ਔਰਤਾਂ ਵਿਰੁੱਧ ਹਿੰਸਾ ਅਤੇ ਘੱਟ-ਗਿਣਤੀਆਂ ਪ੍ਰਤੀ ਭੇਦਭਾਵ ਆਦਿ ਸ਼ਾਮਿਲ ਹੈ।ਮਿਨੀਆਪੋਲਿਸ ਦੀਆਂ ਗਲੀਆਂ ਤੋਂ ਲੈ ਕੇ ਭਾਰਤ ਵਿਚ ਪੁਲਿਸ ਨਿਗਰਾਨੀ ਤੱਲ ਪੁਲਿਸ ਦੁਆਰਾ ਵਰਤੇ ਜਾਂਦੇ ਗੈਰ-ਕਾਨੂੰਨੀ ਢੰਗ ਬਹੁਤ ਜਿਆਦਾ ਵਧ ਗਏ ਹਨ ਜਿਸ ਦਾ ਨਤੀਜਾ ਕਿਸੇ ਨੂੰ ਜ਼ਖਮੀ ਕਰਨ, ਮੌਤ ਅਤੇ ਸ਼ੱਕੀਆਂ ਨੂੰ ਪੂਰੀ ਤਰਾਂ ਬਰਬਾਦ ਕਰਨ ਦੇ ਰੂਪ ਵਿਚ ਨਿਕਲਦਾ ਹੈ। ਪੁਲਿਸ ਦੁਆਰਾ ਦਿਖਾਈ ਜਾਂਦੀ ਕਰੂਰਤਾ ਨੂੰ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਦੇ ਰੂਪ ਵਿਚ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ ਜਿਸ ਵਿਚ ਇਕ ਪੁਲਿਸ ਅਧਿਕਾਰੀ ਸ਼ੱਕੀ ਵਿਰੁੱਧ ਬਹੁਤ ਜਿਆਦਾ ਬਲ ਦਾ ਪ੍ਰਯੋਗ ਕਰਦਾ ਹੈ।ਇਸ ਵਿਚ ਕਿਸੇ ਨੂੰ ਡਰਾਉਣਾ-ਧਮਕਾਉਣਾ, ਕੁੱਟਣਾ-ਮਾਰਨਾ, ਅੰਦੋਲਨ ਵਿਚ ਦੰਗਾ-ਰੋਕੂ ਮਸ਼ੀਨਰੀ ਦਾ ਪ੍ਰਯੋਗ, ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ ਅਤੇ ਮੌਤ ਵੀ ਸ਼ਾਮਿਲ ਹੈ।ਪੁਲਿਸ ਦੀਆਂ ਇਹ ਗੈਰ-ਕਾਨੂੰਨੀ ਗਤੀਵਿਧੀਆਂ ਅਸਲ ਵਿਚ ਜਿਉਣ ਦੇ ਅਧਿਕਾਰ ਅਤੇ ਨਿੱਜੀ ਅਜ਼ਾਦੀ ਦੇ ਅਧਿਕਾਰ ਦੀ ਉਲੰਘਣਾ ਹੈ।ਭਾਰਤ ਵਿਚ ਪੁਲਿਸ ਨਿਗਰਾਨੀ ਹੇਠ ਹੋਈਆਂ ਗੈਰ-ਕਾਨੂੰਨੀ ਹੱਤਿਆਵਾਂ ਦਾ ਇਕ ਲੰਮਾ ਇਤਿਹਾਸ ਹੈ।ਸ਼ੱਕੀ ਖਿਲਾਫ ਸਬੂਤ ਜੁਟਾਉਣ ਦੀ ਕੋਸ਼ਿਸ਼ ਵਿਚ ਪੁਲਿਸ ਹਿੰਸਕ ਹੋ ਜਾਂਦੀ ਹੈ ਜੋ ਕਿ ਵਿਅਕਤੀਆਂ ਨੂੰ ਮਾਨਸਿਕ ਅਤੇ ਸਰੀਰਕ ਰੂਪ ਵਿਚ ਬਹੁਤ ਪ੍ਰਭਾਵਿਤ ਕਰਦਾ ਹੈ।ਐਮਰਜੈਂਸੀ ਸਮੇਂ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵੱਡੇ ਰੂਪ ਵਿਚ ਹੋਈ ਸੀ**1980** ਵਿਆਂ ਵਿਚ ਇਸ ਦੀ ਗੰਭੀਰਤਾ ਵਿਚ ਹੋਰ ਜਿਆਦਾ ਵਾਧਾ ਹੋ ਗਿਆ ਸੀ।ਇਸ ਤੋਂ ਬਾਅਦ ਤਸੀਹੇ ਦੇਣ ਦੀਆਂ ਤਕਨੀਕਾਂ ਵਿਚ ਵੀ ਭਾਰੀ ਬਦਲਾਅ ਆਇਆ ਸੀ ਜੋ ਕਿ ਦੋਸ਼ੀ ਉੱਪਰ ਕੋਈ ਸਰੀਰਕ ਜ਼ਖਮ ਨਹੀਂ ਸਨ ਛੱਡਦੀਆਂ।ਅੱਸੀਵਿਆਂ ਦੇ ਅੰਤ ਤੱਕ ਸੈਂਕੜੇ ਹੀ ਲੋਕਾਂ ਨੂੰ ਤਸੀਹੇ ਦਿੱਤੇ ਗਏ ਅਤੇ ਉਨਾਂ ਦੀਆਂ ਗੈਰ-ਨਿਆਂਇਕ ਹੱਤਿਆਵਾਂ ਹੋਈਆਂ।ਬਹੁਤ ਸਾਰੇ ਕੇਸਾਂ ਵਿਚ ਇਹ ਮਹਿਜ਼ ਸ਼ੱਕ ਦੇ ਅਧਾਰ ’ਤੇ ਕੀਤਾ ਗਿਆ।ਪੁਲਿਸ ਦੁਆਰਾ ਨਿਰਦਈ ਤਰੀਕੇ ਨਾਲ ਮਾਰੇ ਗਏ ਨੌਜਵਾਨਾਂ ਨੂੰ ਖੇਤਾਂ ਜਾਂ ਜਲ-ਸ੍ਰੋਤਾਂ ਵਿਚ ਸੁੱਟ ਦਿੱਤਾ ਗਿਆ।ਸਿੱਖ ਨੌਜਵਾਨਾਂ ਨੂੰ ਇਸ ਦਾ ਬਹੁਤ ਸਾਹਮਣਾ ਕਰਨਾ ਪਿਆ ਕਿਉਂਕਿ ਉਨਾਂ ਦੀਆਂ ਰਾਜਨੀਤਿਕ ਇਛਾਵਾਂ ਨੂੰ ਬਹੁਤ ਹੀ ਸਖਤੀ ਨਾਲ ਦਬਾਇਆ ਗਿਆ।

ਸੰਯੁਕਤ ਰਾਜ ਅਮਰੀਕਾ ਦੁਆਰਾ ਜਾਰੀ ਕੀਤੀ ਗਈ ਇਕ ਰਿਪੋਰਟ ਵਿਚ ਭਾਰਤ ਵਿਚ ਇਕ ਦਰਜਨ ਤੋਂ ਵੀ ਵੱਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕੇਸ ਸਾਹਮਣੇ ਆਏ।ਇਸ ਵਿਚ ਪ੍ਰਮੁੱਖ ਰੂਪ ਵਿਚ ਗੈਰ-ਕਾਨੂੰਨੀ ਹੱਤਿਆਵਾਂ ਅਤੇ ਪੁਲਿਸ ਦੁਆਰਾ ਕੀਤੇ ਨਿਰਦਈ ਕਾਰੇ ਸ਼ਾਮਿਲ ਹਨ।ਇਸ ਰਿਪੋਰਟ ਵਿਚ ਬੋਲਣ ਦੀ ਅਜ਼ਾਦੀ ਉੱਪਰ ਪਾਬੰਦੀਆਂ, ਪ੍ਰੈਸ ਦੀ ਅਜ਼ਾਦੀ ਉੱਪਰ ਨਿਯੰਤ੍ਰਣ, ਪੱਤਰਕਾਰਾਂ ਵਿਰੁੱਧ ਵਧਦੀਆਂ ਹਿੰਸਕ ਘਟਨਾਵਾਂ, ਸੋਸ਼ਲ ਮੀਡੀਆ ਉੱਪਰ ਨਿਯੰਤ੍ਰਣ, ਸਾਈਟ ਨੂੰ ਬਲੌਕ ਕਰਨ ਬਾਰੇ ਵੀ ਗੱਲ ਕੀਤੀ ਗਈ ਹੈ।ਸਰਕਾਰ ਆਮ ਤੌਰ ਤੇ ਇਸ ਅਧਿਕਾਰ ਦੀ ਉਲੰਘਣਾ ਨਹੀਂ ਕਰਦੀ ਹੈ, ਪਰ ਇਸ ਸਮੇਂ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਦੇਖਣ ਨੂੰ ਮਿਲੀਆਂ ਜਿਸ ਵਿਚ ਸਰਕਾਰ ਦੀ ਆਲੋਚਨਾ ਕਰਨ ਵਾਲੇ ਮੀਡੀਆ ਘਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਕਈ ਸਾਰੇ ਕੇਸਾਂ ਵਿਚ ਰਾਜਨੀਤਿਕ ਵਿਚਾਰ ਪ੍ਰਗਟਾਉਣ ਨੂੰ ਨਫਰਤੀ ਭਾਸ਼ਣਾਂ ਨਾਲ ਜੋੜਿਆ ਗਿਆ। ਸਰਕਾਰ ਦੀ ਆਲੋਚਨਾ ਕਰਨ ਵਾਲੇ ਪੱਤਰਕਾਰਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਗਿਆ।

ਇਸ ਰਿਪੋਰਟ ਵਿਚ ਮੁਖ ਜੱਜ ਦੀ ਆਲੋਚਨਾ ਦੇ ਦੋਸ਼ ਵਿਚ ਵਕੀਲ ਪ੍ਰਸ਼ਾਂਤ ਭੂਸ਼ਣ ਨੂੰ ਅਦਾਲਤ ਦੇ ਮਾਣ-ਹਾਨੀ ਦੇ ਦੋਸ਼ ਵਿਚ ਦੋ ਸਾਲ ਦੀ ਸਜ਼ਾ ਸੁਣਾਉਣ ਅਤੇ ਪਿਛਲ਼ੇ ਛੇ ਸਾਲਾਂ ਵਿਚ ਸਰਵ-ਉੱਚ ਅਦਾਲਤ ਦੁਆਰਾ ਨਿਭਾਏ ਰੋਲ ਬਾਰੇ ਵੀ ਜ਼ਿਕਰ ਮਿਲਦਾ ਹੈ। ਇਸ ਦੇ ਨਾਲ ਹੀ ਮੀਡੀਆ ਘਰ ‘ਦ ਵਾਇਰ’ ਦੇ ਸੰਪਾਦਕ ਸਿਧਾਰਥ ਵਰਧਰਾਜਨ ਦੁਆਰਾ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਆਨਾਥ ਦੇ ਸੰਬੰਧ ਵਿਚ ਕੀਤੇ ਟਵੀਟ ਬਾਰੇ ਵੀ ਲਿਖਿਆ ਗਿਆ ਹੈ।ਬਹੁਤ ਸਾਰੀਆਂ ਅੰਤਰ-ਰਾਸ਼ਟਰੀ ਸੰਸਥਾਵਾਂ ਨੇ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਉੱਪਰ ਸੁਆਲ ਉਠਾਏ ਹਨ।ਇਸ ਵਿਚ ਘੱਟ-ਗਿਣਤੀਆਂ ਦੇ ਹੱਕਾਂ ਦੀ ਰਾਖੀ ਬਾਰੇ ਜ਼ਾਹਿਰ ਕੀਤੀ ਚਿੰਤਾ ਵੀ ਸ਼ਾਮਿਲ ਹੈ।ਨਾਗਰਿਕਤਾ ਸੋਧ ਕਾਨੂੰਨ ਨੂੰ ਪੇਸ਼ ਕੀਤੇ ਜਾਣਾ ਅਤੇ ਜੰਮੂ ਅਤੇ ਕਸ਼ਮੀਰ ਤੋਂ ਸੂਬੇ ਦਾ ਦਰਜਾ ਖੋਹ ਲੈਣਾ ਵੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਚ ਹੀ ਆਉਂਦੇ ਹਨ।ਇਸ ਤਰਾਂ ਦੀਆਂ ਘਟਨਾਵਾਂ ਨੇ ਦੇਸ਼ ਵਿਚ ਘੱਟ-ਗਿਣਤੀਆਂ ਵਿਚ ਇਕ ਡਰ ਪੈਦਾ ਕਰ ਦਿੱਤਾ ਹੈ।

ਬਹੁਤ ਸਾਲਾਂ ਤੋਂ ਭਾਰਤ ਵਿਚ ਦਲਿਤਾਂ ਵਿਰੁੱਧ ਅੱਤਿਆਚਾਰ ਹੁੰਦੇ ਆਏ ਹਨ।ਹਿੰਦੂ ਜਾਤੀ ਵਿਵਸਥਾ ਵਿਚ ਦਲਿਤਾਂ ਨੂੰ ਸਭ ਤੋਂ ਨੀਵੇਂ ਦਰਜੇ ਦਾ ਮੰਨਿਆ ਜਾਂਦਾ ਹੈ।ਸਮਾਜਿਕ ਵੰਡਬੰਦੀ ਵਿਚ ਭਾਰਤੀ ਜਾਤੀ ਵਿਵਸਥਾ ਸਭ ਤੋਂ ਪੁਰਾਣੀ ਹੈ।ਇਸਾਈ ਅਤੇ ਮੁਸਲਿਮ ਭਾਈਚਾਰਿਆਂ ਨਾਲ ਸੰਬੰਧਿਤ ਬਹੁਤ ਸਾਰੇ ਲੋਕਾਂ ਲਈ ਰੋਜਮੱਰਾ ਦੀ ਜ਼ਿੰਦਗੀ ਬਹੁਤ ਮੁਸ਼ਕਿਲ ਹੋ ਗਈ ਹੈ। ਉਨਾਂ ਉੱਪਰ ਆਪਣੇ ਧਰਮ ਦੀ ਪਾਲਣਾ ਕਰਨ ਸੰਬੰਧੀ ਵੀ ਕਈ ਸਾਰੀਆਂ ਪਾਬੰਦੀਆਂ ਆਇਤ ਕੀਤੀਆਂ ਗਈਆਂ ਹਨ।ਹਿੰਦੂਵਾਦੀ ਸੰਸਥਾਵਾਂ ਦਾ ਜਨਤਕ ਘੇਰਾ ਪਿਛਲ਼ੇ ਸਾਲਾਂ ਵਿਚ ਵਿਸ਼ਾਲ ਹੋ ਗਿਆ ਹੈ।ਘੱਟ-ਗਿਣਤੀਆਂ ਉੱਪਰ ਹੁੰਦੇ ਹਮਲਿਆਂ ਕਰਕੇ ਅਪ੍ਰੈਲ **2021** ਵਿਚ ਅੰਤਰਰਾਸ਼ਟਰੀ ਧਾਰਮਿਕ ਅਜ਼ਾਦੀ ਕਮਿਸ਼ਨ ਨੇ ਇਹ ਬੇਨਤੀ ਕੀਤੀ ਸੀ ਕਿ ਅਮਰੀਕੀ ਸਟੇਟ ਵਿਭਾਗ ਨੂੰ ਭਾਰਤ ਨੂੰ “ਵਿਸ਼ੇਸ਼ ਸਰੋਕਾਰਾਂ” ਵਾਲਾ ਦੇਸ਼ ਘੋਸ਼ਿਤ ਕਰ ਦਿੱਤਾ ਜਾਣਾ ਚਾਹੀਦਾ ਹੈ।ਇਸ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਭਾਰਤ ਸਰਕਾਰ ਨੇ ਹਿੰਦੂਵਾਦੀ ਰਾਸ਼ਟਰਵਾਦੀ ਨੀਤੀਆਂ ਦਾ ਪ੍ਰਭਾਵ ਕਬੂਲਿਆ ਹੈ ਜਿਸ ਦਾ ਨਤੀਜਾ ਧਾਰਮਿਕ ਅਜ਼ਾਦੀ ਦੀ ਵ ਉਲੰਘਣ ਦੇ ਰੂਪ ਵਿਚ ਨਿਕਲਿਆ ਹੈ।ਮਨੁੱਖੀ ਅਧਿਕਾਰਾਂ ਸੰਬੰਧੀ ਵਿਸ਼ਵ ਰਿਪੋਰਟ **2021**ਵਿਚ ਇਹ ਕਿਹਾ ਗਿਆ ਕਿ ਭਾਜਪਾ ਦੀ ਸਰਕਾਰ ਅਧੀਨ ਲਗਾਤਾਰ ਮਨੁੱਖੀ ਅਧਿਕਾਰ ਕਾਰਕੁੰਨਾਂ, ਪੱਤਰਕਾਰਾਂ, ਵਿਦਿਆਰਥੀਆਂ ਅਤੇ ਸਰਕਾਰ ਦੀ ਨੀਤੀ ਦੀਆਂ ਆਲੋਚਨਾ ਕਰਨ ਵਾਲਿਆਂ ਨੂੰ ਤੰਗ-ਪ੍ਰੇਸ਼ਾਨ, ਗ੍ਰਿਫਤਾਰ ਕੀਤਾ ਗਿਆ। ਮਨੁੱਖੀ ਅਧਿਕਾਰ ਐਮਨੇਸਟੀ ਨੇ ਵੀ ਭਾਰਤ ਵਿਚ ਹੁੰਦੀਆਂ ਇਹਨਾਂ ਘਟਨਾਵਾਂ ਉੱਪਰ ਚਿੰਤਾ ਜ਼ਾਹਿਰ ਕੀਤੀ।ਉਨਾਂ ਦੀ ਰਿਪੋਰਟ ਵਿਚ ਕਿਹਾ ਗਿਆ ਕਿ ਭਾਰਤ ਵਿਚ ਬੋਲਣ ਦੀ ਅਜ਼ਾਦੀ ਦੇ ਅਧਿਕਾਰ ਦੇਣ ਵਿਚ ਵੀ ਭੇਦਭਾਵ ਕੀਤਾ ਗਿਆ ਅਤੇ ਵਿਰੋਧ ਨੂੰ ਬਹੁਤ ਹੀ ਮਜਬੂਤੀ ਨਾਲ ਦਬਾਇਆ ਗਿਆ।

ਭਾਰਤ ਨੇ ਮਨੁੱਖੀ ਅਧਿਕਾਰਾਂ ਪ੍ਰਤੀ ਆਪਣੀ ਪ੍ਰਤੀਬੱਧਤਾ ਜ਼ਾਹਿਰ ਕਰਦੇ ਹੋਏ ਇਹਨਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਇਸ ਨੇ ਅਪ੍ਰੈਲ **2021** ਵਿਚ ਭਾਰਤ-ਯੂਰਪੀ ਯੂਨੀਅਨ ਸੰਵਾਦ ਵਿਚ ਮਨੁੱਖੀ ਅਧਿਕਾਰਾਂ ਪ੍ਰਤੀ ਆਪਣੀ ਪ੍ਰਤੀਬੱਧਤਾ ਅਤੇ ਨਿਸ਼ਠਾ ਬਾਰੇ ਭਰੋਸਾ ਦੁਆਇਆ।ਭਾਰਤੀ ਦੇ ਮੁਖ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਭਾਰਤ ਵਿਚ ਨਾਗਰਿਕ ਸਮਾਜੀ ਸਮੂਹਾਂ ਦਾ “ਯੁੱਧ ਦੇ ਨਵੇਂ ਫਰੰਟ” ਦੇ ਰੂਪ ਵਿਚ ਵੇਰਵਾ ਦਿੱਤਾ ਅਤੇ ਕਿਹਾ ਕਿ ਉਨਾਂ ਨੂੰ “ਰਾਸ਼ਟਰ ਦੇ ਹਿੱਤਾਂ ਨੂੰ ਨੁਕਸਾਨ” ਪਹੁੰਚਾਉਣ ਲਈ ਵਰਤਿਆ ਜਾ ਸਕਦਾ ਹੈ।ਪ੍ਰਧਾਨ ਮੰਤਰੀ ਮੋਦੀ ਨੇ ਵੀ ਇਹਨਾਂ ਵਿਚਾਰਾਂ ਨਾਲ ਆਪਣੀ ਮੁਤਫ਼ਿਕਤਾ ਜ਼ਾਹਿਰ ਕੀਤੀ।

# ਰਸਾਤਲ ਵੱਲ ਕਿਉਂ ਜਾ ਰਹੀ ਐ ਭਾਰਤੀ ਜਮਹੂਰੀਅਤ



**ਸ਼ਿਵਕਾਂਤ ਸ਼ਰਮਾ**

ਫਰੀਡਮ ਹਾਊਸ ਨਾਂ ਦੀ ਸੰਸਥਾ ਅਨੁਸਾਰ ਪਿਛਲੇ ਸਾਲ ਦੁਨੀਆ ਦੇ 73 ਦੇਸ਼ਾਂ ਵਿਚ ਜਮਹੂਰੀਅਤ ਕਮਜ਼ੋਰ ਪਈ। ਇਨਾਂ ਵਿਚ ਦੁਨੀਆ ਦਾ ਸਭ ਤੋਂ ਪੁਰਾਣਾ ਲੋਕਤੰਤਰ ਅਮਰੀਕਾ ਤੇ ਸਭ ਤੋਂ ਵੱਡਾ ਲੋਕਤੰਤਰ ਭਾਰਤ ਦੋਵੇਂ ਸ਼ਾਮਲ ਸਨ। ਇਸ ਸਾਲ ਲੋਕਤੰਤਰ ਦੇ ਨਿਵਾਣਾਂ ਵੱਲ ਜਾਣ ਦੀ ਰਫ਼ਤਾਰ ਹੋਰ ਤੇਜ਼ ਹੋਈ। ਮਿਆਂਮਾਰ ਤੇ ਸੂਡਾਨ 'ਚ ਲੋਕਤੰਤਰ ਲਈ ਅੰਦੋਲਨ ਕਰਨ ਵਾਲਿਆਂ ਨੂੰ ਜਲਾਵਤਨੀ, ਸਜ਼ਾ ਤੇ ਮੌਤ ਦਾ ਸਾਹਮਣਾ ਕਰਨਾ ਪਿਆ। ਹਾਂਗਕਾਂਗ ਦੀ ਖ਼ੁਦਮੁਖਤਿਆਰੀ ਨੂੰ ਨੱਥ ਪਾਈ ਗਈ। ਤਾਈਵਾਨ ਦੇ ਆਸਮਾਨ 'ਤੇ ਚੀਨੀ ਜਹਾਜ਼ ਮੰਡਰਾ ਰਹੇ ਹਨ ਤੇ ਰੂਸੀ ਫ਼ੌਜਾਂ ਯੂਕ੍ਰੇਨ ਦੇ ਦਰਵਾਜ਼ੇ 'ਤੇ ਦਸਤਕ ਦੇ ਰਹੀਆਂ ਹਨ।

ਅਸੀਂ ਕਹਿ ਸਕਦੇ ਹਾਂ ਕਿ ਤਾਨਾਸ਼ਾਹੀ ਤਾਕਤਾਂ ਲੋਕਤੰਤਰ 'ਤੇ ਹਾਵੀ ਹੁੰਦੀਆਂ ਜਾ ਰਹੀਆਂ ਹਨ। ਦੂਜੇ ਨਜ਼ਰੀਏ ਤੋਂ ਦੇਖੀਏ ਤਾਂ ਲੋਕਤੰਤਰ ਦਾ ਠੱਪਾ ਸੱਤਾ ਦੀ ਵਿਧਾਨਕਤਾ ਤੇ ਸੁਸ਼ਾਸਨ ਦਾ ਦੂਜਾ ਨਾਂ ਬਣ ਚੁੱਕਿਆ ਹੈ। ਤਾਨਾਸ਼ਾਹ ਦੇਸ਼ ਵੀ ਆਪਣੀ ਵਿਵਸਥਾ ਨੂੰ ਜਮਹੂਰੀ ਸਿੱਧ ਕਰਨ ਵਿਚ ਜੁਟੇ ਹਨ। ਇਕਦਲੀ ਸ਼ਾਸਨ ਵਾਲੇ ਚੀਨ ਨੇ ਦਾਅਵਾ ਕੀਤਾ ਹੈ ਕਿ ਚੀਨ ਦੀ ਪੀਪਲਜ਼ ਕਾਂਗਰਸ ਦੀਆਂ ਚੋਣਾਂ ਦੁਨੀਆ ਦੀਆਂ ਸਭ ਤੋਂ ਵੱਡੀਆਂ ਚੋਣਾਂ ਹੁੰਦੀਆਂ ਹਨ। ਇਸ ਲਈ ਚੀਨ ਦੁਨੀਆ ਦਾ ਸਭ ਤੋਂ ਵੱਡਾ ਤੇ ਸਥਿਰ ਲੋਕਤੰਤਰ ਹੈ, ਜਿਸ 'ਚ ਭਾਰਤ ਜਿਹੀ ਅਰਾਜਕਤਾ ਤੇ ਸਥਿਰਤਾ ਨਹੀਂ ਹੈ। ਰੂਸ ਦਾ ਦਾਅਵਾ ਹੈ ਕਿ ਉਨਾਂ ਦਾ ਬਹੁਦਲੀ ਲੋਕਤੰਤਰ ਹੈ। ਈਰਾਨ ਵੀ ਬਹੁਦਲੀ ਲੋਕਤੰਤਰ ਹੋਣ ਦਾ ਦਾਅਵਾ ਕਰ ਸਕਦਾ ਹੈ ਯਾਨੀ ਲੋਕਤੰਤਰ 'ਤੇ ਦੋਤਰਫ਼ਾ ਹਮਲਾ ਹੋ ਰਿਹਾ ਹੈ।

ਜਿੱਥੇ ਲੋਕਤੰਤਰ ਹੈ, ਉੱਥੇ ਪਹਿਲਾਂ ਸੱਤਾ ਹਥਿਆਉਣ ਤੇ ਫਿਰ ਉਸ 'ਤੇ ਕਾਬਜ਼ ਰਹਿਣ ਲਈ ਤਾਨਾਸ਼ਾਹੀ, ਧਰੁਵੀਕਰਨ ਅਤੇ ਪ੍ਰਗਟਾਵੇ 'ਤੇ ਰੋਕ ਲਾਉਣ ਜਿਹੇ ਹੱਥਕੰਡੇ ਅਪਣਾਏ ਜਾ ਰਹੇ ਹਨ। ਜਿੱਥੇ ਲੋਕਤੰਤਰ ਨਹੀਂ ਹੈ, ਉੱਥੇ ਤਾਨਾਸ਼ਾਹੀ ਨੂੰ ਜਾਇਜ਼ ਠਹਿਰਾਉਣ ਲਈ ਉਸ ਨੂੰ ਜਮਹੂਰੀਅਤ ਦੇ ਸਥਾਨਕ ਤੇ ਜ਼ਿਆਦਾ ਢੁਕਵੇਂ ਰੂਪ 'ਚ ਪੇਸ਼ ਕਰ ਕੇ ਦੁਨੀਆ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਇਹ ਲਗਾਤਾਰ ਪੰਜਵਾਂ ਸਾਲ ਹੈ ਜਦੋਂ ਲੋਕਤੰਤਰ ਵੱਲ ਵਧਣ ਵਾਲੇ ਦੇਸ਼ਾਂ ਦੇ ਮੁਕਾਬਲੇ ਤਾਨਾਸ਼ਾਹੀ ਕੀਤੀ ਤੇ ਜਮਹੂਰੀਅਤ ਦੀ ਅਣਦੇਖੀ ਕਰਨ ਵਾਲੇ ਦੇਸ਼ਾਂ ਦੀ ਗਿਣਤੀ ਜ਼ਿਆਦਾ ਰਹੀ। ਇਸ ਸੂਰਤ 'ਚ ਲੋਕਤੰਤਰ 'ਤੇ

ਆਲਮੀ ਸਿਖਰ ਸੰਮੇਲਨ ਦਾ ਵਿਚਾਰ ਬੁਰਾ ਨਹੀਂ ਸੀ ਪਰ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਇਸ ਲਈ ਜਿਸ ਤਰਾਂ ਕੁਝ ਦੇਸ਼ਾਂ ਨੂੰ ਸੱਦਾ ਭੇਜਿਆ ਤੇ ਕੁਝ ਨੂੰ ਨਹੀਂ ਤਾਂ ਉਸ 'ਤੇ ਸਵਾਲ ਉੱਠਣੇ ਸੁਭਾਵਿਕ ਸਨ।

ਲੋਕਤੰਤਰ ਦੇ ਮੰਚ 'ਤੇ ਅਮਰੀਕੀ ਲੀਡਰਸ਼ਿਪ ਦੇ ਉੱਚਿਤ ਹੋਣ ਸਬੰਧੀ ਵੀ ਸਵਾਲ ਉੱਠਣਾ ਲਾਜ਼ਮੀ ਹੈ ਕਿਉਂਕਿ ਇਕ ਤੋਂ ਬਾਅਦ ਇਕ ਅਮਰੀਕੀ ਰਾਜ ਵੋਟਿੰਗ ਦੇ ਅਧਿਕਾਰਾਂ 'ਤੇ ਰੋਕ ਲਾਉਂਦੇ ਜਾ ਰਹੇ ਹਨ। ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੀਆਂ ਚੋਣਾਂ 'ਚ




ਨਾ ਸਿਰਫ਼ ਆਪਣੀ ਹਾਰ ਮੰਨਣ ਤੋਂ ਇਨਕਾਰ ਕੀਤਾ ਸਗੋਂ ਸੱਤਾ ਦੀ ਸ਼ਾਂਤੀਪੂਰਨ ਤਬਦੀਲੀ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ।

ਇਸ ਲੋਕਤੰਤਰ ਸਿਖਰ ਸੰਮੇਲਨ ਵਿਚ ਭਾਗ ਲੈਣ ਵਾਲੇ ਦੇਸ਼ਾਂ ਨੇ ਤਿੰਨ ਟੀਚਿਆਂ 'ਤੇ ਠੋਸ ਪ੍ਰਤੀਬੱਧਤਾ ਪ੍ਰਗਟ ਕਰਨੀ ਸੀ : ਤਾਨਾਸ਼ਾਹੀ ਪ੍ਰਵਿਰਤੀ ਨੂੰ ਰੋਕਣਾ, ਭ੍ਰਿਸ਼ਟਾਚਾਰ ਮਿਟਾਉਣਾ ਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਨਾਂ ਤਿੰਨੋਂ ਟੀਚਿਆਂ 'ਤੇ ਕੁਝ ਵਚਨ ਦੇਣ ਜਾਂ ਜਿਨਾਂ ਗੱਲਾਂ ਨੂੰ ਲੈ ਕੇ ਭਾਰਤ ਦੀ ਆਲੋਚਨਾ ਹੋ ਰਹੀ ਹੈ, ਉਨਾਂ 'ਤੇ ਕੁਝ ਕਹਿਣ ਦੀ ਬਜਾਏ ਭਾਰਤ ਦੇ ਜਨ- ਜਨ 'ਚ ਵਸੀ ਲੋਕਤੰਤਰ ਦੀ ਭਾਵਨਾ 'ਤੇ ਜ਼ੋਰ ਦਿੱਤਾ। ਉਨਾਂ ਕਿਹਾ ਕਿ ਭਾਰਤ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਉਣ ਤੇ ਪ੍ਰਸ਼ਾਸਨ ਦੇ ਹਰ ਖੇਤਰ 'ਚ ਡਿਜੀਟਲ ਹੱਲ ਜ਼ਰੀਏ ਪਾਰਦਰਸ਼ਿਤਾ ਲਿਆਉਣ ਦੇ ਕੰਮ ਵਿਚ ਆਪਣੀ ਮੁਹਾਰਤ ਸਾਂਝਾ ਕਰਨ ਲਈ ਤਿਆਰ ਹੈ।

ਆਲੋਚਕਾਂ ਦਾ ਕਹਿਣਾ ਹੈ ਕਿ ਲੋਕਤੰਤਰ ਲਈ ਸਿਰਫ਼ ਆਜ਼ਾਦ ਤੇ ਨਿਰਪੱਖ ਚੋਣਾਂ ਹੀ ਕਾਫ਼ੀ ਨਹੀਂ ਹਨ। ਉਸ ਲਈ ਨਿਆਂਪਾਲਿਕਾ ਦੀ ਆਜ਼ਾਦੀ, ਸਿਆਸੀ ਤੇ ਨਾਗਰਿਕ ਆਜ਼ਾਦੀ ਤੇ ਮੀਡੀਆ ਦੀ ਆਜ਼ਾਦੀ ਜਿਹੇ ਹੋਰ ਤੱਤਾਂ ਦਾ ਹੋਣਾ ਵੀ ਜ਼ਰੂਰੀ ਹੈ। ਆਜ਼ਾਦ ਤੇ ਨਿਰਪੱਖ ਚੋਣਾਂ ਦਾ ਦਾਅਵਾ ਤਾਂ ਸਿੰਗਾਪੁਰ, ਚੀਨ, ਈਰਾਨ ਤੇ ਰੂਸ ਜਿਹੇ ਦੇਸ਼ ਵੀ ਕਰ ਸਕਦੇ ਹਨ, ਜਿੱਥੇ ਜਾਂ ਤਾਂ ਇਕ ਹੀ ਪਾਰਟੀ ਹੈ ਜਾਂ ਇਕ ਤੋਂ ਜ਼ਿਆਦਾ ਪਾਰਟੀ ਹੋਣ ਦੀ ਸਥਿਤੀ 'ਚ ਚੋਣਾਂ 'ਚ ਹਿੱਸੇਦਾਰੀ ਲਈ ਸਰਵਉੱਚ ਸੱਤਾ ਦੀ ਇਜਾਜ਼ਤ ਜ਼ਰੂਰੀ ਹੈ।

ਭਾਰਤ ਵਿਚ ਪੰਚਾਇਤ ਚੋਣਾਂ ਨੂੰ ਛੱਡ ਦੇਈਏ ਤਾਂ ਹੋਰ ਚੋਣਾਂ 'ਚ ਉਮੀਦਵਾਰਾਂ ਦੀ ਚੋਣ ਪਾਰਟੀ ਹਾਈਕਮਾਂਡ ਹੀ ਕਰਦੀ ਹੈ। ਇਨਾਂ ਵਿਚੋਂ ਵੀ ਜ਼ਿਆਦਾਤਰ ਪਾਰਟੀਆਂ ਖ਼ਾਨਦਾਨੀ ਜਾਗੀਰ ਦੀ ਤਰਾਂ ਜਾਂ ਵੰਸ਼ਵਾਦ ਦੇ ਦਮ 'ਤੇ ਚੱਲ ਰਹੀਆਂ ਹਨ। ਇਸ ਲਈ ਹਾਈਕਮਾਂਡ ਦਾ ਮਤਲਬ ਨੇਤਾ, ਉਸ ਦਾ ਕੁਨਬਾ ਜਾਂ ਉਨਾਂ ਦੀ ਕ੍ਰਿਪਾ ਦੇ ਪਾਤਰ ਹੁੰਦੇ ਹਨ। ਉਮੀਦਵਾਰ ਤੈਅ ਕਰਨ ਵਿਚ ਜਨਤਾ ਦੀ ਕੋਈ ਭੂਮਿਕਾ ਨਹੀਂ ਹੁੰਦੀ। ਥੋਪੇ ਹੋਏ ਨੇਤਾਵਾਂ ਕਾਰਨ ਹੀ ਤਮਾਮ ਲੋਕ ਨਿਰਾਸ਼ਾ 'ਚ ਵੋਟ ਪਾਉਣ ਲਈ ਵੀ ਨਹੀਂ ਜਾਂਦੇ। ਅਮਰੀਕਾ, ਬ੍ਰਿਟੇਨ ਤੋਂ ਇਲਾਵਾ ਯੂਰਪ ਦੇ ਕਈ ਦੇਸ਼ਾਂ 'ਚ ਅਜਿਹਾ ਨਹੀਂ ਹੈ। ਉੱਥੇ ਛੋਟੀਆਂ ਤੋਂ ਛੋਟੀਆਂ ਚੋਣਾਂ ਤੋਂ ਲੈ ਕੇ ਵੱਡੀਆਂ ਤੋਂ ਵੱਡੀਆਂ ਚੋਣਾਂ ਤਕ ਉਮੀਦਵਾਰਾਂ ਦੀ ਚੋਣ ਹਮੇਸ਼ਾ ਪਾਰਟੀ ਮੈਂਬਰ ਕਰਦੇ ਹਨ। ਹਾਈਕਮਾਂਡ ਜਾਂ ਸਰਵਉੱਚ ਸੱਤਾ ਦਾ ਕੋਈ ਦਖ਼ਲ ਨਹੀਂ ਹੁੰਦਾ। ਲੋਕ ਅਤੇ ਤੰਤਰ ਵਿਚਲਾ ਰਿਸ਼ਤਾ ਬਣਿਆ ਰਹਿੰਦਾ ਹੈ। ਇਸ ਲਈ ਇਸ ਨੂੰ ਲੋਕਤੰਤਰ ਕਿਹਾ ਜਾਂਦਾ ਹੈ। ਭਾਰਤ ਦੀਆਂ ਪਾਰਟੀਆਂ 'ਚ ਵਿਆਪਤ ਵੰਸ਼ਵਾਦ ਤੇ ਇੱਕੋ ਵਿਅਕਤੀ ਆਧਾਰਤ ਰਾਜਨੀਤੀ ਹੋਣ ਕਾਰਨ ਲੋਕ ਅਤੇ ਤੰਤਰ ਵਿਚਲਾ ਇਹ ਰਿਸ਼ਤਾ ਟੁੱਟ ਚੁੱਕਿਆ ਹੈ।

ਜਦੋਂ ਪਾਰਟੀ ਮੈਂਬਰ ਹੀ ਆਪਣੇ ਖੇਤਰ ਦੇ ਉਮੀਦਵਾਰ ਚੁਣਨ ਵਿਚ ਕੋਈ ਭੂਮਿਕਾ ਨਹੀਂ ਨਿਭਾ ਸਕਦੇ ਤਾਂ ਫਿਰ ਉਨਾਂ 'ਚ ਤੇ ਚੀਨੀ ਕਮਿਊਨਿਸਟ ਪਾਰਟੀ ਵਿਚ ਕੀ ਅੰਤਰ ਹੋਇਆ ? ਦਿੱਕਤ ਇਹ ਹੈ ਕਿ ਚੋਣ ਕਮਿਸ਼ਨ ਪਾਰਟੀਆਂ ਨੂੰ ਪਾਰਟੀ ਲੋਕਤੰਤਰ ਤੇ ਪਾਰਦਰਸ਼ਿਤਾ ਦਾ ਉਪਦੇਸ਼ ਦੇਣ ਤੋਂ ਇਲਾਵਾ ਕਰ ਵੀ ਕੀ ਸਕਦਾ ਹੈ ? ਰਹੀ ਭ੍ਰਿਸ਼ਟਾਚਾਰ ਦੀ ਗੱਲ ਤਾਂ ਇਹ ਇਕ ਵਿਸ਼ਵਵਿਆਪੀ ਸਮੱਸਿਆ ਹੈ। ਕਹਿਣ ਨੂੰ ਅਮਰੀਕਾ ਵਿਚ ਜਨਤਾ ਤੋਂ ਚੰਦਾ ਮੰਗ ਕੇ ਚੋਣਾਂ ਲੜੀਆਂ ਜਾਂਦੀਆਂ ਹਨ ਪਰ ਹਰ ਪਾਰਟੀ ਜਾਣਦੀ ਹੈ ਕਿ ਚੋਣ ਲੜਨ ਤੇ ਪਾਰਟੀ ਚਲਾਉਣ ਲਈ ਚੰਦੇ ਤੋਂ ਕਿਤੇ ਜ਼ਿਆਦਾ ਭਾਰੀ ਭਰਕਮ ਰਕਮ ਦੀ ਜ਼ਰੂਰਤ ਪੈਂਦੀ ਹੈ, ਜੋ ਅਮੀਰਾਂ, ਕੰਪਨੀਆਂ ਤੇ ਨਿਗਮਾਂ ਤੋਂ ਲਈ ਜਾਂਦੀ ਹੈ। ਭਾਰਤ ਵਿਚ ਸਥਿਤੀ ਹੋਰ ਖ਼ਰਾਬ ਹੈ। ਚੋਣ ਪ੍ਰਚਾਰ 'ਚ ਚੋਣ ਕਮਿਸ਼ਨ ਦੀ ਤੈਅ ਹੱਦ ਤੋਂ ਕਈ ਗੁਣਾ ਪੈਸਾ ਖ਼ਰਚ ਕੀਤਾ ਜਾਂਦਾ ਹੈ ਤੇ ਉਹ ਅਕਸਰ ਕਾਲੇ ਵਸੀਲਿਆਂ ਤੋਂ ਆਉਂਦਾ ਹੈ।

ਜਿਸ ਵਿਵਸਥਾ ਦੀ ਬੁਨਿਆਦ ਹੀ ਸ਼ੱਕੀ ਪੈਸਿਆਂ, ਵੰਸ਼ਵਾਦੀ ਪਾਰਟੀਆਂ ਤੇ ਉਨਾਂ ਦੇ ਹਾਈਕਮਾਂਡ ਵੱਲੋਂ ਥੋਪੇ ਗਏ ਉਮੀਦਵਾਰਾਂ 'ਤੇ ਟਿਕੀ ਹੋਵੇ, ਉਸ ਤੋਂ ਤੁਸੀਂ ਸੁਧਾਰਾਂ ਦੀ ਕਿੰਨੀ ਉਮੀਦ ਰੱਖ ਸਕਦੇ ਹੋ ? ਇਹ ਸਭ ਸਾਡੇ ਲਈ ਵਿਚਾਰ ਦਾ ਵਿਸ਼ਾ ਹੈ। ਜੇ ਭਾਰਤ ਨੇ ਪ੍ਰਸ਼ਾਸਨ ਤੇ ਸਿਆਸੀ ਪਾਰਟੀਆਂ 'ਚ ਤਾਨਾਸ਼ਾਹੀ ਤੇ ਵੰਸ਼ਵਾਦੀ ਪ੍ਰਵਿਰਤੀ ਨੂੰ ਰੋਕਣ ਲਈ ਗੰਭੀਰਤਾ ਨਾਲ ਕੁਝ ਕਰਨਾ ਹੈ, ਭ੍ਰਿਸ਼ਟਾਚਾਰ ਮਿਟਾਉਣ ਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਕੁਝ ਕਰਨਾ ਹੈ ਤਾਂ ਸਭ ਤੋਂ ਪਹਿਲਾਂ ਪਾਰਟੀਆਂ ਅੰਦਰ ਵੰਸ਼ਵਾਦ ਨੂੰ ਹਟਾ ਕੇ ਅੰਦਰੂਨੀ ਲੋਕਤੰਤਰ ਲਿਆਉਣਾ ਪਵੇਗਾ। ਚੋਣਾਂ 'ਚ ਗ਼ੈਰ ਜ਼ਰੂਰੀ ਖ਼ਰਚ ਨੂੰ ਨੱਥ ਪਾਉਣੀ ਪਵੇਗੀ। ਜਦੋਂ ਇੰਟਰਨੈੱਟ ਮੀਡੀਆ ਤੇ ਮੁੱਖ ਧਾਰਾ ਦਾ ਮੀਡੀਆ ਘਰ- ਘਰ ਪਹੁੰਚ ਚੁੱਕਿਆ ਹੈ ਤਾਂ ਲੋਕਾਂ ਨੂੰ ਜੁਟਾ ਕੇ ਮੈਦਾਨ ਭਰਨ ਦੀ ਬਜਾਏ ਉਮੀਦਵਾਰ ਵੋਟਰ ਨਾਲ ਸਿੱਧੇ ਸੰਵਾਦ 'ਤੇ ਧਿਆਨ ਦੇਣ। ਇਸ ਨਾਲ ਖ਼ਰਚਾ ਘਟਣ ਦੇ ਨਾਲ- ਨਾਲ ਵੋਟਰ ਤੇ ਉਮੀਦਵਾਰ ਵਿਚਕਾਰ ਨਾਤਾ ਵੀ ਕਾਇਮ ਹੋਵੇਗਾ। ਕੀ ਭਾਰਤ ਦੀਆਂ ਸਿਆਸੀ ਪਾਰਟੀਆਂ ਇਸ ਲਈ ਤਿਆਰ ਹਨ ?

# ਆਖਰ ਬੇਅਦਬੀ ਦੀਆਂ ਘਟਨਾਵਾਂ ਪਿਛੇ ਕਿਹੜੀ ਤਾਕਤ ਕੰਮ ਕਰ ਰਹੀ ਹੈ ?

**ਪਰਮੇਸ਼ਰ ਸਿੰਘ ਬੇਰ ਕਲਾਂ**

**ਭੱਖਦਾ ਮੱਸਲਾ**

ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀਆਂ ਇੱਕਾ-ਦੁੱਕਾ ਘਟਨਾਵਾਂ ਪਹਿਲਾਂ ਵੀ ਵਾਪਰਦੀਆਂ ਰਹੀਆਂ ਹਨ, ਪਰ 2015 ਤੋਂ ਜਿਹੜਾ ਸਿਲਸਿਲਾ ਸ਼ੁਰੂ ਹੋਇਆ ਹੈ, ਉਸ ਨੇ ਹਰ ਪੰਥ ਦਰਦੀ ਅਤੇ ਸ਼ਰਧਾਵਾਨ ਸਿੱਖ ਦੇ ਮਨ 'ਤੇ ਡੂੰਘੀ ਸੱਟ ਮਾਰੀ ਹੈ। ਪਿੰਡਾਂ ਦੇ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਇਆ ਇਹ ਸਿਲਸਿਲਾ ਖਾਲਸਾ ਪੰਥ ਦੀ ਜਨਮ ਭੋਇੰ ਤਖਤ ਸ੍ਰੀ ਕੇਸਗੜ ਤੋਂ ਹੁੰਦਾ ਹੋਇਆ ਹੁਣ ਸ੍ਰੀ ਦਰਬਾਰ ਸਾਹਿਬ ਤੱਕ ਪਹੁੰਚ ਗਿਆ ਹੈ।

ਦਰਬਾਰ ਸਾਹਿਬ ਵਿਚ ਵਾਪਰੀ ਘਟਨਾ ਨੂੰ ਅੰਜਾਮ ਦੇਣ ਵਾਲਾ 22-23 ਸਾਲ ਦਾ ਨੌਜਵਾਨ ਦੱਸਿਆ ਜਾ ਰਿਹਾ ਹੈ ਤੇ ਰੋਹ ਵਿਚ ਆਏ ਸਿੱਖਾਂ ਨੇ ਘਟਨਾ ਤੋਂ ਕੁੱਝ ਮਿੰਟਾਂ ਬਾਅਦ ਹੀ ਇਸ ਦਾ ਸੋਧਾ ਲਾ ਦਿਤਾ । ਪਿੰਡ ਜ਼ਵਾਹਰ ਸਿੰਘ ਵਾਲਾ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਅਤੇ ਇਸ ਪਾਵਨ ਸਰੂਪ ਦੇ ਪੰਨੇ ਪਾੜ ਕੇ ਬਰਗਾੜੀ ਪਿੰਡ ਦੇ ਗੰਦੇ ਨਾਲ਼ੇ ਵਿਚ ਖਿਲਾਰਨ ਦੀ ਘਟਨਾ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਪ੍ਰਤੀ ਮੌਕੇ ਦੀ ਅਕਾਲੀ-ਭਾਜਪਾ ਸਰਕਾਰ ਨੇ ਕੋਈ ਸੰਜੀਦਗੀ ਨਹੀਂ ਸੀ ਵਿਖਾਈ। ਇਸ ਦੇ ਰੋਸ ਵਜੋਂ ਬਰਗਾੜੀ ਵਿਖੇ ਸਿੱਖ ਜਥੇਬੰਦੀਆਂ ਵੱਲੋਂ ਲਾਏ ਸ਼ਾਂਤਮਈ ਮੋਰਚੇ 'ਤੇ ਪੁਲਿਸ ਨੇ ਕਿਵੇਂ ਗੋਲ਼ੀ ਚਲਾਈ, ਦੋ ਬਿਲਕੁਲ ਨਿਰਦੋਸ਼ ਸਿੱਖਾਂ ਨੂੰ ਗੋਲ਼ੀਆਂ ਮਾਰ ਕੇ ਸ਼ਹੀਦ ਕੀਤਾ। ਇਸ ਤੋਂ ਬਾਅਦ ਰੋਸ ਪੰਜਾਬ ਭਰ ਵਿਚ ਫੈਲਣ ਉਪਰੰਤ ਲੋਕ ਰੋਹ ਸ਼ਾਂਤ ਕਰਨ ਲਈ ਬਾਦਲਾਂ ਵੱਲੋਂ ਅਣਮੰਨੇ ਮਨ ਨਾਲ਼ ਡੀ ਜੀ ਪੀ ਸੁਮੇਧ ਸੈਣੀ ਦੀ ਬਦਲੀ ਕੀਤੀ ਗਈ। ਬਾਦਲ ਟੱਬਰ ਦੇ ਚਾਪਲੂਸ ਹਾਲੇ ਵੀ ਇਨਾਂ ਘਟਨਾਵਾਂ ਪਿਛੇ ਕਾਂਗਰਸ ਤੇ ਆਮ ਆਦਮੀ ਪਾਰਟੀ ਨੂੰ ਜ਼ਿੰਮੇਵਾਰ ਦੱਸ ਰਹੇ ਹਨ। ਪਰ ਇਨਾਂ ਚਾਪਲੂਸਾਂ ਕੋਲ਼ ਇਸ ਗੱਲ ਦਾ ਕੋਈ ਜਵਾਬ ਨਹੀਂ ਕਿ ਜੇਕਰ ਕਾਂਗਰਸ ਜਾਂ ਆਮ ਆਦਮੀ ਪਾਰਟੀ ਹੀ ਜ਼ਿੰਮੇਵਾਰ ਸੀ ਤਾਂ ਅਕਤੂਬਰ 2015 ਤੋਂ ਦਸੰਬਰ 2017 ਵਿਚ ਚੋਣ ਜ਼ਾਬਤਾ ਲੱਗਣ ਤੱਕ ਅਕਾਲੀ ਸਰਕਾਰ ਨੇ ਇਨਾਂ ਸਾਜਿਸ਼ਾਂ ਨੂੰ ਬੇਨਕਾਬ ਕਰਨ ਲਈ ਦਿਨ ਰਾਤ ਇਕ ਕਿਉਂ ਨਾ ਕੀਤਾ ? ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਨੇ ਚੋਣ ਪ੍ਰਚਾਰ ਦੌਰਾਨ ਨਸ਼ੇ 4 ਹਫਤੇ ਦੌਰਾਨ ਖਤਮ ਕਰਨ ਤੋਂ ਇਲਾਵਾ ਬੇਅਦਬੀ ਕਾਂਡ ਦੇ ਦੋਸ਼ੀਆਂ ਤੇ ਬਰਗਾੜੀ ਗੋਲ਼ੀ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੇ ਵਾਅਦੇ ਕੀਤੇ ਪਰ ਸਰਕਾਰ ਬਣਨ ਤੋਂ ਬਾਅਦ ਪੂਰੇ ਸਾਢੇ ਚਾਰ ਸਾਲ ਕੈਪਟਨ ਘੇਸਲ ਵੱਟ ਕੇ ਬੈਠਾ ਰਿਹਾ। ਜਦੋਂ ਸਿੱਖ ਜਥੇਬੰਦੀਆਂ ਨੇ ਮੁੜ ਤੋਂ ਬਰਗਾੜੀ ਵਿਚ ਮੋਰਚਾ ਸ਼ੁਰੂ ਕੀਤਾ ਤਾਂ ਸਿੱਖ ਪੰਥ ਨੂੰ ਗੁੰਮਰਾਹ ਕਰਨ ਲਈ ਬੇਅਦਬੀ ਮਾਮਲੇ ਵਿਚ ਵਿਸ਼ੇਸ਼ ਜਾਂਚ ਟੀਮ ਨੇ ਅੱਧੀ ਦਰਜਨ ਡੇਰਾ ਪ੍ਰੇਮੀਆ ਨੂੰ ਗ੍ਰਿਫ਼ਤਾਰ ਕਰਕੇ ਜੇਲ ਭੇਜ ਦਿੱਤਾ ਪਰ ਕੁੱਝ ਹਫਤੇ ਬਾਅਦ ਹੀ ਉਨਾਂ ਦੀ ਜ਼ਮਾਨਤ ਹੋ ਗਈ। ਕੈਪਟਨ ਸਰਕਾਰ ਨੇ ਇਨਾਂ ਦੀ ਜ਼ਮਾਨਤ ਦਾ ਕੋਈ ਵਿਰੋਧ ਤੱਕ ਨਹੀਂ ਕੀਤਾ।

ਆਧੁਨਿਕ ਤਕਨੀਕਾਂ ਦੇ ਯੁਗ ਵਿਚ ਜਦੋਂ ਮੋਬਾਈਲ ਫੋਨ, ਈ ਮੇਲ ਤੇ ਇਥੋਂ ਤੱਕ ਕਿ ਵਟਸਐਪ ਸੁਨੇਹਿਆਂ ਰਾਹੀਂ ਵੀ ਸਰਕਾਰੀ ਏਜੰਸੀਆਂ ਅਪਰਾਧੀਆਂ ਦੀਆਂ ਸਾਜ਼ਿਸ਼ਾਂ ਦਾ ਖੁਲਾਸ ਕਰਨ ਤੇ ਉਨਾਂ ਨੂੰ ਫੜਨ ਦਾ ਦਾਅਵਾ ਕਰਦੀਆਂ ਹਨ ਤਾਂ ਬੇਅਦਬੀ ਘਟਨਾਵਾਂ ਵਿਚ ਇਹ ਘੇਸਲ ਕਿਉਂ ਵੱਟ ਰਹੀਆਂ ਹਨ ? ਇਨਾਂ ਸਾਰੀਆਂ ਗੱਲਾਂ ਦਾ ਇਕੋ ਜੁਆਬ ਹੋ ਸਕਦਾ ਹੈ ਕਿ ਵੱਖ ਵੱਖ ਸਰਕਾਰਾਂ ਤੇ ਜਾਂਚ ਏਜੰਸੀਆਂ ਦੇ ਅਧਿਕਾਰੀ ਸਭ ਕੁਝ ਭਲੀ ਭਾਂਤ ਜਾਣਦੇ ਹਨ ਕਿ ਇਨਾਂ ਘਟਨਾਵਾਂ ਪਿਛੇ ਕਿਹੜੀ ਤਾਕਤ ਕੰਮ ਕਰ ਰਹੀ ਹੈ ।

ਤੇ ਹੁਣ ਜਦੋਂ ਪੰਥ ਦਰਦੀਆਂ ਨੇ ਇਸ ਤਰਾਂ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲ਼ਿਆਂ ਨੂੰ ਮੌਕੇ 'ਤੇ ਹੀ ਸੋਧਾ ਲਾਉਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ ਤਾਂ ਪੰਥਕ ਜਜ਼ਬੇ ਵਾਲ਼ੇ ਨੌਜਵਾਨਾਂ ਨੂੰ ਤਾਲਿਬਾਨੀ ਐਲਾਨਣ ਵਾਲ਼ੇ ਕੁਝ ਬੇਗੈਰਤ ਲੋਕ ਇਸ ਨੂੰ ਮਨੁੱਖਤਾ ਦਾ ਕਤਲ ਦਸ ਕੇ ਇਸ ਦਾ ਵਿਰੋਧ ਕਰ ਰਹੇ ਹਨ। ਅਖੇ ਬੰਦਾ ਮਰ ਗਿਆ ਤਾਂ ਸਾਜਿਸ਼ ਕਰਨ ਵਾਲ਼ਿਆਂ ਦਾ ਕਿਵੇਂ ਪਤਾ ਲੱਗੂ ? ਪੁਲਿਸ ਰਾਹੀਂ ਜਾਂਚ ਪੜਤਾਲ ਕਰਵਾਉਣੀ ਚਾਹੀਦੀ, ਕਾਨੂੰਨ ਹੱਥ ਵਿਚ ਨਾ ਲਓ ਵਗੈਰਾ ਵਗੈਰਾ।

ਓ ਭਾਈ ਬਹੁਤੇ ਮਨੁੱਖਤਾ ਦਾ ਹੇਜ ਪਾਲਣ ਵਾਲ਼ਿਓ ਜਿਹੜੇ ਪਹਿਲਾਂ ਫੜੇ ਸੀ ਉਨਾਂ ਪਾਸੋਂ ਪੁਛ ਪੜਤਾਲ਼ ਕਰਕੇ ਜਿਹੜੀ ਸਾਜਿਸ਼ ਦਾ ਖੁਲਾਸ ਕੀਤਾ ਗਿਆ ਹੈ ਉਸ ਬਾਰੇ ਲੋਕਾਂ ਨੂੰ ਦੱਸ ਦਿਓ। ਜਿਹੜਾ ਕੇਸਗੜ ਸਾਹਿਬ ਤੋਂ ਜਿਓਂਦਾ ਫੜਿਆ ਸੀ ਉਸ ਪਾਸੋਂ ਪੁੱਛ ਪੜਤਾਲ਼ ਦਾ ਨਤੀਜਾ ਦੱਸ ਦਿਓ ? ਪੰਜਾਬ ਪੁਲਿਸ ਦਾ ਤਾਂ ਹਰ ਕੇਸ ਵਿਚ ਘੜਿਆ ਘੜਾਇਆ ਜਵਾਬ ਹੁੰਦੇ ਕਿ ਜੀ ਮੁਲਜ਼ਮ "ਮਾਨਸਿਕ ਤੌਰ 'ਤੇ ਪਰੇਸ਼ਾਨ ਸੀ"।

ਚਲੋ ਇਹ ਵੀ ਮੰਨ ਲੈਂਦੇ ਹਾਂ। ਪਰ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਨਾਂ ਮਾਨਸਿਕ ਰੋਗੀਆਂ ਨੇ ਇਨਾਂ ਬੇਅਦਬੀ ਦੀਆਂ ਘਟਨਾਵਾਂ ਕਰਨ ਤੋਂ ਪਹਿਲਾਂ ਆਪਣੇ ਮਾਨਸਿਕ ਰੋਗ ਕਾਰਨ ਹੋਰ ਕਿਹੜੀ ਕਿਹੜੀ ਮਾੜੀ ਘਟਨਾ ਕੀਤੀ ਇਸ ਬਾਰੇ ਹੀ ਖੁਲਾਸਾ ਕਰ ਦਿਓ।

# ਜਦੋਂ ਕ੍ਰਿਸਮਿਸ ਨੂੰ ਬਰਤਾਨੀਆ ਅਤੇ ਅਮਰੀਕਾ ਵਿੱਚ ਕੀਤਾ ਬੈਨ

ਦਸੰਬਰ ਦੇ ਆਖ਼ਰ ’ਤੇ ਲੋਕ ਕੁਝ ਜ਼ਿਆਦਾ ਹੀ ਜੋਸ਼ ਵਿੱਚ ਆ ਜਾਂਦੇ ਹਨ ਅਤੇ ਈਸਾਈਅਤ ਦੇ ਮਿਆਰ ਤੋਂ ਬੇਹੱਦ ਹੇਠਲੇ ਦਰਜੇ ਦਾ ਵਿਹਾਰ ਕਰਦੇ ਸਨ। ਸ਼ਰਾਬਖ਼ਾਨੇ, ਸ਼ਰਾਬੀਆਂ ਨਾਲ ਭਰ ਜਾਂਦੇ, ਦੁਕਾਨਾਂ ਅਤੇ ਕਾਰੋਬਾਰ ਸਮੇਂ ਤੋਂ ਪਹਿਲਾਂ ਬੰਦ ਹੋ ਜਾਂਦੇ, ਦੋਸਤ ਅਤੇ ਪਰਿਵਾਰ ਮਿਲ ਕੇ ਬਾਹਰ ਖਾਣਾ ਖਾਂਦੇ, ਘਰਾਂ ਨੂੰ ਪੱਤਿਆਂ ਅਤੇ ਫੁੱਲਾਂ ਨਾਲ ਸਜਾਇਆ ਜਾਂਦਾ ਅਤੇ ਗਲੀਆਂ ਵਿੱਚ ਨੱਚਣ-ਗਾਉਣ ਲੱਗਿਆ ਰਹਿੰਦਾ ਸੀ। ਇਹ ਸਾਰਾ ਕੁਝ ਹੁਣ ਭਾਵੇਂ ਆਮ ਲਗਦਾ ਹੋਵੇ ਪਰ ਉਸ ਸਮੇਂ ਅਧਰਮੀ ਮੰਨਿਆ ਜਾਂਦਾ ਸੀ ਪਰ ਇਹ ਸਾਰੇ ਕ੍ਰਿਸਮਿਸ ਭਾਵ ਵੱਡੇ ਦਿਨ ਦੇ ਜਸ਼ਨਾਂ ਵਜੋਂ ਕੀਤਾ ਜਾਂਦਾ ਸੀ।

**ਸੱਚਾ ਈਸਾਈ ਕੌਣ ਹੈ ?**

1644 ਵਿੱਚ ਈਸਾਈ ਧਰਮ ਵਿੱਚ ਬਹੁਤ ਜ਼ਿਆਦਾ ਸ਼ਰਧਾ ਰੱਖਣ ਵਾਲੇ ਅੰਗਰੇਜ਼ਾਂ ਨੇ ਵੱਡਾ ਦਿਨ ਮਨਾਉਣ ਦੀ ਰਵਾਇਤ ਖ਼ਤਮ ਕਰਨ ਦਾ ਫੈਸਲਾ ਲਿਆ। ਇਹ ਪ੍ਰੋਟੈਸਟੈਂਟ ਈਸਾਈ ਸਨ। ਈਸਾਈ ਮਤ ਵਿੱਚ ਬਹੁਤ ਜ਼ਿਆਦਾ ਸ਼ਰਧਾਲੂ ਪੇਗਨ ਰਵਾਇਤਾਂ ਮੁਤਾਬਕ ਕ੍ਰਿਸਮਿਸ ਮਨਾਉਂਦੇ ਸਨ। (ਕ੍ਰਿਸਮਿਸ ਦਾ 19ਵੀਂ ਸਦੀ ਦਾ ਚਿੱਤਰ) ਪਿਊਰਿਟਨ (ਸ਼ੁਧਤਾਵਾਦੀ) ਸਰਕਾਰ ਕ੍ਰਿਸਮਿਸ ਨੂੰ ਗੈਰ-ਕਾਨੂੰਨੀ ਤਿਉਹਾਰ ਸਮਝਦੀ ਸੀ ਕਿਉਂਕਿ ਬਾਈਬਲ ਵਿੱਚ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਹੈ ਕਿ ਈਸਾ ਦਾ ਜਨਮ 25 ਦਸੰਬਰ ਨੂੰ ਹੀ ਹੋਇਆ ਸੀ।

ਇੰਗਲੈਂਡ ਵਿੱਚ 1660 ਤੱਕ ਕ੍ਰਿਸਮਿਸ ਨਾਲ ਜੁੜੀਆਂ ਗਤੀਵਿਧੀਆਂ ਬੰਦ ਰਹੀਆਂ। 25 ਦਸੰਬਰ ਦੇ ਦਿਨ ਦੁਕਾਨਾਂ ਅਤੇ ਬਾਜ਼ਾਰਾਂ ਨੂੰ ਧੱਕੇ ਨਾਲ ਖੁੱਲਾ ਰੱਖਿਆ ਜਾਂਦਾ ਸੀ ਅਤੇ ਗਿਰਜਾ ਘਰਾਂ ਦੇ ਦਰਵਾਜ਼ੇ ਬੰਦ ਰੱਖੇ ਜਾਂਦੇ ਸਨ। ਕ੍ਰਿਸਮਿਸ ਦੇ ਦਿਨ ਗਿਰਜਾ ਘਰਾਂ ਵਿੱਚ ਪ੍ਰਾਰਥਨਾ ਸਭਾ ਕਰਨਾ ਗੈਰ-ਕਾਨੂੰਨੀ ਸੀ। ਇਹ ਪਾਬੰਦੀ ਆਸਾਨੀ ਨਾਲ ਸਵੀਕਾਰ ਨਹੀਂ ਕੀਤੀ ਗਈ। ਪੀਣਾ, ਖ਼ੁਸ਼ੀ ਮਨਾਉਣ ਅਤੇ ਸੰਗੀਤ ਵਿੱਚ ਡੁੱਬ ਕੇ ਨੱਚਣ-ਗਾਉਣ ਦੀ ਅਜ਼ਾਦੀ ਲਈ ਵਿਰੋਧ ਪ੍ਰਦਰਸ਼ਨ ਕੀਤੇ ਜਾਣ ਲੱਗੇ।

ਜਦੋਂ ਚਾਰਲਸ ਦੂਜੇ ਨੇ ਰਾਜ ਗੱਦੀ ਸੰਭਾਲੀ ਤਾਂ ਵੱਡੇ ਦਿਨ ਨੂੰ ਗੈਰ-ਕਾਨੂੰਨੀ ਕਰਾਰ ਦੇਣ ਵਾਲਾ ਕਾਨੂੰਨ ਵਾਪਸ ਲਿਆ ਗਿਆ। ਵੱਡੇ ਦਿਨ ਨੂੰ



ਅਮਰੀਕੀ ਕੱਟੜਪੰਥੀ ਵੀ ਟੇਢੀ ਨਜ਼ਰ ਨਾਲ ਹੀ ਦੇਖਦੇ ਸਨ। ਬਿਲਕੁਲ ਸਹੀ ਸੋਚਿਆ, ਅਮਰੀਕਾ ਵਿੱਚ ਵੀ ਇਸ ਤਿਉਹਾਰ ’ਤੇ ਪਾਬੰਦੀ ਲਾ ਦਿੱਤੀ ਗਈ। ਮੈਸਾਚਿਊਸਿਟਸ ਵਿੱਚ ਸਾਲ 1659 ਤੋਂ 1681 ਤੱਕ ਕ੍ਰਿਸਮਿਸ ਨਹੀਂ ਮਨਾਇਆ ਗਿਆ। ਕਾਰਨ ਉਹੀ ਸਨ ਜੋ ਇੰਗਲੈਂਡ ਵਿੱਚ ਸਨ।ਜਦੋਂ ਇਸ ਉੱਪਰੋਂ ਪਾਬੰਦੀ ਹਟੀ ਤਾਂ ਵੀ ਕੱਟੜਪੰਥੀਆਂ ਨੇ ਦਸੰਬਰ ਦੇ ਤਿਉਹਾਰੀ ਮਹੀਨੇ ਨੂੰ ਗੈਰ-ਈਸਾਈਆਂ ਦਾ ਘਟੀਆ ਕੰਮ ਮੰਨਣਾ ਜਾਰੀ ਰੱਖਿਆ।

ਤਿਉਹਾਰ ਵਿਸ਼ੇਸ਼

**ਈਸਾ ਦਾ ਜਨਮ : ਪੋਹ ਕਿ ਵਿਸਾਖ ?**

ਈਸਾ ਦਾ ਜਨਮ ਕਦੋਂ ਹੋਇਆ, ਇਸ ਬਾਰੇ ਇੱਕ ਰਾਇ ਨਹੀਂ ਹੈ। ਕੁਝ ਧਰਮ ਸ਼ਾਸ਼ਤਰੀ ਮੰਨਦੇ ਹਨ ਕਿ ਉਨਾਂ ਦਾ ਜਨਮ ਵਿਸਾਖ ਵਿੱਚ ਹੋਇਆ। ਬਾਈਬਲ ਵਿੱਚ ਇਸ ਗੱਲ ਦਾ ਜ਼ਿਕਰ ਹੈ ਕਿ ਜਦੋਂ ਈਸਾ ਦਾ ਜਨਮ ਹੋਇਆ ਤਾਂ ਵਾਘੀ ਘਾਹ ਦੇ ਮੈਦਾਨਾਂ ਵਿੱਚ ਆਪਣੇ ਪਸ਼ੂਆਂ ਦੀ ਸੰਭਾਲ ਕਰ ਰਹੇ ਸਨ। ਜੇ ਠੰਡ ਹੁੰਦੀ ਤਾਂ ਉਹ ਕਿਤੇ ਸ਼ਰਨ ਲੈ ਕੇ ਬੈਠੇ ਹੁੰਦੇ। ਜੇ ਇਹ ਭੇਡਾਂ ਦੇ ਨਵੇਂ ਹੋਣ ਦਾ ਸਮਾਂ ਹੁੰਦਾ ਤਾਂ ਉਹ ਨਵੀਆਂ ਹੋ ਚੁੱਕੀਆਂ ਭੇਡਾਂ ਨੂੰ ਦੂਸਰੀਆਂ ਤੋਂ ਵੱਖਰੀਆਂ ਕਰਨ ਵਿੱਚ ਰੁਝੇ ਹੁੰਦੇ। ਭੇਡਾਂ ਲਈ ਇਹ ਸਮਾਂ ਪਤਝੜ ਦਾ ਹੁੰਦਾ ਹੈ।ਪਰ ਬਾਈਬਲ ਵਿੱਚ ਈਸਾ ਦੇ ਜਨਮ ਦਾ ਕੋਈ ਦਿਨ ਦੱਸਿਆ ਹੀ ਨਹੀਂ ਗਿਆ।

ਪੈਗਨ ਪਰੰਪਰਾ ਅਸੀਂ ਜਾਣਦੇ ਹਾਂ ਕਿ ਰੋਮਨ ਕਾਲ ਤੋਂ ਹੀ ਦਸੰਬਰ ਦੇ ਅਖ਼ੀਰ ਵਿੱਚ ਪੇਗਨ (ਮੂਰਤੀ ਪੂਜਕ) ਪਰੰਪਰਾ ਵਜੋਂ ਖ਼ੂਬ ਜਸ਼ਨ ਮਨਾਉਣ ਦੀ ਰਵਾਇਤ ਰਹੀ ਹੈ। ਅਸਲ ਵਿੱਚ ਇਹ ਫ਼ਸਲ ਕਟਾਈ ਦਾ ਤਿਉਹਾਰ ਸੀ। ਜਿਸ ਵਿੱਚ ਤੁਹਫਿਆਂ ਦਾ ਲੈਣ-ਦੇਣ ਕੀਤਾ ਜਾਂਦਾ, ਘਰਾਂ ਨੂੰ ਹਾਰਾਂ ਨਾਲ ਸਜਾਇਆ ਜਾਂਦਾ। ਖ਼ੂਬ ਖਾਣਾ ਖਾਧਾ ਜਾਂਦਾ ਅਤੇ ਸ਼ਰਾਬਾਂ ਪੀਤੀਆਂ ਜਾਂਦੀਆਂ। ਇਤਿਹਾਸਕਾਰ ਸਾਈਮਨ ਸੇਬਗ ਮੋਂਟਿਫਿਓਰ ਦੇ ਮੁਤਾਬਕ, ਸ਼ੁਰੂ ਵਿੱਚ ਨਵੇਂ ਬਣੇ ਈਸਾਈ ਗੈਰ-ਈਸਾਈਆਂ ਵਾਲੀ ਹੀ ਮਸਤੀ ਕਰਨ ਦੇ ਇੱਛੁਕ ਰਹਿੰਦੇ ਸਨ।

ਰੋਮਨਾਂ ਨੇ ਹੌਲੀ-ਹੌਲੀ ਮੂਰਤੀ ਪੂਜਾ ਛੱਡ ਦਿੱਤੀ ਅਤੇ ਈਸਾਈ ਧਰਮ ਅਪਣਾ ਲਿਆ। ਹੌਲੀ-ਹੌਲੀ ਪੇਗਨ ਕੈਲੰਡਰ ਵੀ ਈਸਾਈ ਕਲੰਡਰ ਨਾਲ ਸਹਿਮਤ ਹੋ ਗਿਆ।ਇੱਕ ਸਮੇਂ ਤੱਕ ਰੋਮਨ ਦੋਹਾਂ ਰਵਾਇਤਾਂ ਦੇ ਹਿਸਾਬ ਨਾਲ ਪਾਰਟੀਆਂ ਕਰਦੇ ਰਹੇ। ਚੌਥੀ ਸਦੀ ਦੇ ਅੰਤ ਤੱਕ ਪੈਗਨ ਅਤੇ ਈਸਾਈ ਰਵਾਇਤਾਂ ਦਸੰਬਰ ਦੇ 14 ਦਿਨਾਂ ਤੱਕ ਨਾਲੋ-ਨਾਲ ਚਲਦੀਆਂ ਸਨ। ਪਰ ਅਜਿਹਾ ਨਹੀਂ ਕਿ ਇਨਾਂ ਦੇ ਭਾਂਡੇ ਕਦੇ ਖੜਕੇ ਹੀ ਨਹੀਂ।

ਜਿੱਤ ਅਤੇ ਹਾਰ

**ਅਖ਼ੀਰ ਵਿੱਚ ਈਸਾਈ ਰਵਾਇਤਾਂ ਦੀ ਜਿੱਤ ਹੋਈ।**

17ਵੀਂ ਸਦੀ ਵਿੱਚ ਵੱਡੇ ਦਿਨ ਦੇ ਖਿਲਾਫ਼ ਵਿੱਢਿਆ ਗਿਆ ਅਭਿਆਨ ਕੱਟੜਪੰਥੀਆਂ ਦੀ ਨਜ਼ਰ ਵਿੱਚ ਇੱਕ ਕਿਸਮ ਨਾਲ ਪੈਗਨ ਰਵਾਇਤਾਂ ਦੀ ਨਿਸ਼ਾਨੀ ਸੀ।ਪਰ ਹੁਣ ਦੇਖੋ, ਵੱਡਾ ਦਿਨ ਕਿੰਨੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਜ਼ਾਹਿਰ ਹੈ, ਪਿਊਰੋਟਿਨ ਜਾਣੀ ਸ਼ੁੱਧਤਾਵਾਦੀ ਹਾਰ ਚੁੱਕੇ ਹਨ।ਅੱਜ ਪੂਰੀ ਦੁਨੀਆਂ ਵਿੱਚ ਈਸਾਈ ਭਾਵੇਂ ਕ੍ਰਿਸਮਿਸ ਦੇ ਸਜੇ ਹੋਏ ਦਰਖ਼ਤ ਕੋਲ ਬੈਠ ਕੇ ਸ਼ਰਾਬ ਅਤੇ ਟਰਕੀ ਦਾ ਲੁਤਫ਼ ਲੈਂਦੇ ਹੋਣ ਪਰ ਸ਼ਾਇਦ ਇਹ ਤਿਉਹਾਰ 2000 ਸਾਲ ਤੋਂ ਵੀ ਪੁਰਾਣਾ ਹੈ।




# ਵਿਧਾਨ ਸਭਾ ਚੋਣਾਂ ਨੇ ਹਾਸ਼ੀਏ ਵੱਲ ਧੱਕਿਆ ਪੰਜਾਬ

**ਜਗਰੂਪ ਸਿੰਘ ਸੇਖੋਂ**

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਸਿਰ ਤੇ ਹਨ। ਇਸੇ ਕਾਰਨ ਪੰਜਾਬ ਦੀ ਸਿਆਸੀ, ਆਰਥਿਕ, ਸਮਾਜਿਕ ਅਤੇ ਧਾਰਮਿਕ ਵਿਵਸਥਾ ਵਿਚ ਬੇਚੈਨੀ ਹੈ। ਅਜਿਹੀ ਬੇਚੈਨੀ ਸ਼ਾਇਦ ਪਹਿਲਾਂ ਕਦੀ ਚੋਣਾਂ ਤੋਂ ਪਹਿਲਾਂ ਦੇਖਣ ਨੂੰ ਨਹੀਂ ਮਿਲੀ। ਇਸ ਵਿਗੜੀ ਵਿਵਸਥਾ ਲਈ ਭਾਵੇਂ ਇੱਥੋਂ ਦੀਆਂ ਰਾਜ ਕਰਨ ਵਾਲੀਆਂ ਧਿਰਾਂ ਤੇ ਕੁਝ ਲੋਕ ਜ਼ਿੰਮੇਵਾਰ ਹਨ ਪਰ ਸਭ ਤੋਂ ਵੱਡਾ ਯੋਗਦਾਨ ਪਿਛਲੇ 30 ਸਾਲ ਤੋਂ ਰਾਜ ਕਰ ਰਹੀਆਂ ਪਾਰਟੀਆਂ ਤੇ ਉਨਾਂ ਦੇ ਬਹੁਤ ਸਾਰੇ ਆਪਹੁਦਰੇ ਨੇਤਾ ਹਨ ਜਿਨਾਂ ਨੇ ਨਾ ਸਿਰਫ ਪੰਜਾਬ ਦੀ ਆਰਥਿਕ, ਸਿਆਸੀ, ਸਮਾਜਿਕ ਆਦਿ ਵਿਵਸਥਾ ਵਿਚ ਵਿਗਾੜ ਲਿਆਂਦਾ ਸਗੋਂ ਇਸ ਵਿਗਾੜ ਨੇ ਬਹੁਤ ਸਾਰੀਆਂ ਬਿਮਾਰੀਆਂ ਜਿਵੇਂ ਨਸ਼ਾ, ਤਸਕਰੀ, ਗੁੰਡਾਗਰਦੀ, ਬਦਲਾਖ਼ੋਰੀ, ਗੈਂਗਸਟਰਵਾਦ, ਰਿਸ਼ਵਤਖ਼ੋਰੀ, ਬੇਰੁਜ਼ਗਾਰੀ, ਅਨਪੜਤਾ ਨੂੰ ਵੀ ਵਧਾਇਆ। ਇਸ ਦੇ ਨਾਲ ਹੀ, ਖੇਤੀ ਨਾਲ ਸੰਬੰਧਿਤ ਨਵੇਂ ਕਾਨੂੰਨ ਬਣਾਉਣ ਵਿਚ ਕਾਂਗਰਸ, ਅਕਾਲੀ ਦਲ, ਬੀਜੇਪੀ ਤਕਰੀਬਨ ਇੱਕੋ ਜਿਹੀਆਂ ਹੀ ਜ਼ਿੰਮੇਵਾਰ ਹਨ। ਉਂਜ, ਜਦੋਂ ਕਿਸਾਨਾਂ ਨੇ ਆਪਣੇ ਸੰਘਰਸ਼ ਨਾਲ ਇਨਾਂ ਤੇ ਸ਼ਿਕੰਜਾ ਕੱਸਿਆ ਤਾਂ ਇਹ ਇਕ ਦੂਜੇ ਤੇ ਦੂਸ਼ਣ ਲਾਉਣ ਲੱਗ ਪਈਆਂ ਅਤੇ ਵੱਖ ਵੱਖ ਹੱਥਕੰਡੇ ਅਪਣਾ ਕੇ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਸਾਬਿਤ ਕਰਨ ਵਿਚ ਲੱਗ ਗਈਆਂ। ਇਹ ਚੰਗੀ ਗੱਲ ਹੈ ਕਿ ਕਿਸਾਨੀ ਜਥੇਬੰਦੀਆਂ ਦੇ ਸਮਝਦਾਰ ਪੈਂਤੜੇ ਨੇ ਇਨਾਂ ਦੇ ਪੱਲੇ ਕੁਝ ਨਹੀਂ ਪੈਣ ਦਿੱਤਾ।

ਇਸ ਗੱਲ ਵਿਚ ਸਚਾਈ ਹੈ ਕਿ ਪਿਛਲੀਆਂ ਸਾਰੀਆਂ ਸਰਕਾਰਾਂ ਦੇ ਲੀਡਰਾਂ ਨੇ ਲੋਕਾਂ ਦੇ ਮੁੱਦੇ ਅੱਖੋਂ ਓਹਲੇ ਕੀਤੇ, ਕੇਵਲ ਆਪਣਾ ਏਜੰਡਾ ਹੀ ਧਿਆਨ ਵਿਚ ਰੱਖਿਆ। ਨਤੀਜੇ ਵਜੋਂ ਪੰਜਾਬ ਹਾਸ਼ੀਏ ਵੱਲ ਧੱਕਿਆ ਗਿਆ। ਹਾਲਾਤ ਇੱਥੋਂ ਤੱਕ ਪਹੁੰਚ ਗਏ ਕਿ ਪੰਜਾਬ ਦੀ ਜਵਾਨੀ ਅਨਪੜਤਾ, ਬੇਰੁਜ਼ਗਾਰੀ ਤੇ ਨਸ਼ਿਆਂ ਦੀ ਦਲਦਲ ਵਿਚ ਧੱਕੀ ਗਈ ਅਤੇ ਬਾਕੀ ਰਹਿੰਦੇ ਪਰਵਾਸ ਕਰ ਗਏ ਜਾਂ ਕਰਨ ਦੀ ਉਡੀਕ ਵਿਚ ਹਨ। ਪਿੰਡਾਂ ਵੱਲ ਜਾਂਦੀਆਂ ਸੜਕਾਂ ਕੰਢੇ ਰੁੱਖਾਂ ਅਤੇ ਖੰਭਿਆਂ ਉੱਤੇ ਬਾਹਰ ਜਾਣ ਦੇ ਲੱਗੇ ਇਸ਼ਤਿਹਾਰ ਦੇਖ ਕੇ ਲੱਗਦਾ ਹੈ ਕਿ ਰਹਿੰਦੇ ਪਿੰਡ ਵੀ ਖਾਲੀ ਹੋਣ ਵਾਲੇ ਹਨ। ਇੱਥੇ ਉਹੀ ਲੋਕ ਹੀ ਵੱਸਣਗੇ ਜਿਹੜੇ ਰਵਾਇਤੀ ਪਾਰਟੀਆਂ ਦੇ ਪੈਰੋਕਾਰ ਬਣ ਕੇ ਰਾਜ ਤੇ ਸਮਾਜ ਲਈ ਵੱਡੇ ਮਸਲੇ ਪੈਦਾ ਕਰਨਗੇ। ਚੋਣਾਂ ਦੇ ਮੱਦੇਨਜ਼ਰ ਹੁਣ ਤਕਰੀਬਨ ਸਾਰੀਆਂ ਪਾਰਟੀਆਂ ਪੰਜਾਬ ਦੇ ਬੱਚਿਆਂ ਨੂੰ ਬਾਹਰ ਜਾ ਕੇ ਪੜਾਈ ਕਰਨ ਲਈ ਮਾਲੀ ਮਦਦ ਦੀ ਗੱਲ ਕਰ ਰਹੀਆਂ ਹਨ। ਇਸ ਤੋਂ ਇਲਾਵਾ ਇਨਾਂ ਪਾਰਟੀਆਂ ਦੇ ਲੋਕਾਂ ਨਾਲ ਕੀਤੇ ਜਾ ਰਹੇ ਵਾਅਦਿਆਂ ਤੋਂ ਲੱਗਦਾ ਹੈ ਕਿ ਪੰਜਾਬ ਦੇ ਲੋਕ ਬੇਆਸਰਾ ਤੇ ਬੇਉਮੀਦ ਹੋ ਗਏ ਹਨ। ਸਭ ਕੁਝ ਹੋਣ ਦੇ ਬਾਵਜੂਦ ਲੋਕ ਆਪਣੀ ਮਿੱਟੀ ਦਾ ਮੋਹ ਛੱਡ ਰਹੇ ਹਨ। ਸਰਹੱਦੀ ਪੱਟੀ ਦੇ ਪਿੰਡਾਂ ਵਿਚ ਚੁੱਪ-ਚੁਪੀਤੇ ਧਰਮ ਪਰਿਵਰਤਨ ਹੋ ਰਿਹਾ ਹੈ। ਇਕ ਅਫਸਰ ਮੁਤਾਬਕ, ਅਗਲੇ 20 ਸਾਲ ਬਾਅਦ ਪੰਜਾਬ ਦਾ ਜਨਸੰਖਿਆ ਢਾਂਚਾ ਬਿਲਕੁੱਲ ਬਦਲ ਜਾਵੇਗਾ ਜਿਸ ਨਾਲ ਹੋਰ ਬਹੁਤ ਸਾਰੇ ਮਸਲੇ ਪੈਦਾ ਹੋਣਗੇ। ਇਹ ਸਾਰਾ ਕੁਝ ਪੰਜਾਬ ਦੀਆਂ ਹਾਕਮ ਜਮਾਤਾਂ ਦੇ ਕਾਰਨਾਮਿਆਂ ਦਾ ਸਿੱਟਾ ਹੈ।

ਲੱਗਦਾ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਬਹੁਤ ਸਾਰੇ ਮੁੱਦਿਆਂ ਤੋਂ ਇਲਾਵਾ ਜ਼ਿਆਦਾ ਬਹਿਸ ਕਿਸਾਨਾਂ ਦੁਆਰਾ ਸਫ਼ਲਤਾ ਨਾਲ ਚਲਾਇਆ ਮੋਰਚਾ ਸਿਆਸਤ ਦਾ ਕੇਂਦਰ ਬਿੰਦੂ ਬਣ ਰਿਹਾ ਹੈ। ਲੋਕ ਹੁਣ ਚੁਣੇ ਨੁਮਾਇੰਦਿਆ ਅੱਗੇ ਹੱਥ ਜੋੜਨ ਦੀ ਬਜਾਇ ਅੱਖਾਂ ਵਿਚ ਅੱਖਾਂ ਪਾ ਕੇ ਸਵਾਲ ਕਰ ਰਹੇ ਹਨ। ਇਸ ਵਰਤਾਰੇ ਦਾ ਸਭ ਤੋਂ ਜ਼ਿਆਦਾ ਅਸਰ ਚੋਣਾਂ ਲੜਨ ਵਾਲੇ ਉਮੀਦਵਾਰਾਂ ਤੇ ਪੈਣ ਦੀ ਸੰਭਾਵਨਾ ਹੈ। ਇਕ ਸਾਲ ਤੋਂ ਵੱਧ ਚੱਲੇ ਕਿਸਾਨ ਅੰਦੋਲਨ ਨੇ ਪੇਂਡੂ ਜਨ ਸਾਧਾਰਨ ਨੂੰ ਨਾ ਕੇਵਲ ਸਿਆਸੀ ਤੌਰ ਤੇ ਚੇਤੰਨ ਕੀਤਾ ਹੈ ਸਗੋਂ ਕਾਫ਼ੀ ਹੱਦ ਤੱਕ ਉਨਾਂ ਨੂੰ ਸਿਆਸੀ ਮਨੁੱਖ ਬਣਾਇਆ ਹੈ। ਕਿਸਾਨ ਅੰਦੋਲਨ ਦੀ ਸਫ਼ਲਤਾ ਤੋਂ ਆਸ ਕੀਤੀ ਜਾਂਦੀ ਹੈ ਕਿ ਪੰਜਾਬ ਦੀ ਸਿਆਸਤ ਦੇ ਨਾਲ ਨਾਲ ਭਾਰਤੀ ਲੋਕਤੰਤਰ ਅਤੇ ਗਣਤੰਤਰ ਨਵੀਂ ਤਰਾਂ ਪਰਿਭਾਸ਼ਤ ਹੋਵੇਗਾ।

ਚੋਣਾਂ ਵਿਚ ਇਸ ਵਾਰ ਚਾਰ ਦਲਾਂ/ਗੱਠਜੋੜਾਂ ਵਿਚਕਾਰ ਮੁਕਾਬਲੇ ਦੀ ਸੰਭਾਵਨਾ ਹੈ ਜਿਸ ਵਿਚ ਅਕਾਲੀ-ਬੀਐੱਸਪੀ ਗੱਠਜੋੜ, ਅਮਰਿੰਦਰ-ਬੀਜੇਪੀ ਤੇ ਹੋਰ ਛੋਟੀਆਂ ਪਾਰਟੀਆਂ ਦਾ ਗੱਠਜੋੜ, ਕਾਂਗਰਸ ਅਤੇ ਆਮ ਆਦਮੀ ਪਾਰਟੀ ਸ਼ਾਮਿਲ। ਅਜਿਹੇ ਮਾਹੌਲ ਵਿਚ ਚੋਣਾਂ ਦੇ ਨਤੀਜਿਆਂ ਬਾਰੇ ਭਵਿੱਖਬਾਣੀ ਕਾਫ਼ੀ ਮੁਸ਼ਕਿਲ ਹੈ। ਅਮਰਿੰਦਰ ਸਿੰਘ ਵਾਲੀ ਧਿਰ ਕਾਂਗਰਸ ਪਾਰਟੀ ਲਈ ਕੁਝ ਸੰਕਟ ਪੈਦਾ ਕਰ ਸਕਦੀ ਹੈ ਪਰ ਪੰਜਾਬ ਦੇ ਵੋਟਰ ਜਾਣਦੇ ਹਨ ਕਿ ਅਮਰਿੰਦਰ ਸਿੰਘ ਨੇ ਆਪਣੇ ਸਾਢੇ ਚਾਰ ਸਾਲ ਦੇ ਸ਼ਾਸਨ ਵਿਚ 2017 ਦੀਆਂ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਵਫ਼ਾ ਨਹੀਂ ਕੀਤੇ। ਉਸ ਦੇ ਰਾਜ ਵਿਚ ਸਭ ਸੰਭਾਵਨਾਵਾਂ ਹੋਣ ਦੇ ਬਾਵਜੂਦ ਲੋਕਾਂ ਦੇ ਮੁੱਦੇ, ਭਾਵ ਰੁਜ਼ਗਾਰ, ਭ੍ਰਿਸ਼ਟਾਚਾਰ, ਰੇਤ ਬਜਰੀ, ਸ਼ਰਾਬ ਮਾਫ਼ੀਆ ਦਾ ਖ਼ਾਤਮਾ, ਬੇਅਦਬੀ ਮਾਮਲੇ ਆਦਿ ਦਾ ਕੋਈ ਸੰਤੋਖਜਨਕ ਹੱਲ ਨਹੀਂ ਨਿਕਲ ਸਕਿਆ। ਉਂਜ, ਅਮਰਿੰਦਰ ਸਿੰਘ ਦੇ ਬੀਜੇਪੀ ਨਾਲ ਗੱਠਜੋੜ ਦਾ ਚੋਣਾਂ ਦੇ ਨਤੀਜਿਆਂ ਤੇ ਪ੍ਰਭਾਵ ਆਸਾਨੀ ਨਾਲ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

ਅਕਾਲੀ-ਬੀਐੱਸਪੀ ਗੱਠਜੋੜ ਅਜੇ ਤੱਕ ਲੋਕਾਂ ਦੀ ਸਿਆਸੀ ਸਮਝ ਦਾ ਹਿੱਸਾ ਨਹੀਂ ਬਣ ਸਕਿਆ। ਸਭ ਤੋਂ ਵੱਡੀ ਮੁਸ਼ਕਿਲ ਦੋਹਾਂ ਪਾਰਟੀਆਂ ਦੀ ਸਿਖ਼ਰਲੀ ਲੀਡਰਸ਼ਿਪ ਵਿਚ ਲੋਕਾਂ ਵਿਚ ਭਰੋਸੇ ਦੀ ਕਮੀ ਹੈ। ਇਹ ਲੀਡਰ ਅਜੇ ਵੀ ਲੋਕਾਂ ਦੇ ਮਨਾਂ ਵਿਚ ਜਗਾ ਬਣਾਉਣ ਲਈ ਜੂਝ ਰਹੇ ਜਾਪਦੇ ਹਨ। ਅਕਾਲੀ ਦਲ ਦੇ ਦੋ ਵੱਡੇ ਲੀਡਰ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਵੱਡੀ ਗਿਣਤੀ ਵੋਟਰਾਂ ਦੇ ਮਨਾਂ ਅੰਦਰ ਨਹੀਂ ਉਤਰ ਰਹੇ। ਇਸ ਦਾ ਮੁੱਖ ਕਾਰਨ ਇਨਾਂ ਲੋਕਾਂ ਦੀ ਇਹ ਸੋਚ ਹੈ ਕਿ ਪੰਜਾਬ ਦੇ ਮੌਜੂਦਾ ਹਾਲਾਤ ਲਈ ਮੁੱਖ ਤੌਰ ਤੇ ਇਹੀ ਜ਼ਿੰਮੇਵਾਰ ਹਨ। ਅਕਾਲੀ ਦਲ ਦੇ ਤਿੰਨ ਖੇਤੀ ਕਾਨੂੰਨਾਂ ਵਿਚ ਨਿਭਾਏ ਰੋਲ ਦਾ ਵੀ ਲੋਕ ਮਖ਼ੌਲ ਉਡਾਉਂਦੇ ਦਿਸਦੇ ਹਨ। ਬੇਅਦਬੀ ਦੇ ਮਾਮਲੇ, ਨਸ਼ਾ ਤਸਕਰੀ, ਗੁੰਡਾਗਰਦੀ ਦੀ ਸਿਆਸਤ, ਰਿਸ਼ਵਤਖੋਰੀ, ਸਰਕਾਰੀ ਜਾਇਦਾਦਾਂ ਵੇਚਣਾ ਜਾਂ ਕਬਜ਼ਾ ਕਰਨਾ ਆਦਿ ਲਈ ਵੀ ਜਿਆਦਾ ਜ਼ਿੰਮੇਵਾਰ ਅਕਾਲੀ-ਬੀਜੇਪੀ ਗੱਠਜੋੜ ਸਰਕਾਰ ਨੂੰ ਹੀ ਮੰਨਿਆ ਜਾਂਦਾ ਹੈ। ਲੋਕਾਂ ਦੇ ਇਹੋ ਜਿਹੇ ਸਿਆਸੀ ਵਿਚਾਰਾਂ ਨਾਲ ਪਾਰਟੀ ਲਈ ਵੱਡੀ ਲਹਿਰ ਪੈਦਾ ਕਰਨੀ ਕਾਫ਼ੀ ਮੁਸ਼ਕਿਲ ਦਿਖਾਈ ਦੇ ਰਹੀ ਹੈ। ਇਹ ਵੀ ਲੱਗਦਾ ਹੈ ਕਿ ਇਸ ਦਲਦਲ ਵਿਚੋਂ ਉਭਰਨ ਵਾਸਤੇ ਕਾਫ਼ੀ ਜੱਦੋ-ਜਹਿਦ ਦੀ ਲੋੜ ਹੈ। ਬਹੁਜਨ ਸਮਾਜ ਪਾਰਟੀ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਵਿਚੋਂ ਇਸ ਕੋਲ ਪਾਰਟੀ ਦੇ ਢਾਂਚੇ ਦੀ ਕਮੀ ਹੈ ਤੇ ਇਸ ਦੇ ਨਾਲ ਨਾਲ ਲੀਡਰਸ਼ਿਪ ਦੀ ਕਮਜ਼ੋਰੀ ਵੀ ਇਸ ਦੇ ਰਸਤੇ ਵਿਚ ਵੱਡੀ ਰੁਕਾਵਟ ਹੈ। ਪਾਰਟੀ ਦੇ ਚੁਣੇ ਨੁਮਾਇੰਦਿਆਂ ਦਾ ਪੰਜਾਬ ਤੇ ਪੰਜਾਬ ਤੋਂ ਬਾਹਰ ਦੇ ਪ੍ਰਦੇਸ਼ਾਂ ਵਿਚ ਸਿਆਸੀ ਵਰਤਾਰਾ ਬਹੁਤ ਭਰੋਸੇਯੋਗ ਨਹੀਂ ਹੈ। ਦੇਖਣ ਵਿਚ ਆਇਆ ਹੈ ਕਿ ਇਸ ਪਾਰਟੀ ਦੇ ਜੇਤੂ ਨੁਮਾਇੰਦੇ ਬਾਅਦ ਵਿਚ ਬਹੁਤ ਅਸਾਨੀ ਨਾਲ ਹੋਰ ਧਿਰਾਂ ਨਾਲ ਰਲ ਜਾਂਦੇ ਹਨ।

ਹੁਣ ਕਾਂਗਰਸ ਦੀ ਗੱਲ। ਅਮਰਿੰਦਰ ਸਿੰਘ ਤੋਂ ਨਾਟਕੀ ਢੰਗ ਨਾਲ ਕੁਰਸੀ ਖਾਲੀ ਕਰਵਾ ਕੇ ਅਤੇ ਇਕ ਆਮ ਵਿਅਕਤੀ ਨੂੰ ਮੁੱਖ ਮੰਤਰੀ ਬਣਾਉਣ ਨਾਲ ਕਾਂਗਰਸ ਨੇ ਇਕ ਤੀਰ ਨਾਲ ਦੋ ਨਿਸ਼ਾਨ ਸਾਧੇ ਹਨ। ਪਹਿਲਾ ਅਮਰਿੰਦਰ ਸਿੰਘ ਸਰਕਾਰ ਦੀ ਸਾਢੇ ਚਾਰ ਸਾਲ ਦੀ ਕਾਰਗੁਜ਼ਾਰੀ ਦੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਕੇ ਅਤੇ ਦੂਸਰਾ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਵਾਲੀ ਕਾਵਾਂ-ਰੌਲੀ ਦਾ ਮੁਕਾਬਲਾ ਕਰਕੇ। ਇਹ ਫ਼ੈਸਲਾ ਉਸ ਸਮੇਂ ਕੀਤਾ ਗਿਆ ਜਦੋਂ ਨਵੀਂ ਸਰਕਾਰ ਕੋਲ ਆਪਣੀ ਕਾਰਗੁਜ਼ਾਰੀ ਦਿਖਾਉਣ ਤੇ ਜ਼ਿੰਮੇਵਾਰੀ ਲੈਣ ਦਾ ਬਹੁਤ ਘੱਟ ਸਮਾਂ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਆਮ ਲੋਕਾਂ ਨਾਲ ਵਰਤਾਰਾ ਅਤੇ ਕਾਂਗਰਸ ਸਰਕਾਰ ਤੇ ਪਾਰਟੀ ਦੀ ਕਿਸਾਨ ਅੰਦੋਲਨ ਪ੍ਰਤੀ ਨਰਮ ਰਵੱਈਏ ਨੇ ਲੋਕਾਂ ਵਿਚ ਹਮਦਰਦੀ ਪੈਦਾ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ ਨਾਲ ਸੰਬੰਧਿਤ ਮਸਲੇ, ਖ਼ਾਸਕਰ ਸਰਹੱਦੀ ਪੱਟੀ ਦਾ ਘੇਰਾ ਵਧਾਉਣ ਦੇ ਕੇਂਦਰ ਦੇ ਇਕਤਰਫ਼ੇ ਫ਼ੈਸਲੇ ਨੂੰ ਅਦਾਲਤ ਵਿਚ ਚੁਣੌਤੀ ਤੇ ਉਸ ਤੋਂ ਇਲਾਵਾ ਹਜ਼ਾਰਾਂ ਨੌਕਰੀਆਂ ਦੇਣ ਦੇ ਉਪਰਾਲੇ ਨਾਲ ਹਮਦਰਦੀ ਬਟੋਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਂਜ, ਪਾਰਟੀ ਨੂੰ ਸਭ ਤੋਂ ਵੱਡੀ ਚੁਣੌਤੀ ਹੋਰ ਕਿਸੇ ਪਾਰਟੀ ਨਾਲੋਂ ਜ਼ਿਆਦਾ ਆਪਣੀ ਪਾਰਟੀ ਦੇ ਨੇਤਾਵਾਂ ਤੋਂ ਹੈ ਜਿਹੜੇ ਹਰ ਰੋਜ਼ ਕੋਈ ਨਵਾਂ ਪੁਆੜਾ ਪਾ ਰਹੇ ਹਨ। ਪੰਜਾਬ ਕਾਂਗਰਸ ਬਹੁਤ ਬੁਰੀ ਤਰਾਂ ਵੰਡੀ ਹੋਈ ਹੈ ਜਿਸ ਦਾ ਮੁੱਖ ਕਾਰਨ ਕੇਂਦਰੀ ਲੀਡਰਸ਼ਿਪ ਦਾ ਕਮਜ਼ੋਰ ਹੋਣਾ ਅਤੇ ਸਰਕਾਰ ਤੇ ਪਾਰਟੀ ਵਿਚ ਤਾਲਮੇਲ ਦੀ ਘਾਟ ਹੈ। ਇਸ ਪਾਰਟੀ ਦੀ ਜਿੱਤ ਦੇ ਨਤੀਜੇ ਸਿੱਧੇ ਤੌਰ ਤੇ ਅਮਰਿੰਦਰ ਸਿੰਘ ਦੀ ਬਣਾਈ ਪੰਜਾਬ ਲੋਕ ਕਾਂਗਰਸ ਅਤੇ ਬੀਜੇਪੀ ਗੱਠਜੋੜ ਤੇ ਨਿਰਭਰ ਹਨ। ਪਿਛਲੀਆਂ ਚੋਣਾਂ ਵਿਚ ਕਾਂਗਰਸ ਦੀ ਵੱਡੀ ਜਿੱਤ ਸ਼ਹਿਰੀ ਵੋਟਰਾਂ ਕਰ ਕੇ ਹੋਈ ਸੀ। ਨਵੇਂ ਸਮੀਕਰਨ ਕਾਂਗਰਸ ਲਈ ਚੁਣੌਤੀ ਪੈਦਾ ਕਰ ਸਕਦੇ ਹਨ। ਇੱਥੇ ਇਹ ਦੱਸਣਾ ਬਣਦਾ ਹੈ ਕਿ ਪੰਜਾਬ ਦੀ ਸਿਆਸਤ ਵਿਚਾਰਧਾਰਕ ਅਤੇ ਅਸੂਲਾਂ ਨਾਲੋਂ ਜ਼ਿਆਦਾ ਧੜੇਬੰਦੀ ਤੇ ਆਧਾਰਿਤ ਹੈ।

ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਨਾਲ ਆਮ ਆਦਮੀ ਪਾਰਟੀ ਦੀ ਮੁਸ਼ਕਿਲ ਕੁਝ ਹੱਦ ਤੱਕ ਵਧ ਗਈ ਲੱਗਦੀ ਹੈ। ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਆਮ ਆਦਮੀ ਪਾਰਟੀ ਪ੍ਰਤੀ ਲੋਕਾਂ ਦਾ ਝੁਕਾਅ ਵਧ ਗਿਆ ਸੀ। ਇਸ ਦਾ ਮੁੱਖ ਕਾਰਨ ਅਮਰਿੰਦਰ ਸਿੰਘ ਸਰਕਾਰ ਦੀ ਕਾਰਗੁਜ਼ਾਰੀ, ਵਿਧਾਇਕਾਂ ਤੇ ਹੋਰ ਲੀਡਰਾਂ ਵਿਚ ਅਸੰਤੁਸ਼ਟੀ, ਮਸਲਿਆਂ ਦੇ ਹੱਲ ਕੱਢਣ ਦੀ ਬਜਾਇ ਉਨਾਂ ਨੂੰ ਲਮਕਾਉਣਾ, ਚੁਣੇ ਹੋਏ ਨੁਮਾਇੰਦਿਆਂ ਦੀ ਜਗਾ ਆਪਣੇ ਨਿੱਜੀ ਸਲਾਹਕਾਰਾਂ ਤੇ ਜਿਆਦਾ ਭਰੋਸਾ ਕਰਨਾ ਆਦਿ ਸਨ। ਲੀਡਰਸ਼ਿਪ ਬਦਲਣ ਅਤੇ ਨਵੀਂ ਲੀਡਰਸ਼ਿਪ ਦੁਆਰਾ ਕੁਝ ਲੋਕ ਲੁਭਾਊ ਫ਼ੈਸਲੇ ਕਰਨ ਨਾਲ ਕਾਂਗਰਸ ਨੇ ਕਾਫ਼ੀ ਹੱਦ ਤੱਕ ਆਮ ਆਦਮੀ ਪਾਰਟੀ ਲਈ ਵੱਡੀ ਚੁਣੌਤੀ ਪੈਦਾ ਕੀਤੀ ਹੈ। ਦੂਸਰੇ ਪਾਸੇ ਆਮ ਆਦਮੀ ਪਾਰਟੀ ਵਿਚ ਵੱਡੀ ਟੁੱਟ-ਭੱਜ, ਵਿਚਾਰਧਾਰਾ ਦੀ ਅਣਹੋਂਦ, ਸ਼ਕਤੀਆਂ ਦਾ ਕੇਂਦਰੀਕਰਨ, ਸਥਾਨਕ ਲੀਡਰਾਂ ਨੂੰ ਅਣਗੌਲਣਾ, ਪਾਰਟੀ ਢਾਂਚੇ ਦੀ ਅਣਹੋਂਦ, ਸਥਾਨਕ ਲੀਡਰਾਂ ਤੇ ਵਿਸ਼ਵਾਸ਼ ਦੀ ਘਾਟ ਆਦਿ ਆਮ ਆਦਮੀ ਪਾਰਟੀ ਦੀ ਜਿੱਤ ਵਿਚ ਵੱਡੇ ਰੋੜੇ ਹਨ। ਕਾਂਗਰਸ ਨੇ ਜਵਾਨ ਦਲਿਤ ਨੇਤਾ ਨੂੰ ਪੰਜਾਬ ਦੀ ਵਾਗਡੋਰ ਦੇ ਕੇ ਪੰਜਾਬ ਦੀ ਸਿਆਸਤ ਨੂੰ ਨਵੇਂ ਢੰਗ ਨਾਲ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਉਂ ਹੁਣ ਤੱਕ ਤਾਂ ਆਮ ਆਦਮੀ ਪਾਰਟੀ ਕਾਂਗਰਸ ਨਾਲ ਮੁਕਾਬਲੇ ਵਿਚ ਲੱਗਦੀ ਹੈ ਪਰ ਬੀਜੇਪੀ ਦਾ ਅਮਰਿੰਦਰ ਸਿੰਘ ਨਾਲ ਸਮਝੌਤਾ ਤੇ ਹੋਰ ਛੋਟੇ ਮੋਟੇ ਦਲਾਂ ਨੂੰ ਨਾਲ ਲੈ ਕੇ ਚੋਣਾਂ ਲੜਨ ਦੀ ਜੁਗਤ ਇਨਾਂ ਦਾ ਖੇਲ ਵਿਗਾੜ ਸਕਦੀ ਹੈ। ਇਹ ਗੱਲ ਜੱਗ-ਜ਼ਾਹਿਰ ਹੈ ਕਿ ਲੋਕ ਰਵਾਇਤੀ ਪਾਰਟੀਆਂ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਹਨ ਪਰ ਉਹ ਕੋਈ ਟਿਕਾਊ ਅਤੇ ਪੰਜਾਬ ਹਿਤੈਸ਼ੀ ਬਦਲ ਚਾਹੁੰਦੇ ਹਨ। ਆਮ ਆਦਮੀ ਪਾਰਟੀ ਪ੍ਰਤੀ ਲੋਕਾਂ ਦਾ ਉਭਾਰ 2017 ਦੀਆਂ ਚੋਣਾਂ ਤੋਂ ਪਹਿਲਾਂ ਵੀ ਸੀ ਪਰ ਅਖ਼ੀਰ ਤੇ ਇਹ ਸਾਰਾ ਕੁਝ ਧਰਿਆ-ਧਰਾਇਆ ਰਹਿ ਗਿਆ। ਪੰਜਾਬ ਦੇ ਲੋਕ ਉਨਾਂ ਸਾਰੇ ਕਾਰਨਾਂ ਬਾਰੇ ਜਾਣਦੇ ਹਨ ਜਿਨਾਂ ਕਰਕੇ ਉਨਾਂ ਨੂੰ ਕਾਂਗਰਸ ਨੂੰ ਚੁਣਨਾ ਪਿਆ। ਧਰਾਤਲ ਤੇ ਅੱਜ ਵੀ ਪੂਰੀਆਂ ਸੰਭਾਵਨਾਵਾਂ ਹੋਣ ਦੇ ਬਾਵਜੂਦ ਆਮ ਆਦਮੀ ਪਾਰਟੀ ਲਈ ਪੰਜਾਬ ਵਿਚ ਸਰਕਾਰ ਬਣਾਉਣ ਲਈ ਲੋਕਾਂ ਵਿਚ ਭਰੋਸਾ ਪੈਦਾ ਕਰਨਾ ਜ਼ਰੂਰੀ ਹੈ। ਇਸ ਪਾਰਟੀ ਵੱਲੋਂ ਕੇਂਦਰ ਦੁਆਰਾ ਬਣਾਏ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਅਤੇ ਧਾਰਾ 370 ਤੇ 35-ਏ ਦੇ ਖ਼ਾਤਮੇ ਦੀ ਹਮਾਇਤ ਤੇ ਉਸ ਦੇ ਨਰਮ ਹਿੰਦੂਤਵ ਵਾਲਾ ਅਕਸ ਪੰਜਾਬ ਦੇ ਇਕ ਵੱਡੇ ਤਬਕੇ ਦੇ ਲੋਕਾਂ ਲਈ ਸਵਾਲ ਪੈਦਾ ਕਰਦੇ ਹਨ। ਕਿਹਾ ਜਾ ਸਕਦਾ ਹੈ ਕਿ ਐਤਕੀਂ ਵਿਧਾਨ ਸਭਾ ਚੋਣਾਂ ਪਹਿਲੀਆਂ ਚੋਣਾਂ ਨਾਲੋਂ ਵੱਖਰੇ ਤੌਰ ਤੇ ਲੜੀਆਂ ਜਾਣਗੀਆਂ। ਇਸ ਦਾ ਮੁੱਖ ਕਾਰਨ ਕਿਸਾਨੀ ਸੰਘਰਸ਼ ਦੀ ਜਿੱਤ ਨਾਲ ਪੈਦਾ ਹੋਈ ਸਿਆਸੀ ਚੇਤਨਾ ਅਤੇ ਵਿਸ਼ਵਾਸ ਹੈ। ਹੁਣ ਰਵਾਇਤੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਲੋਕਾਂ ਦੁਆਰਾ ਉਠਾਏ ਸਵਾਲਾਂ ਦੇ ਜਵਾਬ ਦੇਣੇ ਪੈਣਗੇ।

# ਕੇਂਦਰ ਵਲੋਂ ਪੰਜਾਬੀਆਂ ਤੇ ਸਿੱਖਾਂ ਨੂੰ ਖ਼ੁਸ਼ ਕਰਨ ਲਈ ਅਹਿਮ ਐਲਾਨ ਦੀ ਸੰਭਾਵਨਾ

ਸਿਆਸੀ ਗਲਿਆਰਿਆਂ ਵਿਚ ਵੱਡੀ ਚਰਚਾ ਮੋਦੀ ਸਰਕਾਰ ਪੰਜਾਬ 'ਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਨੂੰ ਖ਼ੁਸ਼ ਕਰਨ ਲਈ ਕੋਈ ਅਹਿਮ ਐਲਾਨ ਕਰ ਸਕਦੀ ਹੈ। ਜਾਣਕਾਰੀ ਅਨੁਸਾਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੋ ਭਾਜਪਾ ਨਾਲ ਗੱਠਜੋੜ ਵਿਚ ਸ਼ਾਮਿਲ ਹਨ ਵਲੋਂ ਭਾਜਪਾ ਹਾਈਕਮਾਂਡ ਕੋਲ ਪੰਜਾਬ ਸੰਬੰਧੀ ਮੰਗਾਂ ਦਾ ਇਕ ਚਿੱਠਾ ਪੇਸ਼ ਕੀਤਾ ਗਿਆ ਹੈ ਅਤੇ ਉਨਾਂ ਦਾ ਕਹਿਣਾ ਹੈ ਕਿ ਪੰਜਾਬੀਆਂ ਦੇ ਦਿਲ ਜਿੱਤਣ ਲਈ ਕੇਂਦਰ ਸਰਕਾਰ ਨੂੰ ਇਨਾਂ ਵਿਚੋਂ ਵੱਧ ਤੋਂ ਵੱਧ ਮੰਗਾਂ ਨੂੰ ਮੰਨੇ ਜਾਣ ਸਬੰਧੀ ਚੋਣਾਂ ਤੋਂ ਪਹਿਲਾਂ ਫ਼ੈਸਲਾ ਲੈਣਾ ਚਾਹੀਦਾ ਹੈ। ਚਰਚਾ ਇਹ ਹੈ ਕਿ ਵਿਚਾਰ ਪੈਕੇਜ ਵਿਚ ਪੰਜਾਬ ਦੀ ਸਨਅਤ ਕੁਝ ਰਿਆਇਤਾਂ ਦੇਣਾ, ਸੂਬੇ ਵਿਚ ਫ਼ਸਲੀ ਵਿਭਿੰਨਤਾ ਲਈ ਵਿਸ਼ੇਸ਼ ਪੈਕੇਜ, ਕਿਸਾਨੀ ਕਰਜ਼ੇ 'ਤੇ ਵਿਆਜ ਮੁਆਫ਼ ਕਰਨਾ ਜਾਂ ਘਟਾਉਣਾ, ਪ੍ਰਵਾਸੀ ਭਾਰਤੀਆਂ ਲਈ ਕਾਲੀ ਸੂਚੀ ਖ਼ਤਮ ਕਰਨਾ, ਬੰਦੀ ਸਿੱਖਾਂ ਨੂੰ ਰਿਹਾਅ ਕਰਨ ਅਤੇ ਕੁਝ ਕੇਂਦਰੀ ਸਕੀਮਾਂ ਹੇਠ ਵੀ ਪੰਜਾਬ ਲਈ ਵਿਸ਼ੇਸ਼ ਰਿਆਇਤਾਂ ਦਾ ਐਲਾਨ ਹੋ ਸਕਦਾ ਹੈ। ਚਰਚਾ ਇਹ ਵੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ੁਦ ਪੰਜਾਬ ਆ ਕੇ ਕਿਸੇ ਥਾਂ ਰੈਲੀ ਆਦਿ ਵਿਚ ਅਜਿਹਾ ਐਲਾਨ ਕਰ ਸਕਦੇ ਹਨ ਪਰ ਪੰਜਾਬ ਸਰਕਾਰ ਕੋਲ ਅਧਿਕਾਰਤ ਤੌਰ 'ਤੇ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਸੰਬੰਧੀ ਅਜੇ ਕੋਈ ਸਰਕਾਰੀ ਸੂਚਨਾ ਨਹੀਂ ਹੈ, ਜਦੋਂ ਕਿ ਖ਼ੁਫ਼ੀਆ ਵਿਭਾਗ ਦਾ ਦੱਸਣਾ ਹੈ ਕਿ ਅਜਿਹੀ ਰੈਲੀ ਲਈ ਲੁਧਿਆਣਾ, ਪਟਿਆਲਾ ਤੇ ਅੰਮ੍ਰਿਤਸਰ ਆਦਿ ਸਬੰਧੀ ਭਾਜਪਾ ਵਲੋਂ ਵਿਚਾਰ ਕੀਤਾ ਜਾ ਰਿਹਾ ਹੈ। ਭਾਜਪਾ ਦੇ ਪੰਜਾਬ ਦੇ ਇੰਚਾਰਜ ਤੇ ਕੇਂਦਰੀ ਮੰਤਰੀ ਗਜਿੰਦਰ ਸਿੰਘ ਸ਼ੇਖਾਵਤ ਚੰਡੀਗੜ੍ਹ ਪੁੱਜ ਚੁਕੇ ਹਨ । ਉਹ ਅਗਲੇ 10-15 ਦਿਨ ਰੁਕਣਗੇ ਅਤੇ ਪਾਰਟੀ ਦੀ ਰਣਨੀਤੀ ਨੂੰ ਵਿਚਾਰਨਗੇ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਵਲੋਂ ਦੂਜੀਆਂ ਪਾਰਟੀਆਂ ਤੋਂ ਸ਼ਾਮਿਲ ਹੋਣ ਵਾਲਿਆਂ ਨਾਲ ਗੱਲਬਾਤ ਲਈ ਸ੍ਰੀ ਸ਼ੇਖਾਵਤ ਨੂੰ ਹੀ ਅਧਿਕਾਰ ਦਿੱਤੇ ਹਨ ਅਤੇ ਸੰਭਵ ਹੈ ਕਿ ਆਉਂਦੇ ਕੁਝ ਦਿਨਾਂ ਦੌਰਾਨ ਪੰਜਾਬ ਤੋਂ ਕਾਂਗਰਸ ਦੇ ਕੁਝ ਸੀਨੀਅਰ ਲੀਡਰ ਤੇ ਵਿਧਾਇਕ ਭਾਜਪਾ ਵਿਚ ਸ਼ਾਮਿਲ ਹੋਣ ਦਾ ਐਲਾਨ ਕਰਨ। ਕਿਹਾ ਜਾ ਰਿਹਾ ਹੈ ਕਿ ਅਕਾਲੀ ਤੇ ਕਾਂਗਰਸੀ ਮਹਾਂਰਥੀ ਭਾਜਪਾ ਹਾਈਕਮਾਂਡ ਦੀ ਸ਼ਰਨ ਵਿਚ ਹਨ। ਰਾਣਾ ਗੁਰਮੀਤ ਸੋਢੀ ਕਾਂਗਰਸ ਤੋਂ ਅਸਤੀਫਾ ਦੇ ਕੇ ਪੰਜਾਬ ਭਾਜਪਾ ਦੇ ਇੰਚਾਰਜ ਗਜੇਂਦਰ ਸਿੰਘ ਸ਼ੇਖਾਵਤ ਦੀ ਹਾਜ਼ਰੀ ਦੌਰਾਨ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਗੁਰਮੀਤ ਸਿੰਘ ਰਾਣਾ ਸੋਢੀ ਚਾਰ ਵਾਰ ਵਿਧਾਇਕ ਰਹਿ ਚੁੱਕੇ ਹਨ। ਅਸਲ ਵਿਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਜਦੋਂ ਮੁੱਖ ਮੰਤਰੀ ਦੇ ਤੌਰ 'ਤੇ ਅਹੁਦਾ ਸੰਭਾਲਿਆ ਸੀ ਤਾਂ ਸਾਬਕਾ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਦੀ ਉਨਾਂ ਦੇ ਅਹੁਦੇ ਤੋਂ ਛੁੱਟੀ ਹੋ ਗਈ ਸੀ। ਸੋਢੀ ਕੈਪਟਨ ਦੇ ਕਰੀਬੀ ਮੰਨੇ ਜਾਂਦੇ ਹਨ। ਕਾਂਗਰਸ 'ਚ ਜਿਵੇਂ ਨਾਰਾਜ਼ ਚੱਲ ਰਹੇ ਆਗੂਆਂ ਨੂੰ ਮਨਾਇਆ ਜਾ ਰਿਹਾ ਹੈ, ਸੋਢੀ ਨੇ ਸੋਚਿਆ ਹੋਵੇਗਾ ਕਿ ਸ਼ਾਇਦ ਉਨਾਂ ਨੂੰ ਵੀ ਮਨਾ ਲੈਣਗੇ ਪਰ ਅਜਿਹਾ ਹੋਇਆ ਨਹੀਂ। ਇਸ ਤਰਾਂ ਦੇ ਐਲਾਨ ਪ੍ਰਧਾਨ ਮੰਤਰੀ ਮੋਦੀ ਦੀ ਪੰਜਾਬ ਆਮਦ ਦੌਰਾਨ ਵਡੇ ਸਮਾਗਮ ਦੀ ਹਾਜ਼ਰੀ ਵਿਚ ਹੋ ਸਕਦੇ ਹਨ। ਕੁਝ ਹੋਰ ਵਡੇ ਸਿਖ ਚਿਹਰੇ ਭਾਜਪਾ ਨਾਲ ਜੁੜ ਸਕਦੇ ਹਨ। ਭਾਜਪਾ ਬੰਗਾਲ ਵਾਲੀ ਸਿਆਸੀ ਖੇਡ ਪੰਜਾਬ ਵਿਚ ਖੇਡਣਾ ਚਾਹੁੰਦੀ



# ਸਿਹਤ ਸੰਭਾਲ




# ਬੱਚਿਆਂ ਅਤੇ ਨੌਜਵਾਨਾਂ ਲਈ ਸਿਹਤਮੰਦ ਖ਼ੁਰਾਕ

**ਹਰਜੀਤ ਕੌਰ ਸੇਖੋਂ, ਕੈਲੇਫੋਰਨੀਆ**

ਜੀਵਨ-ਕਾਲ ਦੌਰਾਨ ਇੱਕ ਸਿਹਤਮੰਦ ਖੁਰਾਕ ਦਾ ਸੇਵਨ ਕੁਪੋਸ਼ਣ ਨੂੰ ਇਸਦੇ ਸਾਰੇ ਰੂਪਾਂ ਦੇ ਨਾਲ-ਨਾਲ ਗੈਰ-ਸੰਚਾਰੀ ਬਿਮਾਰੀਆਂ (NCDs) ਅਤੇ ਸਥਿਤੀਆਂ ਦੀ ਇੱਕ ਸ਼੍ਰੇਣੀ ਨੂੰ ਰੋਕਣ ਵਿੱਚ ਮਦਦ ਕਰਦਾ ਹੈ। ਹਾਲਾਂਕਿ, ਪ੍ਰੋਸੈਸਡ ਫੂਡਜ਼ ਦੇ ਵਧੇ ਹੋਏ ਉਤਪਾਦਨ, ਤੇਜ਼ੀ ਨਾਲ ਸ਼ਹਿਰੀਕਰਨ ਅਤੇ ਬਦਲਦੀ ਜੀਵਨ ਸ਼ੈਲੀ ਨੇ ਖੁਰਾਕ ਦੇ ਨਮੂਨੇ ਵਿੱਚ ਤਬਦੀਲੀ ਕੀਤੀ ਹੈ। ਲੋਕ ਹੁਣ ਊਰਜਾ, ਚਰਬੀ, ਮੁਫ਼ਤ ਸ਼ੱਕਰ ਅਤੇ ਨਮਕ/ਸੋਡੀਅਮ ਵਾਲੇ ਵਧੇਰੇ ਭੋਜਨਾਂ ਦਾ ਸੇਵਨ ਕਰ ਰਹੇ ਹਨ, ਅਤੇ ਬਹੁਤ ਸਾਰੇ ਲੋਕ ਫਲ, ਸਬਜ਼ੀਆਂ ਅਤੇ ਹੋਰ ਖੁਰਾਕੀ ਫਾਈਬਰ ਜਿਵੇਂ ਕਿ ਸਾਬਤ ਅਨਾਜ ਨਹੀਂ ਖਾਂਦੇ।

ਵਿਭਿੰਨ, ਸੰਤੁਲਿਤ ਅਤੇ ਸਿਹਤਮੰਦ ਖੁਰਾਕ ਇਨਸਾਨ ਨੂੰ ਲੰਮੀ ਉਮਰ ਪ੍ਰਦਾਨ ਕਰਦੀ ਹੈ। ਵਿਅਕਤੀਗਤ ਵਿਸ਼ੇਸ਼ਤਾਵਾਂ (ਜਿਵੇਂ ਕਿ ਉਮਰ, ਲਿੰਗ, ਜੀਵਨਸ਼ੈਲੀ ਅਤੇ ਸਰੀਰਕ ਗਤੀਵਿਧੀ ਦੀ ਡਿਗਰੀ), ਸੱਭਿਆਚਾਰਕ ਸੰਦਰਭ, ਸਥਾਨਕ ਤੌਰ 'ਤੇ ਉਪਲਬਧ ਭੋਜਨ ਅਤੇ ਖੁਰਾਕ ਦੇ ਰੀਤੀ-ਰਿਵਾਜਾਂ ਦੇ ਆਧਾਰ 'ਤੇ ਵੱਖ-ਵੱਖ ਹੋਵੇਗਾ। ਹਾਲਾਂਕਿ, ਇੱਕ ਸਿਹਤਮੰਦ ਖੁਰਾਕ ਦਾ ਮੂਲ ਸਿਧਾਂਤ ਉਹੀ ਰਹਿੰਦਾ ਹੈ। ਨੌਜਵਾਨਾਂ ਲਈ ਸਹੀ ਖੁਰਾਕ ਜੋ ਉਨਾਂ ਨੂੰ ਸਿਹਤਮੰਦ ਰੱਖਣ ਵਿਚ ਮਦਦ ਕਰਦੀ ਹੈ। ਫਲ, ਸਬਜ਼ੀਆਂ, ਫਲ਼ੀਦਾਰ (ਜਿਵੇਂ ਦਾਲ ਅਤੇ ਬੀਨਜ਼), ਗਿਰੀਦਾਰ ਅਤੇ ਸਾਬਤ ਅਨਾਜ (ਜਿਵੇਂ ਕਿ ਬਿਨਾਂ ਪ੍ਰੋਸੈਸਡ ਮੱਕੀ, ਬਾਜਰਾ, ਜਵੀ, ਕਣਕ ਅਤੇ ਭੂਰੇ ਚਾਵਲ)।

ਘੱਟੋ-ਘੱਟ 400 ਗ੍ਰਾਮ (ਭਾਵ ਪੰਜ ਹਿੱਸੇ) ਫਲ ਅਤੇ ਸਬਜ਼ੀਆਂ ਪ੍ਰਤੀ ਦਿਨ (2), ਆਲੂ, ਮਿੱਠੇ ਆਲੂ, ਕਸਾਵਾ ਅਤੇ ਹੋਰ ਸਟਾਰਚ ਵਾਲੀਆਂ ਜੜ੍ਹਾਂ ਨੂੰ ਛੱਡ ਕੇ। ਸ਼ੱਕਰ (2, 7) ਤੋਂ ਕੁੱਲ ਊਰਜਾ ਦੀ ਖਪਤ ਦਾ 10% ਤੋਂ ਘੱਟ ਜੋ ਕਿ ਸਿਹਤਮੰਦ ਸਰੀਰ ਦੇ ਭਾਰ ਵਾਲੇ ਵਿਅਕਤੀ ਲਈ ਪ੍ਰਤੀ ਦਿਨ ਲਗਭਗ 2000 ਕੈਲੋਰੀਆਂ ਦੀ ਖਪਤ 50 ਗ੍ਰਾਮ (ਜਾਂ ਲਗਭਗ 12 ਪੱਧਰ ਦੇ ਚਮਚੇ)




ਦੇ ਬਰਾਬਰ ਹੈ, ਪਰ ਆਦਰਸ਼ਕ ਤੌਰ 'ਤੇ 5 ਤੋਂ ਘੱਟ ਹੈ। ਵਾਧੂ ਸਿਹਤ ਲਾਭਾਂ ਲਈ ਕੁੱਲ ਊਰਜਾ ਦੀ ਖਪਤ ਦਾ % (7) । ਸ਼ੱਕਰ ਉਤਪਾਦਕ, ਰਸੋਈਏ ਜਾਂ ਖਪਤਕਾਰ ਦੁਆਰਾ ਭੋਜਨ ਜਾਂ ਪੀਣ ਵਾਲੇ ਪਦਾਰਥਾਂ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ ਜਿਸ ਵਿਚ ਸ਼ਹਿਦ, ਸ਼ਰਬਤ, ਫਲਾਂ ਦੇ ਰਸ ਅਤੇ ਫਲਾਂ ਦੇ ਜੂਸ ਵਿੱਚ ਮੌਜੂਦ ਸ਼ੱਕਰ ਕੁਦਰਤੀ ਤੌਰ 'ਤੇ ਮੌਜੂਦ ਹਨ।

ਚਰਬੀ (1, 2, 3) ਤੋਂ ਕੁੱਲ ਊਰਜਾ ਗ੍ਰਹਿਣ ਦਾ 30% ਤੋਂ ਘੱਟ। ਅਸੰਤ੍ਰਿਪਤ ਚਰਬੀ (ਮੱਛੀ, ਐਵੋਕਾਡੋ ਅਤੇ ਗਿਰੀਆਂ ਵਿੱਚ ਪਾਈ ਜਾਂਦੀ ਹੈ, ਅਤੇ ਸੂਰਜਮੁਖੀ, ਸੋਇਆਬੀਨ, ਕੈਨੋਲਾ ਅਤੇ ਜੈਤੂਨ ਦੇ ਤੇਲ ਵਿੱਚ ਮਿਲਦੀ ਹੈ) ਸੰਤ੍ਰਿਪਤ ਚਰਬੀ (ਚਰਬੀ ਵਾਲੇ ਮੀਟ, ਮੱਖਣ, ਪਾਮ ਅਤੇ ਨਾਰੀਅਲ ਦੇ ਤੇਲ, ਕਰੀਮ, ਪਨੀਰ, ਘਿਓ ਅਤੇ ਲਾਰਡ ਵਿੱਚ ਪਾਈ ਜਾਂਦੀ ਹੈ) ਜੋ ਟਰਾਂਸ ਨੂੰ ਤਰਜੀਹ ਦਿੰਦੇ ਹਨ। ਉਦਯੋਗਿਕ ਤੌਰ 'ਤੇ ਤਿਆਰ ਕੀਤੇ ਟਰਾਂਸ-ਫੈਟਸ (ਬੇਕਡ ਅਤੇ ਤਲੇ ਹੋਏ ਭੋਜਨਾਂ, ਅਤੇ ਪਹਿਲਾਂ ਤੋਂ ਪੈਕ ਕੀਤੇ ਸਨੈਕਸ ਅਤੇ ਭੋਜਨ, ਜਿਵੇਂ ਕਿ ਜੰਮੇ ਹੋਏ ਪੀਜਾ, ਪਕੌੜੇ, ਕੂਕੀਜ, ਬਿਸਕੁਟ, ਵੇਫਰ, ਅਤੇ ਖਾਣਾ ਪਕਾਉਣ ਵਾਲੇ ਤੇਲ ਅਤੇ ਸਪ੍ਰੈਡਾਂ ਵਿੱਚ ਮਿਲਦੇ ਹਨ ਇਨਾਂ ਸਮੇਤ ਹਰ ਕਿਸਮ ਦੀ ਚਰਬੀ ਅਤੇ ਰੂਮੀਨੈਂਟ ਟਰਾਂਸ- ਫੈਟਸ ਜੋ ਮੀਟ ਅਤੇ ਡੇਅਰੀ ਭੋਜਨਾਂ ਵਿੱਚ ਰੂਮੀਨੈਂਟ ਜਾਨਵਰਾਂ, ਜਿਵੇਂ ਕਿ ਗਾਵਾਂ, ਭੇਡਾਂ, ਬੱਕਰੀਆਂ ਅਤੇ ਊਠਾਂ ਵਿੱਚ ਪਾਇਆ ਜਾਂਦਾ ਹੈ। ਇਸ ਦੇ ਨਾਲ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਸੰਤ੍ਰਿਪਤ ਚਰਬੀ ਦਾ ਸੇਵਨ ਕੁੱਲ ਊਰਜਾ ਦੇ ਸੇਵਨ ਦੇ 10% ਤੋਂ ਘੱਟ ਕੀਤਾ ਜਾਵੇ ਅਤੇਕੁੱਲ ਊਰਜਾ ਦੇ ਸੇਵਨ ਦੇ 1% ਤੋਂ ਘੱਟ ਤੱਕ ਚਰਬੀ (5) । ਖਾਸ ਤੌਰ 'ਤੇ, ਉਦਯੋਗਿਕ ਤੌਰ 'ਤੇ ਪੈਦਾ ਕੀਤੀਆਂ ਟਰਾਂਸ-ਚਰਬੀ ਸਿਹਤਮੰਦ ਖੁਰਾਕ ਦਾ ਹਿੱਸਾ ਨਹੀਂ ਹਨ ਅਤੇ ਇਨਾਂ ਤੋਂ ਬਚਣਾ ਚਾਹੀਦਾ ਹੈ (4, 6) ਪ੍ਰਤੀ ਦਿਨ 5 ਗ੍ਰਾਮ ਤੋਂ ਘੱਟ ਲੂਣ (ਲਗਭਗ ਇੱਕ ਚਮਚ ਦੇ ਬਰਾਬਰ) (8), ਲੂਣ ਆਇਓਡੀਨਾਈਜ਼ਡ ਹੋਣਾ ਚਾਹੀਦਾ ਹੈ।

**ਨਿਆਣਿਆਂ ਅਤੇ ਛੋਟੇ ਬੱਚਿਆਂ ਲਈ ਸਿਹਤਮੰਦ ਖੁਰਾਕ**

ਬੱਚੇ ਦੇ ਜੀਵਨ ਦੇ ਪਹਿਲੇ 2 ਸਾਲਾਂ ਵਿੱਚ, ਅਨੁਕੂਲ ਪੋਸ਼ਣ ਸਿਹਤਮੰਦ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਬੋਧਾਤਮਕ ਵਿਕਾਸ ਵਿੱਚ ਸੁਧਾਰ ਕਰਦਾ ਹੈ। ਇਹ ਜੀਵਨ ਵਿੱਚ ਵੱਧ ਭਾਰ ਜਾਂ ਮੋਟਾਪੇ ਅਤੇ ਐਨਸੀਡੀ ਦੇ ਵਿਕਾਸ ਦੇ ਜੋਖਮ ਨੂੰ ਵੀ ਘਟਾਉਂਦਾ ਹੈ।

ਜੀਵਨ ਦੇ ਪਹਿਲੇ 6 ਮਹੀਨਿਆਂ ਦੌਰਾਨ ਬੱਚਿਆਂ ਨੂੰ ਸਿਰਫ਼ ਮਾਂ ਦਾ ਦੁੱਧ ਹੀ ਪਿਲਾਉਣਾ ਚਾਹੀਦਾ ਹੈ।

ਨਵਜੰਮੇ ਬੱਚਿਆਂ ਨੂੰ 2 ਸਾਲ ਅਤੇ ਇਸ ਤੋਂ ਵੱਧ ਦੀ ਉਮਰ ਤੱਕ ਲਗਾਤਾਰ ਦੁੱਧ ਪਲਾਉਣਾ ਚਾਹੀਦਾ ਹੈ।

6 ਮਹੀਨਿਆਂ ਦੀ ਉਮਰ ਤੋਂ, ਮਾਂ ਦੇ ਦੁੱਧ ਨੂੰ ਕਈ ਤਰਾਂ ਦੇ ਢੁਕਵੇਂ, ਸੁਰੱਖਿਅਤ ਅਤੇ ਪੌਸ਼ਟਿਕ ਤੱਤ ਵਾਲੇ ਭੋਜਨ ਨਾਲ ਪੂਰਕ ਕੀਤਾ ਜਾਣਾ ਚਾਹੀਦਾ ਹੈ। ਪੂਰਕ ਭੋਜਨਾਂ ਵਿੱਚ ਲੂਣ ਅਤੇ ਸ਼ੱਕਰ ਸ਼ਾਮਲ ਨਹੀਂ ਕੀਤੇ ਜਾਣੇ ਚਾਹੀਦੇ।

# ਹਰ ਦਿਨ ਦੇ ਜੀਵਨ ਦਾ ਆਨੰਦ

**ਇੰਜੀ ਪ੍ਰੇਮ ਸਿੰਘ ਕਲੇਰ**
**9646113251**



ਆਮ ਤੌਰ 'ਤੇ ਅਸੀਂ ਆਪਣੀ ਜ਼ਿੰਦਗੀ ਦੇ ਸਫ਼ਰ ਨੂੰ ਸਾਲਾਂ 'ਚ ਮਾਪਦੇ ਹਾਂ, ਕੁਝ ਲੋਕ ਇਸਨੂੰ ਨਵੇਂ ਬਣਾਏ ਦੋਸਤਾਂ ਦੀ ਗਿਣਤੀ ਨਾਲ, ਕੁਝ ਜਨਮ ਦਿਨਾਂ ਦੀ ਗਿਣਤੀ ਨਾਲ ਤੇ ਬਾਕੀ ਨਿਤਾਪ੍ਰਤੀ ਦੇ ਜੀਵਨ ਚੱਕਰ ਵਿਚ ਇੰਨਾ ਕੁ ਉਲਝੇ ਰਹਿੰਦੇ ਹਨ ਕਿ ਕਿਤੇ ਰੁਕ ਕੇ ਹਿਸਾਬ ਹੀ ਨਹੀਂ ਕੀਤਾ। ਕੀ ਖੱਟਿਆ ਤੇ ਕੀ ਗਵਾਇਆ ? ਕੀ ਸਹੀ ਰਸਤੇ ਤੇ ਜਾ ਰਹੇ ਹਾਂ ? ਜਾਂ ਰਸਤੇ ਬਦਲਣ ਦੀ ਲੋੜ ਹੈ ? ਅਜਿਹੇ ਪ੍ਰਸ਼ਨ ਕੇਵਲ ਜਜ਼ਬਾਤੀ ਲੋਕਾਂ ਦੇ ਜ਼ਿਹਨ ਵਿਚ ਹੀ ਪੈਦਾ ਹੁੰਦੇ ਹਨ।

ਕੁਦਰਤ ਨੇ 24 ਘੰਟੇ ਦਾ ਇੱਕ ਕੀਮਤੀ ਜੀਵਨ ਚੱਕਰ ਸਾਨੂੰ ਦਿੱਤਾ ਹੈ ਜਿਸ ਵਿੱਚ ਥੋੜੀ ਜਿਹੀ ਕੋਸ਼ਿਸ਼ ਕਰਕੇ ਅਸੀਂ ਇੰਨੇ ਕੁ ਸਮੇਂ ਵਿਚ, ਜੀਵਨ ਦੇ ਇੱਕ ਸਾਲ ਜਿੰਨੀ ਜ਼ਿੰਦਗੀ ਜਿਊ ਸਕਦੇ ਹਾਂ।

ਪਹਿਲਾਂ ਧਾਰਮਿਕ ਗ੍ਰੰਥਾਂ ਵਿਚ ਦਰਜ ਸੀ ਕਿ ਸਵੇਰੇ ਤੜਕੇ (4-5) ਦੇ ਵਿਚਕਾਰ ਜਾਗਣ ਨਾਲ ਅਸੀਂ ਦਿਨ ਭਰ ਲਈ ਊਰਜਾ, ਆਪਣੀ ਆਤਮਾ ਵਿਚ ਭਰ ਸਕਦੇ ਹਾਂ, ਹੁਣ ਇਹ ਫ਼ਲਸਫ਼ਾ ਸਾਇੰਸ ਨੇ ਵੀ ਸਿੱਧ ਕਰ ਦਿੱਤਾ ਹੈ। ਇਸ ਲਈ ਕੋਈ ਧਾਰਮਿਕ ਕਰਮ, ਮੈਡੀਟੇਸ਼ਨ, ਧਿਆਨ ਜਾਂ ਅਜਿਹਾ ਹੀ ਕੁਝ ਹੋ। ਇਸ ਨਾਲ ਅਸੀਂ ਸਾਡਾ ਦਿਨ ਆਉਣ ਵਾਲੇ ਉਤਰਾ ਚੜ੍ਹਾਵਾਂ ਨੂੰ ਸਹਿਣ ਦੇ ਕਾਬਲ ਬਣ ਜਾਵਾਂਗੇ। ਕਿਉਂਕਿ ਇਸ ਸਮੇਂ ਪੂਰਨ ਸ਼ਾਂਤੀ ਵਾਲਾ ਮਾਹੌਲ ਹੁੰਦਾ ਹੈ ਤੇ ਸਾਡੇ ਅੰਦਰੋਂ ਨਿਕਲੀ ਇੱਕ ਇੱਕ ਤਰੰਗ ਪ੍ਰਮਾਤਮਾ ਅਤੇ ਪਿਆਰਿਆਂ ਤੱਕ ਆਸਾਨੀ ਨਾਲ ਪਹੁੰਚ ਸਕਦੀ ਹੈ।

ਇਸ ਤੋਂ ਬਾਅਦ ਆਪਣਾ ਬਾਲ ਪਰਿਵਾਰ, ਦਿਨ ਭਰ ਦੀਆਂ ਯੋਜਨਾਵਾਂ ਤੇ ਚਾਹ ਦਾ ਕੱਪ, ਫ਼ਿਰ ਸ਼ੁਰੂ ਹੋ ਜਾਂਦਾ ਹੈ ਸਾਡਾ ਉਪਜੀਵਕਾ ਵਾਲਾ ਰੁਝੇਵਾਂ, ਵਪਾਰ, ਨੌਕਰੀ ਜਾਂ ਕੁਝ ਵੀ।

ਸ਼ਾਮ ਨੂੰ ਫ਼ਿਰ ਤੋਂ ਘਰ ਆ ਕੇ ਪ੍ਰੀਵਾਰ ਵਿਚ ਬੈਠ ਆਪਣੀ ਮਰਜ਼ੀ ਦਾ ਖਾਣਾ ਪੀਣਾ, ਦਿਨ ਭਰ ਦੀ ਥਕਾਵਟ ਪਰਿਵਾਰ ਨਾਲ ਸਮਾਂ ਬਿਤਾ ਕੇ ਉਤਾਰਨੀ। ਸੌਣ ਤੋਂ ਕੁਝ ਸਮਾਂ ਪਹਿਲਾ ਅੱਜ ਦੀਆਂ ਪ੍ਰਾਪਤੀਆਂ ਲਈ ਆਪਣੇ ਆਪ ਦਾ ਸ਼ੁਕਰੀਆ ਅਤੇ ਕੀਮਤੀ ਤਜਰਬੇ ਨੂੰ ਅਰਧ ਜਾਗ੍ਰਿਤ ਮਨ ਦੇ ਹਵਾਲੇ ਕਰ, ਨਾਕਾਰਾਤਮਕ, ਅਸਫਲਤਾ ਵਾਲੇ ਸਭ ਖ਼ਿਆਲ ਕੂੜੇਦਾਨ ਵਿਚ। ਸਾਫ਼ ਮਨ ਨਾਲ ਸੌਂਦੇ ਸਮੇਂ ਉਸ ਮਾਲਿਕ ਅੱਗੇ ਇੱਕ ਹੋਰ ਨਵਾਂ ਦਿਨ ਚੜ੍ਹਾਉਣ ਲਈ ਅਰਦਾਸ ਤੇ ਅੱਜ ਦੇ ਬੀਤੇ ਦਿਨ ਦਾ ਸ਼ੁਕਰਾਨਾ ਕਰਕੇ ਸੌਂ ਜਾਣਾ।

ਇਹ ਲਫ਼ਜ਼ ਲਿਖਣ ਮਾਤਰ ਹੀ ਨਹੀਂ, ਥੋੜੀ ਜਿਹੀ ਕੋਸ਼ਿਸ਼ ਕਰਕੇ ਇਸ 'ਹਰ ਦਿਨ ਦੇ ਜੀਵਨ ਦੇ ਅਨੰਦ' ਨੂੰ ਮਾਣ ਸਕਦੇ ਹਾਂ। ਖ਼ਿਆਲ ਇਹ ਰੱਖਣਾ ਹੈ ਕਿ ਰੋਜ਼, ਹਰੇਕ ਕੰਮ ਨੂੰ ਇੱਕ ਦੂਜੇ ਤੋਂ ਅਲੱਗ ਰੱਖਣਾ ਹੈ, ਰਲਗੱਡ ਨਹੀਂ ਕਰਨਾ, ਨਤੀਜੇ ਯਕੀਨਨ ਵਧੀਆ ਹੋਣਗੇ।

Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ |
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ |

Basic web packages are availables on comparatively economical rates
We work as per your requirement and charge only according to work

SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਨਵਾਉਣ ਲਈ ਅੱਜ ਹੀ ਸੰਪਰਕ ਕਰੋ।

+91 8437636421 webmediaart24@ gmail.com

# ਪੰਜਾਬ ਨੂੰ ਯੂ. ਪੀ ਦੇ ਫਿਰਕੂ ਰਾਹਾਂ ਵੱਲ ਤੋਰਿਆ ਜਾ ਰਿਹੈ



**ਗੁਰਮੀਤ ਸਿੰਘ ਪਲਾਹੀ**
9815802070

ਵਾਰਾਨਸੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹਿੰਦੂ ਧਰਮ ਅਤੇ ਭਗਵਾਨ ਸ਼ਿਵ ਦੇ ਦਾਰਸ਼ਨਿਕ ਪੱਖ ਦੀ ਗੱਲ ਨਹੀਂ ਕੀਤੀ, ਸਗੋਂ ਸਿੱਧੇ-ਸਿੱਧੇ ਔਰੰਗਜ਼ੇਬ ਅਤੇ ਸਾਲਾਰ ਮਸੂਦ ਦਾ ਨਾਂ ਲੈ ਕੇ ਸੰਪਰਦਾਇਕ ਵੰਡ ਦਾ ਦਾਅ ਚੱਲਿਆ ਹੈ। ਯੂ.ਪੀ. ਦੀਆਂ ਚੋਣਾਂ ਜਿੱਤਣ ਲਈ ਹਿੰਦੂ ਧਰਮ ਦੇ ਰਖਵਾਲੇ 'ਡਬਲ ਇੰਜਨ' ਮੋਦੀ ਅਤੇ ਜੋਗੀ' ਦੱਸ ਰਹੇ ਹਨ ਕਿ ਉਨਾਂ ਰਾਮ ਮੰਦਿਰ ਦਾ ਨਿਰਮਾਣ ਕੀਤਾ ਹੈ। ਵਿਸ਼ਵਾਨਾਥ ਮੰਦਿਰ ਦਾ ਵਿਹੜਾ ਸਜਾਇਆ ਹੈ।

ਮੋਦੀ ਅਤੇ ਯੋਗੀ ਸੰਦੇਸ਼ ਦੇ ਰਹੇ ਹਨ ਕਿ ਧਾਰਮਿਕ ਆਸਥਾ ਤੋਂ ਬਿਨਾਂ ਦੇਸ਼ ਭਗਤੀ ਕਾਹਦੀ ? ਉਨਾਂ ਦੇ ਇਨਾਂ ਪ੍ਰਵਚਨਾਂ ਤੋਂ ਪ੍ਰਭਾਵਤ ਹੋ ਕੇ ਅਰਧ ਸਿੱਖਿਅਤ ਹਿੰਦੂ, ਮੁਸਲਮਾਨਾਂ ਨੂੰ ਔਰੰਗਜ਼ੇਬ ਦੇ ਕੀਤੇ ਜ਼ੁਲਮਾਂ ਕਾਰਨ ਦੰਡਿਤ ਕਰਨਾ ਚਾਹੁੰਦੇ ਹਨ। ਮੋਦੀ ਅਤੇ ਜੋਗੀ ਯੂ.ਪੀ. ਦੇ ਲੋਕਾਂ ਨੂੰ ਇਹ ਅਹਿਸਾਸ ਕਰਾਉਣਾ ਚਾਹੁੰਦੇ ਹਨ ਅਤੇ ਕਹਿ ਰਹੇ ਹਨ ਭੁੱਲ ਜਾਉ ਯੂ.ਪੀ. ਵਾਲਿਓ ਕਿ ਕੁਝ ਮਹੀਨੇ ਪਹਿਲਾਂ ਗੰਗਾ ਵਿੱਚ ਲਾਸ਼ਾਂ ਵਹਿ ਰਹੀਆਂ ਸਨ। ਭੁੱਲ ਜਾਉ ਕਿ ਹਸਪਤਾਲਾਂ ਵਿੱਚ ਮਹਾਂਮਾਰੀ ਵੇਲੇ ਬਿਸਤਰ ਨਹੀਂ ਸਨ, ਦਵਾਈਆਂ ਨਹੀਂ ਸਨ, ਆਕਸੀਜਨ ਨਹੀਂ ਸੀ ਅਤੇ ਹਾਥਰਸ, ਲਖੀਮਪੁਰ ਦੀ ਘਟਨਾ ਵੀ ਭੁੱਲ ਜਾਉ। ਉਹ ਆਯੋਧਿਆ ਅਤੇ ਕਾਸ਼ੀ ਦਾ ਇੰਜ ਪ੍ਰਚਾਰ ਕਰ ਰਹੇ ਹਨ ਕਿ ਲੋਕਾਂ ਨੂੰ ਕੱਪੜੇ, ਮਕਾਨ, ਰੋਟੀ ਦੀ ਚਿੰਤਾ ਘੱਟ ਰਹੇ ਅਤੇ ਮਜ਼ਹਬ ਦੀ ਚਿੰਤਾ ਵਧ ਰਹੇ ਅਤੇ ਉਹ ਮੁਸਲਮਾਨ ਅਤੇ ਹੋਰ ਘੱਟ ਗਿਣਤੀਆਂ ਤੋਂ ਦੂਰੀ ਬਣਾ ਕੇ ਸਿਰਫ਼ ਤੇ ਸਿਰਫ਼ ਭਾਜਪਾ ਨੂੰ ਯੂ.ਪੀ. ਵਿੱਚ ਵੋਟ ਦੇਣ। ਇਸੇ ਕਿਸਮ ਦਾ ਧਾਰਮਿਕ ਧਰੁਵੀਕਰਨ ਮੋਦੀ ਦੀ ਭਾਜਪਾ ਨੇ ਪਿਛਲੀਆਂ ਚੋਣਾਂ ਵਿੱਚ ਪੈਂਦਾ ਕਰ ਦਿੱਤਾ ਸੀ ਅਤੇ ਵਿਧਾਨ ਸਭਾ ਚੋਣਾਂ ਵੇਲੇ ਵੀ ਅਤੇ ਲੋਕ ਸਭਾ ਚੋਣਾਂ ਵੇਲੇ ਵੀ ਵੱਡੀ ਜਿੱਤ ਪ੍ਰਾਪਤ ਕੀਤੀ ਸੀ।

**ਪੰਜਾਬ ਅਤੇ ਬੇਅਦਬੀ ਦੀਆਂ ਘਟਨਾਵਾਂ**

ਕੀ ਪੰਜਾਬ ਵੀ ਉਸੇ ਰਾਹ 'ਤੇ ਹਾਕਮਾਂ ਵੱਲੋਂ ਤੋਰ ਦਿੱਤਾ ਜਾਏਗਾ ? ਸ੍ਰੀ ਗੁਰੂ ਗ੍ਰੰਥ ਸਹਿਬ ਦੀਆਂ ਬੇਅਦਬੀ ਦੀਆਂ ਘਟਨਾਵਾਂ ਕੀ ਇਹੋ ਸੰਦੇਸ਼ ਤਾਂ ਨਹੀਂ ਪ੍ਰਗਟ ਕਰ ਰਹੀਆਂ ? ਸਰਬ ਪ੍ਰਵਾਨਤ ਸ੍ਰੀ ਹਰਮਿੰਦਰ ਸਾਹਿਬ ਵਿੱਚ ਘਿਨਾਉਣੇ ਢੰਗ ਨਾਲ ਬੇਅਦਬੀ ਦਾ ਯਤਨ, ਜਿਸ ਨਾਲ ਹਿਰਦੇ ਵਲੂੰਦਰੇ ਗਏ ਹਨ, ਕੀ ਕੋਈ ਡੂੰਘੀ ਸਾਜ਼ਿਸ਼ ਤਾਂ ਨਹੀਂ ਹੈ ? ਪੰਜਾਬ ਵਿੱਚ ਪਹਿਲਾਂ ਵਾਪਰੀਆਂ ਹਿਰਦੇ ਵਰਧਕ ਬੇਅਦਬੀ ਦੀਆਂ ਘਟਨਾਵਾਂ ਵਿੱਚ ਸ਼ਾਮਲ ਲੋਕਾਂ ਨੂੰ ਸਾਹਮਣੇ ਲਿਆਉਣ ਦੀ ਥਾਂ ਸਿਆਸੀ ਖੇਡ ਖੇਡੀ ਜਾ ਰਹੀ ਹੈ। ਇੰਨੇ ਸਾਲ ਬੀਤਣ ਬਾਅਦ ਵੀ ਦੋਸ਼ੀਆਂ ਦੇ ਚਿਹਰੇ ਨੰਗੇ ਨਹੀਂ ਹੋਏ, ਉਨਾਂ ਨੂੰ ਸਜ਼ਾਵਾਂ ਨਹੀਂ ਦਿੱਤੀਆਂ ਗਈਆਂ। ਸਿੱਟੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਅਤੇ ਫਿਰ ਕਪੂਰਥਲਾ ਦੇ ਪਿੰਡ ਨਿਜ਼ਾਮਪੁਰ ਵਿੱਚ ਵਾਪਰੀ ਘਟਨਾ ਕਾਰਨ ਲੋਕਾਂ ਵਿੱਚ ਭਾਰੀ ਰੋਹ ਵੇਖਣ ਨੂੰ ਮਿਲਿਆ ਅਤੇ ਉੱਥੇ ਹਾਜ਼ਰ ਲੋਕਾਂ ਨੇ ਪੁਲਿਸ ਪ੍ਰਸ਼ਾਸਨ ਜਾਂ ਸਰਕਾਰ ਉੱਤੇ ਯਕੀਨ ਕਰਨ ਦੀ ਥਾਂ, ਆਪ ਸਿੱਧੀ ਕਾਰਵਾਈ ਕਰਨ ਨੂੰ ਤਰਜੀਹ ਦਿੱਤੀ।

ਪੰਜਾਬ ਦਾ ਮਾਹੌਲ ਇਨਾਂ ਘਟਨਾਵਾਂ ਨਾਲ ਬਹੁਤ ਹੀ ਭਾਵੁਕ ਹੋ ਚੁੱਕਾ ਹੈ। ਇਹ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਭੰਗ ਕਰਨ ਦੀਆਂ ਕੋਸ਼ਿਸ਼ਾਂ ਹਨ। ਲੋਕ ਲਗਾਤਾਰ ਮੰਗ ਕਰ ਰਹੇ ਹਨ ਕਿ ਇਹ ਪਤਾ ਲਗਾਇਆ ਜਾਣਾ ਚਾਹੀਦਾ ਹੈ ਕਿ ਇਹਨਾਂ ਘਟਨਾਵਾਂ ਪਿੱਛੇ ਕਿਹੜੀਆਂ ਤਾਕਤਾਂ ਹਨ ? ਉਨਾਂ ਦਾ ਪਰਦਾਫਾਸ਼ ਕੀਤਾ ਜਾਣਾ ਚਾਹੀਦਾ ਹੈ।

ਸਵਾਲ ਇਹ ਵੀ ਉੱਠਦਾ ਹੈ ਕਿ ਚੋਣਾਂ ਤੋਂ ਐਨ ਪਹਿਲਾਂ ਇਹੋ ਜਿਹੀਆਂ ਘਟਨਾਵਾਂ ਆਖ਼ਿਰ ਕਿਉਂ ਵਾਪਰਦੀਆਂ ਹਨ ? ਮਾਹੌਲ ਨੂੰ ਫ਼ਿਰਕੂ ਰੰਗਤ ਦੇਣ ਜਾਂ ਸਰਹੱਦਾਂ ਉੱਤੇ ਮਾਹੌਲ ਵਿੱਚ ਤਣਾਅ ਕਿਉਂ ਵਧ ਜਾਂਦਾ ਹੈ ? ਡਰੋਨ ਹਮਲੇ ਕਿਉਂ ਤੇਜ਼ ਹੋ ਜਾਂਦੇ ਹਨ ? ਕੀ ਇਹ ਵਿਦੇਸ਼ੀ ਤਾਕਤਾਂ ਦਾ ਕੋਈ ਕਾਰਾ ਹੈ ਜਾਂ ਦੇਸੀ ਤਾਕਤਾਂ ਦਾ ਕਾਰਾ ਹੈ, ਜਿਹੜੀਆਂ ਸਿਆਸੀ ਲਾਹਾ ਲੈਣ ਦੀ ਤਾਕ ਵਿੱਚ ਬੈਠੀਆਂ ਹਨ ਅਤੇ ਪੰਜਾਬ ਦੀ ਧਰਤੀ ਦੇ ਲੋਕਾਂ ਨੂੰ ਫ਼ਿਰਕੂ ਰੰਗ ਵਿੱਚ ਰੰਗ ਕੇ ਇੱਥੋਂ ਦੇ ਭਾਈਚਾਰਕ ਤਾਣੇ-ਬਾਣੇ ਨੂੰ ਤਹਿਸ਼-ਨਹਿਸ਼ ਕਰਕੇ ਸਭ ਕੁਝ ਆਪਣੇ ਹੱਥਾਂ ਵਿੱਚ ਕਰ ਲੈਣਾ ਚਾਹੁੰਦੀਆਂ ਹਨ।

**ਸਿਆਸਤਦਾਨਾਂ ਦੀਆਂ ਚਾਲਾਂ**

ਅੱਜ ਪੰਜਾਬ ਸਿਆਸਤਦਾਨਾਂ ਦੀਆਂ ਸਿਆਸੀ ਚਾਲਾਂ ਕਾਰਨ ਬੁਰੀ ਤਰਾਂ ਤਬਾਹ ਹੋ ਰਿਹਾ ਹੈ। ਕੇਂਦਰੀ ਹਾਕਮਾਂ ਨੇ ਸਮੇਂ ਸਮੇਂ ਘੁੱਗ ਵਸਦੇ ਪੰਜਾਬ ਦੀ ਤਬਾਹੀ ਦੀ ਦਾਸਤਾਨ ਲਿਖੀ ਹੈ। ਪੰਜਾਬ ਲਈ '47 ਲਿਖਿਆ, '84 ਪੱਲੇ ਪਾਇਆ, ਖਾੜਕੂਵਾਦ ਵਾਲੇ ਹਾਲਾਤ ਪੈਦਾ ਕੀਤੇ, ਨੌਜਵਾਨਾਂ ਨੂੰ ਨਸ਼ਿਆਂ ਦੇ ਰਾਹ ਪਾਇਆ ਅਤੇ ਫਿਰ ਖੇਤੀ ਕਾਨੂੰਨ ਲਾਗੂ ਕਰਕੇ ਪੰਜਾਬ ਦੇ ਕਿਸਾਨਾਂ ਦੀ ਜ਼ਮੀਨ ਖੋਹਣ ਦੀ ਸਾਜ਼ਿਸ਼ ਰਚੀ। ਸਿੱਟੇ ਵਜੋਂ ਪੰਜਾਬ ਦੀ ਆਰਥਿਕਤਾ ਤਬਾਹੀ ਦੇ ਕੰਢੇ ਪਈ ਹੈ।

**ਪੰਜਾਬ ਦੀ ਡਾਵਾਂਡੋਲ ਆਰਥਿਕ ਸਥਿਤੀ**

ਪੰਜਾਬ ਦੀ ਆਰਥਿਕਤਾ ਅੱਜ ਐਨੀ ਡਾਵਾਂਡੋਲ ਹੋ ਗਈ ਹੈ ਕਿ ਵਿਦੇਸ਼ੀ ਨਿਵੇਸ਼, ਨਿਰਯਾਤ, ਘਰੇਲੂ ਉਤਪਾਦਨ, ਜੀ.ਡੀ.ਪੀ., ਬੇਰੁਜ਼ਗਾਰੀ ਤੇ ਜੀ.ਐੱਸ.ਟੀ. ਦੀ ਉਗਰਾਹੀ ਵਿੱਚ ਪੰਜਾਬ ਦੇਸ਼ ਦੇ ਹੋਰ ਰਾਜਾਂ ਤੋਂ ਪਛੜ ਗਿਆ ਹੈ। ਕਿਸਾਨਾਂ ਨੂੰ ਜਦੋਂ ਅੰਦੋਲਨ ਦੇ ਰਸਤੇ ਕੇਂਦਰ ਦੀ ਸਰਕਾਰ ਨੇ ਮਜਬੂਰਨ ਤੋਰ ਦਿੱਤਾ ਤਾਂ ਇਸ ਇੱਕ ਸਾਲ ਦੇ ਅਰਸੇ ਵਿੱਚ ਦੇਸ਼ ਦੇ ਸਨਅਤਕਾਰਾਂ, ਵਪਾਰੀਆਂ ਤੇ ਕਾਰੋਬਾਰੀਆਂ ਨੂੰ 60 ਹਜ਼ਾਰ ਕਰੋੜ ਦਾ ਨੁਕਸਾਨ ਹੋਇਆ। ਇਸ ਨੁਕਸਾਨ ਦਾ ਵੱਡਾ ਹਿੱਸਾ ਪੰਜਾਬ ਨੂੰ ਝੱਲਣਾ ਪਿਆ ਹੈ। ਇਸ ਵੇਲੇ ਪੰਜਾਬ ਦੀ ਸਲਾਨਾ ਮਿਸ਼ਰਤ ਵਿਕਾਸ ਦਰ 6.31 ਫ਼ੀਸਦੀ ਹੈ ਜਦਕਿ ਦਿੱਲੀ ਦੀ 7.70 ਫ਼ੀਸਦੀ ਅਤੇ ਉੱਤਰ ਪ੍ਰਦੇਸ਼ ਦੀ 11.39 ਫ਼ੀਸਦੀ ਹੈ। ਵਿਦੇਸ਼ੀ ਨਿਵੇਸ਼ ਹਰਿਆਣਾ ਵਿੱਚ 91.9 ਅਰਬ ਡਾਲਰ ਹੋਇਆ, ਦਿੱਲੀ ਵਿੱਚ 101.88 ਅਰਬ ਡਾਲਰ ਹੋਇਆ ਪਰ ਪੰਜਾਬ ਵਿੱਚ ਬਹੁਤਾ ਨਿਵੇਸ਼ ਨਹੀਂ ਹੋਇਆ।

ਪੰਜਾਬ ਵਿੱਚ 2017 ਵਿੱਚ ਘਰੇਲੂ ਉਤਪਾਦਨ 65.58 ਫ਼ੀਸਦੀ ਸੀ ਹੁਣ ਘਟਕੇ 64.99 ਫ਼ੀਸਦੀ ਹੈ ਜਦਕਿ ਹਰਿਆਣਾ ਵਿੱਚ 90.87 ਤੋਂ ਵਧਕੇ 94.30 ਫ਼ੀਸਦੀ ਹੋ ਗਿਆ ਹੈ। ਪੰਜਾਬ ਤੋਂ 5.29 ਅਰਬ ਡਾਲਰ, ਹਰਿਆਣਾ ਤੋਂ 11.60 ਅਰਬ ਡਾਲਰ ਅਤੇ ਉੱਤਰ ਪ੍ਰਦੇਸ਼ ਤੋਂ 12.93 ਅਰਬ ਡਾਲਰ ਨਿਰਯਾਤ ਹੁੰਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਪੰਜਾਬ ਦੀ ਸਿੰਗਲ ਵਿੰਡੋ ਯੋਜਨਾ ਸਿਰਫ਼ ਅੱਖੀ ਘੱਟਾ ਪਾਉਣ ਵਾਲੀ ਹੈ, ਜਦਕਿ ਯੂ.ਪੀ., ਦਿੱਲੀ, ਹਰਿਆਣਾ ਵਿੱਚ ਇਹ ਸੁਚੱਜੇ ਢੰਗ ਨਾਲ ਚਲਦੀ ਹੈ।

**ਪੰਜਾਬ ਹਰ ਪੱਖੋਂ ਪਛੜਿਆ**

ਪੰਜਾਬ ਜੀ.ਡੀ.ਪੀ. ਵਿੱਚ ਇੱਕ ਨੰਬਰ ਤੋਂ 17ਵੇਂ ਨੰਬਰ 'ਤੇ ਪੁੱਜ ਗਿਆ। ਪ੍ਰਤੀ ਵਿਅਕਤੀ ਆਮਦਨ ਵਿੱਚ ਪੰਜਾਬ ਕਦੇ ਤੀਜੇ ਨੰਬਰ 'ਤੇ ਸੀ, ਹੁਣ ਪਛੜਕੇ 19ਵੇਂ ਨੰਬਰ 'ਤੇ ਚਲੀ ਗਈ ਹੈ। ਪੰਜਾਬ ਵਿੱਚ ਕਰਜ਼ੇ ਦਾ ਬੋਝ 2007 ਤੋਂ 2017 ਤੱਕ 51009 ਕਰੋੜ ਸੀ, ਜਦੋਂ ਹੁਣ 2018 ਤੋਂ 2021 ਤੱਕ 2, 84,000 ਕਰੋੜ ਹੋ ਗਿਆ ਹੈ। ਪੰਜਾਬ ਬੇਰਜ਼ੁਗਾਰੀ ਵਿੱਚ ਉੱਪਰਲੇ ਪੰਜ ਸੂਬਿਆਂ ਵਿੱਚ ਸ਼ੁਮਾਰ ਹੋ ਗਿਆ ਹੈ। ਪੰਜਾਬ ਅੰਦਰ 2010-11 ਵਿੱਚ ਵੈਟ ਦੀ ਉਗਰਾਹੀ 12,200 ਕਰੋੜ ਸੀ ਅਤੇ ਹਰਿਆਣਾ ਵਿੱਚ 11,082 ਕਰੋੜ। ਹੁਣ 20 21 ਵਿੱਚ ਹਰਿਆਣਾ ਵਿੱਚ ਉਗਰਾਹੀ 66000 ਕਰੋੜ ਹੈ ਅਤੇ ਪੰਜਾਬ ਵਿੱਚ ਹਾਲੀ ਵੀ 16000 ਕਰੋੜ ਹੈ। ਭਾਰਤ ਦੇ ਹੋਰਨਾਂ ਰਾਜਾਂ ਵਿੱਚ ਬਿਜਲੀ ਡਿਊਟੀ ਤੋਂ ਆਮਦਨ ਤਿੰਨ ਫ਼ੀਸਦੀ ਹੈ ਜਦਕਿ ਪੰਜਾਬ ਵਿੱਚ ਬਿਜਲੀ ਡਿਊਟੀਆਂ ਤੇ ਹੋਰ ਖ਼ਰਚਿਆਂ ਤੋਂ 10 ਫ਼ੀਸਦੀ ਆਮਦਨ ਪ੍ਰਾਪਤ ਕਰਦਾ ਹੈ। ਇਸੇ ਕਰਕੇ ਸੂਬੇ ਪੰਜਾਬ ਅੰਦਰ 14000 ਤੋਂ ਵੱਧ ਸਨਅਤੀ ਬਿਜਲੀ ਕੁਨੈਕਸ਼ਨ ਘਟ ਗਏ ਹਨ। ਸਨਅਤਕਾਰ ਪੰਜਾਬ ਛੱਡ ਰਹੇ ਹਨ।

ਪੰਜਾਬ ਜਦੋਂ ਇਹੋ ਜਿਹੀ ਆਰਥਿਕ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ। ਬੇਰੁਜ਼ਗਾਰੀ ਸੂਬੇ ਵਿੱਚ ਅੰਤਾਂ ਦੀ ਹੈ। ਲੋਕਾਂ ਦਾ ਵਿਸ਼ਵਾਸ ਸਰਕਾਰ, ਪ੍ਰਸ਼ਾਸਨ, ਸਿਆਸਤਦਾਨਾਂ ਤੋਂ ਉੱਠ ਗਿਆ ਹੈ ਤਾਂ ਲੋਕ ਪੰਜਾਬ ਵਿੱਚ ਕਿਸ ਆਸਰੇ ਜੀਊਣ, ਕਿੱਧਰ ਜਾਣ ? ਪ੍ਰਵਾਸ ਨੇ ਉਨਾਂ ਦੇ ਮਨਾਂ ਵਿੱਚ ਥਾਂ ਮੱਲ ਲਈ ਹੋਈ ਹੈ ਜੋ ਪੰਜਾਬੀਆਂ ਦੇ ਲਈ ਘਾਤਕ ਵੀ ਸਾਬਤ ਹੋ ਰਹੀ ਹੈ।

**ਪੰਜਾਬ ਅਤੇ ਫ਼ਿਰਕੂ ਤਾਕਤਾਂ**

ਆਰਥਿਕ ਪੱਖੋਂ ਕਮਜ਼ੋਰ, ਪ੍ਰਸ਼ਾਸਨਿਕ ਪੱਖੋਂ ਢਿੱਲ ਦਾ ਮਾਹੌਲ, ਮਜ਼ਹਬੀ, ਫ਼ਿਰਕੂ ਲੋਕਾਂ ਨੂੰ ਬਲ ਦੇ ਰਿਹਾ ਹੈ। ਲੋਕਾਂ ਵਿੱਚ ਉਪਰਾਮਤਾ ਵਧਣ ਕਾਰਨ ਆਪਸੀ ਵਿਸ਼ਵਾਸ ਦਾ ਡਾਵਾਂਡੋਲ ਹੋਣਾ ਸੁਭਾਵਿਕ ਹੈ। ਇਹੋ ਜਿਹੀਆਂ ਹਾਲਤਾਂ ਵਿੱਚ ਵੱਖੋ-ਵੱਖਰੇ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਵਿੱਚ ਪਾੜਾ ਵਧਣ ਦੇ ਆਸਾਰ ਪੈਦਾ ਹੁੰਦੇ ਹਨ ਅਤੇ ਸਿਆਸੀ ਚਾਲਾਂ ਅਤੇ ਬੇਅਦਬੀ ਦੀਆਂ ਘਟਨਾਵਾਂ ਭਾਵੇਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੋਣ ਜਾਂ ਹਿੰਦੂਆਂ, ਕ੍ਰਿਸਚੀਅਨਾਂ, ਮੁਸਲਮਾਨਾਂ ਦੇ ਪਵਿੱਤਰ ਗ੍ਰੰਥਾਂ ਦੀਆਂ, ਉਹ ਵੱਖੋ-ਵੱਖਰੇ ਧਰਮਾਂ ਨੂੰ ਮੰਨਣ ਵਾਲਿਆਂ ਨੂੰ ਇੱਕ-ਦੂਜੇ ਤੋਂ ਦੂਰ ਲੈ ਜਾਣਗੀਆਂ। ਇਹੋ ਗੱਲ ਦੇਸ਼ ਦੇ ਉਹ ਹਾਕਮ, ਸਿਆਸਤਦਾਨ ਚਾਹੁੰਦੇ ਹਨ, ਜਿਨਾਂ ਦਾ ਇੱਕੋ ਇੱਕ ਮੰਤਵ ਸਿਆਸੀ ਤਾਕਤ ਹਥਿਆਉਣਾ ਹੈ।

ਦਿੱਲੀ ਦੇ ਹਾਕਮਾਂ ਦਾ ਪੰਜਾਬ ਨਾਲ ਵਿਤਕਰਾ

ਉਂਜ ਵੀ ਦੇਸ਼ ਦਾ ਦਿੱਲੀ ਹਾਕਮ ਚਾਹੇ ਉਹ ਕਾਂਗਰਸ ਵੇਲੇ ਸੀ, ਜਾਂ ਹੁਣ ਭਾਜਪਾ ਵੇਲੇ 'ਸੋਨੇ ਦੀ ਚਿੜੀ' ਪੰਜਾਬ ਨੂੰ ਸਬਕ ਸਿਖਾਉਣਾ ਚਾਹੁੰਦਾ ਹੈ। ਉਹ ਸਬਕ ਉਨਾਂ 1984 ਵਿੱਚ ਵੀ ਸਿਖਾਇਆ ਅਤੇ ਸਮੇਂ-ਸਮੇਂ ਪੰਜਾਬ ਨੂੰ ਆਰਥਿਕ ਪੱਖੋਂ ਕਮਜ਼ੋਰ ਕਰਕੇ ਵੀ। ਪੰਜਾਬ ਨੂੰ ਕੋਈ ਵੱਡੀ ਸਨਅਤ ਨਹੀਂ ਦਿੱਤੀ। ਪੰਜਾਬ ਦੇ ਖੇਤੀ ਉਤਪਾਦਨ ਨੂੰ ਸੰਭਾਲਣ ਲਈ ਪਿੰਡਾਂ ਵਿੱਚ ਕੋਈ ਕਾਰਖ਼ਾਨੇ ਨਹੀਂ ਲਗਾਏ, ਸਿਰਫ਼ ਪੰਜਾਬ ਦੇ ਕੱਚੇ ਮਾਲ 'ਖੇਤੀ ਉਪਜ' ਨੂੰ ਵਰਤਕੇ ਪੰਜਾਬ ਨੂੰ ਲੁੱਟਿਆ ਹੀ ਹੈ। ਇਸੇ ਗੱਲ ਦਾ ਸਿੱਟਾ ਹੀ ਹੈ ਕਿ ਅੱਜ ਪੰਜਾਬ ਤਬਾਹੀ ਦੀਆਂ ਬਰੂਹਾਂ 'ਤੇ ਖੜਾ ਵਿਖਾਈ ਦਿੰਦਾ ਹੈ।

ਸਵਾਰਥੀ ਸਿਆਸਤਦਾਨਾਂ ਦੀ ਦੌੜ ਪੰਜਾਬ ਨੂੰ ਮੰਗ ਖਾਣੇ ਬਣਾਉਣ 'ਤੇ ਲੱਗੀ ਹੋਈ ਹੈ, ਪੰਜਾਬ ਦਾ ਮਾਹੌਲ ਖਰਾਬ ਕਰਕੇ, ਇਸਦੀ ਬੋਲੀ, ਇਸਦੇ ਸੱਭਿਆਚਾਰ, ਇਸਦੇ ਸਮਾਜਿਕ ਤਾਣੇ-ਬਾਣੇ, ਭਾਈਚਾਰਕ ਸਾਂਝ ਵਿੱਚ ਛੇਕ ਪਾਉਣ 'ਤੇ ਲੱਗੀ ਹੋਈ ਹੈ। ਪੰਜਾਬ ਦੇ ਲੋਕਾਂ ਦੀਆਂ ਆਪਸੀ ਪੀਡੀਆਂ ਗੰਢਾਂ ਨੂੰ ਤੋੜਨ ਤੇ ਲੱਗੀ ਹੋਈ ਹੈ ਅਤੇ ਪੰਜਾਬ ਨੂੰ ਜਾਤਾਂ, ਧਰਮਾਂ ਵਿੱਚ ਵੰਡਕੇ ਆਪਣੇ ਹਿਤ ਸਾਧਣ ਵੱਲ ਰੁਚਿਤ ਹੈ।

**ਪੰਜਾਬ ਦਾ ਮੌਜੂਦਾ ਚੋਣ ਦ੍ਰਿਸ਼**

ਅੱਜ ਪੰਜਾਬ ਦਾ ਚੋਣ ਦ੍ਰਿਸ਼ ਵੇਖਣ ਦੀ ਲੋੜ ਹੈ। ਸਿਆਸੀ ਪਾਰਟੀਆਂ ਲਈ ਪੰਜਾਬ ਦੇ ਮੁੱਦੇ, ਮਸਲੇ ਅਹਿਮ ਨਹੀਂ ਹਨ। ਪੰਜਾਬ ਦੀ ਕਾਂਗਰਸ ਲੋਕ ਹਿਤਾਂ ਦੀ ਗੱਲ ਕਰਦੀ ਹੈ, ਪਰ ਉਸ ਵਿੱਚ ਪਾਟੋ-ਧਾੜ ਹੈ, ਉਸਦੇ ਪੰਜ ਛੇ ਧੜੇ ਬਣੇ ਹੋਏ ਹਨ ਜੋ ਸਿਰਫ਼ ਕੁਰਸੀ ਪ੍ਰਾਪਤੀ ਲਈ ਇੱਕ-ਦੂਜੇ ਦੀਆਂ ਲੱਤਾਂ ਖਿੱਚ ਰਹੇ ਹਨ। ਲੋਕ ਸਰੋਕਾਰ ਇਹਨਾਂ ਤੋਂ ਦੂਰ ਹਨ। ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਦਾ ਆਪਸੀ ਗੱਠਜੋੜ ਬੇਜੋੜ ਹੈ, ਸਿਰਫ਼ ਆਪਸੀ ਹਿਤਾਂ ਦੀ ਪੂਰਤੀ ਕਰਕੇ ਸਿਆਸੀ ਤਾਕਤ ਹਥਿਆਉਣ ਤਕ ਸੀਮਤ ਹੈ। ਆਮ ਆਦਮੀ ਪਾਰਟੀ ਗਰੰਟੀ ਦੇਣ ਦੀ ਰਾਜਨੀਤੀ ਕਰਦੀ ਹੈ, ਦਿੱਲੀ ਦਾ ਮੁੱਖ ਮੰਤਰੀ ਪੰਜਾਬ ਵਿੱਚ ਔਰਤਾਂ ਨੂੰ ਇੱਕ ਇੱਕ ਹਜ਼ਾਰ ਮਹੀਨਾ ਦੇਣ ਦਾ ਵਾਅਦਾ ਕਰਦਾ ਹੈ, ਦੂਜੀਆਂ ਪਾਰਟੀਆਂ ਪੂਰੇ ਪਰਿਵਾਰ ਨੂੰ ਪੰਜ-ਪੰਜ ਹਜ਼ਾਰ ਦੇਣ ਦੀ ਗੱਲ ਕਰਦੀਆਂ ਹਨ। ਹਾਕਮ ਧਿਰ ਕਾਂਗਰਸ ਨੇ ਤਾਂ ਰਿਆਇਤਾਂ ਦੀ ਝੜੀ ਹੀ ਲਾ ਦਿੱਤੀ ਹੋਈ ਹੈ। ਇਹ ਪੈਸੇ ਕਿੱਥੋਂ ਆ ਰਹੇ ਹਨ ? ਅੱਗੋਂ ਰਿਆਇਤਾਂ ਲਈ ਪੈਸੇ ਕਿੱਥੋਂ ਆਉਣਗੇ ? ਕੇਜਰੀਵਾਲ ਭ੍ਰਿਸ਼ਟਾਚਾਰ ਮੁਕਤ ਪੰਜਾਬ ਦੀ ਗੱਲ ਕਰਦਾ ਹੈ, ਪਰ ਜੋ ਭ੍ਰਿਸ਼ਟਾਚਾਰ ਦਿੱਲੀ ਵਿੱਚ ਉਹਦੇ ਰਾਜ ਵਿੱਚ ਹੋ ਰਿਹਾ ਹੈ, ਉਸ ਬਾਰੇ ਚੁੱਪ ਹੈ। ਪੰਜਾਬ ਦੇ ਲੋਕਾਂ ਲਈ ਕਿਸਾਨ ਸੰਘਰਸ਼ ਦੌਰਾਨ ਵਰਜਿਤ ਭਾਜਪਾ ਹੁਣ ਦੂਜੀਆਂ ਪਾਰਟੀਆਂ ਵਿੱਚੋਂ ਨਿਰਾਸ਼, ਦਾਗੀ, ਸਿਆਸਤਦਾਨਾਂ ਨੂੰ ਨਿੱਤ ਦਿਹਾੜੇ ਆਪਣੇ ਨਾਲ ਜੋੜ ਰਹੀ ਹੈ। ਪੰਜਾਬ ਵਿੱਚ ਦਲਿਤ ਮੁੱਖ ਮੰਤਰੀ ਬਣਾਉਣ ਦਾ ਵਾਅਦਾ ਕਰਦੀ ਹੈ। ਪਰ ਨਾਲੋ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਪੰਜਾਬ ਲੋਕ ਕਾਂਗਰਸ ਨਾਲ ਗੱਠਜੋੜ ਕਰਦੀ ਹੈ ਅਤੇ ਸੁਖਦੇਵ ਸਿੰਘ ਢੀਂਡਸਾ ਦੀ ਪਾਰਟੀ ਨਾਲ ਵੀ। ਪਰ ਕੈਪਟਨ ਅਮਰਿੰਦਰ ਸਿੰਘ ਨੂੰ ਵੱਡਾ ਭਾਈ ਮੰਨ ਕੇ ਉਹ ਜਿੱਤਣ ਦੀ ਸੂਰਤ ਵਿੱਚ ਉਸ ਨੂੰ ਮੁੱਖ ਮੰਤਰੀ ਬਣਾਏਗੀ ਜਾਂ ਕਿਸੇ ਦਲਿਤ ਚਿਹਰੇ ਨੂੰ। ਉਂਜ ਪੰਜਾਬ ਦੀ ਸਿਆਸਤ ਵਿੱਚ ਇਸ ਵੇਰ ਦਾ ਮੁੱਲ ਬੁਹਤ ਖ਼ਤਰਨਾਕ ਹੈ। ਕਾਂਗਰਸ ਨੇ ਦਲਿਤ ਚਿਹਰਾ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਕੇ ਦਲਿਤਾਂ ਦੀ ਹਿਤੈਸ਼ੀ ਹੋਣ ਦਾ ਅਤੇ ਉਹਨਾਂ ਦੀਆਂ ਵੋਟਾਂ ਬਟੋਰਨ ਦਾ ਜਦੋਂ ਦਾਅ ਚੱਲਿਆ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਵੀ ਅਤੇ ਆਮ ਆਦਮੀ ਪਾਰਟੀ ਨੇ ਵੀ ਉਪ ਮੁੱਖ ਮੰਤਰੀ ਦਾ ਚਿਹਰਾ ਕਿਸੇ ਦਲਿਤ ਨੂੰ ਬਣਾਉਣ ਦਾ ਐਲਾਨ ਕਰ ਦਿੱਤਾ। ਅਸਲ ਵਿੱਚ ਭਾਜਪਾ ਵੱਲੋਂ ਮੁੱਖ ਮੰਤਰੀ ਦਾ ਚਿਹਰਾ ਦਲਿਤ ਐਲਾਨਣ ਨਾਲ ਪੰਜਾਬ ਵਿੱਚ ਜਾਤ ਦੇ ਨਾਮ ਉੱਤੇ ਸਿਆਸਤ ਦਾ ਆਰੰਭ ਹੋਇਆ। ਕੀ ਹੁਣ ਪੰਜਾਬ ਦੀ ਆਬੋ ਹਵਾ ਵਿੱਚ ਧਰਮ, ਜਾਤਾਂ ਦਾ ਵਖਰੇਵਾਂ ਪਾ ਕੇ ਯੂ.ਪੀ. ਵਾਂਗ ਚੋਣਾਂ ਜਿੱਤਣ ਲਈ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਦਾ ਕੋਝਾ ਯਤਨ ਤਾਂ ਨਹੀਂ ਹੋ ਰਿਹਾ ? ਇਹ ਗੱਲ ਪੰਜਾਬੀਆਂ ਦੇ ਸਮਝਣ ਤੇ ਸੁਚੇਤ ਹੋਣ ਦੀ ਹੈ।

ਇਸ ਸਬੰਧੀ ਸਿਆਸੀ ਪਾਰਟੀਆਂ ਨੇ ਸੁਚੇਤ ਹੋ ਕੇ ਆਪਣੇ ਵੱਲੋਂ ਬਿਆਨ ਦਿੱਤੇ ਹਨ, ਜੋ ਸਮਝਣ ਵਾਲੇ ਹਨ। ਪੰਜਾਬ ਦੇ ਮੁੱਖ ਮੰਤਰੀ ਕਹਿੰਦੇ ਹਨ ਕਿ ਬੇਅਦਬੀ ਪਿੱਛੇ ਕੇਂਦਰੀ ਏਜੰਸੀਆਂ ਦਾ ਹੱਥ ਹੈ। ਚੋਣਾਂ ਦੇ ਦੌਰ ਵਿੱਚ ਪੂਰੇ ਸੂਬੇ ਵਿੱਚ ਕਾਂਗਰਸ ਦੇ ਹੱਕ ਵਿੱਚ ਹਵਾ ਚੱਲ ਰਹੀ ਹੈ। ਇਸ ਕਾਰਨ ਘਬਰਾਹਟ ਵਿੱਚ ਆ ਕੇ ਪ੍ਰਦੇਸ਼ ਵਿੱਚ ਮਾਹੌਲ ਖਰਾਬ ਕਰਨ ਦਾ ਯਤਨ ਹੋ ਰਿਹਾ ਹੈ। ਆਰ.ਐੱਸ.ਐੱਸ. ਦੇ ਆਗੂ ਦੱਤਾਤ੍ਰੈ ਹੋਸਬਾਲੇ ਨੇ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪਰੰਪਰਾ ਸਾਡੀ ਸਾਰਿਆਂ ਦੀ ਸਾਂਝੀ ਵਿਰਾਸਤ ਤੇ ਸ਼ਰਧਾ ਦਾ ਵਿਸ਼ਾ ਹੈ। ਸਮਾਜ ਨੂੰ ਆਪਸ ਵਿੱਚ ਲੜਾਉਣ ਵਾਲੀਆਂ ਤਾਕਤਾਂ ਸਾਜ਼ਿਸ਼ਾਂ ਕਰ ਰਹੀਆਂ ਹਨ। ਅਜਿਹੇ ਚਾਲਬਾਜ਼ਾਂ ਦਾ ਪਰਦਾਫਾਸ਼ ਕਰਕੇ ਉਨਾਂ ਨੂੰ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ। ਪਰ ਸਿਆਸਤਦਾਨਾਂ ਦੇ ਬੋਲ ਕੀ ਸੱਚਮੁੱਚ ਦਿਲੋਂ-ਮਨੋਂ ਹਨ, ਜਾਂ ਫਿਰ ਉਨਾਂ ਦੇ ਮਨ ਅੰਦਰ ਕੋਈ ਹੋਰ ਗੱਲ ਵੀ ਲੁਕੀ ਹੋਈ ਹੈ, ਉਹ ਇਹ ਕਿ ਪੰਜਾਬ ਨੂੰ, ਪੰਜਾਬੀਆਂ ਨੂੰ ਕਿਵੇਂ ਕਾਬੂ ਕਰਨਾ ਹੈ, ਕਿਵੇਂ ਪੰਜਾਬ ਦਾ ਰਾਜ ਭਾਗ ਹਰ ਹੀਲੇ ਹਥਿਆਉਣਾ ਹੈ ?

**Homeopathicvibes**

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :

940, E. El Camino Real, Sunnyvale, CA 94087

Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538

www.homeopathicvibes.com

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H

(Ex Homeopathic Medical officer Punjab Govt.)

# ਸਾਹਿਤਕ ਗੀਤ, ਸਾਹਿਤ ਤੇ ਲੇਖ ਸਮਾਜ ਦਾ ਅਟੁੱਟ ਅੰਗ

**ਬਲਜਿੰਦਰ ਸਿੰਘ 'ਬਾਲੀ ਰੇਤਗੜ'**
+91 94651 29168
+91 70876 29168

ਗੀਤ ਮਨੁੱਖੀ ਜੀਵਨ ਦੇ ਅਹਿਸਾਸ-ਜਜ਼ਬਾਤ ਦੀ ਇਕ ਲੈਅ ਬੱਧ, ਸੁਰ ਵਿਚ ਸੰਜੋਈ, ਤੁਰੰਨਮ ਵਿੱਚ ਸੰਬੋਧਨ ਕਰਦੀ ਰੂਹ ਨੂੰ ਸਕੂਨ ਦੇਣ ਵਾਲੀ ਸ਼ੈਲੀ ਹੈ। ਕਦੇ ਮਹੁੱਬਤ ਦੀ ਮਹਿਕ ਬਿਖੇਰਦੇ, ਕਦੇ ਬਿਰਹਾ ਦੀ ਚੀਸ ਵਿੱਚ ਮੁਰਝਾਉਂਦੇ ਮਨ ਦੀ ਅਵੱਸਥਾ, ਕਦੇ ਵਸਲ ਦੀ ਵੇਦਨਾ ਬਿਆਨਦੇ, ਮੋਹ ਦੇ ਰਿਸ਼ਤਿਆਂ ਦੇ ਕਰੁਣਾਮਈ ਬੋਲਾਂ ਨਾਲ਼ ਰੁਮਕਦੇ ਫ਼ਿਜ਼ਾਵਾਂ ਨੂੰ ਮੰਤਰ ਮੁਗਧ ਕਰ ਜਾਂਦੇ ਹਨ।

ਗੀਤ ਸਮਾਜ ਦੇ ਯੋਧਿਆਂ, ਸੂਰਵੀਰਾਂ, ਦਾਨੀਆਂ , ਮਹਾਂਪੁਰਖਾਂ , ਮਨੁੱਖੀ ਹੱਕਾਂ ਤੇ ਨੈਤਿਕ ਕਦਰਾਂ ਕੀਮਤਾਂ ਲਈ ਸ਼ਹਾਦਤਾਂ ਦੇਣ ਵਾਲੇ ਆਜ਼ਾਦੀ ਦੇ ਪਰਵਾਨਿਆਂ ਦੀ ਗਾਥਾ ਬਿਆਨਦੇ ਅਣਲਿਖੇ ਇਤਿਹਾਸਕ ਦਸਤਾਵੇਜ਼ ਦਾ ਰੂਪ ਅਖਤਿਆਰ ਕਰ ਜਾਂਦੇ ਹਨ। ਗੀਤ ਤੋਂ ਲੋਕ ਗੀਤ ਹੋ ਕੇ ਲੋਕ ਜੁਬਾਨਾਂ ਤੇ ਚੜ ਸਮਾਜ ਦਾ ਦਰਪਣ ਬਣ ਸਦੀਆਂ ਦਾ ਸਫ਼ਰ ਤਹਿ ਕਰਦੇ ਜਾਂਦੇ ਹਨ। ਇਸ਼ਕ ਮਜਾਜ਼ੀ ਤੋਂ ਇਸ਼ਕ ਹਕੀਕੀ 'ਚ ਰੂਹਾਂ ਨੂੰ ਤ੍ਰਿਪਤ ਕਰਦੇ ਹਨ। ਕਵੀਸ਼ਰੀਆਂ ਰਾਹੀਂ ਕਿੱਸੇ ਤੇ ਢਾਡੀਆਂ ਰਾਂਹੀ ਵੀਰ ਰਸੀ ਕਵਿਤਾਵਾਂ ਸਮਾਜ ਦੇ ਪਿਛੋਕੜ ਦੇ ਵਰਕੇ ਫ਼ਰੋਲਦੇ ਇਤਿਹਾਸ ਨੂੰ ਲੋਕ ਮਨਾਂ ਤੇ ਉਕਰ ਜਾਂਦੇ ਹਨ।

ਗੀਤ ਮਨੁੱਖੀ ਜੀਵਨ ਦੇ ਮਨੋਰੰਜਨ ਦਾ ਸਾਹ-ਸਤ ਹਨ। ਇਹ ਸਾਹ ਜੇ ਕਰ ਮਨੁੱਖੀ ਚਿੰਤਨ ਨੂੰ ਨਹੀਂ ਮਿਲਦੇ ਤਾਂ ਚਿੰਤਨ ਵਿੱਚ ਖੜੋਤ ਆ ਜਾਵੇਗੀ। ਚਿੰਤਨ ਸਮਾਜਿਕ ਪ੍ਰਗਤੀ ਅਤੇ ਤਬਦੀਲੀ ਲਈ ਉਨਾਂ ਹੀ ਜਰੂਰੀ ਹੈ ਜਿੰਨੀਆਂ ਮਨੁੱਖੀ ਸਰੀਰ ਲਈ ਤੇਜ਼-ਤਰਾਰ ਤੰਦਰੁਸਤ ਨਜ਼ਰਾਂ ਵਾਲੀਆਂ ਅੱਖਾਂ। ਸਾਹਿਤਕ ਗੀਤ ਵਿਧਾ ਦਾ ਕਿਸੇ ਵੀ ਸਾਹਿਤ ਵਿੱਚ ਹੀਣ ਭਾਵਨਾ ਦਾ ਸ਼ਿਕਾਰ ਹੋਣਾ ਸਾਹਿਤ ਲਈ ਨੁਕਸਾਨ ਦੇਹ ਹੈ। ਸਮਾਜ ਲਈ ਇਕ ਵੱਡਾ ਘਾਟਾ ਹੈ। ਸਰੁੱਚੀ ਕਲਮ ਦੇ ਰਚੇ ਸਮਾਜਿਕ ਸੱਭਿਅਕ ਗੀਤ ਮਨੁੱਖੀ ਜੀਵਨ ਦੇ ਵਹਾਅ ਨੂੰ ਰੌਚਿਕ ਤੇ ਲਚਕੀਲਾ ਬਣਾਉਂਦੇ ਹਨ। ਇਹ ਸਮੇਂ ਦੇ ਹਾਲਾਤਾਂ ਦੇ ਅਨੁਕੂਲ ਬਣਾ ਕੇ ਤੁਰਨ ਲਈ ਮਨੁੱਖ ਦੀ ਉਂਗਲ ਫੜ ਤੋਰਦੇ ਹਨ। ਸਥਿਤੀਆਂ-ਪ੍ਰਸਥਿਤੀਆਂ ਨਾਲ਼ ਜੂਝਣ ਦੇ ਮਾਰਗ ਦਰਸ਼ਕ ਬਣ ਜਾਂਦੇ ਹਨ।

ਗੀਤਾਂ ਨੂੰ ਆਪ-ਹੁਦਰੇ, ਬੇ-ਸੁਰੇ, ਬੇ-ਤਾਲ਼ਿਆਂ ਗਾਇਕਾਂ ਨੇ ਆਪਣੀ ਸ਼ੋਹਰਤ ਤੇ ਪੈਸੇ ਲਈ ਧੰਦਾ ਬਣਾ ਲਿਆ ਹੈ । ਸ਼ਰਾਬ ਦੇ ਪਿਆਕੜ੍ਹ ਗੀਤ ਲਿਖਾਰੀਆਂ ਨੇ ਵੀ ਗੀਤ ਵਿਧਾ ਨੂੰ ਚਿੱਕੜ ਵਿੱਚ ਦਫ਼ਨਾਉਣ ਦੀ ਕੋਸ਼ਿਸ ਕੀਤੀ ਹੈ। ਸਮਾਜਿਕ ਭਾਈਚਾਰਿਕ ਰਿਸ਼ਤਿਆਂ-ਨਾਤਿਆਂ ਵਿੱਚ ਬਦਬੋ-ਦਾਰ ਕੂੜਾ ਸੁੱਟਿਆ ਹੈ। ਸਟੇਜਾਂ,ਲਾਊਡ ਸਪੀਕਰਾਂ ਤੇ ਆਪਣੇ ਪਿੰਡ, ਆਪਣੇ ਨਾਮ ਦੀ ਚਰਚਾ ਲਈ ਇਹ ਗੀਤਕਾਰ ਅਤੇ ਗਾਉਣ ਵਾਲੇ ਗਵੱਈਏ ਆਪਣੀ ਜ਼ਮੀਰ ਦੀ ਆਵਾਜ਼ ਸੁਣ ਹੀ ਨਹੀਂ ਸਕੇ। ਗੀਤਕਾਰ ਗਾਇਕਾਂ ਦੇ ਪਿੱਛੇ-ਪਿੱਛੇ ਫਿਰਦੇ ਆਪਣਾ ਸ਼ੋਸਣ ਆਪ ਕਰਵਾਉਂਦੇ ਹਨ। ਕਲਮ ਸਨਮਾਨ ਦੀ ਪਾਤਰ ਹੈ ਪਰ ਛੁਕਰੇ ਗੀਤਕਾਰਾਂ ਨੇ ਆਪਣੇ ਆਪ ਨੂੰ ਅਤੇ ਆਪਣੇ ਕਿਰਦਾਰ ਨੂੰ ਗਾਇਕਾਂ ਦੇ ਪੰਡਾਲ ਵਿੱਚ ਹਾਸੋ ਹੀਣਾ ਬਣਾ ਕੇ ਰੱਖ ਦਿੱਤਾ ਹੈ। ਗਾਇਕਾਂ ਨੇ ਸਰੋਤਿਆਂ ਵਿੱਚ ਖਰ-ਮਜ਼ਾਜ਼ ਅਤੇ ਬਦ-ਦਿਮਾਗ ਸ਼ਰਾਬੀ ਨਸ਼ੇੜੀ ਲੋਕਾਂ ਦੀਆਂ ਜੇਬਾਂ ਵਿੱਚੋਂ ਨੋਟ ਕਢਵਾਉਣ ਲਈ ਇਨਾਂ ਨੇ ਸ਼ਰਮ ਦੀਆਂ ਲੋਈਆਂ ਉਤਾਰ ਸੁੱਟੀਆਂ। ਗੀਤ ਵਿਧਾ ਨੂੰ ਐਸਾ ਤਾਰੋ-ਤਾਰ ਕੀਤਾ ਕਿ ਸਾਫ਼-ਸੁਥਰੇ ਗੀਤ ਲਿਖਣ ਵਾਲੇ ਲਿਖਾਰੀ ਵੀ ਆਪਣੇ ਆਪ ਨੂੰ ਗੀਤਕਾਰ ਅਖਵਾਉਣ ਵਿੱਚ ਸ਼ਰਮ ਮਹਿਸੂਸ ਕਰਨ ਲੱਗੇ। ਜਿਸ ਕਾਰਣ ਗੀਤ ਵਿਧਾ ਅਤੇ ਗੀਤ ਲਿਖਣ ਵਾਲਿਆਂ ਦਾ ਸਮਾਜ ਵਿੱਚ ਨਿਰਾਦਰ ਹੋਇਆ। ਸੱਭਿਅਕ ਗੀਤ ਕਾਪੀਆਂ-ਕਿਤਾਬਾਂ ਵਿੱਚ ਹੀ ਇਸ ਤਰਾਸਦੀ ਤੇ ਆਪਣੇ ਲੇਖਾਂ ਨੂੰ ਕੋਸਦੇ ਦਮ ਤੋੜਨ ਲੱਗੇ, ਇਸ ਵਿਧਾ ਨੇ ਸਾਹਿਤਕ ਕਿਤਾਬਾਂ ਵਿੱਚ ਦਰਜ ਹੋਣ ਤੋਂ ਕਿਨਾਰਾ ਕਰ ਲਿਆ ।



ਗੀਤਾਂ ਨੂੰ ਸਾਹਿਤ ਨਾਲੋਂ ਵੱਖ ਕਰਨਾ ਜਾਂ ਸਾਹਿਤ ਦਾ ਅੰਗ ਨਾ ਸਮਝਣਾ ਸਾਡੇ ਸਾਹਤਿਕ ਵਿਦਵਾਨਾਂ ਦੀ ਬਹੁਤ ਵੱਡੀ ਭੁੱਲ ਰਹੀ ਹੈ। ਇਸ ਨੂੰ ਸਾਹਿਤ ਦਾ ਅੰਗ ਨਾ ਸਮਝਣਾ ਪੰਜਾਬੀ ਸਾਹਿਤ ਨੂੰ ਲੰਗੜਾ ਕਰਨ ਦੇ ਤੁਲ ਹੈ।

ਗੀਤ ਮਨੁੱਖ ਦੀ ਕੁਦਰਤੀ ਵਿਰਾਸਤ ਹਨ। ਸਾਡਾ ਸੱਭਿਆਚਾਰ ਹਨ। ਸਾਡੀ ਆਰਥਿਕਤਾ, ਸਮਾਜਿਕ ਰਹਿਣ-ਸਹਿਣ, ਵਿਵਹਾਰ, ਸਾਕ-ਸਬੰਧਾਂ ਦਾ ਉਲੇਖ ਹਨ। ਸਾਡੇ ਪਿਛੋਕੜ ਦੀ ਉਹ ਤਸਵੀਰ ਹਨ ਜੋ ਅੱਜ ਵੀ ਬੇਸ਼ੱਕ ਕਾਗਜ਼ੀ ਪੰਨਿਆਂ ਤੇ ਹੋਰ ਵਿਧਾਵਾਂ ਵਿੱਚ ਪੜਨ ਨੂੰ ਨਹੀਂ ਮਿਲਦੀਆਂ ਪਰ ਲੋਕ-ਗੀਤਾਂ ਰਾਂਹੀ ਲੋਕ ਜੁਬਾਨਾਂ ਤੇ ਅੱਜ ਵੀ ਸੁਣਨ ਨੂੰ ਮਿਲਦੀ ਹੈ।ਜਦੋਂ ਤੱਕ ਕਿਸੇ ਕੌਮ ਦੇ ਲੋਕ ਗੀਤ, ਗੀਤ, ਵਾਰਾਂ, ਕਵੀਸ਼ਰੀ, ਟੱਪੇ, ਮਾਹੀਏ , ਬੋਲੀਆਂ ਗੀਤ ਰੂਪ ਆਦਿ ਆਪ-ਮੁਹਾਰੇ ਜੁਬਾਨਾਂ ਤੇ ਮਹਿਕਦੇ ਰਹਿਣਗੇ, ਉਦੋਂ ਤੱਕ ਕੋਈ ਵੀ ਧਾੜਵੀ ਕਿਸੇ ਕੌਮ ਦਾ ਵਾਲ ਵਿੰਗਾਂ ਨਹੀਂ ਕਰ ਸਕਦਾ।

ਗੀਤ ਸਿਰਫ਼ ਨਿੱਜੀ ਦਰਦ, ਖੁਸ਼ੀਆਂ, ਦੁਖਾਂਤਾਂ, ਗ਼ਮਾਂ, ਪੀੜਾਂ, ਬ੍ਰਿਹਾ-ਵਸਲਾਂ ਤਾਹਨਿਆਂ-ਮਿਹਣਿਆਂ, ਹਠਖੇਲੀਆਂ ਦਾ ਰਸ ਹੀ ਨਹੀਂ ਬਲਕਿ ਇਹ ਨਿੱਜ ਤੋਂ ਪਰ ਦਾ ਰੂਪ ਧਾਰਣ ਕਰਕੇ ਪੂਰੇ ਸਮਾਜ ਦਾ ਪ੍ਰਤੀਬਿੰਬ ਹੋ ਜਾਂਦੇ ਹਨ। ਕਿਰਤ ਅਤੇ ਕਿਰਤੀਆਂ ਦੇ ਜਿਸਮਾਨੀ ਤੇ ਮਾਨਸਿਕ ਸ਼ੋਸਣ ਕਰਨ ਦੇ ਖਿਲਾਫ ਬਿਗਲ ਹਨ। ਗੀਤ ਅਨਪੜ ਸਰੋਤਿਆਂ ਨੂੰ ਵੀ ਆਪਣੇ ਨਾਲ਼ ਇਕ-ਮਿੱਕ ਕਰਕੇ ਪੜੇ-ਲਿਖੇ ਮਨੁੱਖਾਂ ਦੇ ਬਰਾਬਰ ਖੜਾ ਕਰ ਦਿੰਦੇ ਹਨ।ਗੀਤਾਂ ਦਾ ਸਰੋਤਾ ਕਦੇ ਵੀ ਮਨੋ-ਰੋਗੀ ਨਹੀਂ ਹੋ ਸਕਦਾ । ਗੀਤ ਅੰਦਰੋਂ ਟੁੱਟ ਚੁੱਕੇ ਇਨਸਾਨਾਂ ਲਈ ਸਹਾਰਾ ਹਨ। ਇਹ ਰੂਹ ਦੀ ਖੁਰਾਕ ਹਨ। ਜੇ ਸੰਗੀਤ ਰੂਹ ਦੀ ਖੁਰਾਕ ਹੈ ਤਾਂ ਗੀਤ ਰੂਹ ਦੀ ਧੜਕਣ ਹਨ।

ਗੀਤ ਪੱਥਰ ਮਨ ਨੂੰ ਹਲੂਣ-ਹਲੂਣ, ਪਸੀਜ-ਪਸੀਜ ਪਾਣੀ ਬਣਾ ਦਿੰਦੇ ਹਨ। ਹਾਰੇ ਹੋਏ ਔਥਰੂਆਂ ਨੂੰ ਅੰਗਿਆਰ ਅਤੇ ਸ਼ਖ਼ਤ ਜਾਨ ਬਣਾ ਦਿੰਦੇ ਹਨ। ਹਾਰਾਂ ਨੂੰ ਜਿੱਤਾਂ ਦਾ ਰੂਪ, ਥੱਕਿਆਂ-ਹਾਰਿਆਂ ਨੂੰ ਜਿੰਦਗੀ ਦੇ ਨਾਲ਼ ਜੂਝਣ ਲਈ ਮੁੜ ਸੁਰਮਗਤੀ ਦੀ ਧਾਰ ਤੇ ਪਾਣ ਦਾ ਕੰਮ ਕਰਦੇ ਹਨ।

ਆਰਥਿਕ-ਸਮਾਜਿਕ ਤੌਰ 'ਤੇ ਦੱਬੇ-ਕੁਚਲਿਆਂ ਕਿਰਤੀਆਂ ਨੂੰ ਸੰਘਰਸ਼ ਲਈ ਯਤਨਸ਼ੀਲ ਅਤੇ ਗਤੀਸ਼ੀਲ ਰੱਖਦੇ ਸਮਾਜ ਦੀ ਅਗਵਾਈ ਕਰਦਿਆਂ ਇਤਿਹਾਸ ਦਾ ਹਿੱਸਾ ਬਣਦੇ ਸਾਹਿਤ ਦਾ ਅਨਿੱਖੜਵਾਂ ਅੰਗ ਬਣਦੇ ਹਨ। ਇਸਦੀ ਇਕ ਨਵੀਂ ਉਦਾਹਰਣ ਇਤਿਹਾਸਕ ਕਿਸਾਨ ਅੰਦੋਲਨ ਦੇ 380 ਦਿਨਾਂ ਦੇ ਸੰਘਰਸ਼ ਵਿੱਚ ਦਿੱਲੀ ਦਿਆਂ ਬਾਰਡਰਾਂ ਤੇ ਦੇਖਣ ਨੂੰ ਮਿਲੀ। ਜਿੱਥੇ ਪੰਜਾਬ ਦੇ ਕੁੱਝ ਲੋਕ ਹਿੱਤਾਂ ਨੂੰ ਪ੍ਰਵਾਨਿਤ ਗਾਇਕਾਂ ਨੇ ਲੋਕ ਸੰਘਰਸ਼ ਦੇ ਪੱਖ ਵਿੱਚ ਲੋਕਾਂ ਦੀ ਆਵਾਜ਼ ਬੁਲੰਦ ਕਰਨ ਲਈ, ਚੇਤਨਤਾ ਪੈਦਾ ਕਰਨ ਲਈ ਗੀਤਾਂ ਨੂੰ ਕਿਰਤੀਆਂ ਕਿਸਾਨਾਂ ਦੀ ਆਵਾਜ਼ ਬਣਾ ਦਿੱਤਾ। ਨੌਜਵਾਨ ਸ਼ਕਤੀ ਨੂੰ ਇਕਮੁੱਠਤਾ ਨਾਲ਼ ਸਰਕਾਰੀ ਤਾਨਾਸ਼ਾਹੀ ਖਿਲਾਫ਼ ਜਥੇਬੰਦ ਕਰਕੇ ਖੜੇ ਕੀਤਾ। ਲੋਕ ਮੁਹਿੰਮ ਨੂੰ ਇਕ ਸੁਰ ਇਕ ਤਾਲ ਬਣਾ ਦਿੱਤਾ। ਹਾੜ ਜੇਠ ਦੀਆਂ ਤੱਪਦੀਆਂ ਧੁੱਪਾਂ ਵਿੱਚ ਸਹਿਮੀਆਂ ਹਵਾਵਾਂ ਨੂੰ ਵੀ ਰੋਹ ਦਾ ਤੇਜ਼ ਬਣਾ ਦਿੱਤਾ। ਗੀਤ ਸ਼ਬਦਾਵਲ਼ੀ ਦੇ ਵੀਰ-ਰਸੀ ਬੋਲਾਂ ਨੇ ਇਤਿਹਾਸ ਮੁੜ ਦੁਹਰਾ ਕੇ ਜਿੱਤ ਦਾ ਪਰਚਮ ਲਹਿਰਾ ਦਿੱਤਾ।

ਸਾਹਿਤ ਦੀਆਂ ਦੂਸਰੀਆਂ ਵਿਧਾਵਾਂ ਨਾਲੋਂ ਤੇਜ਼ ਗਤੀ ਨਾਲ਼ ਗਤੀਸ਼ੀਲ ਹੁੰਦਿਆਂ ਗੀਤ ਸੰਗੀਤਬੱਧ ਹੋ ਕੇ ਚਾਨਣ ਦੀ ਤਰਾਂ ਫੈਲਦੇ ਹਨ।ਲੋਕ ਮਨਾਂ ਵਿੱਚ ਘਰ ਕਰਨ ਦੀ ਸ਼ਕਤੀ ਇਹਨਾਂ ਨੂੰ ਗਰੀਬ ਮਜ਼ਦੂਰ ਬਸਤੀਆਂ, ਵਿਹੜਿਆਂ, ਝੁੱਗੀਆਂ, ਝੌਪੜੀਆਂ ਅੰਦਰ ਵੀ ਪਹੁੰਚਣ ਦੀ ਸਮਰੱਥਾ ਅਤੇ ਇਸ ਨੂੰ ਸਰਬ ਸ਼ਕਤੀਸ਼ਾਲੀ ਵਿਧਾ ਹੋਣ ਦਾ ਰੁਤਬਾ ਦਿੰਦੀ ਹੈ। ਸੱਭਿਅਕ ਇਨਕਲਾਬੀ ਗੀਤਾਂ ਦੀ ਤਰੰਨਮ ਦੀ ਕੰਪਣ ਨਾਲ਼ ਸ਼ਾਹੀ- ਹਵੇਲੀਆਂ ,ਮਹੱਲਾਂ,ਕਿਲਿਆਂ ਦੀਆਂ ਮਜ਼ਬੂਤ ਉੱਚੀਆਂ ਕੰਧਾਂ ਤਿੜਕ -ਤਿੜਕ ਤ੍ਰੇੜਾਂ ਖਾਂਦੀਆਂ ਥੇਹਾਂ-ਖੰਡਰਾਂ ਵਿੱਚ ਬਦਲ ਜਾਂਦੀਆਂ ਹਨ।

ਗੀਤਾਂ ਨੂੰ ਸਾਹਿਤ ਰੂਪ ਦੀ ਨਜ਼ਰ ਤੋਂ ਗਿਰਾਉਣ ਵਾਲੇ ਘਟੀਆ ਸੋਚ, ਇਖ਼ਲਾਕ ਤੋਂ ਗਿਰੇ ਗੀਤਕਾਰਾਂ-ਗਵੱਈਆਂ ਨੂੰ ਪਾਕਿ-ਪਵਿੱਤਰ ਇਸ ਦੁੱਧ ਰੂਪੀ ਵਿਧਾ ਵਿੱਚ ਗੰਦੀ ਲਸੂ-ਰਾਧ ਮਿਲਾ ਕੇ ਨਸੂਰ ਦਾ ਕੰਮ ਕੀਤਾ ਹੈ। ਪੰਜਾਬੀ ਸਾਹਿਤ, ਸਰੋਤੇ, ਮਾਂ-ਬੋਲੀ ਅਤੇ ਪੰਜ ਦਰਿਆਵਾਂ ਦੀ ਮਿੱਟੀ ਇਹਨਾਂ ਨੂੰ ਕਦੇ ਵੀ ਮੁਆਫ਼ ਨਹੀਂ ਕਰੇਗੀ ।

ਅੱਜ ਦੇ ਗੀਤਕਾਰ ਕਲਮਕਾਰਾਂ, ਗਾਇਕਾਂ ਨੂੰ ਸਾਂਝੇ ਤੌਰ ਤੇ ਉਪਰਾਲਾ ਕਰਕੇ ਗੀਤ ਵਿਧਾ ਵਿੱਚ ਫੈਲਾਅ ਰਹੇ ਦੋ ਅਰਥੀ ਸ਼ਬਦਾਂ ਤੇ ਅਸ਼ਲੀਲਤਾ ਦੇ ਗੰਦ ਨੂੰ ਰੋਕਣ ਲਈ ਝੰਡੇ ਬਰਦਾਰ ਹੋਣਾ ਪਵੇਗਾ। ਇਹ ਵਕਤ ਦੀ ਮੰਗ ਹੈ ।

# ਗਿਆਨ ਸ਼ਕਤੀ ਦੇ ਧਾਰਨੀ ਹੋਣਾ ਸਫਲ ਜੀਵਨ ਦਾ ਸਬਕ

**ਡਾਕਟਰ ਇੰਦਰਜੀਤ ਸਿੰਘ ਗੋਗੋਆਣੀ**

ਧਾਰਮਿਕ ਜਗਤ ਵਿਚ ਉੱਤਮ ਸ਼ਖ਼ਸੀਅਤ ਨੂੰ ਸੋਲਾਂ ਕਲਾ ਸੰਪੂਰਨ ਵੀ ਕਿਹਾ ਗਿਆ ਅਤੇ ਬੇਅੰਤ ਸ਼ਕਤੀਆਂ ਦੇ ਮਾਲਕ ਵੀ ਕਿਹਾ। ਦਰਅਸਲ ਆਮ ਮਨੁੱਖ ਲਈ ਸਫਲ ਜੀਵਨ ਜੀਣ ਵਾਸਤੇ ਇਹ ਸਿੱਖਿਆਵਾਂ ਹਨ ਜਾਂ ਇੰਜ ਕਹੀਏ ਕਿ ਇਕ ਪੁਸਤਕ ਦੇ ਸੋਲਾਂ ਸਬਕ ਜਾਂ ਸਿੱਖਿਆਦਾਇਕ ਪਾਠ ਹਨ ਜੋ ਸਫਲ ਜੀਵਨ ਜੀਣ ਦਾ ਹੁਨਰ ਸਿਖਾਉਂਦੀ ਹੈ। ਪਹਿਲਾ ਸਬਕ 'ਗਿਆਨ ਕਲਾ' ਹੈ।

'ਮਹਾਨ ਕੋਸ਼' ਅਨੁਸਾਰ ਗਿਆਨ ਤੋਂ ਭਾਵ, ਜਾਣਨਾ, ਬੋਧ, ਸਮਝ, ਇਲਮ ਆਦਿ। ਸਮ ਅਰਥ ਕੋਸ਼ ਵਿਚ ਗਿਆਨ ਦੇ ਸਮਾਨਅਰਥੀ ਸ਼ਬਦ-ਵਿੱਦਿਆ, ਅਨਭਉ, ਅਨੰਭਉ, ਸੁਬਿਦਿਆ, ਗਯਾਨ, ਗਿਆਨ, ਚੇਤਨਤਾ, ਜਾਨ, ਜਾਨਣਾ, ਪ੍ਰਕਾਸ਼, ਬੇਦ, ਬੋਧ, ਵਿਬੋਧ, ਵੇਦ ਆਦਿ ਸ਼ਬਦ ਹਨ।

ਹੁਣ ਸਫਲ ਜੀਵਨ ਲਈ ਸਭ ਤੋਂ ਪਹਿਲਾਂ ਨਿੱਜ ਦਾ ਗਿਆਨ ਭਾਵ ਆਪਣੇ-ਆਪ ਬਾਰੇ ਜਾਣਨਾ ਹੈ ਕਿ ਮੈਂ ਕੀ ਹਾਂ, ਕਿਉਂ ਹਾਂ ਤੇ ਮੇਰੇ ਸੰਸਾਰ ਜਾਂ ਸਮਾਜ ਵਿਚ ਕੀ ਫ਼ਰਜ਼ ਤੇ ਅਧਿਕਾਰ ਹਨ? ਸਰੀਰ ਬਾਰੇ ਗਿਆਨ, ਖੁਰਾਕ ਤੇ ਪੁਸ਼ਾਕ ਦਾ ਗਿਆਨ, ਆਲੇ ਦੁਆਲੇ ਦਾ ਗਿਆਨ, ਸਮਾਜ, ਸੰਸਾਰ, ਮਾਪੇ, ਰਿਸ਼ਤੇ, ਕਾਦਰ, ਕੁਦਰਤ, ਉੱਦਮ, ਉਤਸ਼ਾਹ, ਆਸ਼ਾਵਾਦ, ਕਿਰਤ, ਵਿੱਦਿਆ, ਖ਼ੁਸ਼ੀ, ਅਨੰਦ ਆਦਿ ਸਭ ਗਿਆਨ 'ਤੇ ਆਧਾਰਿਤ ਹਨ। ਇਸੇ ਲਈ ਗਿਆਨ ਦੀ ਪ੍ਰਕਾਸ਼ ਨਾਲ ਤੇ ਅਗਿਆਨਤਾ ਦੀ ਹਨੇਰੇ ਨਾਲ ਤੁਲਨਾ ਕੀਤੀ ਜਾਂਦੀ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦਾ ਫ਼ੁਰਮਾਨ ਹੈ:

ਦੀਵਾ ਬਲੈ ਅੰਧੇਰਾ ਜਾਇ
ਬੇਦ ਪਾਠ ਮਤਿ ਪਾਪਾ ਖਾਇ
ਉਗਵੈ ਸੂਰੁ ਨ ਜਾਪੈ ਚੰਦ
ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ
(ਅੰਗ : 791)

ਭਾਵ ਜਿਵੇਂ ਦੀਵੇ ਦੀ ਰੌਸ਼ਨੀ ਨਾਲ ਹਨੇਰਾ ਦੂਰ ਹੋ ਜਾਂਦਾ ਹੈ, ਇਸੇ ਤਰਾਂ ਧਰਮ ਪੁਸਤਕਾਂ ਦੇ ਪਾਠ-ਪਾਪਾਂ ਦਾ ਨਾਸ਼ ਕਰ ਦਿੰਦੇ ਹਨ। ਜਿਵੇਂ ਸੂਰਜ ਦੇ ਪ੍ਰਕਾਸ਼ਮਾਨ ਹੋਣ ਨਾਲ ਚੰਦਰਮਾ ਅਲੋਪ ਹੋ ਜਾਂਦਾ ਹੈ, ਇਸੇ ਪ੍ਰਕਾਰ ਜਿਥੇ ਗਿਆਨ ਦਾ ਪ੍ਰਕਾਸ਼ ਹੋ ਜਾਏ, ਉਥੇ ਅਗਿਆਨਤਾ ਦਾ ਹਨੇਰਾ ਮਿਟ ਜਾਂਦਾ ਹੈ।

ਦੂਜੇ ਪਾਸੇ ਅਧੂਰਾ ਤੇ ਥੋੜਾ ਗਿਆਨ ਕਿਸੇ ਧਰਮ, ਕੌਮ ਜਾਂ ਸਮਾਜ ਦੇ ਲੋਕਾਂ ਲਈ ਅੱਤ ਖ਼ਤਰਨਾਕ ਹੁੰਦਾ ਹੈ। ਲੋਕ ਅਖਾਣ 'ਨੀਮ ਹਕੀਮ ਖ਼ਤਰਾ ਏ ਜਾਨ' ਅਤੇ 'ਟਿੰਡਾਂ ਪੱਥ ਨਾ ਜਾਣਦਾ ਮੇਰਾ ਮੱਖੀਆਂ ਦਾ ਉਸਤਾਦ' ਅਧੂਰੇ ਗਿਆਨ ਦੀਆਂ ਉਦਾਹਰਨਾਂ ਹਨ। ਗਿਆਨ ਤਾਂ ਅਥਾਹ ਸਾਗਰ ਹੈ ਤੇ ਜਾਗਦੀਆਂ ਰੂਹਾਂ ਸਦਾ ਕਾਰਜਸ਼ੀਲ ਰਹਿੰਦੀਆਂ ਹਨ। ਇਕੱਲਾ ਕਿਤਾਬੀ ਗਿਆਨ ਜਾਂ ਡਿਗਰੀਆਂ ਹੀ ਗਿਆਨ ਨਹੀਂ ਹੁੰਦੀਆਂ, ਅਨੁਭਵੀ ਗਿਆਨ ਵੀ ਹੁੰਦਾ ਹੈ। ਬਾਬਾ ਬੁੱਲੇ ਸ਼ਾਹ ਨੇ ਇਸੇ ਪ੍ਰਸੰਗ ਵਿਚ ਲਿਖਿਆ ਹੈ: 'ਪੜ ਪੜ ਆਲਮ ਫ਼ਾਜ਼ਲ ਹੋਇਓਂ, ਪਰ ਆਪਣੇ ਆਪ ਨੂੰ ਪੜਿਆ ਈ ਨਹੀਂ' ਗਿਆਨ ਕਲਾ ਤਾਂ ਸ਼ਕਤੀ ਹੈ। ਆਪੇ ਦੀ ਚੇਤਨਾ, ਭਲੇ ਬੁਰੇ ਦੀ ਪਹਿਚਾਣ। ਭਗਤ ਕਬੀਰ ਜੀ ਨੇ 'ਕਬੀਰਾ ਜਹਾ ਗਿਆਨੁ ਤਹ ਧਰਮੁ ਹੈ' ਫ਼ਰਮਾਉਂਦਿਆਂ ਸਮਾਜ ਨੂੰ ਨੇਕੀ, ਪਰਉਪਕਾਰ ਤੇ ਧਰਮ ਪ੍ਰਤੀ ਜਾਗ੍ਰਿਤ ਕੀਤਾ। ਗਿਆਨ ਹਰ ਮੁਸ਼ਕਲ ਭਰਪੂਰ ਤਾਲੇ ਦੀ ਕੁੰਜੀ ਹੈ। ਸਦੀਵ ਗਿਆਨ ਪ੍ਰਾਪਤੀ ਦੀ ਲੋਚਾ 'ਕਰਤ ਕਰਤ ਅਭਿਆਸ ਸੇ ਜੜ ਮਤ ਹੋਤ ਸੁਜਾਨ' ਵਾਲੀ ਗੱਲ ਹੁੰਦੀ ਹੈ। ਸ਼ੇਖ ਸਾਅਦੀ ਨੂੰ ਕਿਸੇ ਨੇ ਪੁੱਛਿਆ ਕਿ ਏਨਾ ਗਿਆਨ ਕਿਥੋਂ ਪ੍ਰਾਪਤ ਕੀਤਾ? ਉਹ ਕਹਿੰਦਾ 'ਨੇਤਰਹੀਣਾਂ ਕੋਲੋਂ, ਕਿਉਂਕਿ ਉਹ ਜਦ ਤੱਕ ਧਰਤੀ ਮਾਪ ਨਹੀਂ ਲੈਂਦੇ, ਅਗਲਾ ਕਦਮ ਨਹੀਂ ਪੁੱਟਦੇ।' ਪਹਿਲਾਂ 'ਤੋਲੋ ਫੇਰ ਬੋਲੋ' ਵੀ ਗਿਆਨ ਦਾ ਇਕ ਨੁਕਤਾ ਹੈ।

'ਗਿਆਨ' ਨਿੱਜ ਦਾ ਵਿਕਾਸ ਤੇ ਸਵੈ ਦੀ ਚੇਤੰਨਤਾ ਹੈ। ਇਕ ਸੋਚ ਕਿ ਅੱਜ ਨਵਾਂ ਕੀ ਸਿੱਖਿਆ ਹੈ? ਖੇਤਰ ਕੋਈ ਵੀ ਹੋਵੇ, ਗਿਆਨ ਅਸੀਮ ਹੈ। ਜੇਕਰ ਮਨ ਨੀਵਾਂ ਹੋਵੇ ਤਾਂ ਮੱਤ ਉੱਚੀ ਹੁੰਦੀ ਹੈ। ਗਿਆਨ ਹੋਵੇ ਤਾਂ ਮਨ ਸਥਿਰ ਰਹਿੰਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ 'ਗਿਆਨ ਕਾ ਬਧਾ ਮਨੁ ਰਹੈ' ਦਾ ਮੰਤਰ ਦ੍ਰਿੜ ਕਰਵਾਉਂਦੇ ਹਨ। ਗਿਆਨ ਜਿਥੋਂ ਵੀ ਮਿਲੇ, ਜਿਸ ਕੀਮਤ 'ਤੇ ਮਿਲੇ ਭਲਾ ਹੀ ਭਲਾ ਹੈ। ਇਹ ਸ਼ਹਿਦ ਦੀਆਂ ਮੱਖੀਆਂ ਵਾਂਗ ਸਦਾ ਕਾਰਜਸ਼ੀਲਤਾ ਦਾ ਨਾਉਂ ਹੈ। ਇਹ ਮਹਾਨ ਪੁਸਤਕਾਂ, ਗ੍ਰੰਥ, ਲਾਇਬ੍ਰੇਰੀਆਂ, ਮੈਗਜ਼ੀਨ, ਅਖ਼ਬਾਰ, ਖੋਜੀ ਵਿਦਵਾਨ ਸਭ ਚੰਗੇ ਸਮਾਜ ਦੀ ਸਿਰਜਣਾ ਦੇ ਉਸਤਾਦ ਤੇ ਗਿਆਨ ਦਾ ਭੰਡਾਰ ਹਨ, ਇਨਾਂ ਨੂੰ ਪਿਆਰ ਕਰੀਏ। ਪੰਜਾਬੀਆਂ ਨੂੰ ਮਿਹਣਾ ਵੀ ਹੈ ਕਿ ਸਾਲ ਵਿਚ ਇਹ ਜਿੰਨੇ ਕਰੋੜ ਦਾ ਨਸ਼ਾ ਕਰਦੇ ਹਨ, ਉਹਦੇ ਦਸਵੇਂ ਹਿੱਸੇ ਮੁੱਲ ਦੀਆਂ ਵੀ ਪੁਸਤਕਾਂ ਨਹੀਂ ਖ਼ਰੀਦੇ। ਕਾਸ਼, ਇਸ ਦੇ ਉਲਟ ਹੁੰਦਾ ਤਾਂ ਅਸੀਂ ਕਿੰਨੀਆਂ ਅਲਾਮਤਾਂ ਤੇ ਫੋਕਟ ਕਰਮਕਾਂਡਾਂ ਤੋਂ ਬਚ ਜਾਂਦੇ। ਗਿਆਨ ਦੀ ਮਹਿਮਾ ਵਰਨਣ ਕਰਦਿਆਂ ਕਲਗੀਧਰ ਪਾਤਸ਼ਾਹ ਜੀ ਦਾ ਫ਼ੁਰਮਾਨ ਹੈ:

ਧੀਰਜ ਧਾਮ ਬਨਾਇ ਇਹੈ ਤਨ,
ਬੁਧਿ ਸੁ ਦੀਪਕ ਜਿਉ ਉਜੀਆਰੈ
ਗਿਯਾਨਹਿ ਕੀ ਬਢਨੀ ਮਨਹੁ ਹਾਥ ਲੈ,
ਕਾਤਰਤਾ ਕੁਤਵਾਰ ਬੁਹਾਰੈ
(ਸ੍ਰੀ ਦਸਮ ਗ੍ਰੰਥ, ਪੰਨਾ 570)

ਭਾਵ ਤਨ ਨੂੰ ਧੀਰਜ ਦਾ ਘਰ ਬਣਾਓ ਤੇ ਬੁੱਧ ਰੂਪੀ ਦੀਪਕ ਜਗਾਉ। ਮਨ ਰੂਪੀ ਹੱਥ ਦੇ ਵਿਚ ਗਿਆਨ ਰੂਪੀ ਬੁਹਾਰੀ ਪਕੜੋ, ਕਾਇਰਤਾ ਤੇ ਡਰਪੋਕਪੁਣੇ ਦਾ ਕੂੜਾ ਹੂੰਝਿਆ ਜਾਵੇਗਾ।

ਤੱਤਸਾਰ ਕਿ ਹਨੇਰੇ ਦੀ ਕੋਈ ਹੋਂਦ ਨਹੀਂ, ਚਾਨਣ ਦੀ ਗ਼ੈਰ-ਹਾਜ਼ਰੀ ਹੈ। ਇਸੇ ਤਰਾਂ ਅਗਿਆਨਤਾ ਦੀ ਕੋਈ ਹੋਂਦ ਨਹੀਂ, ਗਿਆਨ ਦੀ ਗ਼ੈਰ-ਹਾਜ਼ਰੀ ਹੈ। ਗਿਆਨ ਇਕ ਸ਼ਕਤੀ ਹੈ ਤੇ ਇਸ ਸ਼ਕਤੀ ਦੇ ਧਾਰਨੀ ਹੋਣਾ ਸਫਲ ਜੀਵਨ ਦਾ ਸਬਕ ਹੈ।

# ਸਮੇਂ ਅਨੁਸਾਰ ਵਿਚਰਦੇ ਕੁਦਰਤ ਦੇ ਰੰਗ

**ਹਰਵੀਰ ਸਿੰਘ ਗੁਰੂ**

'ਵਧਾਈਆਂ ਜੀ ਸਾਰੇ ਟੱਬਰ ਨੂੰ' ਪਿੰਡ 'ਚੋਂ ਆਈ ਜਨਾਨੀ ਨੇ ਘਰਦਿਆਂ ਨੂੰ ਮੁੰਡਾ ਜੰਮਣ ਦੀਆਂ ਵਧਾਈਆਂ ਦਿੱਤੀਆਂ।

'ਰੱਬ ਸਾਰਿਆਂ ਨੂੰ ਵਧਾਵੇ' ਮੁੰਡੇ ਦੀ ਦਾਦੀ ਨੇ ਮੋੜਵਾਂ ਉੱਤਰ ਦਿੱਤਾ। 'ਨਾਂ ਕੀ ਰੱਖਿਆ ਮੁੰਡੇ ਦਾ?' ਜਨਾਨੀ ਨੇ ਪੁਛਿਆ।

'ਤੜਕੇ ਏਹਦਾ ਬਾਪੂ ਜਾਊਗਾ ਗੁਰੂਘਰ..ਜੇਹੜਾ ਪਹਿਲਾ ਅੱਖਰ ਆ ਗਿਆ..ਓਸੇ ਤੇ ਰੱਖ ਦਿਆਗੇਂ' ਦਾਦੀ ਨੇ ਝੂਲਦੇ ਨਿਸ਼ਾਨ ਸਾਬ ਕੰਨੀਂ ਹੱਥ ਜੋੜੇ।

'ਕੱਲ ਨੂੰ ਕੀ ਕਰੇਂਗਾ?' ਓਹਨੇ ਸੱਥ ਵਿਚ ਬੈਠੇ ਗੁਆਂਢੀ ਨੂੰ ਪੁਛਿਆ।

'ਕੁਸ਼ ਨੀਂ ਵੇਹਲਾ ਈ ਆਂ' ਗੁਆਂਢੀ ਨੇ ਲੋਈ ਦੀ ਬੁੱਕਲ ਠੀਕ ਕਰਦਿਆਂ ਆਖਿਆ। 'ਚੰਗਾ ਤਿਆਰ ਰਹੀਂ..ਰੱਬ ਸੁਖ ਰੱਖੇ..ਤੜਕੇ ਨਮਾਂ ਟਰੈਟਰ ਕਢਾਕੇ ਲਿਆਵਾਂਗੇ' ਓਹਨੇ ਤੁਰਦੇ ਨੇ ਆਖਿਆ।

ਅੱਜ ਉਹ ਅਜਾਂਸੀ 'ਚੋਂ ਨਮਾਂ ਟਰੈਟਰ ਲੈ ਕੇ ਨਿਕਲੇ ਨੇ। ਜਦੋਂ ਉਹ ਪਿੰਡ ਆਲੇ ਫਾਟਕਾਂ ਕੋਲ ਆਏ ਤਾਂ ਓਹਨੇ ਟਰੈਟਰ ਦੇ ਬਰੇਕ ਮਾਰ ਦਿੱਤੇ। ਭੱਜ ਕੇ ਇੱਕ ਦੁਕਾਨ ਤੇ ਗਿਆ।

'ਬਾਈ ਇੱਕ ਉਂਕਾਰ ਆਲਾ ਸਟਿਕਰ ਹੈਗਾ?' ਓਹਨੇ ਦਸਾਂ ਦਾ ਨੋਟ ਫੜਾਉਂਦਿਆਂ ਆਖਿਆ।

'ਹੈਗਾ' ਭਾਈ ਨੇ ਉਤਰ ਦਿੱਤਾ।

ਭਾਈ ਤੋਂ ਸਟਿਕਰ ਲਿਆ ਕੇ ਓਹਨੇ ਛੱਤਰੀ ਤੇ ਸਾਹਮਣੇ ਲੱਗੇ ਸ਼ੀਸ਼ੇ ਤੇ ਲਗਾ ਦਿੱਤਾ।

'ਬਾਈ ਕਿੰਨੇ ਪੈਸੇ ਹੋਗੇ?' ਓਹਨੇ ਨਮੇਂ ਬਣੇ ਮਕਾਨ ਵਾਸਤੇ ਲਈਆਂ ਟਾਇਲਾਂ ਤੇ ਸੈਨੇਟਰੀ ਦੇ ਸਮਾਨ ਦੇ ਪੈਸੇ ਪੁੱਛੇ। ਜਦੋਂ ਪੈਸੇ ਦੇਕੇ ਉਹ ਤੁਰਨ ਲੱਗਿਆ ਤਾਂ ਕੁਸ਼ ਸੋਚਕੇ ਫਿਰ ਵਾਪਿਸ ਆ ਗਿਆ।

'ਬਾਈ ਇੱਕ ਉਹ ਟਾਇਲ ਦੇਦੇ..ਜੀਹਤੇ ਬਾਬੇ ਨਾਨਕ ਦੀ ਫੋਟੋ ਹੋਵੇ' ਉਹਨੇ ਫੋਟੋ ਆਲੀ ਟਾਇਲ ਨੂੰ ਅੱਡ ਲਫਾਫੇ ਵਿਚ ਪਾਕੇ ਛੱਤਰੀ ਆਲੀ ਅੰਗਲਾਂਰਨ ਨਾਲ ਬੰਨ ਦਿੱਤਾ।

ਨਮੇਂ ਘਰ ਵਿਚ ਪਲੱਸਤਰ ਦਾ ਕੰਮ ਚੱਲ ਰਿਹਾ ਹੈ। ਉਹ ਟੋਪੀ ਆਲੇ ਚਾਰ ਕਿੱਲ ਲਿਆ ਕੇ ਮਿਸਤਰੀ ਨੂੰ ਫੜਾਉਂਦਾ ਹੈ।

'ਬਾਈ ਆਹ ਚਾਰੇ ਖੂੰਜਿਆਂ ਵਿਚ ਲਾਦੀਂ..ਚਾਨਣੀ ਬੰਨਣ ਵੇਲੇ ਸੌਖਾ ਰਹਿੰਦੈ।'

ਨਮੇਂ ਬਣਾਏ ਘਰ ਚ ਅੱਜ ਸੁਖਮਨੀ ਸਾਹਿਬ ਦਾ ਪਾਠ ਹੈ।




ਪਾਠੀ ਰਾਹ ਤੇ ਬਣਾਈ ਬੈਠਕ ਵਿਚ ਤਿਆਰੀ ਕਰਦਾ ਹੈ।

'ਹੈਥੋਂ ਅਣਲੱਗ ਚਾਦਰਾਂ ਤੇ ਗਦੈਲੈ ਦਿਉ ਭਾਈ?' ਪਾਠੀ ਘਰਦਿਆਂ ਨੂੰ ਤਾਕੀਦ ਕਰਦਾ ਹੈ।

'ਆਹ ਸਾਰੇ ਅਣਲੱਗ ਹੀ ਨੇ' ਘਰ ਦੀ ਲਾਣੇਦਾਰਨੀ ਨਮੇਂ ਗਦੈਲ਼ੇ ਤੇ ਚਾਦਰਾਂ ਲਾਣੇਦਾਰ ਨੂੰ ਫੜਾਉਂਦੀ ਹੋਈ ਕਹਿੰਦੀ ਹੈ।

ਪਿੰਡੋਂ ਕੁਰਮ ਦੇ ਜੋੜੇ ਪਾ ਕੇ ਤੇ ਮੋਢੇ ਪਰਨੇ ਧਰਕੇ ਪਿੰਡ ਆਲੇ ਵਿਸਾਖੀ ਤੇ ਜਾਂਦੇ ਹਨ।ਦਸਾਂ ਦੀ ਦੇਗ ਕਰਾਕੇ ਸਰੋਵਰ ਵਿਚ ਸ਼ਨਾਨ ਕਰਦੇ ਹਨ।ਮੁੜਦੇ ਹੋਏ ਨਾਂ ਲਿਖਣ ਆਲੀ ਦੁਕਾਨ ਤੇ ਰੁਕਦੇ ਹਨ।

'ਬਾਈ ਗੁੱਟ ਤੇ ਓਟ ਛਾਪਦੇ' ਪਿੰਡਾਂ ਆਲੇ ਕੁੜਤੇ ਦੀ ਕਫ ਨੂੰ ਉਪਰ ਕਰਕੇ ਕਹਿੰਦੇ ਹਨ।

ਜਾਂਦੇ ਜਵਾਕ ਲੀਲੀ ਵਰਦੀ ਦਾ ਝੱਗਾ ਖਿੱਚਕੇ ਸਿਰ ਤੇ ਕਰਦੇ ਹਨ।ਲੋਹੇ ਸਰੀਏ ਦੀ ਦੁਕਾਨ ਆਲਾ ਲਾਲਾ ਟੈਰਾਂ ਆਲੀ ਕੁਰਸੀ ਤੇ ਬੈਠਾ ਹੀ ਨਮਸਕਾਰ ਕਰਦਾ ਹੈ,ਜਿਸਦੀ ਦੁਕਾਨ ਚ ਬਾਬੇ ਨਾਨਕ ਦੀ ਫੋਟੋ ਟੰਗੀ ਹੋਈ ਹੈ ਤੇ ਜਪੁਜੀ ਸਾਹਿਬ ਦੀਆਂ ਪੰਜ ਪੌੜੀਆਂ ਲਿਖੀਆਂ ਹੋਈਆਂ ਨੇ ਤੇ ਥੱਲੇ ਲਿਖਿਆ ਹੋਇਆ ਹੈ..'ਬਾਂਸਲ ਆਇਰਨ ਸਟੋਰ'।

ਚੰਡੀਗੜ ਕਾਲਜ ਵਿਚੋਂ ਪੰਜ ਜਣੇ ਅੰਬਰਸਰ ਦਰਬਾਰ ਸਾਹਬ ਆਏ ਹਨ। ਉਹਨਾਂ 'ਚੋਂ ਇੱਕ ਕੁੜੀ ਸ਼ਿਮਲੇ ਦੀ, ਇੱਕ ਮੁੰਡਾ ਅੰਬਾਲੇ ਦਾ, ਦੋ ਚੰਡੀਗੜ ਦੇ ਤੇ ਇੱਕ ਬਠਿੰਡੇ ਦਾ ਹੈ।

ਮੱਥਾ ਟੇਕਣ ਤੋਂ ਬਾਦ ਬਠਿੰਡੇ ਆਲਾ ਦੱਸਦਾ ਹੈ..'ਗੁਰੂ ਗਰੰਥ ਸਾਹਿਬ ਜੀ ਨੂੰ ਪਹਿਲੀ ਵਾਰ ਏਥੇ ਹੀ ਪੜਿਆ ਗਿਆ ਸੀ ਮਤਲਬ ਵੀ ਪਹਿਲਾ ਪਰਕਾਸ਼ ਏਥੇ ਹੋਇਆ ਸੀ'।ਸਾਰੇ ਸਤਿਕਾਰ ਨਾਲ ਸ਼ੀਸ਼ ਝੁਕਾਉਂਦੇ ਨੇ।

ਘੜਿਆਲ ਦੀ ਅਵਾਜ਼ ਆਉਂਦੀ ਹੈ।ਸ਼ਹਿਰ ਆਲੇ ਗੁਰੂਘਰ ਵਿਚੋਂ ਪੰਜ ਛੇ ਜਣੇ ਗੁਰੂ ਮਾਹਾਰਾਜ ਦੀ ਸਵਾਰੀ ਲੈ ਕੇ ਨਿਕਲਦੇ ਨੇ।ਬੱਸ ਦਾ ਡਰਾਇਵਰ ਥਾਏਂ ਬਰੇਕਾਂ ਮਾਰਕੇ ਸੀਟ 'ਤੇ ਬੈਠਾ ਹੀ ਸ਼ੀਸ਼ ਝੁਕਾਉਂਦਾ ਹੈ। ਸਕੂਲ ਜਾਂਦੇ ਜਵਾਕ...

ਗੁਰੂਘਰ ਤੜਕੇ ਅਰਦਾਸ ਹੋ ਰਹੀ ਹੈ।ਬਾਬਾ ਅਰਦਾਸ ਕਰਦਾ ਹੋਇਆ ਕਹਿੰਦਾ ਹੈ...'ਆਪ ਜੀ ਦੇ ਦਰ ਘਰ ਦੇ ਸੇਵਕ ਭਾਈ ਸਾਹਿਬ ਭਾਈ ਜੰਗੀਰ ਸਿੰਘ ਤੇ ਉਨਾਂ ਦੇ ਸਾਰੇ ਪਰਿਵਾਰ ਵੱਲੋਂ ਦੇਗ ਦੀ ਸੇਵਾ, ਆਪਣੇ ਪੁੱਤਰ ਦੀ ਸਰਕਾਰੀ ਨੌਕਰੀ ਲੱਗਣ ਦੀ ਖੁਸ਼ੀ ਵਿੱਚ ਕਰਾਈ ਗਈ ਹੈ'।

ਅੱਜ ਸਾਰਾ ਪਰਿਵਾਰ ਮੁੰਡੇ ਦੇ ਬਿਆਹ ਵਾਸਤੇ ਕੱਪੜਾ ਲੈਣ ਬਜ਼ਾਰ ਪਹੁੰਚਿਆ ਹੈ।ਦੁਕਾਨ ਆਲੇ ਪੁਛਦੇ ਨੇ ਵੀ ਦੱਸੋ ਕੇਹੋ ਜਾ ਕੱਪੜਾ ਦਖਾਈਏ ਭਾਈ।ਟੱਬਰ ਦਾ ਲਾਣੇਦਾਰ ਯੂਰੀਆ ਆਲੇ ਗੱਟੇ ਦੇ ਬਣੇ ਝੋਲੇ ਨੂੰ ਸ਼ੈਡ ਤੇ ਰੱਖਦਾ ਹੋਇਆ ਕਹਿੰਦਾ ਹੈ..'ਸਭ ਤੋਂ ਪਹਿਲਾਂ ਮਾਹਰਾਜ ਵਾਸਤੇ ਰੁਮਾਲਾ ਦਿਉ।' ਰੁਮਾਲਾ ਲੈਕੇ ਲਾਣੇਦਾਰ ਝੋਲੇ ਵਿਚ ਪਾਉਂਦਾ ਹੈ।

ਵਿਸਾਖੀ ਤੋਂ ਬਾਅਦ ਕਣਕ ਦੀ ਵਾਡੀ ਚੱਲ ਰਹੀ ਹੈ। ਅੱਜ ਕਣਕ ਦੀ ਪਹਿਲ਼ੀ ਟਰਾਲੀ ਘਰੇ ਆਈ ਹੈ। ਮੁੰਡੇ ਨੇ ਟਰਾਲੀ ਬੈਕ ਕਰਕੇ ਬਰਾਂਡੇ ਵਿਚ ਲਾਹ ਦਿੱਤੀ ਹੈ।ਮੰਜੇ ਤੇ ਬੈਠੀ ਅੰਬੋ ਆਵਦੇ ਵੱਡੇ ਮੁੰਡੇ ਨੂੰ ਬੋਲ ਮਾਰਕੇ ਕਹਿੰਦੀ ਹੈ..'ਵੇ ਪਹਿਲਾਂ ਐਥੋਂ ਆਹ ਯੂਰੀਏ ਆਲੇ ਦੋ ਗੱਟੇ ਭਰਦੋ,ਗੁਰੂਘਰ ਦੇ ਆਇਉ..ਲੰਗਰ ਵਾਸਤੇ।'

ਸੱਥ ਵਿਚ ਬੈਠਾ ਇੱਕ ਪਾੜਤੀਆ ਮੁਬੈਲ ਤੇ ਪੰਗੇ ਲੈ ਰਿਹੈ।ਤੀਹਾਂ ਤੋਂ ਪਾਰ ਆਲਾ ਇੱਕ ਕੋਲ ਬੈਠਾ ਗਹੁ ਨਾਲ ਦੇਖ ਰਿਹੈ।

'ਮੈਂ ਸੁਣਿਐ ਆਹ ਨਿਟ ਜੇ ਤੇ ਬਾਹਲੇ ਬਿਦਬਾਨ ਰਹਿੰਦੇ ਨੇ...ਇੱਕ ਦੂਏ ਦੀਆਂ ਬਾਹਲੀਆਂ ਲੱਤਾਂ ਖਿੱਚਦੇ ਨੇ।' ਉਹਨੇ ਸੁਤੇ ਸੁਭਾਅ ਪੁੱਛਿਆ।

'ਹੈਗੇ ਨੇ ਬਹੁਤ...ਰੋਜ ਈ ਵਿਚਾਰਾਂ ਹੁੰਦੀਆਂ ਏਥੇ।' ਪਾੜਤੀਏ ਨੇ ਬਹੁਤੀ ਗੱਲ ਨਾ ਕੀਤੀ।

'ਚੱਲ ਗੁਰੂਘਰ ਮੱਥਾ ਟੇਕਕੇ ਆਈਏ..ਮਾਘੀ ਆ ਅੱਜ।' ਉਹ ਪਾੜਤੀਏ ਦੀ ਬਾਂਹ ਖਿੱਚਦਾ ਹੈ।

# 'ਲੋਕ ਮਨਾਂ ਵਿੱਚੋਂ ਵਿਸਰਿਆ ਖੂਹ'



**ਮਾਸਟਰ ਸੰਜੀਵ ਧਰਮਾਣੀ**
**9478561356**

'1990 ਦੇ ਦਹਾਕੇ ਤੱਕ ਖੂਹ ਪੇਂਡੂ ਖੇਤਰਾਂ ਵਿੱਚ ਪਾਣੀ ਦਾ ਮੁੱਖ ਜ਼ਰੀਆ (ਸਾਧਨ) ਹੁੰਦੇ ਸਨ। ਲੋਕ ਸਵੇਰੇ- ਸ਼ਾਮ ਖੂਹਾਂ 'ਤੇ ਬਾਲਟੀ ਤੇ ਲੱਜ (ਰੱਸਾ) ਲੈ ਕੇ ਖੂਹਾਂ ਤੋਂ ਪਾਣੀ ਭਰਦੇ ਹੁੰਦੇ ਸਨ ਅਤੇ ਆਪਣੀ-ਆਪਣੀ ਵਾਰੀ ਦੀ ਉਡੀਕ ਕਰਦੇ ਹੁੰਦੇ ਸਨ। ਖੂਹਾਂ ਦੇ ਮਿੱਠੇ ਤੇ ਸੁਆਦਲੇ ਪਾਣੀ ਵਰਗਾ ਆਨੰਦ ਕਿਤੇ ਨਹੀਂ ਸੀ ਮਿਲਦਾ। ਖੂਹਾਂ ਨੂੰ ਮਜ਼ਦੂਰ ਹੱਥਾਂ ਨਾਲ ਹੀ ਕਈ-ਕਈ ਦਿਨ ਲਗਾ ਕੇ ਪੁੱਟਦੇ ਹੁੰਦੇ ਸਨ। ਅੱਜ ਵਾਂਗ ਮਸ਼ੀਨੀ ਯੁੱਗ ਦੀ ਏਨੀ ਮਜ਼ਬੂਤ ਪਕੜ ਨਹੀਂ ਸੀ। ਪਿੰਡਾਂ ਦੀਆਂ ਧੀਆਂ-ਭੈਣਾਂ ਵੀ ਇਕੱਠੀਆਂ ਹੋ ਕੇ ਬਾਲਟੀਆਂ ਤੇ ਲੱਜਾਂ ਲੈ ਕੇ ਖੂਹਾਂ ਤੋਂ ਪੀਣ ਲਈ, ਨਹਾਉਣ ਲਈ, ਘਰ ਵਿੱਚ ਵਰਤੋਂ ਕਰਨ ਲਈ ਅਤੇ ਡੰਗਰ-ਪਸ਼ੂਆਂ ਨੂੰ ਪਾਣੀ ਪਿਲਾਉਣ ਲਈ ਪਾਣੀ ਭਰਦੀਆਂ ਹੁੰਦੀਆਂ ਸਨ। ਇਸ ਤਰਾਂ ਸੁੱਤੇ-ਸਿੱਧ ਹੀ ਲੋਕਾਂ ਦੇ ਸਰੀਰ ਦੀ ਕਸਰਤ ਵੀ ਹੋ ਜਾਂਦੀ ਸੀ। ਉਸ ਸਮੇਂ ਲੋਕਾਂ ਨੂੰ ਆਰ. ਓ. ਜਾਂ ਫਿਲਟਰ ਆਦਿ ਦੀ ਵਰਤੋਂ ਕਰਨ ਦੀ ਲੋੜ ਹੀ ਨਹੀਂ ਸੀ ਪੈਂਦੀ, ਕਿਉਂਕਿ ਖੂਹਾਂ ਦਾ ਪਾਣੀ ਹੁੰਦਾ ਹੈ ਇਨਾਂ ਸਾਫ਼ ਤੇ ਮਿੱਠਾ ਸੀ। ਹਾਂ, ਕਦੇ-ਕਦਾਈਂ ਲਾਲ ਦਵਾਈ ਜ਼ਰੂਰ ਖੂਹਾਂ ਵਿੱਚ ਪਾਈ ਜਾਂਦੀ ਸੀ ਅਤੇ ਖੂਹਾਂ ਵਿੱਚ ਮੱਛੀਆਂ ਵੀ ਛੱਡੀਆਂ ਜਾਂਦੀਆਂ ਹੁੰਦੀਆਂ ਸਨ ਤਾਂ ਜੋ ਪਾਣੀ ਸ਼ੁੱਧ ਰਹਿ ਸਕੇ। ਖੂਹ ਖਾਸ ਤੌਰ 'ਤੇ ਸਾਡੇ ਪੇਂਡੂ ਖਿੱਤੇ ਦਾ ਇੱਕ ਅਨਿੱਖੜਵਾਂ ਅੰਗ ਅਤੇ ਸਾਡੇ ਵਿਰਸੇ ਦੀ ਮਹਾਨ ਪਛਾਣ ਹੈ। ਪੰਜਾਬ ਵਿਚ ਖੂਹਾਂ ਨਾਲ ਸਬੰਧਤ ਕਈ ਅਖਾਣ ਅਤੇ ਬੁਝਾਰਤਾਂ ਵੀ ਪ੍ਰਸਿੱਧ ਹਨ, ਜਿਵੇਂ :-



'ਇੱਕ ਇੱਟ ਸੌ ਖੂਹ, ਖੂਹ ਦੀ ਮਿੱਟੀ ਖੂਹ ਨੂੰ ਲੱਗੇ ਅਤੇ ਆਰ ਢਾਂਗਾ ਪਾਰ ਢਾਂਗਾ ਵਿੱਚ ਟੱਲਮ - ਟੱਲੀਆਂ ਆਉਣ ਕੂੰਜਾਂ ਦੇਣ ਬੱਚੇ ਨਦੀ ਨਹਾਉਣ ਚੱਲੀਆਂ।'

ਖੂਹ ਮਖੌਲ ਆਦਿ ਕਰਨ ਦਾ ਅਤੇ ਦੁੱਖ-ਸੁੱਖ ਸਾਂਝੇ ਕਰਨ ਦਾ ਵਧੀਆ ਧੁਰਾ ਵੀ ਹੁੰਦਾ ਸੀ। ਲੋਕ ਵਿਹਲੇ ਸਮੇਂ ਅਤੇ ਪਾਣੀ ਲੈਣ ਆਉਣ ਸਮੇਂ ਆਪਸੀ ਮਿਲਵਰਤਣ ਰਾਹੀਂ ਸਮਾਜਿਕ ਤੰਦਾਂ ਸਾਂਝੀਆਂ ਕਰ ਲੈਂਦੇ ਹੁੰਦੇ ਸਨ। ਕਈ ਲੋਕ ਚੰਗੇ ਕਾਰ - ਵਿਹਾਰ ਸਮੇਂ ਪੰਜ ਖੂਹਾਂ ਦਾ ਪਾਣੀ ਇਕੱਠਾ ਕਰਕੇ ਵੀ ਵਰਤੋਂ ਵਿੱਚ ਲਿਆਉਂਦੇ ਹੁੰਦੇ ਸਨ। ਪੁਰਾਣੇ ਸਮਿਆਂ ਵਿੱਚ ਹਰ ਖੁਸ਼ੀ, ਪ੍ਰਾਪਤੀ, ਜਿੱਤ ਅਤੇ ਚੰਗੇ ਪਲਾਂ ਦੇ ਮੌਕਿਆਂ 'ਤੇ ਰਾਜੇ- ਮਹਾਰਾਜੇ ਅਤੇ ਵੱਡੇ ਤੇ ਅਮੀਰ ਘਰਾਣਿਆਂ ਦੇ ਲੋਕ ਖੂਹ - ਟੋਭੇ ਕਢਵਾਉਂਦੇ ਹੁੰਦੇ ਸਨ ਤਾਂ ਜੋ ਮਾਨਵਤਾ ਲਈ ਪਾਣੀ ਮੁਹੱਈਆ ਹੁੰਦਾ ਰਹੇ ਅਤੇ ਟੋਭਿਆਂ-ਛੱਪੜਾਂ ਰਾਹੀਂ ਵਰਖਾ ਦਾ ਪਾਣੀ ਧਰਤੀ ਵਿੱਚ ਜਜ਼ਬ (ਸਮਾਉਣਾ) ਹੋ ਸਕੇ। ਜਿਸ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਠੀਕ ਰਹਿੰਦਾ ਹੁੰਦਾ ਸੀ। ਹੁਣ ਖੂਹ - ਟੋਭੇ ਘੱਟ ਗਏ ਜਾਂ ਵਿਸਰ ਗਏ ਹਨ ਤਾਂ ਸ਼ੁੱਧ ਪਾਣੀ ਦੀ ਵੀ ਘਾਟ ਰੜਕਣ ਲੱਗ ਪਈ ਹੈ ਅਤੇ ਧਰਤੀ ਹੇਠਲਾ ਪਾਣੀ ਵੀ ਘੱਟਦਾ ਤੇ ਡੂੰਘਾ ਹੁੰਦਾ ਜਾ ਰਿਹਾ ਹੈ। ਹੁਣ ਸਮੇਂ ਦੇ ਕਰਵਟ ਬਦਲਦੇ ਹੀ ਘਰ-ਘਰ ਨਲਕੇ ਅਤੇ ਟੂਟੀਆਂ ਲੱਗ ਗਈਆਂ ਹਨ ਅਤੇ ਖੂਹਾਂ ਬਾਰੇ ਤਾਂ ਸ਼ਾਇਦ ਨਵੀਂ ਪੀੜੀ ਨੂੰ ਪਤਾ ਵੀ ਨਾ ਹੋਵੇ ਕਿ ਖੂਹ ਕਿਸ ਕੰਮ ਆਉਂਦੇ ਹੁੰਦੇ ਸਨ, ਪਰ ਜਿਸ ਨੇ ਖੂਹਾਂ ਦੀ ਵਰਤੋਂ ਦੇ ਸਮਿਆਂ ਵਿਚ ਆਪਣਾ ਬਚਪਨ ਅਤੇ ਜਵਾਨੀ ਬਤੀਤ ਕੀਤੀ ਹੋਵੇ, ਉਹ ਭਲਾ ਖੂਹਾਂ ਦੀ ਮਹੱਤਤਾ ਅਤੇ ਖੂਹਾਂ ਦੇ ਦੌਰ ਨੂੰ ਦਿਲੋਂ ਕਿਵੇਂ ਵਿਸਾਰ ਸਕਦਾ ਹੈ।

'ਪਿੰਡਾਂ ਦੇ ਖੂਹ, ਸਰੀਰ ਦੀ ਹੋਵੇ ਕਸਰਤ, ਤਾਜ਼ੀ ਹੋਵੇ ਰੂਹ।'

# .ਗ਼ਜ਼ਲ

ਤੇਰੇ ਤੀਕਰ ਅਪੜਨ ਲਈ ਯਤਨ ਕਰੇ ਕਈ ਵਾਰ ਬੜੇ।
ਖ਼ੁਸ਼ਬੂਆਂ ਦੀ ਰਾਖੀ ਲਈ ਪਰ ਹੁੰਦੇ ਵੀ ਨੇ ਖ਼ਾਰ ਬੜੇ।
ਕਿੰਨੇ ਸਿਤਮ ਮਿਲੇ ਕਈ ਮਿਲਨੇ ਅਜੇ ਕਿਨਾਰਾ ਦੂਰ ਕਿਤੇ,
ਜ਼ਿੰਦਗੀ ਦੇ ਬੇੜੇ ਨੂੰ ਆਉਂਦੇ ਹਰ ਥਾਂ ਹੀ ਮੰਝਧਾਰ ਬੜੇ।
ਜਦੋਂ ਮੁਸੀਬਤ ਪੈਂਦੀ ਉਦੋਂ ਪਰਖ ਹੁੰਦੀ ਏ ਬੰਦੇ ਦੀ,
ਉਦਾਂ ਤਾਂ ਮਿਲ ਜਾਂਦੇ ਇਥੇ ਸਭ ਦੇ ਜਿਗਰੀ ਯਾਰ ਬੜੇ।
ਸੀਨੇ ਵਿਚ ਕੁੜੱਤਣ ਨਫਰਤ ਤਪਸ਼ ਦੇ ਭਾਂਬੜ ਬਲਦੇ ਨੇ,
ਕੁਝ ਪਲ ਤਾਂ ਲੰਘ ਜਾਵਣ ਦੇਵੋ ਸ਼ਾਂਤ ਤੇ ਠੰਡੇ ਠਾਰ ਬੜੇ।
ਹਰ ਇਕ ਦਾ ਦਿਲ ਚਾਹੁੰਦਾ ਹੁਕਮ ਕਰੇ ਸਭ ਲੋਕਾਂ 'ਤੇ,
ਆਖਰ ਨੂੰ ਬੱਸ ਤੇਰੇ ਲਈ ਤਾਂ ਬੰਦੇ ਹੀ ਨੇ ਚਾਰ ਬੜੇ।
ਸੂਲਾਂ ਵਾਂਗੂੰ ਵਿੰਨ ਦਿੰਦੇ ਨੇ ਫੋਕੇ ਦਾਅਵੇ ਕਰਦੇ ਨੇ,
ਹੁਸਨ ਇਸ਼ਕ ਦੇ ਮਿਲ ਜਾਂਦੇ ਹਰ ਥਾਂ ਤਾਬਿਆਦਾਰ ਬੜੇ।



**ਡਾ. ਆਤਮਾ ਸਿੰਘ ਗਿੱਲ**
**9878883680**

# ਦਸ਼ਮੇਸ਼ ਪਿਤਾ ਦੇ ਲਾਲਾਂ ਦੀ ਅਦੁੱਤੀ ਸ਼ਹਾਦਤ

ਰਣਦੀਪ ਕੌਰ ਪੰਧੇਰ

ਸਿੱਖ ਇਤਿਹਾਸ ਕੁਰਬਾਨੀਆਂ ਦੀ ਮਿਸਾਲ ਹੈ। ਸ਼ਹੀਦ ਕਿਸੇ ਵੀ ਕੌਮ ਦਾ ਸਰਮਾਇਆ ਹੁੰਦੇ ਹਨ ਤੇ ਸਿੱਖ ਧਰਮ ਸ਼ਹੀਦਾਂ ਦੇ ਲਹੂ ਭਿੱਜੇ ਇਤਿਹਾਸ ਦੀ ਲੰਬੀ ਗਾਥਾ ਹੈ। ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦੇ ਵੀ ਇਸੇ ਸ਼ਹੀਦੀ ਮਾਲਾ ਦੇ ਅਹਿਮ ਮਣਕੇ ਹਨ, ਜਿਨਾਂ ਦੀ ਮਿਸਾਲ ਸੰਸਾਰ ਵਿਚ ਕਿਧਰੇ ਨਹੀਂ ਮਿਲਦੀ। ਸਭ ਤੋਂ ਪਹਿਲਾਂ ਸਿੱਖ ਸਾਹਿਤ ਵਿਚ ਚਾਰ ਸਾਹਿਬਜ਼ਾਦਿਆਂ ਸਬੰਧੀ ਇਤਿਹਾਸਕ ਪੱਖ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਔਰੰਗਜ਼ੇਬ ਨੂੰ ਲਿਖੇ ਖ਼ਤ 'ਜ਼ਫ਼ਰਨਾਮਾ' ਵਿੱਚੋਂ ਮਿਲਦਾ ਹੈ :

ਚਿਹਾ ਸ਼ੁਦ ਕਿ ਚੂੰ ਬੱਚਗਾ ਕਸ਼ਤਹ ਚਾਰ,
ਕੀ ਬਾਕੀ ਬਮਾਂਦਸਤ ਪੇਚੀਦਹ ਮਾਰ।।

ਗੁਰੂ ਸਾਹਿਬ ਲਿਖਦੇ ਹਨ ਕਿ 'ਐ ਔਰੰਗਜ਼ੇਬ, ਤੂੰ ਮੇਰੇ ਚਾਰ ਪੁੱਤਰ ਖ਼ਤਮ ਕਰ ਦਿੱਤੇ ਹਨ ਪਰ ਤੂੰ ਯਾਦ ਰੱਖ ਕੇ ਤੇਰੀ ਜ਼ੁਲਮੀ ਸਲਤਨਤ ਨੂੰ ਖ਼ਤਮ ਕਰਨ ਵਾਲਾ ਕੁੰਡਲਾਂ ਵਾਲਾ ਨਾਗ ਹਾਲੇ ਬਾਕੀ ਹੈ, ਜੋ ਤੇਰੀ ਸਲਤਨਤ ਨੂੰ ਖ਼ਤਮ ਕਰ ਕੇ ਹੀ ਦਮ ਲਵੇਗਾ। ਦਸਮ ਪਿਤਾ ਦੇ ਪਰਿਵਾਰ ਦੀ ਸ਼ਹੀਦੀ ਗਾਥਾ ਦੀ ਮਿਸਾਲ ਪੂਰੇ ਸੰਸਾਰ ਵਿਚ ਕਿਤੇ ਨਹੀਂ ਮਿਲਦੀ, ਜਿੱਥੇ ਕਿਸੇ ਨੇ ਦੂਜੇ ਦੇ ਧਰਮ ਦੀ ਰੱਖਿਆ ਖ਼ਾਤਰ ਬਲੀਦਾਨ ਦਿੱਤਾ ਹੋਵੇ। ਗੁਰੂ ਪਿਤਾ ਨੌਵੇਂ ਪਾਤਸ਼ਾਹ ਤੇਗ ਬਹਾਦਰ ਸਾਹਿਬ ਇਸ ਦੀ ਲਾਸਾਨੀ ਮਿਸਾਲ ਹਨ, ਜਿਹੜਾ ਗੁਰੂ ਪੂਰੀ ਕੌਮ ਨੂੰ ਇਹ ਸੰਦੇਸ਼ ਦਿੰਦਾ ਹੋਵੇ :

ਭੈ ਕਾਹੂ ਕੋ ਦੇਤ ਨਹਿ ਨਹਿ ਭੈ
ਮਾਨਤ ਆਨ।।

ਭਾਵ, ਮੇਰੇ ਸਿੱਖ ਨਾ ਹੀ ਕਿਸੇ ਨੂੰ ਡਰਾਉਂਦੇ ਹਨ ਤੇ ਨਾ ਹੀ ਕਿਸੇ ਤੋਂ ਡਰਦੇ ਹਨ, ਫਿਰ ਉਨਾਂ ਦੇ ਪੋਤਰੇ ਜ਼ੁਲਮ ਅੱਗੇ ਕਿੰਜ ਝੁਕ ਸਕਦੇ ਸਨ। ਜਿਸ ਪੁੱਤਰ ਨੇ ਨਿੱਕੀ ਉਮਰੇ ਆਪਣੇ ਪਿਤਾ ਨੂੰ ਇਹ ਕਹਿ ਕੇ ਮਜ਼ਲੂਮਾਂ ਦੀ ਮਦਦ ਲਈ ਤੋਰਿਆ ਕਿ 'ਤੁਹਾਡੇ ਤੋਂ ਮਹਾਨ ਮਨੁੱਖ ਕੁਰਬਾਨੀ ਲਈ ਹੋਰ ਕੋਈ ਨਹੀਂ', ਉਸ ਗੁਰੂ ਗੋਬਿੰਦ ਸਿੰਘ ਦੇ ਲਾਲ ਔਰੰਗਜ਼ੇਬ ਦੀ ਪਾਪੀ ਹਕੂਮਤ ਅੱਗੇ ਹਿੱਕ ਤਾਣ ਕੇ ਖੜ ਗਏ। ਸਾਕਾ ਸਰਹਿੰਦ ਇਕ ਅਜਿਹੀ ਘਟਨਾ ਹੈ ਜਿਸ ਨੇ ਸਿੱਖ ਜਗਤ 'ਤੇ ਡੂੰਘੀ ਛਾਪ ਛੱਡੀ ਹੈ। ਦਸ਼ਮੇਸ਼ ਪਿਤਾ ਦੇ ਲਾਲਾਂ ਦੀ ਅਦੁੱਤੀ ਸ਼ਹਾਦਤ ਦਾ ਇਤਿਹਾਸ ਵਿਚ ਸਭ ਤੋਂ ਉੱਭਰਵਾਂ ਸਥਾਨ ਹੈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਘਟਨਾ ਨੂੰ ਲੜੀਵਾਰ ਵੇਖੀਏ ਤਾਂ ਪਿਛੋਕੜ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਜਦੋਂ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਤਾ ਗੱਦੀ 'ਤੇ ਬਿਠਾਇਆ ਗਿਆ ਤਾਂ ਉਨਾਂ ਦੀ ਉਮਰ ਨੌਂ ਸਾਲ ਤੋਂ ਵੀ ਘੱਟ ਸੀ। 'ਹਿੰਦ ਦੀ ਚਾਦਰ' ਕਹਾਉਣ ਵਾਲੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। 22 ਵਰਿਆਂ ਦੀ ਉਮਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੀ ਪਹਿਲੀ ਜੰਗ ਲੜੀ ਤੇ ਪਹਾੜੀ ਰਾਜਿਆਂ ਨੂੰ ਲੱਕ ਤੋੜਵੀਂ ਹਾਰ ਦਿੱਤੀ। ਫਿਰ ਸੰਨ 1699





ਵਿਚ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਦਸ਼ਮੇਸ਼ ਪਿਤਾ ਨੇ ਸਿੱਖਾਂ ਵਿਚ ਨਵੀਂ ਰੂਹ ਫੂਕੀ। ਖ਼ਾਲਸੇ ਦੇ ਜਨਮ ਨੇ ਸਿੱਖ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ ਤੇ ਸਮੁੱਚੇ ਭਾਰਤ ਨੂੰ ਨਵੀਂ ਦਿਸ਼ਾ ਦਿੱਤੀ।

ਖ਼ਾਲਸੇ ਦੀ ਸਥਾਪਨਾ ਤੋਂ ਲਗਭਗ ਦੋ ਵਰਿਆਂ ਉਪਰੰਤ ਲੜਾਈਆਂ ਦਾ ਦੌਰ ਸ਼ੁਰੂ ਹੋ ਗਿਆ। ਪਹਾੜੀ ਰਾਜਿਆਂ ਨੂੰ ਸੱਤਾ ਦਾ ਖ਼ਤਰਾ ਜਾਪਿਆ ਤੇ ਉਨਾਂ ਨੇ ਔਰੰਗਜ਼ੇਬ ਨੂੰ ਸ਼ਿਕਾਇਤ ਕੀਤੀ। ਔਰੰਗਜ਼ੇਬ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕਰਨ ਦੇ ਹੁਕਮ ਦਿੱਤੇ। ਗੁਰੂ ਜੀ ਅਤੇ ਫ਼ੌਜਾਂ ਨੇ ਡਟ ਕੇ ਮੁਕਾਬਲਾ ਕੀਤਾ। ਔਰੰਗਜ਼ੇਬ ਨੇ ਕਿਲੇ ਅੰਦਰ ਰਾਸ਼ਨ-ਪਾਣੀ ਜਾਣਾ ਬੰਦ ਕਰਵਾ ਦਿੱਤਾ। ਉਸ ਨੂੰ ਪਤਾ ਸੀ ਕਿ ਜ਼ਬਰਦਸਤੀ ਕਿਲਾ ਖ਼ਾਲੀ ਨਹੀਂ ਕਰਵਾਇਆ ਜਾ ਸਕਦਾ ਤਾਂ ਮੁਗ਼ਲ ਅਤੇ ਪਹਾੜੀ ਫ਼ੌਜਾਂ ਨੇ ਗਊ ਅਤੇ ਕੁਰਾਨ-ਏ-ਪਾਕ ਦੀਆਂ ਕਸਮਾਂ ਖਾਧੀਆਂ ਕਿ ਕਿਲਾ ਛੱਡਣ 'ਤੇ ਕਿਸੇ ਸਿੱਖ ਨੂੰ ਕੁਝ ਨਹੀਂ ਕਿਹਾ ਜਾਵੇਗਾ। ਗੁਰੂ ਜੀ ਨੂੰ ਪਤਾ ਸੀ ਕਿ ਉਹ ਕਸਮਾਂ 'ਤੇ ਕਿੰਨਾ ਕੁ ਖਰਾ ਉਤਰਨਗੇ ਪਰ ਉਨਾਂ ਨੇ ਧਾਰਮਿਕ ਚਿੰਨਾਂ ਦੇ ਸਨਮਾਨ ਨੂੰ ਵੇਖਦਿਆਂ ਕਿਲਾ ਖ਼ਾਲੀ ਕਰਨ ਦਾ ਫ਼ੈਸਲਾ ਲਿਆ।

ਅਨੰਦਪੁਰ ਸਾਹਿਬ ਛੱਡਣ 'ਤੇ ਗੁਰੂ ਸਾਹਿਬ ਨਾਲ 1500 ਸਿੰਘਾਂ ਦਾ ਕਾਫ਼ਲਾ ਸੀ। ਜਦੋਂ ਇਹ ਕਾਫ਼ਲਾ ਸਰਸਾ ਨਦੀ ਕੋਲ ਪਹੁੰਚਿਆ ਤਾਂ ਮੁਗ਼ਲ ਫ਼ੌਜਾਂ ਨੇ ਗਊ ਤੇ ਕੁਰਾਨ ਦੀਆਂ ਕਸਮਾਂ ਤੋੜ ਕੇ ਕਾਫ਼ਲੇ 'ਤੇ ਹਮਲਾ ਬੋਲ ਦਿੱਤਾ। ਸਰਸਾ ਨਦੀ ਵਿਚ ਹੜ ਆਇਆ ਹੋਇਆ ਸੀ। ਇਕ ਪਾਸੇ ਸ਼ੂਕਦੀ ਹੋਈ ਸਰਸਾ ਨਦੀ ਤੇ ਦੂਜੇ ਪਾਸੇ ਉੱਚੇ ਪਹਾੜ ਪਰ ਗੁਰੂ ਸਾਹਿਬ ਨੇ ਈਨ ਨਾ ਮੰਨੀ ਉਨਾਂ ਨੇ ਡਟ ਕੇ ਮੁਗ਼ਲਾਂ ਦਾ ਸਾਹਮਣਾ ਕੀਤਾ। ਕੁਝ ਸਿੰਘਾਂ ਨੇ ਹਿੰਮਤ ਦਿਖਾਈ ਤੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਨਦੀ ਵਿੱਚੋਂ ਪਾਰ ਲੈ ਗਏ। ਸਰਸਾ ਨਦੀ ਪਾਰ ਕਰਨ ਉਪਰੰਤ ਸਿੱਖ ਹਾਲੇ ਇਕੱਠੇ ਵੀ ਨਹੀਂ ਸਨ ਹੋਏ ਕਿ ਰੋਪੜ ਦੇ ਰੰਗੜਾਂ ਨੇ ਧਾਵਾ ਬੋਲ ਦਿੱਤਾ। ਬੇਸ਼ੱਕ ਉਹ ਸਾਹਿਬ-ਏ-ਕਮਾਲ ਅੱਗੇ ਛੇਤੀ ਹੀ ਮੈਦਾਨ ਛੱਡ ਗਏ ਪਰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਗੁਰੂ ਜੀ ਤੋਂ ਵਿਛੜ ਗਏ। ਚਮਕੌਰ ਸਾਹਿਬ ਪਹੁੰਚ ਕੇ ਗੁਰੂ ਜੀ ਨੇ ਇਤਿਹਾਸ ਦੀ ਬੇਜੋੜ ਜੰਗ ਲੜੀ ਤੇ ਇਸ ਜੰਗ ਵਿਚ ਵੱਡੇ ਸਾਹਿਬਜ਼ਾਦੇ, ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਸ਼ਹੀਦ ਹੋ ਗਏ ਅਤੇ ਤਿੰਨ ਪਿਆਰੇ ਭਾਈ ਸਾਹਿਬ ਸਿੰਘ, ਹਿੰਮਤ ਸਿੰਘ ਤੇ ਮੋਹਕਮ ਸਿੰਘ ਵੀ ਰਣਭੂਮੀ ਦੀ ਭੇਟ ਚੜੇ। ਉਧਰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਰਸੋਈਏ ਗੰਗੂ ਦੇ ਨਾਲ ਉਸ ਦੇ ਪਿੰਡ ਸਹੇੜੀ ਪਹੁੰਚੇ। ਮਾਤਾ ਜੀ ਕੋਲ ਧਨ ਵੇਖ ਕੇ ਉਸ ਦੀ ਨੀਅਤ ਫਿੱਟ ਗਈ ਤੇ ਉਸ ਨੇ ਰਾਤ ਨੂੰ ਗਹਿਣੇ ਤੇ ਧਨ ਚੋਰੀ ਕਰ ਲਿਆ ਅਤੇ ਮੋਰਿੰਡਾ ਦੇ ਕੋਤਵਾਲ ਨੂੰ ਉਨਾਂ ਬਾਰੇ ਦੱਸ ਦਿੱਤਾ। ਸਾਹਿਬਜ਼ਾਦਿਆਂ ਨੂੰ ਉਨਾਂ ਨੇ ਸੂਬਾ ਸਰਹਿੰਦ ਦੇ ਹਵਾਲੇ ਕਰ ਦਿੱਤਾ।

### ਸਾਕਾ ਸਰਹਿੰਦ

ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਪੋਹ ਦੀ ਹੱਡ ਚੀਰਵੀਂ ਠੰਢ ਵਿਚ ਠੰਢੇ ਬੁਰਜ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਗੁਰੂ ਘਰ ਦੇ ਇਕ ਸ਼ਰਧਾਲੂ ਬਾਬਾ ਮੋਤੀ ਰਾਮ ਮਹਿਰਾ ਨੇ ਨਾਟਕੀ ਢੰਗ ਨਾਲ ਬੁਰਜ ਵਿਚ ਦਾਖ਼ਲ ਹੋ ਕੇ ਉਨਾਂ ਨੂੰ ਦੁੱਧ ਛਕਾਇਆ। ਅੱਜ ਵੀ ਬਾਬਾ ਮੋਤੀ ਰਾਮ ਮਹਿਰਾ ਦਾ ਨਾਂ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਦਰਜ ਹੈ।ਸੂਬਾ ਸਰਹਿੰਦ ਨੇ ਚੜਦੀ ਸਵੇਰ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕਰਨ ਦਾ ਹੁਕਮ ਦਿੱਤਾ। ਸਾਹਿਬਜ਼ਾਦੇ ਚੜਦੀ ਕਲਾ ਨਾਲ ਕਚਹਿਰੀ ਵਿਚ ਪੇਸ਼ ਹੋਏ। ਸੂਬੇ ਨੇ ਸ਼ਰੇਆਮ ਝੂਠ ਬੋਲਿਆ ਕਿ 'ਤੁਹਾਡੇ ਪਿਤਾ ਚਮਕੌਰ ਦੀ ਜੰਗ ਵਿਚ ਸ਼ਹੀਦ ਹੋ ਚੁੱਕੇ ਹਨ। ਜੇ ਤੁਸੀਂ ਆਪਣੀ ਜਾਨ ਦੀ ਸਲਾਮਤੀ ਚਾਹੁੰਦੇ ਹੋ ਤਾਂ ਇਸਲਾਮ ਕਬੂਲ ਕਰ ਲਵੋ।' ਸਾਹਿਬਜ਼ਾਦਿਆਂ ਨੂੰ ਫ਼ਾਨੀ ਦੇਹ ਨਾਲੋਂ ਧਰਮ ਜ਼ਿਆਦਾ ਪਿਆਰਾ ਸੀ। ਉਨਾਂ ਨੇ ਇਸ ਗੱਲ ਤੋਂ ਸਾਫ਼ ਇਨਕਾਰ ਕਰ ਦਿੱਤਾ। ਸੂਬੇ ਨੇ ਦੁਨਿਆਵੀ ਲਾਲਚ ਦਿੱਤੇ। ਠਾਠ-ਬਾਠ ਦੀ ਜ਼ਿੰਦਗੀ ਦੇ ਸਬਜ਼ਬਾਗ ਦਿਖਾਏ ਪਰ ਸਾਹਿਬਜ਼ਾਦੇ ਟੱਸ ਤੋਂ ਮੱਸ ਨਾ ਹੋਏ। ਅਗਲੀ ਸਵੇਰ ਫਿਰ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਨੂੰ ਕਚਹਿਰੀ 'ਚ ਪੇਸ਼ ਕੀਤਾ ਗਿਆ। ਫਿਰ ਉਨਾਂ ਨੂੰ ਚੜਦੀ ਕਲਾ ਵਿਚ ਵੇਖ ਕੇ ਸੂਬਾ ਅੱਗ-ਵਰੋਲਾ ਹੋ ਗਿਆ। ਉਹ ਵਾਹ ਨਾ ਚੱਲਦੀ ਵੇਖ ਕੇ ਸਾਹਿਬਜ਼ਾਦਿਆਂ ਨੂੰ ਡਰਾਉਣ ਧਮਕਾਉਣ ਲੱਗਾ ਪਰ ਸਾਹਿਬਜ਼ਾਦੇ ਅਡੋਲ ਰਹੇ ਤੇ ਸੂਬੇ ਨੇ ਸਜ਼ਾ-ਏ-ਮੌਤ ਦਾ ਫ਼ੈਸਲਾ ਸੁਣਾ ਦਿੱਤਾ। ਕਾਜ਼ੀ ਨੂੰ ਭਰੋਸੇ ਵਿਚ ਲੈਂਦਿਆਂ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿਚ ਚਿਣੇ ਜਾਣ ਦਾ ਹੁਕਮ ਸੁਣਾਇਆ ਗਿਆ। ਨਵਾਬ ਮਲੇਰਕੋਟਲਾ ਨੇ ਇਸ ਫ਼ੈਸਲੇ ਨੂੰ ਰੱਦ ਕਰਨ ਦੀ ਆਵਾਜ਼ ਉਠਾਈ ਪਰ ਉਸ ਪਵਿੱਤਰ ਆਵਾਜ਼ ਨੂੰ ਅਣਸੁਣਿਆ ਕਰ ਦਿੱਤਾ ਗਿਆ। ਮੰਨਿਆ ਜਾਂਦਾ ਹੈ ਕਿ ਅਗਲੀ ਸਵੇਰ ਫਿਰ ਛੋਟੇ ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ ਅਤੇ ਉਨਾਂ ਨੂੰ ਇਕ ਵਾਰ ਫਿਰ ਇਸਲਾਮ ਕਬੂਲ ਕਰਨ ਲਈ ਆਖਿਆ ਗਿਆ। ਸਭ ਤਰਾਂ ਦੇ ਤਸੀਹੇ, ਲਾਲਚ, ਡਰਾਵੇ ਦਿੱਤੇ ਗਏ ਪਰ ਸਾਹਿਬਜ਼ਾਦੇ ਵੀ ਦਸ਼ਮੇਸ਼ ਪਿਤਾ ਦੇ ਲਾਲ ਸਨ, ਉਹ ਧਰਮ ਕਿਵੇਂ ਛੱਡ ਸਕਦੇ ਸਨ। ਸੂਬੇ ਦੇ ਹੁਕਮ ਨਾਲ ਜੱਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਬੇਰਹਿਮੀ ਨਾਲ ਮਾਸੂਮ ਜਿੰਦਾਂ ਨੂੰ ਜ਼ਿਬਾਹ ਕਰ ਦਿੱਤਾ ਤੇ ਸਾਹਿਬਜ਼ਾਦਿਆਂ ਨੇ ਸ਼ਹਾਦਤ ਪਾਈ। ਸਾਕਾ ਸਰਹਿੰਦ ਬਾਰੇ ਹਕੀਮ ਅੱਲਾ ਯਾਰ ਖ਼ਾਂ ਜੋਗੀ 'ਸ਼ਹੀਦਾਨਿ ਵਫ਼ਾ' ਵਿਚ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਲਿਖਦੇ ਹਨ :

ਹਮ ਜਾਨ ਦੇ ਕੇ ਔਰੋਂ ਕੀ
ਜਾਨ ਬਚਾ ਚਲੇ,
ਸਿੱਖੀ ਕੀ ਨੀਂਵ ਹਮ ਹੈਂ ਸਰੋਂ
ਪਰ ਉਠਾ ਚਲੇ।।
ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ,
ਸਿੰਘੋਂ ਕੀ ਸਲਤਨਤ ਕਾ ਹੈ
ਪੌਦਾ ਲਗਾ ਚਲੇ।।

# "ਮਨ ਰੇ ਸੰਸਾਰੁ ਅੰਧ ਗਹੇਰਾ।।"

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

ਭਾਗ 18

ਸੰਪਾਦਤ: ਸਰਬਜੀਤ ਕੌਰ ਸਰਬ

ਸਾਰਾ ਸੰਸਾਰ ਅੰਧੇਰੇ ਵਿੱਚ ਜੀਅ ਰਿਹਾ ਹੈ । ਅੰਧਕਾਰ ਵਿਚ ਅਤੇ ਦੁਬਿਧਾ ਵਿੱਚ ਜੀਅ ਰਿਹਾ ਹੈ ਅਤੇ ਜੋ ਇਸ ਅਚੇਤ ਪੁਣੇ ਵਿੱਚ ਆਪਣੇ ਆਪ ਨੂੰ ਮਹਿਸੂਸ ਕਰ ਰਿਹਾ ਹੈ। ਇਸ ਵਾਸਤੇ ਇਸ ਦਾ ਭਲੇ ਲਈ ਕੀਤਾ ਸਾਰੇ ਦਾ ਸਾਰਾ ਕੰਮ ਗਲਤ ਹੈ, ਅੰਧੇ ਦਾ ਚੱਲਣਾ ਭਟਕਣਾ ਹੈ, ਮੂਰਖ ਦਾ ਪੂਜਾ ਪਾਠ ਵੀ ਵਿਅਰਥ ਹੈ ,ਮੂਰਖਤਾ ਵਿੱਚ ਕੀਤਾ ਹੋਇਆ ਦਾਨ ਵੀ ਵਿਅਰਥ ਹੈ । ਮੂਰਖ ਦੇ ਹਰ ਕੰਮ ਵਿੱਚੋਂ ਹੰਕਾਰ ਦੀ ਬਦਬੂ ਆਵੇਗੀ, ਨਿਰੰਕਾਰ ਦੀ ਸੁਗੰਧ ਨਹੀਂ ।ਮੂਰਖ ਦੀ ਹਰ ਕਿਰਤ ਵਿੱਚ ਬਦਬੂ ਹੀ ਬਦਬੂ ਹੋਵੇਗੀ ਜਿਸ ਵਿੱਚੋਂ ਵਾਸ਼ਨਾ ਉਤਪੰਨ ਹੋਵੇਗੀ । ਇਸ ਵਾਸਤੇ ਮੇਰੇ ਦੇਖੇ ਉਨਾਂ ਵਿੱਚੋਂ ਇੱਕ ਹੀ ਸਿਰਮੌਰ ਪੁੰਨ ਹੈ ਉਹ ਹੈ ਸਾਵਧਾਨ ਹੋ ਜਾਣਾ, ਸਮਝ ਆ ਜਾਣੀ। ਔਰ ਇੱਕੋ ਹੀ ਗੁਨਾਹ ਹੈ ਜੋ ਸਾਰੇ ਗੁਨਾਹਾਂ ਦੀ ਜੜ ਹੈ, ਇੱਕੋ ਹੀ ਪਾਪ ਹੈ ਜੋ ਸਾਰੇ ਪਾਪਾਂ ਦਾ ਪਿਤਾਮਾ ਹੈ ਉਹ ਹੈ ਅਗਿਆਨ, ਮੂਰਖਤਾ । ਬਸ ਇਸੇ ਵਿਚੋਂ ਹੀ ਸਾਰੇ ਗੁਨਾਹ ਜਨਮ ਲੈਂਦੇ ਨੇ ਇਸ ਤੋਂ ਹੀ ਸਾਰੇ ਪਾਪ ਜਨਮ ਲੈਂਦੇ ਨੇ ਅਤੇ ਇਹ ਕਹਿਣ ਤੋਂ ਕੋਈ ਸੰਕੋਚ ਨਹੀਂ ਕਿ ਜੋ ਮੇਰੀ ਸਮਝ ਵਿੱਚ ਨਹੀਂ ਉਹ ਨਹੀਂ ਹੈ । ਜਿਵੇਂ ਨਾਨਕੇ ਦਾਦਕੇ ਸਹੁਰੇ ਪਸ਼ੂਆਂ ਦੇ ਵੀ ਹਨ। ਨਾਨੀ ,ਸੱਸ ,ਦਾਦੀ ਉਨਾਂ ਦੀ ਵੀ ਹੈ ਭੈਣ, ਭਰਾ ਉਨਾਂ ਦੇ ਵੀ ਹਨ । ਚਾਚੇ, ਤਾਏ ,ਮਾਮੇ, ਮਾਮੀਆਂ ਮਾਸੜ ,ਮਾਸੀਆਂ ਉਨਾਂ ਦੀਆਂ ਵੀ ਹਨ ਪਰ ਸਮਝ ਨਹੀਂ ਹੈ ਕਿਉਂਕਿ ਪਸ਼ੂਆਂ ਦੀ ਦੁਨੀਆ ਵਿਚ ਪਰਿਵਾਰ ਨਹੀਂ ਹੈ । ਅਗਰ ਸਮਝ ਨਹੀਂ ਹੈ ਤੇ ਮਨੁੱਖਾਂ ਦੀ ਦੁਨੀਆਂ ਵਿੱਚ ਨਿਰੰਕਾਰ ਨਹੀਂ ਹੈ । ਪਰਿਵਾਰ ਹੁੰਦਿਆਂ ਹੋਇਆਂ ਵੀ ਪਸ਼ੂ ਪਰਿਵਾਰ ਤੋਂ ਬਿਨਾਂ ਜਿਉਂਦਾ ਹੈ ਨਿਰੰਕਾਰ ਦੇ ਹੁੰਦਿਆਂ ਹੋਇਆਂ ਵੀ ਮਨੁੱਖ ਨਿਰੰਕਾਰ ਤੋਂ ਬਿਨਾ ਜਿਉਂਦਾ ਹੈ ਈਸ਼ਵਰ ਤੋਂ ਬਿਨਾ ਜਿਉਂਦਾ ਹੈ । ਇਸੇ ਤਰਾਂ ਇਹ ਲਗਾਤਾਰ ਜੀਅ ਰਿਹਾ ਹੈ ਈਸ਼ਵਰ ਤੋਂ ਬਿਨਾਂ ਜੀਅ ਰਿਹਾ ਹੈ। ਪਸ਼ੂ ਜਿਵੇਂ ਭੈਣ ਭਰਾ ਦੇ ਸਬੰਧਾਂ ਤੋਂ ਬਗੈਰ ਜੀ ਰਹੇ ਹਨ। ਮਾਮੇ, ਚਾਚੇ ਤਾਏ,



ਤਾਈਆਂ ਦੇ ਸੰਵਾਦ ਤੋਂ ਬਿਨਾਂ ਜੀਅ ਰਹੇ ਹਨ ਉਨਾਂ ਦੇ ਬੋਧ ਤੋਂ ਹੀ ਮਨੁੱਖ ਨਿਰੰਕਾਰ ਤੋਂ ਬਿਨਾਂ ਜੀਅ ਰਿਹਾ ਹੈ ।ਪਰਮਾਤਮਾ ਦੇ ਹੁੰਦਿਆਂ ਹੋਇਆਂ ਵੀ ਮਨੁੱਖ ਪਰਮਾਤਮਾ ਦੇ ਬੋਧ ਤੋਂ ਬਿਨਾਂ ਜੀਅ ਰਿਹਾ ਹੈ । ਸ਼ਾਇਦ ਇਸੇ ਵਾਸਤੇ ਹੀ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਐਲਾਨਿਆ ਤੇ ਕਹਿ ਦਿੱਤਾ ਹੈ ਕਿ ਗਿਆਨ ਹੀ ਗੁਰੂ ਹੈ ਗੁਰੂ ਹੀ ਗਿਆਨ ਹੈ ।

**ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ ॥ ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ ॥ ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ ॥ ਬੋਲਾ ਜੇ ਸਮਝਾਈਐ ਪੜੀਅਹਿ ਸਿੰਮ੍ਰਿਤਿ ਪਾਠ ॥ ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ ॥ ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ ॥ ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ ॥ ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ ॥1॥ ਪੰਨਾ 143**

ਅੰਨੇ ਮਨੁੱਖ ਨੂੰ ਚਾਨਣ ਵਿਚ ਰੱਖਿਆ ਜਾਏ, (ਉਸ ਦੇ ਪਾਸ ਭਾਵੇਂ) ਪੰਜਾਹ ਦੀਵੇ ਪਏ ਬਲਣ (ਉਸ ਨੂੰ ਕੁਝ ਨਹੀਂ ਦਿੱਸਣਾ) । ਚੁਗਣ ਗਏ ਪਸ਼ੂਆਂ ਦੇ ਵੱਗ ਅਗੇ ਜੇ ਸੋਨਾ ਖਿਲਾਰ ਦੇਈਏ, ਤਾਂ ਭੀ ਉਹ ਘਾਹ ਚੁਗ ਚੁਗ ਕੇ ਹੀ ਖਾਏਗਾ (ਸੋਨੇ ਦੀ ਉਸ ਨੂੰ ਕਦਰ ਨਹੀਂ ਪੈ ਸਕਦੀ) । ਲੋਹੇ ਦਾ ਕੁਸ਼ਤਾ ਕਰ ਦੇਈਏ, ਤਾਂ ਭੀ ਢਲ ਕੇ ਉਹ ਕਪਾਹ (ਵਰਗਾ ਨਰਮ) ਨਹੀਂ ਬਣ ਸਕਦਾ ਹੈ ਤੋ ਪੰਜਾਹ ਦੀਵੇ ਵਿਅਰਥ ਹੋ ਗਏ । ਹੋਰ ਪਤਾ ਨਹੀਂ ਮਨੁੱਖਤਾ ਦੇ ਸਾਹਮਣੇ ਕਿੰਨੇ ਕੁ ਅਵਤਾਰ ਵਿਅਰਥ ਹੋ ਗਏ ਨੇ ਕਿੰਨੇ ਜਲਦੇ ਹੋਏ ਦੀਵੇ ਵਿਅਰਥ ਹੋ ਗਏ ਨੇ ਜਲਦੇ ਰਹੇ ਵੰਡਦੇ ਰਹੇ ਰੋਸ਼ਨੀ ਔਰ ਜ਼ਿੰਦਗੀ ਦੇ ਦੀਵੇ ਵਿੱਚ ਉਹ ਆਪਣਾ ਖੂਨ ਜਲਾਉਂਦੇ ਰਹੇ ਆਪਣਾ ਸਮਾਂ ਜਲਾਉਂਦੇ ਰਹੇ ਆਪਣੀ ਸ਼ਕਤੀ ਜਲਾਉਂਦੇ ਰਹੇ ਅਤੇ ਇਸ ਤੋਂ ਜੋ ਰੋਸ਼ਨੀ ਹੋਈ ਉਨਾਂ ਦੀ ਕੋਸ਼ਿਸ਼ ਸੀ ਕਿ ਜਗਤ ਨੂੰ ਕੁਝ ਮਿਲੇ । ਜਿਸ ਨਾਲ ਇਸ ਸੰਸਾਰ ਦਾ ਭਲਾ ਹੋ ਸਕੇ ਅਤੇ ਬਲੌਕ ਉਸ ਅਕਾਲ ਪੁਰਖ ਪਰਮ ਪਿਤਾ ਪਰਮਾਤਮਾ ਨਾਲ ਆਪਣੀ ਲਿਵ ਜੋੜ ਸਕੇ । ਉਸ ਅਕਾਲ ਪੁਰਖ ਪਰਮ ਪਿਤਾ ਪਰਮਾਤਮਾ ਨੂੰ ਪਾਉਣ ਦੇ ਲਈ ਗਿਆਨ ਦਾ ਹੋਣਾ ਬਹੁਤ ਜ਼ਰੂਰੀ ਹੈ ਤੇ ਉਹ ਗਿਆਨ ਸ਼ਬਦ ਗੁਰੂ ਵਿੱਚੋਂ ਹੀ ਮਿਲ ਸਕਦਾ ਹੈ । ਜਿਸ ਦੇ ਲੜ ਸਾਨੂੰ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਲਾ ਕੇ ਗਏ ਹਨ । ਜੇਕਰ ਇਨਸਾਨ ਕੋਲ ਗਿਆਨ ਨਹੀਂ ਹੈ ਤੇ ਉਸ ਦਾ ਜੀਵਨ ਅੰਧਕਾਰ ਵਿਚ ਬਤੀਤ ਹੋ ਰਿਹਾ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਹ ਨਿਰੰਕਾਰ ਪਰਮਾਤਮਾ ਤੋਂ ਵਿੱਛੜ ਚੁੱਕਾ ਹੈ । ਜਿਉਂਦੇ ਜੀਅ ਕਦੇ ਵੀ ਉਸ ਪ੍ਰਮਾਤਮਾ ਨਾਲ ਮੇਲ ਮਿਲਾਪ ਨਹੀਂ ਹੋ ਸਕੇਗਾ ਜੇਕਰ ਉਸ ਅਕਾਲ ਪੁਰਖ ਪ੍ਰਮਾਤਮਾ ਨੂੰ ਪਾਉਣ ਦੀ ਚਾਹ ਇਨਸਾਨ ਦੇ ਦਿਲ ਵਿੱਚ ਹੈ ਤਾਂ ਪਹਿਲਾਂ ਉਸ ਨੂੰ ਸ਼ਬਦ ਗੁਰੂ ਨਾਲ ਮਿਲ ਕੇ ਆਪਣੇ ਅੰਦਰ ਚਾਨਣ ਕਰਨਾ ਹੋਵੇਗਾ । ਉਸ ਚਾਨਣ ਦੇ ਜ਼ਰੀਏ ਹੀ ਉਹ ਉਸ ਅਕਾਲ ਪੁਰਖ ਪ੍ਰਮਾਤਮਾ ਨੂੰ ਪਾਵੇਂਗਾ ।ਜਿਵੇਂ ਇਕ ਸਿਖਿਆਰਥੀ ਨੂੰ ਸਿੱਖਣ ਦੇ ਲਈ ਗੁਰੂ ਦੀ ਲੋੜ ਹੁੰਦੀ ਹੈ ਉਸੇ ਤਰਾਂ ਉਸ ਅਕਾਲ ਪੁਰਖ ਨੂੰ ਪਾਉਣ ਦੇ ਲਈ ਸ਼ਬਦ ਦਾ ਗਿਆਨ ਹੋਣਾ ਜ਼ਰੂਰੀ ਹੁੰਦਾ ਹੈ ਤਾਂ ਜੋ ਉਹ ਇਨਸਾਨ ਉਸ ਅਕਾਲ ਪੁਰਖ ਨੂੰ ਪਾ ਸਕੇ ਅਤੇ ਆਪਣੇ ਮਨ ਨੂੰ ਅੰਧਕਾਰ ਵਿੱਚੋਂ ਕੱਢ ਕੇ ਇਕ ਬ੍ਰਹਿਮੰਡੀ ਸੋਚ ਆਪਣੇ ਅੰਦਰ ਪੈਦਾ ਕਰ ਸਕੇ । ਰੂਹਾਨੀਅਤ ਦੇ ਮੁਜੱਸਮੇ ਅੰਦਰ ਅਨੇਕਾਂ ਦੀਵੇ ਬਲਦੇ ਹਨ ਜੋ ਅੰਦਰੂਨੀ ਅੰਧਕਾਰ ਨੂੰ ਦੂਰ ਕਰ ਕੇ ਰੁਸ਼ਨਾਉਂਦੇ ਹਨ ।

**ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥ ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥ ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥ ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ ॥ ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥ ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥ ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥ ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ ॥**

# ਦਰਬਾਰ ਸਾਹਿਬ ਵਿਚ ਬੇਅਦਬੀ ਸਿੱਖ ਪੰਥ ਨੂੰ ਵੱਡਾ ਚੈਲਿੰਜ ਤੇ ਅਖੌਤੀ ਪਾਗਲਾਂ ਦੇ ਕਮਾਂਡੋ ਦਸਤੇ

**ਰਜਿੰਦਰ ਸਿੰਘ ਪੁਰੇਵਾਲ**

ਲੰਘੇ ਦਿਨੀਂ ਦਰਬਾਰ ਸਾਹਿਬ ਵਿਖੇ ਇੱਕ ਸ਼ਖ਼ਸ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਸ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜੰਗਲਾ ਟੱਪ ਕੇ ਸੰਗਤਾਂ ਨੂੰ ਮਾਰਨ ਲਈ ਕ੍ਰਿਪਾਨ ਚੁੱਕੀ,ਪਰ ਸੇਵਾਦਾਰਾਂ ਦੀ ਸਾਵਧਾਨੀ ਕਾਰਨ ਬਚਾ ਹੋ ਗਿਆ।ਪਰ ਸੰਗਤਾਂ ਨੇ ਦੋਸ਼ੀ ਨੂੰ ਮਾਰ ਮੁਕਾਇਆ। ਪੁਲਿਸ ਅਜੇ ਤੱਕ ਦੋਸ਼ੀ ਦੀ ਪਛਾਣ ਨਹੀਂ ਕਰ ਸਕੀ। ਇਸੇ ਤਰਾਂ ਕਪੂਰਥਲਾ ਵਿਖੇ ਗੁਰਦੁਆਰੇ ਵਿਚ ਬੇਅਦਬੀ ਕਰਨ ਦੇ ਯਤਨ ਵਿਚ ਦੋਸ਼ੀ ਮਾਰਿਆ ਗਿਆ। ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ, ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦੁਖ ਪ੍ਰਗਟਾਇਆ ਕਿ ਦੋਸ਼ੀ ਮਾਫ ਨਹੀਂ ਕੀਤੇ ਜਾਣਗੇ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦਰਬਾਰ ਸਾਹਿਬ ਵਿਚ ਆ ਕੇ ਹਾਜ਼ਰੀ ਵੀ ਭਰੀ ਤੇ ਸ਼੍ਰੋਮਣੀ ਕਮੇਟੀ ਨੂੰ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ।

ਇਨਾਂ ਦੁਖਾਂਤਕ ਘਟਨਾਵਾਂ ਬਾਅਦ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਅਕਤੂਬਰ 2015 ਦੀਆਂ ਘਟਨਾਵਾਂ ਤੋਂ ਬਾਅਦ ਲਗਾਤਾਰ ਪੰਜਾਬ ਵਿੱਚ ਚਰਚਾ ਦਾ ਮੁੱਦਾ ਬਣਦਾ ਰਿਹਾ ਹੈ।

25 ਸਤੰਬਰ 2015 ਨੂੰ ਬਰਗਾੜੀ ਦੇ ਗੁਰਦੁਆਰਾ ਸਾਹਿਬ ਦੇ ਕੋਲ ਪੋਸਟਰ ਲਗਾ ਕੇ ਮਾੜੀ ਭਾਸ਼ਾ ਵਰਤੀ ਗਈ। ਪੋਸਟਰਾਂ ਵਿੱਚ ਚੋਰੀ ਹੋਏ ਸਰੂਪਾਂ ਵਿੱਚ ਡੇਰਾ ਸਿਰਸਾ ਦਾ ਹੱਥ ਹੋਣ ਦਾ ਦਾਅਵਾ ਕੀਤਾ ਗਿਆ ਤੇ ਸਿੱਖ ਸੰਸਥਾਵਾਂ ਨੂੰ ਖੁੱਲੀ ਚੁਣੌਤੀ ਦਿੱਤੀ ਗਈ।

12 ਅਕਤੂਬਰ 2015 ਦੌਰਾਨ ਗੁਰੂ ਗ੍ਰੰਥ ਸਾਹਿਬ ਦੇ ਅੰਗ ਫਰੀਦਕੋਟ ਦੇ ਬਰਗਾੜੀ ਪਿੰਡ ਵਿੱਚੋਂ ਮਿਲੇ ਸਨ।

14 ਅਕਤੂਬਰ 2015 ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਦੋਸੀਆਂ ਦੀ ਗ੍ਰਿਫਤਾਰੀ ਨੂੰ ਲੈ ਕੇ ਕੋਟਕਪੂਰਾ ਵਿਚ ਸਿੱਖ ਜਥੇਬੰਦੀਆਂ ਨੇ ਰੋਸ ਮੁਜਾਹਰਾ ਕੀਤਾ ਸੀ। ਇਸੇ ਦਿਨ ਬਹਿਬਲ ਕਲਾਂ ਵਿੱਚ ਸਿੱਖਾਂ ਅਤੇ ਪੁਲਿਸ ਵਿਚਾਲੇ ਹੋਈ ਝੜਪ ਵਿਚ ਪੁਲਿਸ ਵੱਲੋਂ ਚਲਾਈ ਗਈ ਗੋਲੀ ਵਿੱਚ ਦੋ ਸਿੱਖ ਨੌਜਵਾਨਾਂ ਕ੍ਰਿਸਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਸ਼ਹਾਦਤ ਹੋ ਗਈ।

ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਦੇ ਨਾਂ ਨਾਲ ਜਾਣੇ ਜਾਂਦੇ ਇਨਾਂ ਮਾਮਲਿਆਂ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਦੇ ਸਾਰੇ ਮੁੱਦੇ ਖੂੰਜੇ ਲਾ ਦਿੱਤੇ। ਜਿਸ ਦਾ ਖ਼ਮਿਆਜ਼ਾ ਅਕਾਲੀ ਦਲ ਨੂੰ ਆਪਣੇ 100 ਸਾਲਾ ਇਤਿਹਾਸ ਵਿੱਚ ਸਭ ਤੋਂ ਮਾੜੇ ਚੋਣ ਪ੍ਰਦਰਸ਼ਨ ਦੇ ਰੂਪ ਵਿਚ ਝੱਲਣਾ ਪਿਆ। ਅਕਾਲੀ ਦਲ ਉੱਤੇ ਬੇਅਦਬੀ ਮਾਮਲੇ ਵਿੱਚ ਇਨਸਾਫ਼ ਨਾ ਕਰਨ ਦਾ ਇਲਜ਼ਾਮ ਲੱਗਿਆ, ਕੈਪਟਨ ਨੇ ਇਸ ਨੂੰ ਚੋਣ ਮੁੱਦਾ ਬਣਾਇਆ ਅਤੇ ਸੱਤਾ ਹਾਸਲ ਕੀਤੀ। ਪਰ ਕੈਪਟਨ ਵੀ ਇਨਸਾਫ ਨਾ ਕਰ ਸਕੇ ਤੇ ਇਸ ਕਾਰਨ ਆਪਣਾ ਕਾਰਜਕਾਲ ਪੂਰਾ





ਨਹੀਂ ਕਰ ਸਕੇ ਅਤੇ ਇਸੇ ਮੁੱਦੇ ਨੇ ਉਨਾਂ ਦੀ ਕੁਰਸੀ ਖੋਹ ਲਈ। 2022 ਦੀਆਂ ਚੋਣਾਂ ਤੋਂ ਐਨ ਪਹਿਲਾਂ ਸ੍ਰੀ ਦਰਬਾਰ ਸਾਹਿਬ ਅਤੇ ਕਪੂਰਥਲਾ ਦੇ ਨਿਜ਼ਾਮਪੁਰ ਦੀਆਂ ਦੋ ਘਟਨਾਵਾਂ ਨੇ ਬੇਅਦਬੀ ਨੂੰ ਪੰਜਾਬ ਦੀ ਸਿਆਸਤ ਦਾ ਕੇਂਦਰੀ ਮੁੱਦਾ ਬਣਾ ਦਿੱਤਾ।

ਹੁਣ ਤੱਕ ਸੌ ਤੋਂ ਵਧ ਬੇਅਦਬੀਆਂ ਹੋ ਚੁਕੀਆਂ ਹਨ। ਕਿਸੇ ਨੂੰ ਸਜ਼ਾ ਨਹੀਂ ਮਿਲੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵਾਪਰੀ ਬੇਅਦਬੀ ਦੀ ਘਟਨਾ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਗਠਿਤ ਕਰਨ ਦਾ ਐਲਾਨ ਕੀਤਾ ਹੈ। ਧਾਮੀ ਦਾ ਕਹਿਣਾ ਹੈ ਕਿ ਸਿੱਖ ਪੰਥ ਨੇ ਉਸ ਨੂੰ ਜੋ ਵੀ ਸਜ਼ਾ ਦਿੱਤੀ ਹੈ, ਉਹ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜਣ ਅਤੇ ਸਰਕਾਰਾਂ ਵੱਲੋਂ ਇਨਸਾਫ ਨਾ ਦਿੱਤੇ ਜਾਣ ਕਰਕੇ ਦਿੱਤੀ ਹੈ। ਜੇਕਰ ਸਰਕਾਰਾਂ ਦੀ ਮਨਸ਼ਾ ਸਾਫ਼ ਹੋਵੇ ਤਾਂ ਦੋਸ਼ੀ ਕਦੀ ਵੀ ਅਜਿਹੀਆਂ ਹਰਕਤਾਂ ਨਹੀਂ ਕਰ ਸਕਦੇ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਪੂਰਥਲਾ ਦੇ ਪਿੰਡ ਨਿਜ਼ਾਮਪੁਰ ਮੋੜ ਵਿਖੇ ਵਾਪਰੀ ਘਟਨਾ ਵਿਚ ਸਰਕਾਰ ਅਤੇ ਪੁਲਿਸ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਚੁੱਕੇ। ਉਨਾਂ ਕਿਹਾ ਕਿ ਇਸ ਮਾਮਲੇ ਵਿਚ ਜਾਣਬੁਝ ਕੇ ਉਥੋਂ ਦੇ ਗ੍ਰੰਥੀ ਤੇ ਉਸ ਦੇ ਪਰਿਵਾਰ ਨੂੰ ਉਲਝਾਇਆ ਜਾ ਰਿਹਾ ਹੈ। ਉਨਾਂ ਕਿਹਾ ਕਿ ਸਰਕਾਰਾਂ ਮਨਮਰਜ਼ੀ ਦੀਆਂ ਕਾਰਵਾਈ ਤੋਂ ਬਾਝ ਆਉਣ, ਨਹੀਂ ਤਾਂ ਇਸ ਦੇ ਨਤੀਜੇ ਠੀਕ ਨਹੀਂ ਨਿਕਲਣਗੇ। ਇਥੇ ਜਿਕਰਯੋਗ ਹੈ ਕਿ ਕਪੂਰਥਲਾ ਪੁਲਿਸ ਇਸ ਨੂੰ ਬੇਅਦਬੀ ਦੀ ਥਾਂ ਚੋਰੀ ਦੀ ਘਟਨਾ ਦਸ ਰਹੀ ਸੀ। ਇਸ ਤੋਂ ਇਲਾਵਾ ਦੋਸ਼ੀ ਨੂੰ ਪਾਗਲ ਦਸਣ ਲਈ ਵੀ ਵੀਡੀਓ ਫਿਲਮਾਂ ਦੋਸ਼ੀ ਦੇ ਹਕ ਵਿਚ ਪ੍ਰਸਾਰਿਤ ਕੀਤੀਆਂ ਜਾ ਰਹੀਆਂ ਹਨ।ਇਸ ਤਰਾਂ ਜਾਪਦਾ ਹੈ ਕਿ ਦੋਸ਼ੀ ਸੂਤਰਧਾਰ ਏਜੰਸੀ ਸ਼ਾਤਰ ਹੈ ਤੇ ਉਹ ਘਟਨਾ ਤੋਂ ਪਹਿਲਾਂ ਵੀਡੀਓ ਫਿਲਮਾਂ ਬਣਾਕੇ ਦੋਸ਼ੀ ਨੂੰ ਪਾਗਲ ਦਰਸਾ ਕੇ ਇਹ ਸਿਧ ਕਰਨਾ ਚਾਹੁੰਦੀ ਸੀ ਕਿ ਉਹ ਤਾਂ ਗੁਰਦੁਆਰੇ ਰੋਟੀ ਖਾਣ ਆਇਆ ਸੀ। ਇਹ ਗੁਪਤ ਏਜੰਸੀਆਂ ਨੂੰ ਸਿੱਖ ਕੌਮ ਨੂੰ ਬਦਨਾਮ ਕਰਨ ਦੀ ਸਾਜਿਸ਼ ਹੈ ਕਿ ਸਿੱਖ ਸੰਗਤ ਨੇ ਪਾਗਲ ਮਾਰ ਦਿਤਾ। ਇਕ ਵੀਡੀਓ ਵੀ ਸਾਜਿਸ਼ ਤਹਿਤ ਇੰਟਰਨੈੱਟ ਮੀਡੀਆ 'ਤੇ ਵਾਇਰਲ ਕੀਤੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਵੀਡੀਓ ਬੀਤੇ ਸ਼ਨਿਚਰਵਾਰ ਨੂੰ ਇਕ ਜਿਮ ਦੇ ਬਾਹਰ ਇਕ ਔਰਤ ਨੇ ਬਣਾਈ ਸੀ। ਨੌਜਵਾਨ ਨੇ ਉਹੀ ਕੱਪੜੇ ਪਾਏ ਹੋਏ ਹਨ ਜੋ ਉਸ ਨੇ ਐਤਵਾਰ ਨੂੰ ਪਾਏ ਸਨ। ਘੁੰਗਰੂ ਨੌਜਵਾਨ ਦੇ ਪੈਰਾਂ ਵਿਚ ਬੰਨੇ ਹੋਏ ਹਨ ਤੇ ਇਕ ਹੱਥ ਵਿਚ ਖੇਤੀਬਾੜੀ ਦੇ ਸੰਦ ਫੜੇ ਹੋਏ ਹਨ। ਸਿਰ 'ਤੇ ਨਕਲੀ ਗਹਿਣੇ ਵਰਗਾ ਕੋਈ ਚੀਜ਼ ਬੰਨੀ ਹੋਈ ਹੈ। ਔਰਤ ਉਸ ਨੂੰ ਪੁੱਛਦੀ ਹੈ ਕਿ ਕੀ ਤੁਸੀਂ ਕ੍ਰਿਸ਼ਨ ਬਣ ਗਏ ਹੋ ਤਾਂ ਨੌਜਵਾਨ ਮੁਸਕਰਾ ਕੇ ਚਲਾ ਗਿਆ। ਪੁਲਿਸ ਦਾ ਕਹਿਣਾ ਹੈ ਕਿ ਇਹ ਵੀਡੀਓ ਕਾਂਜਲੀ ਰੋਡ 'ਤੇ ਜਿੰਮ ਦੇ ਬਾਹਰ ਦੀ ਹੈ। ਇਸ ਇਲਾਕੇ ਦੇ ਸੀਸੀਟੀਵੀ ਚੈੱਕ ਕੀਤੇ ਜਾਣਗੇ। ਪਰ ਪੁਲਿਸ ਨੂੰ ਇਸ ਵੀਡੀਓ ਬਣਾਉਣ ਵਾਲੀ ਔਰਤ ਦੀ ਜਾਂਚ ਕਰਨੀ ਚਾਹੀਦੀ ਹੈ ਕਿ ਇਸ ਵੀਡੀਓ ਨੂੰ ਬਣਾਉਣ ਤੇ ਵਾਇਰਲ ਕਰਨ ਪਿਛੇ ਮੰਤਵ ਕੀ ਹੈ ?

ਇਸੇ ਤਰਾਂ ਬੇਅਦਬੀ ਦੀ ਵਾਪਰੀ ਮੰਦਭਾਗੀ ਘਟਨਾ ਦੀ ਨਿਖੇਧੀ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਚੋਣਾਂ ਵੇਲੇ ਏਜੰਸੀਆਂ ਵਲੋਂ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿਵਾ ਕੇ ਸ਼ਾਂਤਮਈ ਮਾਹੌਲ ਨੂੰ ਭੰਗ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ, ਜਿਸ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸਿੱਖਾਂ ਦੇ ਸਬਰ ਦਾ ਪਿਆਲਾ ਭਰ ਚੁੱਕਾ ਹੈ, ਇਸ ਲਈ ਸਿੱਖ ਕੌਮ ਦੇ ਸਬਰ ਦਾ ਇਮਤਿਹਾਨ ਨਾ ਲਿਆ ਜਾਵੇ ਅਤੇ ਇਨਾਂ ਘਟਨਾਵਾਂ ਪਿੱਛੇ ਕਿਹੜੀਆਂ ਤਾਕਤਾਂ ਕੰਮ ਕਰ ਰਹੀਆਂ ਹਨ, ਉਸ ਦਾ ਪਰਦਾਫਾਸ਼ ਕੀਤਾ ਜਾਵੇ ।

ਸਾਡਾ ਮੰਨਣਾ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਬਾਰੇ ਸਰਕਾਰ ਨੂੰ ਮੁੱਖ ਸੂਤਰਧਾਰ ਦਾ ਪਰਦਾਫਾਸ਼ ਕਰਨਾ ਚਾਹੀਦਾ ਹੈ, ਜਿਸਨੇ ਪਾਗਲਾਂ ਦੀ ਗੁਪਤ ਸੈਨਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਬਣਾਈ ਹੈ। ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ, ਕਿਤੇ ਅਤਿ ਭਾਵੁਕਤਾ ਵਿਚ ਸਿੱਖ ਪੰਥ ਦਾ ਨੁਕਸਾਨ ਨਾ ਹੋਵੇ। ਦੁਸ਼ਮਣ ਦੀਆਂ ਸਾਜਿਸ਼ਾਂ ਨੂੰ ਪਛਾਣਨ ਦੀ ਲੋੜ ਹੈ।

---

# ਅਣਖਾਂ ਵਾਲੇ ਲੋਕ

**ਅਰਪਿੰਦਰ ਬਿੱਟੂ, ਜਰਮਨੀ**

ਪੁੱਤ ਤੇਰੇ ਸਾਹਿਬ ਕੌਰੇ ਨਿਹੰਗ ਸਿੰਘ ਚੱਕਰ ਦੁਮਾਲਿਆਂ ਵਾਲੇ।
ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸਾ ਮਹਿ ਹੌਂ ਕਰੌਂ ਨਿਵਾਸ॥
ਖਾਲਸਾ ਮੇਰੋ ਮੁਖ ਹੈ ਅੰਗਾ॥
ਖਾਲਸੇ ਕੇ ਹੌਂ ਸਦ ਸਦ ਸੰਗਾ॥

ਇਨਾਂ ਬੇ-ਪ੍ਰਵਾਹ ਯੋਧਿਆਂ ਦੇ ਚਿਹਰਿਆਂ ਦਾ ਜਾਹੋ ਜਲਾਲ ਦੱਸਦਾ ਕਿ ਇਹ ਕਿਸੇ ਮਹਾਨ ਪਿਤਾ ਦੇ ਪੁੱਤਰ ਹਨ ਏਹੋ ਜਿਹੇ ਸੈਂਕੜੇ ਦਸਮੇਸ਼ ਦੇ ਦੁਲਾਰੇ ਹਨ ਜਿਨਾਂ ਦਾ ਜੀਵਨ ਇਕ ਇਤਹਾਸ ਹੈ ਇਕ ਹਿਸਟਰੀ ਹੈ ਭਾਈ ਤਲਵਿੰਦਰ ਸਿੰਘ ਬੱਬਰ ਦਾ ਕਨੇਡਾ ਦੇ ਸੁੱਖ ਅਰਾਮ ਤਿਆਗ ਭਖਦੇ ਮੈਦਾਨੇ ਜੰਗ ਵਿੱਚ ਆਪਾ ਵਾਰਨਾਂ ਉਸ ਪਤੰਗੇ ਵਾਂਗ ਹੈ ਜੋ ਪਰਵਾਨਾ ਬਣ ਬਲਦੀ ਸ਼ਮਾਂ ਵੱਲ ਜਾਂਦਾ ਹੈ ਭਾਈ ਸੁੱਖਦੇਵ ਸਿੰਘ ਬੱਬਰ ਦੇ ਹਿੱਕ ਵਿੱਚ ਗੋਲ਼ੀਆਂ ਖਾਣ ਤੋਂ ਕੁਝ ਸਕਿੰਟ ਪਹਿਲਾਂ ਦੇ ਬੋਲ ਸਨ, 'ਸਰੀਰ ਮਿੱਟੀ ਏ, ਤੇ ਮਿੱਟੀ ਨੇ ਮਿੱਟੀ ਹੋ ਜਾਣਾ, ਮਿੱਟੀ 'ਚੋਂ ਕੀ ਲੱਭਦੇ ਜੇ...'। ਇਹ ਨਿਰਭੈਤਾ ਨਿਡਰਤਾ ਸੱਭ ਸਤਿਗੁਰਾਂ ਦੀ ਬਾਣੀ ਦੀ ਬਖ਼ਸ਼ਿਸ਼ ਸੀ। ਇਹ ਸੀ ਨਿੱਤ-ਨੇਮ ਦੀਆਂ ਬਾਣੀਆਂ ਦੀ ਤਾਕਤ, ਜਿਨਾਂ ਵਿੱਚ ਤੁਹਾਨੂੰ ਪ੍ਰਚਾਰਕਾਂ ਵੱਲੋਂ ਤਿੰਨ ਪੰਜ ਕਹਿ ਕੇ ਉਲਝਾਇਆ ਜਾ ਰਿਹਾ । ਹੁਣ ਸਵਾਲ ਹੈ ਕਿ ਜਦੋਂ ਪਤਾ ਏ 'ਸਰੀਰ ਮਿੱਟੀ ਏ ਤੇ ਮਿੱਟੀ ਨੇ ਮਿੱਟੀ ਹੋ ਜਾਣਾ' ਫਿਰ ਮਨੁੱਖ ਗ਼ਦਾਰੀ ਕਿਉਂ ਕਰਦਾ। ਦਰਅਸਲ ਉਹ ਲੋਕ ਸਰੀਰਕ ਤਲ ਤੇ ਜੀਅ ਰਹੇ ਹੁੰਦੇ ਹਨ ਤੇ ਮਾਨਸਿਕ ਅਵੱਸਥਾ ਕੰਗਾਲਾਂ ਵਾਲੀ ਹੁੰਦੀ ਹੈ ਕਿ ਚਾਰ ਟਕੇ ਹੋਰ ਇਕੱਠੇ ਕਰ ਲਈਏ। ਅਸਲ ਵਿੱਚ ਇਹ ਲੋਕ ਦਰਗਾਹੋਂ ਧਿਰਕਾਰੇ ਤੇ ਸਰਾਪੇ ਹੁੰਦੇ ਹਨ ਤੇ ਇਨਾਂ ਦਾ ਲਹਿਰਾਂ ਤੋਂ ਨਿਖੇੜਾ ਗੁਰੂ ਦੀ ਮੌਜ ਸਮਝੋ। ਵਰਨਾਂ ਇਹ ਕੋਈ ਹੋਰ ਕਨਿਸ਼ਕ ਕਾਂਡ ਕਰ ਸਿੱਖਾਂ ਮੱਥੇ ਮੜਨਗੇ। ਰਿਪਦੁਮਨ ਸਿੰਘ ਵਰਗੇ ਦਾ ਜਿਊਂਦੇ ਜੀ ਸਰਕਾਰੀ ਬੋਲੀ ਬੋਲਣਾ ਦੱਸਦਾ ਕਿ 329 ਬੇ- ਗੁਨਾਹ ਜੀਆਂ ਦੀ ਹੱਤਿਆ ਉਸ ਦੇ ਆਕਾਵਾਂ ਦਾ ਕਾਰਾ ਸੀ। ਮਲਿਕ ਵਰਗੇ ਚੱਵਲ ਦਾ ਬਿਆਨ ਕਿ ਪੰਜਾਬ ਵਿੱਚ ਖਾਲਿਸਤਾਨ ਦਾ ਕੋਈ ਅਧਾਰ ਨਹੀਂ,



ਬੰਦਾ ਪੁੱਛੇ ਲਾਹਨਤੀ ਨੂੰ ਅਧਾਰ ਤੇ ਅਸੀਂ ਓਦੋਂ ਵੀ ਨਹੀਂ ਗਵਾਇਆ ਜਦੋਂ ਦੋ ਰਹਿਗੇ ਸਾਂ ਤੇ ਅਬਦਾਲੀ ਤੇ ਟੈਕਸ ਲਾਤਾ ਸੀ ਬਾਬਾ ਗਰਜਾ ਸਿੰਘ ਜੀ ਤੇ ਬਾਬਾ ਬੋਤਾ ਸਿੰਘ ਜੀ ਨੇ। ਮਨੋ-ਵਿਗਿਆਨੀ ਆਖਦੇ ਹਨ ਕਿ ਮਨੁੱਖ ਉਹ ਕੁਝ ਬਕਦਾ ਜਿਸਤੋਂ ਉਹ ਤਬਕਿਆ ਹੋਵੇ, ਇਸ ਗ਼ਦਾਰ ਦੇ ਮੂੰਹ ਤੇ ਸਿਰਫ਼ ਅਧਾਰ ਸ਼ਬਦ ਤਾਂ ਆਇਆ ਕਿ ਇਹ ਸਿੱਖ ਹੋਣ ਦਾ ਆਧਾਰ ਗਵਾ ਬੈਠਾ ਹੈ ਸੋ ਬੰਦੇ ਦਾ ਵਜੂਦ ਉਸਦੇ ਗੁਣਾ ਕਰਕੇ ਹੈ ਨਹੀਂ ਤੇ ਹੀਰੋ ਤੋਂ ਜ਼ੀਰੋ।

ਵਾਹਿਗੁਰੂ ਕਰੇ ਸਾਰੇ ਸਿੱਖਾਂ ਖ਼ਾਸ ਕਰ ਜਰਮਨ ਦੇ ਸਿੰਘਾਂ ਦਾ ਅਧਾਰ ਤੇ ਵਜੂਦ ਕਾਇਮ ਰਹੇ। ਸਾਰੇ ਚੜਦੀ ਕਲਾ ਵਿਚ ਰਹਿਣ।
ਕੋਈ ਵੀ ਗ਼ਦਾਰੀ ਦੀ ਲਾਹਨਤ ਨਾ ਖੱਟੇ,
ਬਾਜਾਂ ਵਾਲਾ ਅੰਗ ਸੰਗ ਰਹੇ,
ਰਾਜ ਕਰੇਗਾ ਖਾਲਸਾ।

---

## ਧਰੁਵ ਤਾਰੇ ਅਤੇ ਸਰਸਾ ਦੇ ਸੁਆਲ ਜੁਆਬ

ਨਦੀਏ ਨੀ ! ਸਦਾ ਤੋਂ ਨੀਰ ਤੇਰੇ ਪਾਵਨ,
ਰਿਸ਼ੀ ਦੀ ਸਮਾਧੀ ਦੇ ਵਾਂਗ,
ਅੱਜ ਰਾਤੀਂ ਹੜ ਤੇਰੇ ਖੂਨੀ ਨੇ ਡਾਢੇ
ਕਾਹਤੋਂ ਚੜੀ ਆਵੇ ਤੇਰੀ ਕਾਗ ?
ਯੁਗਾਂ ਦੇ ਰਾਹ ਤੈਨੂੰ ਵਾਸਤਾ ਪਾਉਂਦੇ
ਕਿਉਂ ਨ ਸੁਣੇ ਪਾਂਧੀ ਦੀ ਚਾਗ ?
ਕਾਹਤੋਂ ਅਲੇਪ ਗੁਰੂ ਖਾਲਸੇ ਦੀ ਨਦੀਏ
ਕਹਿਰਾਂ ਦੀ ਰੈਣ ਤੋੜੇ ਸਾਂਝ ?
ਰਾਹ ਪੈਗੰਬਰਾਂ ਦੇ ਰੋਕੇ ਤੂੰ ਕਾਹਨੂੰ
ਚਿਰ ਤੋਂ ਜੋ ਧਰਤੀ ਦੀ ਤਾਂਘ ?
ਸਰਸਾ ਦਾ ਉੱਤਰ
ਉੱਚਿਆ ਵੇ ! ਸੁੱਚਿਆ ਵੇ ! ਹੜ ਮੇਰੇ ਖੂਨੀ
ਹੁਕਮ ਇਲਾਹੀ ਰਹੇ ਪਾਲ
ਜਰਾ ਵੀ ਇਸ਼ਾਰਾ ਕੋਈ ਕਰੇ ਰਸ-ਭਿੰਨੜਾ
ਸ਼ਾਂਤ ਹੋਣ ਮੇਰੇ ਇਹ ਭੁਚਾਲ।
ਜਰਾ ਕਹੇ 'ਮੇਰੇ ਪਰਿਵਾਰ ਸਿੰਘ ਰਾਹ ਮੰਗਣ'
ਡੁੱਬ ਜਾਵਾਂ ਰੇਤ ਦੇ ਪਤਾਲ।
ਐਪਰ ਨਜ਼ਾਰਾ ਮੇਰੇ ਹੜ ਤੇ ਤੂਫਾਨ ਦਾ,
ਪਿਰ ਦ ਨਿਖਾਰੇਗਾ ਜਮਾਲ ।
ਵਗ ਦਸਮੇਸ਼ ਦੇ ਮੈਂ ਕਾਫਲੇ ਦੇ ਰਾਹ ਰੋਕਾ
ਛੁਪ ਉਹਦਾ ਵੇਖਦੀ ਜਲਾਲ।
ਤਦ ਹੀ ਵਿਛੋੜਾ ਮੈਂ ਭੋਲੀਆਂ ਜਿੰਦਾ
ਸੁਣਾ ਜਾਂ ਸ਼ਹਾਦਤਾਂ ਦੇ ਤਾਲ।

**ਪ੍ਰੋ. ਹਰਿੰਦਰ ਸਿੰਘ ਮਹਿਬੂਬ**

# ਗੁਰਦੁਆਰਾ ਮਾਤਾ ਜੀ ਛਾਪਰਮੁਖ, ਆਸਾਮ



### ਡਾਕਟਰ ਪਰਮਵੀਰ ਸਿੰਘ

ਗੁਰਦੁਆਰਾ ਮਾਤਾ ਜੀ ਛਾਪਰਮੁਖ ਆਸਾਮ ਵਿਚ ਇਕ ਪੁਰਾਤਨ ਗੁਰਧਾਮ ਹੈ ਜਿਸ ਨੂੰ ਪੂਰਬੀ ਭਾਰਤ ਦੇ ਸਿੱਖ ਇਤਿਹਾਸ ਦੇ ਅਧਿਐਨ ਵਿਚ ਪ੍ਰਮੁੱਖਤਾ ਨਾਲ ਸ਼ਾਮਲ ਕੀਤਾ ਜਾਂਦਾ ਹੈ। ਗੁਹਾਟੀ ਦੇ ਫੈਂਸੀ ਬਜ਼ਾਰ ਵਿਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਲਗਭਗ 100 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਇਸ ਗੁਰਧਾਮ ਨੂੰ ਧੂਬੜੀ ਸਾਹਿਬ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ ਬਾਅਦ ਦੂਜੇ ਨੰਬਰ ’ਤੇ ਰੱਖ ਕੇ ਦੇਖਿਆ ਜਾਂਦਾ ਹੈ। ਇਸ ਗੁਰਧਾਮ ਦਾ ਇਤਿਹਾਸ 19ਵੀਂ ਸਦੀ ਤੋਂ ਦੇਖਿਆ ਜਾਂਦਾ ਹੈ ਜਦੋਂ ਇਥੋਂ ਦੇ ਰਾਜੇ ਚੰਦਰਕਾਂਤਾ ਸਿੰਘ ਦੀ ਬੇਨਤੀ ’ਤੇ ਮਹਾਰਾਜਾ ਰਣਜੀਤ ਸਿੰਘ ਨੇ 500 ਸਿੱਖ ਫ਼ੌਜੀਆਂ ਦੀ ਇਕ ਟੁਕੜੀ ਉਸ ਦੀ ਸਹਾਇਤਾ ਲਈ ਆਸਾਮ ਭੇਜੀ ਸੀ। ਸ. ਚੇਤਨ ਸਿੰਘ (ਚੇਤਨਯ ਸਿੰਘ) ਦੀ ਅਗਵਾਈ ਵਿਚ ਇਹ ਫ਼ੌਜੀ ਟੁਕੜੀ ਆਸਾਮ ਦੇ ਰਾਜੇ ਵਲੋਂ ਬਰਮਾ ਦੀਆਂ ਫ਼ੌਜਾਂ ਵਿਰੁੱਧ ਬਹੁਤ ਹੀ ਬਹਾਦਰੀ ਨਾਲ ਲੜੀ ਸੀ। ਆਸਾਮ ਅਤੇ ਬੰਗਾਲ ਦੀ ਸਰਹੱਦ ’ਤੇ ਬਣੀ ਹੋਈ ਹਾਦਿਰਾ ਚੌਕੀ ’ਤੇ ਹੋਈ ਇਸ ਲੜਾਈ ਵਿਚ ਚੇਤਨ ਸਿੰਘ ਅਤੇ ਵੱਡੀ ਗਿਣਤੀ ਸਿੱਖਾਂ ਨੇ ਸ਼ਹੀਦੀ ਪ੍ਰਾਪਤ ਕੀਤੀ ਸੀ। ਆਸਾਮ ਦੇ ਪ੍ਰਸਿੱਧ ਨਾਵਲਕਾਰ ਰਜਨੀਕਾਂਤ ਬਰਦੋਲੋਈ ਨੇ ਆਪਣੇ ਇਤਿਹਾਸਕ ਨਾਵਲ ‘ਮਨੋਮਤੀ’ ਵਿਚ ਹਾਦਿਰਾ ਚੌਕੀ ’ਤੇ ਹੋਈ ਇਸ ਲੜਾਈ ਦਾ ਵਰਨਨ ਕੀਤਾ ਹੈ ਜਿਸ ’ਤੇ ਬਾਅਦ ਵਿਚ ਫ਼ਿਲਮ ਵੀ ਤਿਆਰ ਕੀਤੀ ਗਈ ਸੀ। ਇਸ ਲੜਾਈ ਵਿਚ ਭਾਵੇਂ ਕਿ ਚੇਤਨ ਸਿੰਘ ਸ਼ਹੀਦੀ ਪ੍ਰਾਪਤ ਕਰ ਗਿਆ ਸੀ ਪਰ ਆਸਾਮ ਦੇ ਸਾਹਿਤ ਵਿਚ ਉਸ ਦੀ ਬਹਾਦਰੀ ਦੇ ਸੋਹਲੇ ਗਾਏ ਜਾਂਦੇ ਹਨ।

ਇਸ ਲੜਾਈ ਵਿਚ ਚੇਤਨ ਸਿੰਘ ਦੀ ਪਤਨੀ ਵੀ ਸ਼ਾਮਲ ਸੀ ਜਿਸ ਨੇ ਆਪਣੇ ਪਤੀ ਸ: ਚੇਤਨ ਸਿੰਘ ਦੇ ਸ਼ਹੀਦ ਹੋਣ ਉਪਰੰਤ ਸਿੱਖ ਫ਼ੌਜ ਦੀ ਕਮਾਨ ਸੰਭਾਲ ਲਈ ਸੀ। ਸਿੱਖ ਫ਼ੌਜਾਂ ਵਿਚ ਇਸ ਦਾ ਬਹੁਤ ਸਤਿਕਾਰ ਸੀ ਜਿਸ ਕਰਕੇ ਇਸ ਲੜਾਈ ਤੋਂ ਬਾਅਦ ਵੀ ਸਿੱਖ ਫ਼ੌਜਾਂ ਇਸ ਦੇ ਆਦੇਸ਼ ਦਾ ਪਾਲਣ ਕਰਦੀਆਂ ਸਨ। ਇਸ ਨੇ ਪੰਜਾਬ ਵਾਪਸ ਮੁੜਨ ਦੀ ਬਜਾਏ ਆਸਾਮ ਵਿਖੇ ਹੀ ਰਹਿਣਾ ਮਨਜ਼ੂਰ ਕਰ ਲਿਆ। ਬ੍ਰਹਮਪੁੱਤਰ ਦਰਿਆ ਦੀ ਇਕ ਸਹਾਇਕ ਕਪਲੀ ਨਦੀ ਦੇ ਕੰਢੇ ਛਾਪਰਮੁਖ ਵਿਖੇ ਇਨਾਂ ਨੇ ਆਪਣਾ ਨਿਵਾਸ ਕਾਇਮ ਕਰ ਲਿਆ। ਚੇਤਨ ਸਿੰਘ ਦੀ ਸੁਪਤਨੀ ਨੇ ਇਸ ਅਸਥਾਨ ’ਤੇ ਇਕ ਗੁਰਦੁਆਰਾ ਕਾਇਮ ਕਰ ਲਿਆ ਅਤੇ ਆਪਣੇ ਨਾਲ ਲਿਆਂਦੇ ਗਏ ਕੁਝ ਸ਼ਸਤਰ ਇਸ ਵਿਚ ਸੰਭਾਲ ਕੇ ਰੱਖ ਲਏ ਜਿਨਾਂ ਵਿਚ ਦੋ ਤੋਪਾਂ, ਕੁਝ ਕ੍ਰਿਪਾਨਾਂ, ਖੰਡਾ-ਬਾਟਾ, ਕੁੰਡਾ, ਹੱਥ-ਚੱਕੀ ਅਤੇ ਚੱਕਰ ਆਦਿ ਸ਼ਾਮਲ ਸਨ। ਇਨਾਂ ਕਿਰਪਾਨਾਂ ਵਿਚ ਮਾਤਾ ਜੀ ਦੀ ਨਿੱਜੀ ਕਿਰਪਾਨ ਵੀ ਸ਼ਾਮਲ ਸੀ। ਸੰਭਾਲ ਕੇ ਰੱਖੀ ਹੋਈ ਹੱਥ-ਚੱਕੀ ਅਤੇ ਕੁੰਡਾ ਮਾਤਾ ਜੀ ਨਾਲ ਲੈ ਕੇ ਆਏ ਸਨ ਜਿਨਾਂ ਦੀ ਵਰਤੋਂ



ਇਹ ਆਪਣੇ ਪਤੀ ਸ: ਚੇਤਨ ਸਿੰਘ ਦਾ ਖਾਣਾ ਤਿਆਰ ਕਰਨ ਲਈ ਕਰਦੇ ਸਨ। ਇਨਾਂ ਤੋਂ ਇਲਾਵਾ ਤੋਪਾਂ ਵੀ ਮਾਤਾ ਜੀ ਦੇ ਸਮੇਂ ਦੀਆਂ ਹਨ ਜਿਨਾਂ ਦੀ ਵਰਤੋਂ ਸਿੱਖ ਫ਼ੌਜੀ ਟੁਕੜੀ ਵਲੋਂ ਕੀਤੀ ਜਾਂਦੀ ਸੀ। ਇਨਾਂ ਨਿਸ਼ਾਨੀਆਂ ਵਿਚੋਂ ਕਿਰਪਾਨਾਂ ਅਤੇ ਕੁੱਝ ਹੋਰ ਨਿਸ਼ਾਨੀਆਂ ਅਲੋਪ ਹੋ ਗਈਆਂ ਹਨ ਪਰ ਜਿਹੜੀਆਂ ਸੰਭਾਲ ਕੇ ਰੱਖੀਆਂ ਹੋਈਆਂ ਹਨ, ਉਹ ਸਿੱਖਾਂ ਦੀ ਬਹਾਦਰੀ ਅਤੇ ਵਿਰਾਸਤ ਦੀ ਯਾਦ ਦਿਵਾਉਂਦੀਆਂ ਹਨ। ਇਨਾਂ ਨਿਸ਼ਾਨੀਆਂ ਤੋਂ ਇਲਾਵਾ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਪੁਰਾਤਨ ਬੀੜ ਸੰਭਾਲ ਕੇ ਰੱਖੀ ਹੋਈ ਹੈ। ਕਿਹਾ ਜਾਂਦਾ ਹੈ ਕਿ ਇਹ ਬੀੜ ਵੀ ਮਾਤਾ ਜੀ ਆਪਣੇ ਨਾਲ ਪੰਜਾਬ ਤੋਂ ਲੈ ਕੇ ਆਏ ਸਨ। ਇਸ ਅਸਥਾਨ ’ਤੇ ਵਸੇ ਹੋਏ ਸਿੱਖਾਂ ਨੂੰ ਇੱਥੋਂ ਦੇ ਪੁਰਾਤਨ ਵਸਨੀਕ ਕਿਹਾ ਜਾਂਦਾ ਹੈ। ਇਨਾਂ ਤੋਂ ਪਹਿਲਾਂ ਜਿਹੜੇ ਸਿੱਖ ਆਸਾਮ ਵਿਚ ਵਸੇ ਸਨ ਉਹ ਗੁਰੂ ਤੇਗ ਬਹਾਦਰ ਜੀ ਨਾਲ ਆਏ ਸਨ। ਆਸਾਮ ਦੇ ਧੂਬੜੀ ਨਗਰ ਵਿਖੇ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਥਾਨ ’ਤੇ ਰਾਜਾ ਰਾਮ ਸਿੰਘ ਤੋਂ ਪੰਜ-ਪੰਜ ਢਾਲਾਂ ਮਿੱਟੀ ਦੀਆਂ ਪਵਾ ਕੇ ਇਸ ਦਾ ਨਾਂਅ ਦਮਦਮਾ ਸਾਹਿਬ ਰੱਖਿਆ ਸੀ। ਇਥੇ ਵਸਣ ਵਾਲੇ ਸਿੱਖਾਂ ਨੂੰ ਦਮਦਮੀ ਸਿੱਖ ਕਿਹਾ ਜਾਂਦਾ ਸੀ। ਦਮਦਮੀ ਸਿੱਖਾਂ ਵਿਚੋਂ ਹੁਣ ਕੋਈ ਮੌਜੂਦ ਨਹੀਂ ਹੈ।

ਮਾਤਾ ਜੀ ਨਾਲ ਜਿਹੜੇ ਸਿੱਖ ਛਾਪਰਮੁਖ ਵਿਖੇ ਆ ਵਸੇ ਸਨ, ਉਨਾਂ ਨੇ ਆਪਣੇ ਜੀਵਨ ਗੁਜ਼ਾਰਨ ਲਈ ਖੇਤੀਬਾੜੀ ਅਤੇ ਹੋਰ ਧੰਦੇ ਕਰਨੇ ਸ਼ੁਰੂ ਕਰ ਦਿੱਤੇ ਸਨ। ਸਰਕਾਰੀ ਨੌਕਰੀਆਂ, ਵਪਾਰ ਅਤੇ ਹੋਰਨਾਂ ਕੰਮ-ਧੰਦਿਆਂ ਵਿਚ ਵੀ ਇਹ ਆਪਣਾ ਯੋਗਦਾਨ ਪਾ ਰਹੇ ਹਨ। ਇੱਥੇ ਵਸਣ ਵਾਲੇ ਸਿੱਖ ਫ਼ੌਜੀਆਂ ਨੇ ਆਸਾਮੀ ਲੜਕੀਆਂ ਨਾਲ ਵਿਆਹ ਕਰਵਾ ਕੇ ਆਪਣੇ ਘਰ ਵਸਾ ਲਏ ਸਨ ਅਤੇ ਇਨਾਂ ਦੀ ਸੰਤਾਨ ਅਸਾਮੀ ਰੰਗ ਵਿਚ ਰੰਗੀ ਗਈ।

# ਪੰਜਾਬ ਦੇ ਜੰਮਿਆਂ ਨੂੰ ਤਾਂ ਨਿੱਤ ਮੁਹਿੰਮਾਂ

### ਹਰਪ੍ਰੀਤ ਸਿੰਘ ਜਵੰਦਾ

ਛੇ ਦਹਾਕੇ ਪਹਿਲੋਂ ਇਧਰੋਂ ਗਏ ਇੱਕ ਟੱਬਰ ਨੇ ਯੂ.ਪੀ. ਜਮੀਨ ਮੁੱਲ ਲੈ ਲਈ। ਜਾਨਵਰਾਂ ਅਤੇ ਸੱਪਾਂ ਨਾਲ ਤਾਂ ਨਿੱਤ ਦਿਹਾੜੇ ਵਾਹ ਪੈਂਦਾ ਹੀ ਸੀ। ਇੱਕ ਦਿਨ ਕਿਸੇ ਨੇ ਬਾਹਰ ਖੇਡਦਾ ਬੱਚਾ ਚੁੱਕ ਲਿਆ, ਜਾਂਦੇ ਚਿੱਠੀ ਸੁੱਟ ਗਏ, ਵੀਹ ਹਜ਼ਾਰ ਫਲਾਣੀ ਥਾਂ ਲੈ ਆਇਓ ਤੇ ਬੱਚਾ ਮੋੜ ਦਿਆਂਗੇ।

ਹੁਣ ਕੋਲ ਸਿਰਫ ਦੋ ਰਾਹ ਹੀ ਸਨ। ਇੱਕ ਤੇ ਪੈਸੇ ਦੇ ਕੇ ਬੱਚਾ ਮੋੜ ਲਿਆਉਂਦੇ। ਪਰ ਉਨਾਂ ਦੂਜਾ ਰਾਹ ਚੁਣਿਆ, ਕਿਉਂਕਿ ਚੰਗੀ ਤਰਾਂ ਜਾਣਦੇ ਸਨ ਕਿ ਬਦਮਾਸ਼ ਉਦੋਂ ਤੱਕ ਹੀ ਬਦਮਾਸ਼ ਹੈ ਜਦੋਂ ਤੱਕ ਉਹ ਸ਼ਰੀਫ। ਸੋ ਬੰਦੂਕਾਂ ਨਾਲ ਲੈਸ ਹੋ ਕੇ ਦੱਸੀ ਥਾਂ ਅੱਪੜ ਗਏ, ਲਲਕਾਰਿਆ, ਇੱਕ ਦੋ ਫਾਇਰ ਵੀ ਕੱਢੇ। ਅਗਲੇ ਘੰਟੇ ਵਿਚ ਹੀ ਬੱਚਾ ਮੋੜ ਗਏ ਤੇ ਨਾਲ ਏਨੀ ਗੱਲ ਵੀ ਆਖ ਗਏ ਕਿ ਅੱਗੇ ਤੋਂ ਇਧਰ ਮੂੰਹ ਨਹੀਂ ਕਰਦੇ।

ਅੱਜ ਇੰਨੇ ਦਹਾਕੇ ਲੰਘ ਗਏ, ਮਜਾਲ ਏ ਇਨਸਾਨ ਤੇ ਕਿ ਜਾਨਵਰ ਵੀ ਉੱਧਰ ਮੂੰਹ ਕਰ ਸਕੇ ਹੋਣ। ਅੱਖੀਂ ਵੇਖੀ ਸਾਂਝੀ ਕਰਦਾ, ਅੰਮ੍ਰਿਤਸਰੋਂ ਬਟਾਲੇ ਨੂੰ ਆਖਰੀ ਬੱਸ ਅਜੇ ਕੱਥੂਨੰਗਲ ਹੀ ਪਹੁੰਚੀ ਸੀ ਕਿ ਇੱਕ ਅਮ੍ਰਿਤਧਾਰੀ ਮੁੰਡਾ ਉੱਠ ਖਲੋਤਾ, ਆਖਣ ਲੱਗਾ ਕਿ ਬੱਸ ਨਹਿਰ ਕੰਢੇ ਲਿੰਕ ਰੋਡ ਨੂੰ ਪਾ ਲਈ ਜਾਵੇ। ਕੋਲ ਬੈਠਾ ਇੱਕ ਹਿੰਦੂ ਮੁੰਡਾ ਆਖਣ ਲੱਗਾ ਮੇਰੇ ਵੱਲੋਂ ਆਖ ਦੇਵੀਂ ਮੇਰਾ ਭਰਾ ਏ ਤੇ ਵਾਲ ਉਂਝ ਹੀ ਕਟਵਾਏ ਹਨ। ਪਰ ਸਿੰਘ ਨੇ ਬੱਸ ਪਾਸੇ ਜਿਹੇ ਲਵਾ ਲਈ ਤੇ ਚੱਲਦੇ ਸੰਘਰਸ਼ ਤੇ ਲੈਕਚਰ ਦੇਣਾ ਸ਼ੁਰੂ ਕਰ ਦਿੱਤਾ। ਕੁਝ ਪੈਂਫਲਿਟ ਵੰਡੇ ਤੇ ਮੁੜ ਏਨੀ ਗੱਲ ਆਖ ਹਨੇਰੇ ਵਿਚ ਗਵਾਚ ਗਿਆ ਕਿ ਮੀਡੀਆ ਵਿਚ ਸਾਡਾ ਨੁਕਤਾ-ਏ-ਨਜ਼ਰ ਛਾਪਿਆ ਹੀ ਨਹੀਂ ਜਾਂਦਾ। ਸੋ



ਅਸਾਂ ਫੈਸਲਾ ਕੀਤਾ ਕਿ ਜਦੋਂ ਜਿੱਥੇ ਮੌਕਾ ਮਿਲਿਆ ਇੰਝ ਹੀ ਆਪਣੀ ਗੱਲ ਸਮਝਾਇਆ ਕਰਾਂਗੇ।

ਦੋਸਤੋ, ਹਰ ਮੁਸ਼ਕਿਲ ਦਾ ਹੱਲ ਹੈ। ਬੱਸ ਉਂਗਲ ਥੋੜੀ ਟੇਢੀ ਕਰਨੀ ਪੈਂਦੀ ਹੈ। ਅਜੋਕਾ ਘਟਨਾਕਰਮ ਬੁਲੰਦੀਆਂ ਛੂਹ ਰਹੀ ਕੌਮ ਪਤਾ ਨਹੀਂ ਕਿੱਧਰ ਨੂੰ ਤੋਰ ਦਿੱਤੀ। ਅਖ਼ੇ, ਸ਼ਿਵਾ ਨਾਮ ਸੀ ਉਸਦਾ, ਜਰੂਰ ਕਿਸੇ ਅਨੰਦ ਨੇ ਭੇਜਿਆ ਹੋਣਾ, ਅਨੰਦ ਨੂੰ ਕਿਸੇ ਸੰਧੂ ਨੇ ਪੈਸੇ ਦਿੱਤੇ ਹੋਣੇ, ਨਾ ਮੁੱਕਣ ਵਾਲੀ ਲੜੀ..।

ਗੁਰਬਤ ਮਾਰਿਆ ਮੁਲਖ, ਅਗਲਾ ਸ਼ਿਵਾ ਸ਼ਾਇਦ ਇਹ ਵੀ ਨੀ ਜਾਣਦਾ ਹੋਵੇ ਕਿ ਪਹਿਲੇ ਦਾ ਕੀ ਹਸ਼ਰ ਕੀਤਾ।

ਡਿਸਕਵਰੀ ਚੈਨਲ, ਕਿੰਨੇ ਸਾਰੇ ਜੰਗਲੀ ਕੁੱਤਿਆਂ ਵਿਚ ਘਿਰਿਆ ਹੋਇਆ ਸ਼ੇਰ, ਕੋਈ ਇਧਰੋਂ ਵੱਢਦਾ ਕੋਈ ਓਧਰੋਂ। ਸਮਝ ਨਹੀਂ ਪੈਂਦੀ ਹੁਣ ਕੀ ਕਰੇ। ਅਚਾਨਕ ਬਾਕੀ ਦੇ ਯਾਰ ਬੇਲੀ ਆਪਣੇ ਓਥੇ ਅੱਪੜ ਜਾਂਦੈ, ਸਾਰੇ ਕੁੱਤੇ ਦੌੜ ਜਾਂਦੈ। ਪਰ ਜਿਨਾਂ ਅੱਜ ਸਾਨੂੰ ਬਚਾਉਣਾ ਸੀ ਉਹ ਖੁਦ ਬੱਕਰੀ ਬਣੇ ਲੇਲਕੜੀਆਂ ਕੱਢ ਰਹੇ। ਅਖ਼ੇ ਕੰਪਲੈਕਸ ਵਿਚ ਚਿੱਟ ਕੱਪੜੀਏ ਪੁਲਿਸ ਵਾਲੇ ਤਾਇਨਾਤ ਕਰ ਦੇਵੋ। ਇਹੋ ਕੰਮ ਕਰਨਾ ਸੀ ਤਾਂ ਕਰੋੜਾਂ ਅਰਬਾਂ ਦਾ ਬਜਟ ਕਿਸ ਕੰਮ ਦਾ।

ਆਪ ਹਿਸਾਬ ਲਾ ਲਵੋ ਜਿਸ ਦਿਨ ਸੋਨੇ ਨੂੰ ਜੰਗ ਲੱਗਣਾ ਸ਼ੁਰੂ ਹੋ ਗਿਆ ਲੋਹਾ ਵਿਚਾਰਾ ਕੀ ਕਰੂ।

ਦੱਸਦੇ ਇੱਕ ਵੇਰ ਕਿਸੇ ਨੂੰ ਵਪਾਰੀ ਦੇ ਮੂਤਰ ਦੀ ਲੋੜ ਪੈ ਗਈ, ਉਹ ਉਸਦੀ ਹੱਟੀ ਤੇ ਚਲਾ ਗਿਆ, ਅੱਗਿਓਂ ਬੋਤਲ ਫੜ ਪੁੱਛਦਾ। ਹਾਂ, ਦੱਸ ਕਿੰਨੇ ਦਾ ਪਾਵਾ..?

ਅੱਜ ਓਹੀ ਵਪਾਰੀ ਸਾਡੇ ਕੈਦੀ ਵੀ ਰਿਹਾ ਕਰੂ, ਫਾਂਸੀਆਂ ਵੀ ਰੱਦ ਹੋਣਗੀਆਂ, ਸਾਢੇ ਤਿੰਨ ਲੱਖ ਦਾ ਕਰਜਾ ਵੀ ਮੁਆਫ ਹੋਵੇਗਾ, ਬਦਲੇ ਵਿਚ ਉਸ ਦੀ ਅੱਖ ਵਿਲੱਖਣਤਾ ਵਾਲੇ ਸਿਧਾਂਤ ਤੇ ਹੈ, ‘ਹਮੇਸ਼ਾ ਬਿਪਰਨ ਕੀ ਰੀਤ’ ਤੋਂ ਸੁਚੇਤ ਕਰਦੇ ਉਸ ਸਿਧਾਂਤ ਤੇ, ਇੱਕ ਦਿਨ ਸਾਡੇ ਵਿਚੋਂ ਹੀ ਨਿਕਲੇ ਤੇ ਹੁਣ ਸਾਡੇ ਵਿਚ ਹੀ ਜ਼ਜਬ ਹੋ ਜਾਵੇ।

ਸਾਨੂੰ ਜੰਗ ਨਵੀਂ ਪੇਸ਼ ਹੋਈ, ਸਾਡਾ ਸਾਰਾ ਪਾਣੀ ਲੁੱਟ ਕੇ ਤੇਰੀ ਦਿੱਲੀ ਦਰਵੇਸ਼ ਹੋਈ, ਵਾਕਿਆ ਹੀ ਦਿੱਲੀ ਕੋਲ ਖੁਦ ਨੂੰ ਦਰਵੇਸ਼ ਸਾਬਤ ਕਰਨ ਲਈ ਅੰਨਾ ਪੈਸਾ ਹੈ, ਮੀਡੀਆ ਹੈ, ਸਾਧਨ ਨੇ, ਲੰਮਾ ਚੌੜਾ ਸਿਸਟਮ ਹੈ ਤੇ ਸਾਡੇ ਕੋਲ ਕੀ ਹੈ? ਸਿਰਫ ਦਸਮ ਪਿਤਾ ਦੀ ਚੜਦੀ ਕਲਾ ਵਾਲਾ ਸਿਧਾਂਤ।

ਫਰਜ ਕਰੋ, ਹਰ ਔਕੜ ਵੇਲੇ ਵੀ ਨਿੰਮਾ ਨਿੰਮਾ ਮੁਸਕਰਾਉਂਦਾ ਰਹਿੰਦਾ, ਚਾਰ ਦਹਾਕੇ ਪਹਿਲੋਂ ਵਾਲਾ ਸੰਤ ਜੇ ਅੱਜ ਜਿਉਂਦਾ ਹੁੰਦਾ ਤਾਂ ਭੰਬਲਭੂਸੇ ਵਿਚ ਪਿਆਂ ਨੂੰ ਏਨੀ ਗੱਲ ਜਰੂਰ ਆਖਦਾ ਹਾਂ ਸਿੰਘੋ ਢਹਿੰਦੀ ਕਲਾ ਵੱਲ ਜਾਣ ਬਾਰੇ ਕਦੀ ਵੀ ਨਾ ਸੋਚਿਓ। ਇੰਝ ਪਹਿਲੀ ਵੇਰ ਨਹੀਂ ਹੋਇਆ, ਹੁੰਦਾ ਹੀ ਆਇਆ ਤੇ ਅੱਗੋਂ ਵੀ ਹੁੰਦਾ ਹੀ ਰਹਿਣਾ ਹੈ। ਬੱਸ, ਚੋਜੀ ਪ੍ਰੀਤਮ ਦਸਮ ਪਿਤਾ ਦੇ ਆਸੇ ਮੁਤਾਬਕ ਚੌਕੰਨੇ ਹੋ ਕੇ ਤੁਰੇ ਜਾਓ, ਕਲਾ ਜਰੂਰ ਵਰਤੇਗੀ। ਪੰਜਾਬ ਦੇ ਜੰਮਿਆਂ ਨੂੰ ਤਾਂ ਨਿੱਤ ਮੁਹਿੰਮਾਂ..ਓਹੀ ਪੰਜਾਬ ਜਿਸਦੀ ਹੋਂਦ ਹੀ ਗੁਰੂਆਂ ਦੇ ਨਾਮ ’ਤੇ ਟਿਕੀ ਹੋਈ ਹੈ। ਆਓ ਹੁਣ ਗੱਲ ਨੂੰ ਸਮੇਟੀਏ ਅਤੇ ਇੱਕ ਵਾਰ ਫਿਰ ਫਤਹਿ ਦੀ ਸਾਂਝ ਪਾਈਐ।

ਵਾਹਿਗੁਰੂ ਜੀ ਕਾ ਖਾਲਸਾ।

ਵਾਹਿਗੁਰੂ ਜੀ ਕੀ ਫਤਹਿ॥


CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441

Email : sacramento99@yahoo.co, website: capitalservices.us

Allstate. You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ

ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh

Insurance Specialist, CA --LIC: #0822501

Phone : (510) 441-7490

(877) 441-7490

FAX : (510) 441-2537

ADDRESS : 30042 MISSION BLVD

SUITE #221, HAYWARD, CA 94544

# ਪੰਜਾਬ ਨੂੰ ਮੰਗਤਾ ਬਣਾਉਣ ਦੀ ਥਾਂ ਵਿਕਾਸ ਬਾਰੇ ਸੋਚਣ ਰਾਜਨੀਤਕ ਪਾਰਟੀਆਂ

**ਡਾਕਟਰ ਰਣਜੀਤ ਸਿੰਘ**

ਪੰਜਾਬ ਸੰਸਾਰ ਦੇ ਉਨਾਂ ਕੁਝ ਕੁ ਖ਼ੁਸ਼ਕਿਸਮਤ ਖਿੱਤਿਆਂ ਵਿਚੋਂ ਹੈ ਜਿਥੇ ਸਾਰੇ ਛੇ ਦੇ ਛੇ ਮੌਸਮ ਆਉਂਦੇ ਹਨ। ਸਾਰੀ ਧਰਤੀ ਵਾਹੀਯੋਗ ਤੇ ਸੇਂਜੂ ਹੈ। ਇਥੋਂ ਦੇ ਲੋਕ ਮਿਹਨਤੀ, ਖ਼ਤਰੇ ਸਹੇੜਨ ਵਾਲੇ ਤੇ ਹਮੇਸ਼ਾ ਚੜਦੀ ਕਲਾ ਵਿਚ ਰਹਿਣ ਵਾਲੇ ਹਨ। ਆਜ਼ਾਦੀ ਦੀ ਲੜਾਈ ਵਿਚ ਸਭ ਤੋਂ ਵਧ ਕੁਰਬਾਨੀਆਂ ਇਥੋਂ ਦੇ ਲੋਕਾਂ ਨੇ ਹੀ ਦਿੱਤੀਆਂ ਹਨ। ਆਜ਼ਾਦੀ ਸਮੇਂ ਵੀ ਸਭ ਤੋਂ ਵੱਧ ਕੁਰਬਾਨੀ ਪੰਜਾਬ ਨੂੰ ਹੀ ਦੇਣੀ ਪਈ। ਇਸ ਦੇ ਦੋ ਟੁਕੜੇ ਕਰ ਦਿੱਤੇ ਗਏ। ਰਾਜਸੀ ਚਾਲਬਾਜ਼ ਲੋਕਾਂ ਨੇ ਪਾਕਿਸਤਾਨ ਵਿਚ ਕਿਸੇ ਹਿੰਦੂ ਸਿੱਖ ਦਾ ਰਹਿਣਾ ਮੁਸ਼ਕਿਲ ਕਰ ਦਿੱਤਾ ਤੇ ਇਸ ਪਾਸੇ ਮੁਸਲਮਾਨਾਂ ਦਾ ਰਹਿਣਾ ਔਖਾ ਹੋ ਗਿਆ। ਵਸੋਂ ਦੀ ਅਦਲਾ ਬਦਲੀ ਵਿਚ ਲੱਖਾਂ ਲੋਕ ਮਾਰੇ ਗਏ, ਔਰਤਾਂ ਦੀਆਂ ਪੱਤਾਂ ਲੁੱਟੀਆਂ ਗਈਆਂ। ਜਿਨਾਂ ਗੱਡਿਆਂ 'ਤੇ ਪਾਕਿਸਤਾਨ ਵਿਚ ਬਾਰਾਂ ਵਸਾਉਣ ਪੰਜਾਬੀ ਗਏ ਸਨ, ਉਨਾਂ ਗੱਡਿਆਂ ਉਤੇ ਹੀ ਮੁੜ ਖਾਲੀ ਹੱਥ ਵਾਪਸ ਆਉਣਾ ਪਿਆ। ਪਰ ਧੰਨ ਹਨ ਇਥੋਂ ਦੇ ਲੋਕ ਜਿਨਾਂ ਪੈਰ ਲਗਦਿਆਂ ਹੀ ਮੁੜ ਮਿਹਨਤ ਸ਼ੁਰੂ ਕੀਤੀ ਤੇ ਪੰਜਾਬ ਨੂੰ ਦੇਸ਼ ਦਾ ਨੰਬਰ ਇਕ ਸੂਬਾ ਬਣਾ ਦਿੱਤਾ। ਪੰਜਾਬੀਆਂ ਨੇ ਜਿਥੇ ਹਰੇ ਇਨਕਲਾਬ ਦੀ ਸਿਰਜਣਾ ਕਰਕੇ ਦੇਸ਼ ਨੂੰ ਭੁੱਖਮਰੀ ਤੋਂ ਬਚਾਇਆ, ਉਥੇ ਸਰਹੱਦਾਂ ਦੀ ਰਾਖੀ ਕਰਕੇ ਵੈਰੀਆਂ ਦਾ ਮੁਕਾਬਲਾ ਕੀਤਾ। ਇਨਾਂ ਵਿਚ ਦੇਸ਼ ਪਿਆਰ ਤੇ ਸੇਵਾ ਦਾ ਜਜ਼ਬਾ ਕੁਟ-ਕੁਟ ਕੇ ਭਰਿਆ ਹੋਇਆ ਹੈ। ਕਿਸਾਨਾਂ ਨੇ ਆਪਣੀ ਮਿਹਨਤ ਨਾਲ ਜਿਥੇ ਦੇਸ਼ ਵਿਚੋਂ ਭੁੱਖਮਰੀ ਨੂੰ ਦੂਰ ਕੀਤਾ, ਉਥੇ ਆਪ ਵੀ ਸੌਖੇ ਦਿਨ ਵੇਖਣੇ ਸ਼ੁਰੂ ਕੀਤੇ। ਪੰਜਾਬ ਦੇ ਪਿੰਡਾਂ ਦੀ ਜਿਸ ਤੇਜ਼ੀ ਨਾਲ ਕਾਇਆਕਲਪ ਹੋਈ ਅਜਿਹਾ ਸੰਸਾਰ ਦੇ ਹੋਰ ਕਿਸੇ ਵੀ ਖਿੱਤੇ ਵਿਚ ਨਹੀਂ ਹੋਇਆ। ਪਿੰਡ ਵਾਸੀਆਂ ਵਿਚ ਇਕ ਉਤਸ਼ਾਹ ਸੀ ਪਿੰਡ ਦੇ ਸਾਂਝੇ ਕੰਮਾਂ ਨੂੰ ਉਹ ਤਿਉਹਾਰ ਵਾਂਗ ਕਰਦੇ ਸਨ। ਖੇਤੀ ਦੇ ਵਿਕਾਸ ਨਾਲ ਸਨਅਤੀ ਵਿਕਾਸ ਵੀ ਹੋਇਆ। ਇਕ ਦਹਾਕੇ ਵਿਚ ਖੇਤੀ ਦਾ ਮੁਕੰਮਲ ਮਸ਼ੀਨੀਕਰਨ ਹੋ ਗਿਆ। ਗੁਰਦਾਸਪੁਰ ਤੋਂ ਲੈ ਕੇ ਫ਼ਰੀਦਾਬਾਦ ਤੱਕ ਸੜਕਾਂ ਕੰਢੇ ਕਾਰਖਾਨੇ ਨਜ਼ਰ ਆਉਣ ਲੱਗੇ।

ਪਤਾ ਨਹੀਂ ਕਿਸ ਦੀ ਨਜ਼ਰ ਲੱਗ ਗਈ ਪੰਜਾਬ ਨੂੰ। ਸਰਦਾਰ ਕੈਰੋਂ ਪਿੱਛੋਂ ਓਨਾ ਪੜਿਆ ਲਿਖਿਆ ਤੇ ਪੰਜਾਬ ਬਾਰੇ ਉਸਾਰੂ ਸੋਚ ਰੱਖਣ ਵਾਲਾ ਕੋਈ ਹੋਰ ਨੇਤਾ ਪੰਜਾਬ ਨੂੰ ਨਾ ਮਿਲਿਆ। ਵਿਰੋਧੀਆਂ ਨੇ ਤਾਂ ਵਿਰੋਧ ਕਰਨਾ ਹੀ ਸੀ ਆਪਣੇ ਵੀ ਵਿਰੋਧੀ ਹੋ ਗਏ ਤੇ ਉਨਾਂ ਨੂੰ ਇਸ ਦੁਨੀਆ ਤੋਂ ਹੀ ਰੁਖ਼ਸਤ ਕਰ ਦਿੱਤਾ। ਕੇਂਦਰ ਸਰਕਾਰ ਤੋਂ ਵੀ ਪੰਜਾਬ ਦਾ ਅੱਗੇ ਵਧਣਾ ਬਰਦਾਸ਼ਤ ਨਾ ਹੋਇਆ ਤੇ ਇਸ ਨੂੰ ਕੇਵਲ ਅਨਾਜ ਪੈਦਾ ਕਰਨ ਵਾਲੀ ਮਸ਼ੀਨ ਬਣਾ ਦਿੱਤਾ। ਆਪਣੇ ਹੱਕਾਂ ਦੀ ਰਾਖੀ ਲਈ ਚਲੀਆਂ ਲਹਿਰਾਂ, ਦੂਜੇ ਸੂਬਿਆਂ ਵਿਚ ਸਨਅਤ ਨੂੰ ਵਧੇਰੇ ਸਹੂਲਤਾਂ ਮਿਲਣ ਤੇ ਵਧ ਰਹੀ ਰਿਸ਼ਵਤਖੋਰੀ ਨੇ ਸਨਅਤ ਨੂੰ ਇਥੋਂ ਬਾਹਰ ਧੱਕਣਾ ਸ਼ੁਰੂ ਕਰ ਦਿੱਤਾ।

ਇੰਝ ਪੰਜਾਬ ਦਾ ਖੇਤੀ ਤੇ ਸਨਅਤੀ ਵਿਕਾਸ ਰੁਕ ਗਿਆ। ਪੰਜਾਬ ਦੀ ਸਾਰੀ ਧਰਤੀ ਸੇਂਜੂ ਹੋਣ ਨਾਲ ਖੇਤਾਂ ਵਿਚ ਕੰਮ ਵਧ ਗਿਆ, ਜਿਸ ਲਈ ਗਵਾਂਢੀ ਸੂਬਿਆਂ ਤੋਂ ਕਾਮੇ ਆਉਣ ਲੱਗ ਪਏ। ਹੁਣ ਹਾਲਤ ਇਹ ਹੋ ਗਈ ਹੈ ਕਿ ਸਾਰਾ ਕੰਮਕਾਜ ਉਨਾਂ ਨੇ ਹੀ ਸੰਭਾਲ ਲਿਆ ਹੈ। ਇਕ ਅੰਦਾਜ਼ੇ ਅਨੁਸਾਰ ਪੰਜਾਬ ਵਿਚ ਕੋਈ 25 ਲੱਖ ਦੂਜੇ ਸੂਬਿਆਂ ਤੋਂ ਆਏ ਕਾਮੇ ਹਨ। ਪਹਿਲਾਂ ਇਹ ਫ਼ਸਲ ਦੀ ਲੁਆਈ ਅਤੇ ਵਾਢੀ ਸਮੇਂ ਆਉਂਦੇ ਸਨ ਪਰ ਹੌਲੀ-ਹੌਲੀ ਕਿਸਾਨ ਇਨਾਂ ਉੱਤੇ ਹੀ ਨਿਰਭਰ ਹੋਣ ਲੱਗ ਪਏ ਹਨ। ਕਈ ਕਿਸਾਨਾਂ ਦੇ ਤਾਂ ਟਰੈਕਟਰ ਵੀ ਇਹੋ ਹੀ ਚਲਾਉਂਦੇ ਹਨ। ਪੰਜਾਬ ਦੀ ਕੋਈ ਦੁਕਾਨ ਜਾਂ ਫੈਕਟਰੀ ਅਜਿਹੀ ਨਹੀਂ ਹੈ ਜਿਥੇ ਇਹ ਕੰਮ ਨਹੀਂ ਕਰਦੇ। ਇਨਾਂ ਦੀਆਂ ਔਰਤਾਂ ਨੇ ਹੌਲੀ-ਹੌਲੀ ਘਰਾਂ ਦਾ ਕੰਮ ਸਾਂਭ ਲਿਆ। ਪਹਿਲਾਂ ਸਫ਼ਾਈ ਫਿਰ ਕੱਪੜੇ ਧੋਣ ਅਤੇ ਭਾਂਡੇ ਮਾਂਜਣ ਤੇ ਹੁਣ ਤਾਂ ਬਹੁਤੇ ਘਰੀਂ ਰੋਟੀ ਵੀ ਇਹੋ ਹੀ ਬਣਾਉਂਦੇ ਹਨ। ਪੰਜਾਬੀਆਂ ਦੀਆਂ ਵਿਦੇਸ਼ਾਂ ਵੱਲ ਉਡਾਰੀਆਂ ਮਾਰਨ ਕਰਕੇ ਉਨਾਂ ਵਲੋਂ ਉਸਾਰੇ ਮਹਿਲਾਂ ਵਰਗੇ ਘਰਾਂ ਦੀ ਦੇਖ-ਰੇਖ ਵੀ ਇਨਾਂ ਦੇ ਜ਼ਿੰਮੇ ਹੀ ਆ ਗਈ ਹੈ। ਪੰਜਾਬ ਦੀ ਕਿਸੇ ਵੀ ਸਰਕਾਰ ਨੇ ਪੰਜਾਬੀ ਨੌਜਵਾਨਾਂ ਨੂੰ ਕਿੱਤਾਮੁਖੀ ਸਿਖਲਾਈ ਦੇਣ ਵੱਲ ਧਿਆਨ ਨਹੀਂ ਦਿੱਤਾ। ਇਕ ਸਰਕਾਰ ਨੇ ਰਾਜ ਵਿਚ ਕਈ ਆਈ.ਟੀ.ਆਈ. ਇਮਾਰਤਾਂ ਬਣਾਈਆਂ। ਪਿਛਲੇ ਵੀਹ ਸਾਲਾਂ ਤੋਂ ਇਹ ਖਾਲੀ ਪਈਆਂ ਹਨ। ਇਨਾਂ ਨੂੰ ਚਲਾਉਣ ਵੱਲ ਕਿਸੇ ਸਰਕਾਰ ਨੇ ਧਿਆਨ ਨਹੀਂ ਦਿੱਤਾ। ਸਰਕਾਰੀ ਆਮਦਨ ਵਿਚ ਵਾਧੇ ਦੇ ਯਤਨ ਕਰਨ ਦੀ ਥਾਂ ਕਰਜ਼ਾ ਲੈ ਕੇ ਵਿਕਾਸ ਕਾਰਜ ਹੁੰਦੇ ਰਹੇ ਹਨ। ਇਸ ਸਮੇਂ ਪੰਜਾਬ ਦੇਸ਼ ਦਾ ਸਭ ਤੋਂ ਵੱਧ ਕਰਜ਼ਾਈ ਸੂਬਾ ਬਣ ਗਿਆ ਹੈ। ਇਥੋਂ ਦੀ ਖੇਤੀ ਤੇ ਸਨਅਤੀ ਵਿਕਾਸ ਵਿਚ ਖੜੋਤ ਕਾਰਨ ਪਹਿਲੇ ਨੰਬਰ ਦਾ ਸੂਬਾ ਬਹੁਤ ਪਿੱਛੇ ਰਹਿ ਗਿਆ ਹੈ। ਪੰਜਾਬ ਵਿਚ ਤਕਨੀਕੀ ਕਾਮਿਆਂ ਦੀ ਬਹੁਤ ਲੋੜ ਹੈ। ਇਸ ਲੋੜ ਦੀ ਪੂਰਤੀ ਦੂਜੇ ਸੂਬਿਆਂ ਤੋਂ ਆਏ ਕਾਮੇ ਕਰਦੇ ਹਨ। ਬਹੁਤੇ ਰਾਜ, ਲੁਹਾਰ, ਤਰਖਾਣ, ਪਲੰਬਰ, ਹਜ਼ਾਮ, ਦਰਜੀ ਆਦਿ ਦੂਜੇ ਸੂਬਿਆਂ ਦੇ ਹਨ।

ਅਸੀਂ ਨਾ ਤਾਂ ਤਕਨੀਕੀ ਕਾਮੇ ਹੀ ਤਿਆਰ ਕਰ ਸਕੇ ਹਾਂ ਤੇ ਨਾ ਹੀ ਵੱਡੇ ਅਹੁਦਿਆਂ ਲਈ ਅਫ਼ਸਰ। ਬਿਹਾਰ ਨੂੰ ਪਛੜਿਆ ਸੂਬਾ ਸਮਝਿਆ ਜਾਂਦਾ ਹੈ ਪਰ ਉਥੋਂ ਦੇ ਹੀ ਸਭ ਤੋਂ ਵੱਧ ਆਈ.ਏ.ਐਸ. ਅਫ਼ਸਰ ਤੇ ਤਕਨੀਕੀ ਕਾਮੇ ਹਨ। ਸਾਰੀਆਂ ਰਾਜਸੀ ਪਾਰਟੀਆਂ ਨੇ ਪੰਜਾਬ ਅਤੇ ਪੰਜਾਬੀਆਂ ਦੇ ਵਿਕਾਸ ਬਾਰੇ ਸੋਚਣ ਦੀ ਥਾਂ ਆਪਣੀ ਕੁਰਸੀ ਬਾਰੇ ਹੀ ਸੋਚਿਆ ਹੈ। ਵੋਟ ਪ੍ਰਾਪਤੀ ਲਈ ਮੁਫ਼ਤ ਦੀਆਂ ਰੇਉੜੀਆਂ ਵੰਡਣ ਦਾ ਯਤਨ ਕੀਤਾ ਹੈ। ਜੇਕਰ ਕਿਸੇ ਸਰਕਾਰ ਨੇ ਸੋਚਿਆ ਵੀ ਤਾਂ ਉਸ ਉਤੇ ਇਮਾਨਦਾਰੀ ਨਾਲ ਅਮਲ ਨਹੀਂ ਕੀਤਾ। ਕਦੇ ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਪੰਜਾਬ ਵਿਚ ਫ਼ੋਕਲ ਪੋਇੰਟ ਬਣਾਉਣ ਦੀ ਸਕੀਮ ਚਾਲੂ ਕੀਤੀ ਸੀ। ਇਨਾਂ ਕੇਂਦਰਾਂ ਨੇ ਪਿੰਡਾਂ ਲਈ ਵਿਕਾਸ ਦੇ ਕੇਂਦਰ ਬਣ ਜਾਣਾ ਸੀ। ਇਥੇ ਛੋਟੇ ਤੇ ਖੇਤੀ ਆਧਾਰਿਤ ਕਾਰਖਾਨੇ ਲਗਣੇ ਸਨ। ਮੰਡੀ ਤੇ ਦੁਕਾਨਾਂ ਬਣਨੀਆਂ ਸਨ। ਇੰਜ ਪਿੰਡ ਵਾਸੀਆਂ ਨੂੰ ਰੁਜ਼ਗਾਰ ਮਿਲ ਜਾਣਾ ਸੀ। ਆਪਣੇ ਪਿੰਡ ਰਹਿੰਦਿਆਂ ਉਹ ਆਪਣੀ ਆਮਦਨ ਵਿਚ ਵਾਧਾ ਕਰ ਸਕਦੇ ਸਨ ਪਰ ਬਾਦਲ ਸਾਹਿਬ ਜਦੋਂ ਦੂਜੀ ਵਾਰ ਮੁੱਖ ਮੰਤਰੀ ਬਣੇ ਇਸ ਸਕੀਮ ਨੂੰ ਭੁੱਲ ਹੀ ਗਏ। ਪਿੰਡਾਂ ਵਿਚ ਵਧੀਆ ਵਿੱਦਿਆ ਦੇਣ ਲਈ ਆਦਰਸ਼ ਸਕੂਲ ਖੋਲੇ ਗਏ। ਕੁਝ ਸਮੇਂ ਪਿੱਛੋਂ ਹੋਰ ਬਾਕੀ ਸਕੂਲਾਂ ਨੂੰ ਵੀ ਆਦਰਸ਼ ਬਣਾਉਣ ਦੀ ਥਾਂ ਇਨਾਂ ਸਕੂਲਾਂ ਵਲੋਂ ਵੀ ਮੁੱਖ ਮੋੜ ਲਿਆ ਗਿਆ।

ਪੰਜਾਬ ਦੀ ਸਾਰੀ ਧਰਤੀ ਸੇਂਜੂ ਹੈ ਤੇ ਇਥੇ ਸਾਰੇ ਛੇ ਮੌਸਮ ਆਉਂਦੇ ਹਨ। ਇਸ ਕਰਕੇ ਪਸ਼ੂ ਪਾਲਣ ਅਤੇ ਬਾਗਬਾਨੀ ਲਈ ਇਹ ਸਭ ਤੋਂ ਵਧੀਆ ਹੈ। ਸ: ਕੈਰੋਂ ਨੇ ਇਸ ਪਾਸੇ ਯਤਨ ਆਰੰਭੇ ਸਨ। ਉਨਾਂ ਵਲੋਂ ਲਗਾਏ ਗਏ ਇਕ ਅਫ਼ਸਰ ਨੇ ਡੇਅਰੀ ਵਿਕਾਸ ਲਈ ਵਧੀਆ ਕੰਮ ਕੀਤਾ ਤੇ ਵੇਰਕਾ ਦੀ ਸਥਾਪਨਾ ਕੀਤੀ। ਕਿੰਨੋ ਅਤੇ ਅੰਗੂਰਾਂ ਦੇ ਬਾਗ ਵੀ ਉਦੋਂ ਹੀ ਲਗਾਏ ਗਏ। ਦੁਆਬੇ ਵਿਚ ਸਬਜ਼ੀਆਂ ਦੀ ਕਾਸ਼ਤ ਦਾ ਰੁਝਾਨ ਵਧਿਆ ਪਰ ਇਸ ਨੂੰ ਕਣਕ-ਝੋਨੇ ਦੇ ਬਦਲ ਵਜੋਂ ਉਤਸ਼ਾਹਿਤ ਕਰਨ ਦੀ ਥਾਂ ਸਗੋਂ ਕਣਕ-ਝੋਨੇ ਨੂੰ ਹੀ ਉਤਸ਼ਾਹਿਤ ਕੀਤਾ ਗਿਆ। ਕੇਂਦਰ ਸਰਕਾਰ ਇਹ ਬਰਦਾਸ਼ਤ ਨਹੀਂ ਕਰ ਸਕਦੀ ਸੀ ਕਿ ਪੰਜਾਬ ਅਨਾਜ ਪੈਦਾ ਕਰਨ ਵਲੋਂ ਮੁੱਖ ਮੋੜੇ। ਹੁਣ ਵੀ ਹਰ ਸਾਲ ਪੰਜਾਬ ਕਿਤਨਾ ਅਨਾਜ ਪੈਦਾ ਕਰੇ ਇਸ ਦੇ ਨਿਰਦੇਸ਼ ਕੇਂਦਰ ਸਰਕਾਰ ਵਲੋਂ ਦਿੱਤੇ ਜਾਂਦੇ ਹਨ। ਖੇਤੀ ਭਾਵੇਂ ਕਿ ਰਾਜ ਸਰਕਾਰਾਂ ਦੇ ਖੇਤਰ ਵਿਚ ਆਉਂਦੀ ਹੈ ਪਰ ਸਾਰੀਆਂ ਸਕੀਮਾਂ ਕੇਂਦਰ ਸਰਕਾਰ ਹੀ ਤਿਆਰ ਕਰਦੀ ਹੈ ਤੇ ਉਥੋਂ ਹੀ ਆਰਥਿਕ ਸਹਾਇਤਾ ਆਉਂਦੀ ਹੈ। ਪੰਜਾਬ, ਉੱਤਰ ਪ੍ਰਦੇਸ਼, ਬਿਹਾਰ ਲਈ ਇਕੋ ਹੀ ਸਕੀਮ ਬਣਾਈ ਜਾਂਦੀ ਹੈ। ਜਿਸ ਦਾ ਲਾਭ ਪੰਜਾਬ ਦੀ ਕਿਸਾਨੀ ਨੂੰ ਕੋਈ ਖ਼ਾਸ ਨਹੀਂ ਹੁੰਦਾ। ਪੰਜਾਬ ਵਿਚ ਸੰਸਾਰ ਦੀਆਂ ਸਭ ਤੋਂ ਵਧੀਆ ਮੱਝਾਂ ਹਨ। ਇਨਾਂ ਨੂੰ ਪਾਲਣ ਲਈ ਉਤਸ਼ਾਹਿਤ ਕੀਤਾ ਜਾਵੇ। ਅਜਿਹਾ ਕੀਤਿਆਂ ਅਵਾਰਾ ਡੰਗਰਾਂ ਦੀ ਸਮੱਸਿਆ ਵੀ ਨਹੀਂ ਹੋਵੇਗੀ। ਸੂਬੇ ਵਿਚ ਬਾਗਬਾਨੀ ਵਿਭਾਗ ਵੱਖਰਾ ਤਾਂ ਬਣਾ ਦਿੱਤਾ ਗਿਆ ਹੈ ਪਰ ਇਸ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਅਜਿਹਾ ਹੀ ਪਸ਼ੂ ਪਾਲਣ ਸੰਬੰਧੀ ਵੀ ਹੋਣਾ ਚਾਹੀਦਾ ਹੈ। ਇਕੋ ਕਾਰਜ ਲਈ ਕਈ ਵਿਭਾਗ ਹਨ। ਉਨਾਂ ਨੂੰ ਇਕੱਠਿਆਂ ਕਰਕੇ ਇਕ ਮਜ਼ਬੂਤ ਵਿਭਾਗ ਬਣਾਇਆ ਜਾਵੇ ਤੇ ਕਰਮਚਾਰੀਆਂ ਉਤੇ ਨਤੀਜੇ ਆਧਾਰਿਤ ਕਾਰਜ ਪ੍ਰਣਾਲੀ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਜਾਵੇ। ਹੁਣ ਸਨਅਤੀ ਵਿਕਾਸ ਵੱਲ ਆਉਂਦੇ ਹਾਂ। ਜਿਵੇਂ ਪਹਿਲਾਂ ਲਿਖਿਆ ਹੈ ਪੰਜਾਬ ਵਿਚੋਂ ਸਨਅਤਾਂ ਦੇ ਬਾਹਰ ਜਾਣ ਦੇ ਦੋ ਮੁੱਖ ਕਾਰਨ, ਪੰਜਾਬ ਵਿਚ ਹੱਕਾਂ ਲਈ ਚਲੇ ਸੰਘਰਸ਼ ਅਤੇ ਰਿਸ਼ਵਤਖੋਰੀ ਹੈ। ਪੰਜਾਬੀ ਚੰਗਾ ਜੀਵਨ ਜਿਊਣ ਲਈ ਯਤਨਸ਼ੀਲ ਰਹਿੰਦੇ ਹਨ। ਇਸ ਲਈ ਉਹ ਰਜ ਕੇ ਮਿਹਨਤ ਵੀ ਕਰਦੇ ਹਨ। ਪਰ ਰਾਜਨੀਤੀ ਵਿਚ ਕੁਝ ਅਜਿਹੇ ਲੋਕ ਆ ਗਏ ਜਿਨਾਂ ਦਾ ਮੰਤਵ ਲੋਕ ਸੇਵਾ ਨਹੀਂ ਸਗੋਂ ਪੈਸਾ ਕਮਾਉਣਾ ਹੈ। ਕਈ ਸਨਅਤਕਾਰ ਤੇ ਵਪਾਰੀ ਵੀ ਰਾਜਨੀਤੀ ਵਿਚ ਆਣ ਵੜੇ ਹਨ। ਉਨਾਂ ਦੇ ਕਰਿੰਦੇ ਜੇਕਰ ਕਾਰੋਬਾਰ ਵਿਚ ਕੁਝ ਗ਼ਲਤ ਵੀ ਕਰਦੇ ਹਨ ਤਾਂ ਕਿਸੇ ਸਰਕਾਰੀ ਅਧਿਕਾਰੀ ਦੀ ਜੁਰਅਤ ਨਹੀਂ ਪੈਂਦੀ ਕਿ ਚਲਾਣ ਕਰ ਸਕੇ। ਨਵੀਆਂ ਨਿਯੁਕਤੀਆਂ ਅਤੇ ਬਦਲੀਆਂ ਦੇ ਵੀ ਪੈਸੇ ਲਏ ਜਾਣ ਲੱਗ ਪਏ ਹਨ। ਪੰਜਾਬ ਜਿਹੜਾ ਗੁਰੂਆਂ ਦੀ ਧਰਤੀ ਹੈ ਉਥੇ ਹੀ ਸਭ ਤੋਂ ਵੱਧ ਭ੍ਰਿਸ਼ਟਾਚਾਰ ਫੈਲ ਗਿਆ ਹੈ। ਹੁਣ ਪੰਜਾਬ ਵਿਚਲੀ ਬਹੁਤੀ ਸਨਅਤ ਲੁਧਿਆਣੇ ਵਿਚ ਹੀ ਇਕੱਠੀ ਹੋ ਗਈ ਹੈ। ਇਸ ਨੇ ਸੌ ਤੋਂ ਵੱਧ ਪਿੰਡਾਂ ਨੂੰ ਖਾ ਲਿਆ ਹੈ। ਪਿੰਡ ਵਾਸੀ ਜ਼ਮੀਨਾਂ ਵੇਚ ਹੋਰ ਥਾਵੀਂ ਚਲੇ ਗਏ ਹਨ ਤੇ ਉਨਾਂ ਦੇ ਘਰਾਂ ਵਿਚ ਦੂਜੇ ਸੂਬਿਆਂ ਤੋਂ ਆਏ ਕਾਮੇ ਰਹਿੰਦੇ ਹਨ। ਇਹ ਹੀ ਕਾਰਖਾਨਿਆਂ ਵਿਚ ਕੰਮ ਕਰਦੇ ਹਨ। ਸਰਕਾਰ ਨੂੰ ਚਾਹੀਦਾ ਸੀ ਕਿ ਹਰੇਕ ਜ਼ਿਲੇ ਵਿਚ ਸਨਅਤੀ ਕਲਸਟਰ ਬਣਾਇਆ ਜਾਂਦਾ, ਜਿਥੇ ਲਾਗਲੇ ਪਿੰਡਾਂ ਦੇ ਲੋਕਾਂ ਨੂੰ ਰੁਜ਼ਗਾਰ ਮਿਲਦਾ।

ਜੇਕਰ ਸਰਕਾਰ ਪਿੰਡ ਵਾਸੀਆਂ ਦੀ ਆਮਦਨ ਵਿਚ ਵਾਧਾ ਕਰਨਾ ਚਾਹੁੰਦੀ ਹੈ ਤਾਂ ਉੱਪਰ ਦੱਸੇ ਗਏ ਸੁਝਾਵਾਂ ਉਤੇ ਵਿਚਾਰ ਜ਼ਰੂਰ ਕੀਤਾ ਜਾਵੇ। ਸੂਬੇ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਕੇ ਕਾਰਖਾਨਿਆਂ ਨੂੰ ਸਾਰੇ ਜ਼ਿਲਿਆਂ ਵਿਚ ਲਗਾਉਣ ਦੇ ਯਤਨ ਕੀਤੇ ਜਾਣ। ਇਨਾਂ ਵਿਚ ਸਥਾਨਿਕ ਲੋਕਾਂ ਨੂੰ ਪਹਿਲ ਦੇ ਆਧਾਰ ਉਤੇ ਕੰਮ ਦਿੱਤਾ ਜਾਵੇ। ਖੇਤੀ ਵਿਚ ਪਸ਼ੂ ਪਾਲਣ ਤੇ ਬਾਗਬਾਨੀ ਨੂੰ ਉਤਸ਼ਾਹਿਤ ਕੀਤਾ ਜਾਵੇ। ਫ਼ੋਕਲ ਪੁਆਇੰਟ ਸਕੀਮ ਮੁੜ ਪੂਰੀ ਸੰਜੀਦਗੀ ਨਾਲ ਸ਼ੁਰੂ ਕੀਤੀ ਜਾਵੇ। ਹਰੇਕ ਜ਼ਿਲੇ ਵਿਚ ਸਨਅਤੀ ਸਿਖਲਾਈ ਸਕੂਲ ਖੋਲੇ ਜਾਣ। ਇਨਾਂ ਵਿਚ ਅਮਲੀ ਸਿਖਲਾਈ ਵੱਲ ਵਧੇਰੇ ਧਿਆਨ ਦਿੱਤਾ ਜਾਵੇ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਪੰਜਾਬ ਨਹੀਂ ਰਹੇਗਾ। ਰਾਜਸੀ ਪਾਰਟੀਆਂ ਅੱਗੇ ਬੇਨਤੀ ਹੈ ਕਿ ਜੇਕਰ ਉਨਾਂ ਲੋਕ ਸੇਵਾ ਦੀ ਜ਼ਿੰਮੇਵਾਰੀ ਲਈ ਹੈ ਤਾਂ ਲੋਕ ਸੇਵਕ ਬਣੋ। ਰਾਜਨੀਤੀ ਨੂੰ ਵਪਾਰ ਨਾ ਬਣਾਵੋ। ਪੰਜਾਬੀਆਂ ਨੂੰ ਚੋਗੇ ਪਾ ਕੇ ਮੰਗਤੇ ਨਾ ਬਣਾਵੋ ਸਗੋਂ ਪੰਜਾਬ ਦੀ ਖੇਤੀ ਅਤੇ ਸਨਅਤੀ ਵਿਕਾਸ ਲਈ ਇਕ ਸਾਰਥਕ ਯੋਜਨਾ ਬਣਾਵੋ। ਸਕੂਲਾਂ ਅਤੇ ਹਸਪਤਾਲਾਂ ਨੂੰ ਸਮੇਂ ਦੇ ਹਾਣੀ ਬਣਾਵੋ। ਨੌਜਵਾਨਾਂ ਨੂੰ ਨਸ਼ਿਆਂ ਦੀ ਆਦਤ ਨਾ ਪਾਵੋ ਸਗੋਂ ਆਪਣੇ ਜੀਵਨ ਨੂੰ ਉਨਾਂ ਲਈ ਆਦਰਸ਼ ਬਣਾਵੋ। ਕਿਸਾਨ ਮੋਰਚੇ ਨੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰ ਦਿੱਤਾ ਹੈ। ਹੁਣ ਆਪਣੇ ਆਪ ਨੂੰ ਢਾਲੋ ਤੇ ਪੰਜਾਬ ਨੂੰ ਮੁੜ ਪਹਿਲੇ ਨੰਬਰ ਦਾ ਸੂਬਾ ਬਣਾਵੋ।

---

# ਭਾਰਤ ਵਿਚਲੇ ਹੁਨਰਮੰਦ ਨਾਗਰਿਕਾਂ ਦੀ ਯੋਗਤਾ ਦੀ ਕੋਈ ਪਰਖ ਨਹੀਂ

**ਪੂਰਨ ਚੰਦ ਸਾਰੀਨ**

ਜੇਕਰ ਭਾਰਤ ਤੋਂ ਹੁਨਰ ਪ੍ਰਵਾਸ ਨਾ ਹੁੰਦਾ ਜਾਂ ਨਾ ਹੋਣ ਦਿੱਤਾ ਜਾਂਦਾ ਤਾਂ ਅੱਜ ਅਸੀਂ ਵਿਕਸਿਤ ਦੇਸ਼ ਕਹਿਲਾਉਂਦੇ। ਇਕ ਉਦਾਹਰਨ ਯਾਦ ਆ ਰਹੀ ਹੈ। ਗੱਲ ਸੱਠ ਦੇ ਦਹਾਕੇ ਦੀ ਹੈ, ਜਦੋਂ ਮੈਂ ਪੱਤਰਕਾਰਤਾ ਅਤੇ ਲੇਖਣੀ ਨੂੰ ਆਪਣਾ ਰੁਜ਼ਗਾਰ ਬਣਾਉਣ ਦਾ ਨਿਸਚਾ ਕਰ ਇਸ ਨੂੰ ਸਿੱਖਣਾ ਸ਼ੁਰੂ ਕੀਤਾ ਸੀ। ਉਸ ਦੌਰਾਨ ਇਕ ਅਮਰੀਕੀ ਨਾਲ ਮੇਰੀ ਮੁਲਾਕਾਤ ਹੋਈ, ਜੋ ਮਿੱਤਰਤਾ ਵਿਚ ਬਦਲ ਗਈ। ਇਕ ਦਿਨ ਉਸ ਨੇ ਕਿਹਾ ਕਿ ਮੈਨੂੰ ਖ਼ਰਚ ਕਰਨ ਦਿਆ ਕਰੋ, ਕਿਉਂਕਿ ਤੁਹਾਡੇ ਦੇਸ਼ ਤੋਂ ਮੈਨੂੰ ਏਨੀ ਤਨਖ਼ਾਹ ਮਿਲਦੀ ਹੈ ਕਿ ਮੈਂ ਇੱਥੇ ਪੂਰੇ ਐਸ਼ੋ-ਆਰਾਮ ਨਾਲ ਰਹਿ ਸਕਦਾ ਹਾਂ। ਉਸ ਸਮੇਂ ਉਸ ਦੀ ਤਨਖ਼ਾਹ ਲਗਭਗ ਦਸ ਹਜ਼ਾਰ ਹੋਵੇਗੀ, ਜੋ ਅੱਜ ਦਸ ਲੱਖ ਦੇ ਬਰਾਬਰ ਹੈ।

ਇਕ ਝਟਕਾ ਲੱਗਾ, ਜਦੋਂ ਇਕ ਦਿਨ ਉਸ ਨੇ ਕਿਹਾ ਕਿ ਪਤਾ ਨਹੀਂ ਕਿਉਂ ਭਾਰਤ ਸਰਕਾਰ ਨੇ ਮੈਨੂੰ ਨਿਯੁਕਤ ਕੀਤਾ, ਜਦੋਂਕਿ ਮੈਂ ਆਪਣੇ ਅਧੀਨ ਜਿਨਾਂ ਦੇ ਨਾਲ ਕੰਮ ਕਰਦਾ ਹਾਂ, ਉਹ ਯੋਗਤਾ ਵਿਚ ਮੇਰੇ ਤੋਂ ਥੋੜਾ ਵੀ ਘੱਟ ਨਹੀਂ, ਸਗੋਂ ਸੱਚ ਤਾਂ ਇਹ ਹੈ ਕਿ ਉਹ ਮੇਰੇ ਤੋਂ ਜ਼ਿਆਦਾ ਯੋਗ ਹਨ। ਇਹ ਉਦਾਹਰਨ ਇਸ ਗੱਲ ਦਾ ਸਬੂਤ ਹੈ ਕਿ ਦੇਸ਼ ਦੀ ਸਰਕਾਰ ਨੇ ਆਪਣੇ ਨਾਗਰਿਕਾਂ ਦੀ ਯੋਗਤਾ 'ਤੇ ਕਦੇ ਭਰੋਸਾ ਹੀ ਨਹੀਂ ਕੀਤਾ, ਸਗੋਂ ਉਨਾਂ ਨੂੰ ਵਿਦੇਸ਼ਾਂ ਵਿਚ ਜਾ ਕੇ ਵਸਣ ਲਈ ਮਜਬੂਰ ਕਰ ਦਿੱਤਾ। ਇਸ ਦਾ ਨਤੀਜਾ ਇਹ ਹੋਇਆ ਕਿ ਅਮਰੀਕਾ ਵਰਗੇ ਦੇਸ਼ਾਂ ਨੂੰ ਬਿਨਾਂ ਕੁਝ ਕੀਤਿਆਂ ਅਸੀਮਿਤ ਯੋਗਤਾ ਵਾਲੇ ਭਾਰਤੀ ਮਿਲਣ ਲੱਗੇ।

ਇਹ ਕਹਿੰਦੇ ਹੋਏ ਕੁਝ ਲੋਕਾਂ ਨੂੰ ਮਾਣ ਹੋ ਸਕਦਾ ਹੈ, ਪਰ ਹਕੀਕਤ ਇਹ ਹੈ ਕਿ ਇਸ ਤੋਂ ਜ਼ਿਆਦਾ ਸ਼ਰਮ ਵਾਲੀ ਗੱਲ ਨਹੀਂ ਹੋ ਸਕਦੀ ਕਿ ਅੱਜ ਅਮਰੀਕਾ ਵਰਗੇ ਦੇਸ਼ਾਂ ਵਿਚ ਭਾਰਤ ਦੇ ਲੋਕ ਸਭ ਤੋਂ ਉੱਚੇ ਅਹੁਦਿਆਂ 'ਤੇ ਹਨ। ਜੇਕਰ ਇਨਾਂ ਨੂੰ ਉਸ ਸਮੇਂ ਰੋਕ ਲਿਆ ਜਾਂਦਾ ਤਾਂ ਇਸ ਦੀ ਕਲਪਨਾ ਕਰਨਾ ਕੋਈ 'ਰਾਕੇਟ ਸਾਇੰਸ' ਨਹੀਂ ਕਿ ਭਾਰਤ ਵਿਸ਼ਵ ਵਿਚ ਕਿਸ ਥਾਂ 'ਤੇ ਹੁੰਦਾ!

ਇਕ ਹੋਰ ਉਦਾਹਰਨ ਹੈ। ਰੂਸ, ਚੀਨ, ਜਾਪਾਨ, ਅਮਰੀਕਾ, ਇੰਗਲੈਂਡ ਅਤੇ ਜਰਮਨੀ ਤੱਕ ਨੇ ਆਪਣੇ ਨਾਗਰਿਕਾਂ ਦੇ ਹੁਨਰ ਦਾ ਪ੍ਰਵਾਸ ਰੋਕਣ ਲਈ ਇਸ ਤਰਾਂ ਦਾ ਵਾਤਾਵਰਨ ਬਣਾਇਆ, ਅਜਿਹੀਆਂ ਬੰਦਿਸ਼ਾਂ ਲਗਾਈਆਂ, ਕਾਨੂੰਨ ਬਣਾਏ ਅਤੇ ਆਪਣੇ ਦੇਸ਼ ਵਿਚ ਹੀ ਰਹਿ ਕੇ ਆਪਣੇ ਹੁਨਰ ਦਿਖਾਉਣ ਦੇ ਆਪਣੇ ਨਾਗਰਿਕਾਂ ਨੂੰ ਏਨੇ ਮੌਕੇ ਦਿੱਤੇ ਕਿ ਕੋਈ ਆਪਣਾ ਦੇਸ਼ ਛੱਡ ਕੇ ਨੌਕਰੀ ਜਾਂ ਰੁਜ਼ਗਾਰ ਲਈ ਕਿਤੇ ਹੋਰ ਜਾਣ ਬਾਰੇ ਨਹੀਂ ਸੋਚਦਾ, ਪਰ ਭਾਰਤ ਵਿਚ ਇਸ ਦਾ ਉਲਟਾ ਹੈ। ਇਹ ਕਹਿਣ ਅਤੇ ਮੰਨ ਲੈਣ 'ਚ ਕੋਈ ਝਿਜਕ ਨਹੀਂ ਹੈ ਕਿ ਅਜ਼ਾਦੀ ਤੋਂ ਬਾਅਦ ਅਜਿਹੇ ਹਾਲਾਤ ਬਣਾਏ ਹੀ ਨਹੀਂ ਗਏ ਕਿ ਦੇਸ਼ ਦੇ ਹੁਨਰ ਅਤੇ ਉਸ ਦੇ ਨਾਗਰਿਕਾਂ ਦੀ ਯੋਗਤਾ ਦੀ ਸਹੀ ਪਰਖ ਹੋ ਸਕੇ। ਜੇਕਰ ਅਜਿਹਾ ਹੁੰਦਾ ਤਾਂ ਚਾਹੇ ਕਿੰਨੇ ਵੀ ਲਾਲਚ ਹੁੰਦੇ, ਕੋਈ ਵੀ ਭਾਰਤੀ ਦੇਸ਼ ਤੋਂ ਬਾਹਰ ਜਾ ਕੇ ਆਪਣੀ ਯੋਗਤਾ ਦਿਖਾਉਣ ਬਾਰੇ ਨਾ ਸੋਚਦਾ।

ਚਲੋ ਮੰਨ ਲੈਂਦੇ ਹਾਂ ਕਿ ਜੋ ਹੋਇਆ ਉਸ ਨੂੰ ਬਦਲਿਆ ਨਹੀਂ ਜਾ ਸਕਦਾ, ਪਰ ਅੱਜ ਵੀ ਸਰਕਾਰ ਇਹ ਸਮਝਣ ਨੂੰ ਤਿਆਰ ਨਹੀਂ ਹੈ ਕਿ ਦੇਸ਼ ਦੇ ਹੁਨਰ ਨੂੰ ਬਾਹਰ ਨਾ ਜਾਣ ਦਿੱਤਾ ਜਾਵੇ, ਰੋਕ ਕੇ ਰੱਖਣ ਲਈ ਉਹ ਸਾਰੀਆਂ ਸਹੂਲਤਾਂ ਹੁਨਰਮੰਦ ਲੋਕਾਂ ਨੂੰ ਦਿੱਤੀਆਂ ਜਾਣ ਕਿ ਉਨਾਂ ਦੇ ਮਨ ਵਿਚ ਕਿਤੇ ਹੋਰ ਜਾ ਕੇ ਆਪਣੀ ਯੋਗਤਾ ਦਿਖਾਉਣ ਦੀ ਗੱਲ ਮਨ ਵਿਚ ਹੀ ਨਾ ਆ ਸਕੇ। ਇਹ ਸੋਚਣਾ ਕਿ ਜੋ ਭਾਰਤੀ ਵਿਦੇਸ਼ਾਂ ਵਿਚ ਵਸ ਗਏ ਹਨ, ਉਹ ਸਭ ਕੁਝ ਛੱਡ ਕੇ ਇੱਥੇ ਵਾਪਸ ਆਉਣਗੇ, ਕੋਰੀ ਕਲਪਨਾ ਅਤੇ ਖ਼ੁਦ ਨੂੰ ਗ਼ਲਤਫ਼ਹਿਮੀ ਵਿਚ ਰੱਖਣਾ ਹੈ, ਇਸ ਲਈ ਅਜਿਹੇ ਉਪਾਅ ਕਰਨੇ ਹੋਣਗੇ ਕਿ ਜੋ ਇੱਥੇ ਰਹਿ ਕੇ ਆਪਣਾ ਹੁਨਰ ਦਿਖਾਉਣਾ ਚਾਹੁੰਦੇ ਹਨ, ਉਨਾਂ ਨੂੰ ਕਿਵੇਂ ਰੋਕ ਕੇ ਰੱਖਿਆ ਜਾਵੇ? ਹਰ ਮਨੁੱਖ ਦੀਆਂ ਬੁਨਿਆਦੀ ਲੋੜਾਂ ਵੀ ਹੁੰਦੀਆਂ ਹਨ। ਉਨਾਂ ਕਾਰਨ ਜਿੱਥੇ ਉਸ ਨੂੰ ਮੌਕਾ ਮਿਲੇਗਾ, ਉਹ ਉਸ ਨੂੰ ਪਹਿਲਾਂ ਹਾਸਲ ਕਰਨ ਦੀ ਕੋਸ਼ਿਸ਼ ਕਰੇਗਾ, ਬਾਕੀ ਸਭ ਬੇਕਾਰ ਹੈ।

### ਮਰਜ਼ੀ ਅਤੇ ਮਜਬੂਰੀ

ਕੋਈ ਵੀ ਵਿਅਕਤੀ ਆਪਣੀ ਮਰਜ਼ੀ ਨਾਲ ਵਿਦੇਸ਼ ਉਦੋਂ ਜਾਂਦਾ ਹੈ, ਜਦੋਂ ਉਸ ਦੇ ਸਾਹਮਣੇ ਅਜਿਹੇ ਮੌਕਿਆਂ ਦੀ ਕਮੀ ਹੋਵੇ, ਜਿਨਾਂ ਦੇ ਬਲ 'ਤੇ ਉਹ ਆਪਣੇ ਹੁਨਰ ਅਨੁਸਾਰ ਤਨਖ਼ਾਹ ਅਤੇ ਹੋਰ ਸਹੂਲਤਾਂ ਹਾਸਲ ਕਰ ਸਕੇ। ਇਸ ਦਾ ਮਤਲਬ ਇਹ ਹੈ ਕਿ ਉਹ ਤੁਲਨਾ ਕਰਦਾ ਹੈ ਕਿ ਦੇਸ਼ ਵਿਚ ਉਸ ਨੂੰ ਉਹ ਸਭ ਕੁਝ ਮਿਲ ਸਕਦਾ ਹੈ ਜਾਂ ਨਹੀਂ, ਜੇਕਰ ਨਹੀਂ ਤਾਂ ਉਹ ਕਿਸੇ ਵੀ ਤਰੀਕੇ ਨਾਲ ਉੱਥੇ ਜਾਵੇਗਾ। ਇਸ ਸ਼੍ਰੇਣੀ ਵਿਚ ਜ਼ਿਆਦਾਤਰ ਉਹ ਨੌਜਵਾਨ ਆਉਂਦੇ ਹਨ, ਜੋ ਏਨੇ ਕਾਬਲ ਹਨ ਕਿ ਕੋਈ ਵੀ ਸੰਸਥਾ ਉਨਾਂ ਨੂੰ ਆਪਣੇ ਨਾਲ ਜੋੜਨ ਅਤੇ ਨਾਲ ਹੀ ਜੋੜੀ ਰੱਖਣ ਲਈ ਉਨਾਂ ਦੀ ਸੋਚ ਤੋਂ ਵੀ ਜ਼ਿਆਦਾ ਤਨਖ਼ਾਹ ਅਤੇ ਭੱਤੇ ਦੇਣ ਦੀ ਪੇਸ਼ਕਸ਼ ਕਰਦੀ ਹੈ। ਜਦੋਂ ਉਸ ਦੇ ਸਾਹਮਣੇ ਕਿਸੇ ਇਕ ਨੂੰ ਚੁਣਨ ਦਾ ਮੌਕਾ ਆਉਂਦਾ ਹੈ ਤਾਂ ਉਹ ਬੇਝਿਜਕ ਬਹੁਕੌਮੀ ਕੰਪਨੀਆਂ ਨੂੰ ਚੁਣ ਕੇ ਆਪਣੀ ਮਾਤ ਭੂਮੀ ਨੂੰ ਅਲਵਿਦਾ ਕਹਿਣ ਵਿਚ ਕਦੇ ਵੀ ਝਿਜਕ ਨਹੀਂ ਦਿਖਾਉਂਦਾ।

ਦੂਜੀ ਹਾਲਤ ਵਿਚ ਕੋਈ ਵਿਅਕਤੀ ਵਿਦੇਸ਼ ਉਦੋਂ ਜਾਂਦਾ ਹੈ, ਜਦੋਂ ਉਸ ਦੇ ਸਾਹਮਣੇ ਕੋਈ ਮਜਬੂਰੀ ਹੁੰਦੀ ਹੈ, ਜਿਸ ਕਾਰਨ ਬਾਹਰ ਜਾਣ ਵਿਚ ਹੀ ਉਹ ਆਪਣਾ ਭਲਾ ਸਮਝਦਾ ਹੈ। ਇਨਾਂ ਕਾਰਨਾਂ ਵਿਚ ਦੇਸ਼ ਵਿਚ ਪ੍ਰਸ਼ਾਸਨਿਕ ਪੱਧਰ 'ਤੇ ਵਿਆਪਕ ਭ੍ਰਿਸ਼ਟਾਚਾਰ, ਕੋਟਾ ਸਿਸਟਮ, ਯੋਗਤਾ ਦੀ ਥਾਂ 'ਤੇ ਰਾਖਵਾਂਕਰਨ ਨੂੰ ਮਾਨਤਾ ਅਤੇ ਰਾਜਨੀਤਕ ਪੱਧਰ 'ਤੇ ਭਾਈ-ਭਤੀਜਾਵਾਦ ਪ੍ਰਮੁੱਖ ਹੈ।

**ਬਾਕੀ ਸਫ਼ਾ 31 'ਤੇ**

# ਸਿੱਖ ਤਵਾਰੀਖ ਦੇ ਪੰਨਿਆਂ 'ਤੇ ਪੋਹ ਦਾ ਮਹੀਨਾ

**ਜੋਰਾਵਰ ਸਿੰਘ ਤਰਸਿੱਕਾ**

ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਪਰਿਵਾਰ ਦੀ ਸ਼ਹਾਦਤ ਇਕ ਅਜਿਹੀ ਸ਼ਹਾਦਤ ਸੀ ਜਿਸ ਨੂੰ ਰਹਿੰਦੀ ਦੁਨੀਆਂ ਤੱਕ ਨਮਨ ਕੀਤਾ ਜਾਵੇਗਾ। ਪੋਹ ਦੇ ਮਹੀਨੇ ਦਾ ਸਿੱਖ ਇਤਿਹਾਸ ਪੜਨ ਵਾਲੇ ਹਰ ਇਕ ਇਨਸਾਨ ਦੀ ਅੱਖ ਨਮ ਕਰ ਦੇਂਦਾ ਹੈ ਜਿਸ ਨੂੰ ਕਲਗੀਧਰ ਪਾਤਸ਼ਾਹ ਨਾਲ ਪਿਆਰ ਹੈ। ਇਸ ਇਤਿਹਾਸ ਦੀ ਲੜੀ ਨੂੰ ਹਰਫ਼ਾਂ ਦੀ ਮਾਲਾ ਵਿਚ ਪ੍ਰੋਹਣ ਦਾ ਇਕ ਨਿਮਾਣਾ ਯਤਨ ਕੀਤਾ ਹੈ।

ਇੱਕ ਸਮਾਂ ਇਹੋ ਜਿਹਾ ਆਇਆ ਜਿਸ ਵਕਤ ਮੁਗਲਾਂ ਤੇ ਪਹਾੜੀ ਰਾਜਿਆਂ ਨੇ ਮਿਲ ਕੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ।ਦੁਸ਼ਮਨਾਂ ਦਾ ਮਕਸਦ ਸੀ ਗੁਰੂ ਜੀ ਤੇ ਸਿੱਖ ਕੌਮ ਨੂੰ ਖਤਮ ਕਰਨਾ ਤੇ ਉਨਾਂ ਦੇ ਧਾਰਮਿਕ ਸਥਾਨਾਂ 'ਤੇ ਕਬਜਾ ਕਰਨਾ।

8 ਮਹੀਨਿਆਂ ਤੋਂ ਵੀ ਜਿਆਦਾ ਸਮਾਂ ਮੁਗਲ ਆਪਣੀ 10 ਲੱਖ ਫੌਜ ਨਾਲ ਅਨੰਦਪੁਰ ਸਾਹਿਬ ਨੂੰ ਘੇਰਾ ਪਾਏ ਖੜੇ ਸੀ।ਅਨੰਦਪੁਰ ਸਾਹਿਬ ਦੇ ਕਿਲੇ ਵਿੱਚ ਕੇਵਲ 10,000 ਸਿੱਖ ਸੀ। ਮੁਗਲਾਂ ਨੇ ਬਾਹਰ ਜਾਣ ਦਾ ਕੋਈ ਰਸਤਾ ਨਹੀਂ ਛੱਡਿਆ। ਇਸ ਸਮੇਂ ਦੌਰਾਨ ਮੁਗਲਾਂ ਨੇ ਚਾਲ ਖੇਡੀ ਤੇ ਗੁਰੂ ਜੀ ਨੂੰ ਇੱਕ ਸੰਦੇਸ਼ ਭੇਜਿਆ ਤੇ ਕਿਹਾ ਕਿ ਗੁਰੂ ਜੀ ਤੁਸੀ ਆਪਣੇ ਪਰਿਵਾਰ ਨਾਲ ਕਿਲਾ ਛੱਡਕੇ ਜਾ ਸਕਦੇ ਹੋ।ਅਸੀਂ ਤੁਹਾਡੇ ਪਰਿਵਾਰ ਤੇ ਸਾਥੀਆਂ ਨੂੰ ਕੁੱਝ ਨਹੀਂ ਕਹਾਂਗੇ। ਮੁਗਲਾਂ ਵੱਲੋਂ ਕੁਰਾਨ ਤੇ ਹੱਥ ਰੱਖ ਕੇ ਕਸਮਾਂ ਵੀ ਖਾਦੀਆਂ ਗਈਆਂ। ਹਿੰਦੂ ਰਾਜਿਆਂ ਨੇ ਆਟੇ ਦੀ ਗਊ ਬਣਾ ਕੇ ਸੌਂਹ ਖਾਧੀ ਗੁਰੂ ਸਾਹਿਬ ਨੂੰ ਪਤਾ ਸੀ ਕਿ ਇਹ ਕਸਮਾਂ ਵਾਧੇ ਸਾਰੇ ਝੂਠੇ ਹਨ। ਪਰ ਸਿੱਖਾਂ ਤੇ ਮਾਤਾ ਗੁਜਰ ਕੌਰ ਜੀ ਦੇ ਕਹਿਣ ਤੇ ਗੁਰੂ ਜੀ ਨੇ ਅਨੰਦਪੁਰ ਸਾਹਿਬ ਛੱਡਣ ਦੀ ਤਿਆਰੀ ਕਰ ਲਈ।

ਮਾਤਾ ਸੁੰਦਰ ਕੌਰ ਜੀ ਨੇ ਮਾਤਾ ਗੁਜਰੀ ਕੋਲੋਂ ਗੁਰੂ ਜੀ ਦੇ ਬਚਪਨ ਦੀਆਂ ਕਹਾਣੀਆਂ ਸੁਣੀਆਂ ਸਨ। ਸਤਲੁਜ ਦੇ ਪਾਣੀਆਂ ਦੀ ਕਲ-ਕਲ ਸੁਣੀ ਸੀ। ਗੁਰੂ ਜੀ ਦੇ ਸਾਥ ਵਿਚ ਹਰਿਆਲੀਆਂ ਥਾਂਵਾਂ 'ਤੇ ਘੁੰਮਦਿਆਂ ਅਨੰਦ ਮਾਣਿਆ ਸੀ। ਇਥੇ ਹੀ ਮਾਤਾ ਸੁੰਦਰੀ ਨੇ ਸਿੱਖਾਂ ਨੂੰ ਹਥਿਆਰਾਂ ਦਾ ਅਭਿਆਸ ਕਰਦਿਆਂ ਤੇ ਸਾਹਿਬਜ਼ਾਦਿਆਂ ਨੂੰ ਹੱਸਦਿਆਂ-ਖੇਡਦਿਆਂ ਤੇ ਕਿਲਕਾਰੀਆਂ ਮਾਰਦਿਆਂ ਦੇਖਿਆ। ਮਾਤਾ ਜੀ ਨੇ ਅਜੀਤ ਸਿੰਘ ਨੂੰ ਜਵਾਨੀ ਦੀਆਂ ਪੌੜੀਆਂ ਚੜਦਿਆਂ ਦੇਖਿਆ। ਮਾਤਾਵਾਂ ਨੇ ਸਾਹਿਬਜ਼ਾਦਿਆਂ ਨੂੰ ਯੁੱਧ ਕਲਾ ਵਿਚ ਨਿਪੁੰਨ ਹੁੰਦੇ ਵੇਖਿਆ। ਗੱਲ ਕੀ, ਜ਼ਿੰਦਗੀ ਦਾ ਪਲ-ਪਲ ਯਾਦਾਂ ਦੇ ਹੀਰਿਆਂ ਨਾਲ ਜੜਿਆ ਹੋਇਆ ਸੀ। ਅੱਜ ਇਸ ਥਾਂ ਨਾਲੋਂ ਵਿਛੜਦਿਆਂ ਹਿਰਦਾ ਕੰਬ ਰਿਹਾ ਸੀ, ਅੱਖਾਂ ਭਰ-ਭਰ ਆਉਂਦੀਆਂ ਸਨ। ਮਨ ਵਿਚ ਵਾਰ-ਵਾਰ ਆਉਂਦਾ ਕਿ ਕਦੀ ਫਿਰ ਵੀ ਇਸ ਥਾਂ ਆਵਾਂਗੇ ? ਅੱਗੇ ਜਾ ਕੇ ਕੀ ਹੋਣਾ ਹੈ ? ਅਗਲਾ ਟਿਕਾਣਾ ਕਿਥੇ ਹੋਵੇਗਾ ? ਕੋਈ ਨਹੀਂ ਸੀ ਜਾਣਦਾ।

ਗੁਰੂ ਜੀ ਨੇ ਡੇਢ ਪਹਿਰ ਰਾਤ ਪਈ ਤੋਂ ਅੱਧਾ ਵਹੀਰ ਤੋਰ ਦਿੱਤਾ। ਗੁਰੂ ਜੀ ਦੇ ਅਨੰਦਪੁਰ ਛੱਡਣ ਦੀ ਮਿਤੀ 20 ਅਤੇ 21 ਦਸੰਬਰ 1704 ਈਸਵੀ ਦੀ ਵਿਚਕਾਰਲੀ ਰਾਤ ਮੰਨੀ ਜਾਂਦੀ ਹੈ। ਇਸ ਅਨੁਸਾਰ ਚਮਕੌਰ ਸਾਹਿਬ ਦਾ ਯੁੱਧ 23 ਦਸੰਬਰ 1704 ਈਸਵੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ 27 ਦਸੰਬਰ 1704 ਨੂੰ ਮੰਨਿਆ ਗਿਆ ਹੈ। 'ਗੁਰਬਿਲਾਸ ਪਾਤਸ਼ਾਹੀ 10' ਵਿਚ ਭਾਈ ਸੁੱਖਾ ਸਿੰਘ ਲਿਖਦੇ ਹਨ:

ਡੇਢ ਕੁ ਜਾਮ ਜੁ ਰਾਤ ਗਈ
ਤਬ ਤੋ ਕਰੁਨਾਨਿਧ ਕੂਚ ਕਰਾਯੋ।
ਆਦਿ ਵਹੀਰ ਸੁ ਤੋਰ ਦਯੋ
ਪੁਨ ਕੈ ਅਰੁ ਅੱਧ ਕੁ ਆਪ ਸਿਧਾਯੋ।

ਗੁਰੂ ਜੀ ਨੇ ਅਨੰਦਪੁਰ ਸਾਹਿਬ ਵਿਚ ਵੱਸਣ ਵਾਲੇ ਗ੍ਰਹਿਸਥੀ ਪਰਿਵਾਰਾਂ ਨੂੰ ਅਨੰਦਪੁਰ ਸਾਹਿਬ ਤੋਂ ਚਲੇ ਜਾਣ ਲਈ ਕਿਹਾ। ਗੁਰੂ ਦਸਮੇਸ਼ ਆਨੰਦਪੁਰ ਦਾ ਤਿਆਗ ਕਰਨ ਲੱਗੇ ਤਾਂ ਆਪ ਜੀ ਨੇ ਭਾਈ ਗੁਰਬਖ਼ਸ਼ ਉਦਾਸੀ ਦੀ ਡਿਊਟੀ ਲਾਈ ਕਿ ਤੁਸਾ ਪਿਤਾ ਸਤਿਗੁਰੂ ਤੇਗ ਬਹਾਦਰ ਜੀ ਦੇ ਅਸਥਾਨ ਦੀ ਸੇਵਾ-ਸੰਭਾਲ ਕਰਨੀ । ਆਪ ਨੇ ਸੀਸਗੰਜ ਆਦਿ ਗੁਰਧਾਮਾਂ ਦੀ ਪੂਰੀ ਸੇਵਾ ਸਵੀਕਾਰ ਕੀਤੀ ।




ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸੁੰਦਰ ਕੌਰ, ਮਾਤਾ ਸਾਹਿਬ ਕੌਰ ਨੂੰ ਵਹੀਰ ਨਾਲ ਤੋਰ ਦਿੱਤਾ। ਮਾਤਾ ਗੁਜਰ ਕੌਰ ਉਨਾਂ ਦੇ ਨਾਲ ਜਾਣ ਲਈ ਨਹੀਂ ਮੰਨੇ। 'ਬੰਸਾਵਲੀਨਾਮਾ' ਵਿਚ ਭਾਈ ਕੇਸਰ ਸਿੰਘ ਛਿੱਬਰ ਲਿਖਦੇ ਹਨ :

ਤਬ ਸਾਹਿਬ ਆਪਣੀ ਮਾਤਾ ਗੁਜਰੀ ਨੂੰ ਐਸੇ ਕਹਿਆ,
'ਮਾਤਾ ਜੀ ! ਤੁਸੀਂ ਨਿੱਕੇ ਨੀਂਗਰ ਨਾਲ ਲੈ ਚਾਹੀਐ ਗਇਆ।
ਵੱਡੇ ਦੋਨੋਂ ਭਾਈ ਰਹਿਨ ਅਸਾਡੇ ਨਾਲ।
ਤੁਸੀਂ ਪਹਿਲੇ ਟੁਰੋ ਪਾਓ ਚਾਲ। (581)
ਮਾਤਾ ਨ ਮੰਨੀ ਸਾਹਿਬ ਦੀ ਏਹੁ ਗੱਲ।
ਕਹਿਆ, ਚਾਰੇ ਨੀਂਗਰ ਨਾਲ ਮੇਰੇ ਘੱਲ।
ਸਾਹਿਬ ਬਹੁਤ ਮਾਤਾ ਜੀ ਨੂੰ ਆਖ ਰਹੇ।
ਮਾਤਾ ਜੀ ਨਾ ਲੱਗੇ ਸਾਹਿਬ ਦੇ ਕਹੇ। (542)
ਫੇਰ ਸਾਹਿਬ ਕਹਿਆ ਚਉਪਾ ਸਿੰਘ,
ਸਾਹਿਬ ਸਿੰਘ ਸਾਲੇ ਜੋਗੁ।
(ਨੋਟ: ਸਾਹਿਬ ਸਿੰਘ ਮਾਤਾ ਸਾਹਿਬ ਦੇਵਾਂ ਦਾ ਭਰਾ ਸੀ)
ਤੁਸੀਂ ਲੈ ਟੁਰੋ ਜਨਾਨੇ ਨਾਲ ਲੋਗ।
ਸਭ ਤਿਆਰ ਕਰ ਦਿੱਤੇ ਟੋਰ।
ਮਾਤਾ ਸੁੰਦਰੀ, ਮਾਤਾ ਸਾਹਿਬ ਦੇਈ, ਨਾਲੇ ਕੁਝ ਲੋਕ ਹੋਰ। (543)
ਨਾਲਿ ਦਿੱਤੇ ਊਠ ਸੰਦੂਕਾਂ ਵਾਲੇ।
ਜਿਨਾਂ ਦੇ ਵਿਚਿ ਛਿੱਤਰ ਪੱਥਰ ਆਹੇ ਡਾਲੇ।
ਬਚਨ ਕੀਤਾ, ਤੁਸਾਂ ਟੁਰ ਜਾਣਾ ਜਨਾਨੇ ਲੋਕ ਲੈ ਕੇ ਅੱਗੇ।
ਅਤੇ ਊਠ ਅਉਸਨ ਹਉਲੀ ਹਉਲੀ ਪਿਛੇ ਲੱਗੇ। (544)
ਚਉਪਾ ਸਿੰਘ ਨੂੰ ਸਭ ਹਕੀਕਤ ਛੱਡੀ ਸੀ ਸਮਝਾਇ।
ਤੁਸਾਂ ਪਿਛੇ ਨਹੀਂ ਰਹਿਣਾ ਅਟਕਾਇ, ਜੇ ਕੋਈ ਫਉਜ ਪਈ ਆਇ।
ਤੁਸਾਂ ਛੱਡ ਕੇ ਊਠ, ਅੱਗੇ ਜਾਣਾ ਧਾਇ। (545)
ਜਦੋਂ ਕੋਸ ਦੁਇ ਤ੍ਰੈ ਟੁਰਿ ਕੇ ਗਏ।
ਤਦਿ ਰਾਜੇ ਲੈਉਂ ਫਉਜਾਂ ਪਿਛੇ ਪਏ। (546)
ਪੋਹ ਮਹੀਨੇ ਅੱਧੀ ਨਿਸਾ ਕੂਚ ਕੀਤਾ।
ਲੋਕ ਆਪਣਾ ਸਭ ਇਕੱਠਾ ਕਰ ਲੀਤਾ।
ਜਿਸ ਕਾਲੀ ਰਥ ਮਾਤਾ ਦਾ ਭੁੱਲ ਗਿਆ।
ਸਹੇੜੀ ਗਿਰਾਉਂ ਰੰਘੜਾਂ ਦਾ,
ਤਿਤ ਮਾਰਗ ਪਿਆ। (556)

'ਗੁਰੂ ਸੋਭਾ' ਦਾ ਲੇਖਕ ਗੁਰੂ ਗੋਬਿੰਦ ਸਿੰਘ ਦਾ ਦਰਬਾਰੀ ਕਵੀ ਸੈਨਾਪਤੀ ਲਿਖਦਾ ਗੁਰੂ ਜੀ ਵਲੋਂ ਉਦੈ ਸਿੰਘ ਨੂੰ ਸ਼ਾਹੀ ਟਿੱਬੀ 'ਤੇ ਤੁਰਕ ਤੇ ਹਿੰਦੂ ਫੌਜਾਂ ਨੂੰ ਰੋਕਣ ਲਈ ਛੱਡ ਕੇ ਆਪ ਚਮਕੌਰ ਸਾਹਿਬ ਚਲੇ ਜਾਣ ਬਾਰੇ ਲਿਖਿਆ ਹੈ। ਅਜੀਤ ਸਿੰਘ ਜੋ ਪਿਛੇ ਆ ਰਿਹਾ ਸੀ, ਨੂੰ ਅੱਗੇ ਭੇਜ ਦੇਣ ਲਈ ਕਹਿ ਗਏ। ਉਦੈ ਸਿੰਘ ਨੇ ਫੌਜਾਂ ਨੂੰ ਰੋਕੀ ਰੱਖਿਆ ਅਤੇ ਵਹੀਰ ਉਥੋਂ ਬਚ ਕੇ ਅੱਗੇ ਨਿਕਲ ਗਿਆ।

ਭਾਈ ਦੁਲਾ ਸਿੰਘ ਹੰਡੂਰੀਆ ਦੀ ਰਚਨਾ 'ਕਥਾ ਗੁਰੂ ਕੇ ਸੁਤਨ ਕੀ' ਵਿਚ ਸਰਹਿੰਦ ਵਿਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਵਰਣਨ ਬਹੁਤ ਦਰਦੀਲੇ ਸ਼ਬਦਾਂ ਵਿਚ ਕੀਤਾ ਹੈ। ਮਾਤਾ ਗੁਜਰੀ ਨਾਲ ਜੋ ਬੀਤਦੀ ਹੈ ਅਤੇ ਉਨਾਂ ਦੇ ਹਿਰਦੇ ਵਿਚ ਜੋ ਵਿਚਾਰ ਆਉਂਦੇ ਹਨ, ਉਨਾਂ ਦਾ ਵਰਣਨ ਬਹੁਤ ਭਾਵਕ ਸ਼ਬਦਾਂ ਵਿਚ ਕੀਤਾ ਹੈ :

ਸਿੱਖ ਟੋਡਰ ਮੱਲ ਤੇਹ,
ਮਾਤਾ ਕੋ ਐਸੇ ਕਹਯੋ।
ਕਾਰਣ ਭਯੋ ਸੁ ਏਹੁ,
ਸੀਸੇ ਉਤਾਰੇ ਤੁਮ ਸੁਤਨ।
ਤਬ ਮਾਤਾ ਬਿਲਖੀ
ਭਈ ਐਸੀ ਸੁਨੀ ਜੁ ਬਾਤ।
ਦੇਖੇ ਸੀਸ ਜੁ ਲਟਕਤੇ,
ਹਿੱਕ ਮਰੋਰੀ ਪਾਤ।
ਹੇ ਪੁੱਤਰ ! ਐਸੀ ਤੁਮ ਕਰੀ।
ਹੌਂ ਜੀਵਤ ਤੁਮ ਸੀਸ ਉਤਰੀ।
ਐਸੇ ਭਾਖਿ ਮੁਰਛਾ ਪਾਈ।
ਘਰੀ ਚਾਰ ਸੁਧ ਫਿਰ ਨਹਿੰ ਆਈ।

ਮਿਰਜ਼ਾ ਮੁਹੰਮਦ ਅਬਦਲ ਗਨੀ ਨੇ 'ਜੌਹਰ-ਏ-ਤੇਗ' ਵਿਚ ਅਤੇ ਹਕੀਮ ਅੱਲਾ ਯਾਰ ਖਾਂ ਨੇ 'ਗੰਜ-ਏ-ਸ਼ਹੀਦਾਂ' ਵਿਚ ਚਮਕੌਰ ਸਾਹਿਬ ਅਤੇ 'ਸ਼ਹੀਦਾਨਿ-ਵਫ਼ਾ' ਵਿਚ ਸਾਕਾ ਸਰਹਿੰਦ ਦਾ ਵਰਣਨ ਜੋਸ਼ੀਲੇ ਤੇ ਸ਼ਰਧਾ ਭਰਪੂਰ ਸ਼ਬਦਾਂ ਵਿਚ ਕੀਤਾ ਹੈ। ਦੋਵਾਂ ਥਾਂਵਾਂ ਬਾਰੇ ਪੜਦਿਆਂ ਅੱਖਾਂ ਸੇਜਲ ਹੋ ਜਾਂਦੀਆਂ ਹਨ। ਅੱਲਾ ਯਾਰ ਖਾਂ ਜਦੋਂ ਸਰਹਿੰਦ ਸ਼ਹੀਦੀ ਦਿਵਸ 'ਤੇ ਆਇਆ, ਆਪਣੀਆਂ ਕਵਿਤਾਵਾਂ ਪੜ ਕੇ ਸਰੋਤਿਆਂ ਨੂੰ ਰੁਆ ਕੇ ਗਿਆ।

ਹੁਣ ਅਸੀਂ ਇਸ ਸਿੱਟੇ 'ਤੇ ਪਹੁੰਚ ਗਏ ਹਾਂ ਕਿ ਮਾਤਾ ਸੁੰਦਰ ਕੌਰ, ਮਾਤਾ ਸਾਹਿਬ ਕੌਰ, ਪਹਿਲੇ ਵਹੀਰ ਨਾਲ ਚਲੇ ਗਏ ਸਨ। ਉਨਾਂ ਨਾਲ ਗਰਜਾ ਸਿੰਘ, ਜਵਾਹਰ ਸਿੰਘ, ਦਰਬਾਰਾ ਸਿੰਘ, ਸਹਿਜ ਸਿੰਘ, ਮਾਤਾ ਸਾਹਿਬ ਕੌਰ ਦਾ ਭਰਾ ਸਾਹਿਬ ਸਿੰਘ ਸਨ। ਇਹ ਚਲਦੇ-ਚਲਦੇ ਗੁਰੂ ਗੋਬਿੰਦ ਸਿੰਘ ਦੇ ਮਾਮੇ ਮਿਹਰ ਚੰਦ ਦੇ ਘਰ ਲਖਨੌਰ ਪੁੱਜ ਗਏ ਅਤੇ ਫਿਰ ਦਿੱਲੀ ਚਲੇ ਗਏ। ਉਨੀਵੀਂ ਤੇ ਵੀਹਵੀਂ ਸਦੀ ਦੇ ਬਹੁਤ ਸਾਰੇ ਇਤਿਹਾਸਕਾਰਾਂ ਅਨੁਸਾਰ ਭਾਈ ਮਨੀ ਸਿੰਘ ਮਾਤਾਵਾਂ ਨਾਲ ਦਿੱਲੀ ਗਏ।

ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਰੱਥ ਵਿਚ ਸਵਾਰ ਹੋ ਕੇ ਉਦੈ ਸਿੰਘ ਦੀ ਨਿਗਰਾਨੀ ਵਿਚ ਦੂਜੇ ਵਹੀਰ ਨਾਲ ਤੋਰ ਦਿੱਤੇ ਸਨ। ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ, ਗੁਰੂ ਜੀ ਦੇ ਨਾਲ ਸਨ। ਜਦੋਂ ਇਹ ਵਹੀਰ ਸ਼ਾਹੀ ਟਿੱਬੀ ਪਹੁੰਚਿਆ ਤਾਂ ਗੁਰੂ ਜੀ ਵੀ ਕੀਰਤਪੁਰ ਤੋਂ ਲੜਦੇ ਹੋਏ ਸ਼ਾਹੀ ਟਿੱਬੀ ਪਹੁੰਚ ਗਏ। ਗੁਰੂ ਜੀ ਪੰਜਾਹ ਸਿੰਘ ਉਦੈ ਸਿੰਘ ਨਾਲ ਛੱਡ ਕੇ ਫੌਜਾਂ ਨੂੰ ਰੋਕੀ ਰੱਖਣ ਅਤੇ ਸ਼ਹੀਦੀਆਂ ਪਾਉਣ ਤੱਕ ਲੜਦੇ ਰਹਿਣ ਲਈ ਕਹਿ ਕੇ ਅਤੇ ਪਿਛੇ ਆ ਰਹੇ ਅਜੀਤ ਸਿੰਘ ਨੂੰ ਅੱਗੇ ਤੋਰਨ ਲਈ ਕਹਿ ਕੇ ਅੱਗੇ ਨਿਕਲ ਗਏ। ਅੱਗੇ ਪਹੁੰਚ ਕੇ ਭਾਈ ਬਚਿੱਤਰ ਸਿੰਘ ਨੂੰ ਸੌ ਕੁ ਸਿੰਘਾਂ ਨਾਲ ਰੋਪੜ ਵਲੋਂ ਆ ਰਹੀ ਸਰਹਿੰਦੀ ਫੌਜ ਨੂੰ ਰੋਕਣ ਲਈ ਭੇਜਿਆ ਤਾਂ ਕਿ ਵਹੀਰ ਬਚ ਕੇ ਨਿਕਲ ਜਾਵੇ। ਭਾਈ ਬਚਿੱਤਰ ਸਿੰਘ ਸਖ਼ਤ ਜ਼ਖ਼ਮੀ ਹੋ ਗਿਆ। ਅਜੀਤ ਸਿੰਘ ਉਸ ਨੂੰ ਲੈ ਕੇ ਕੋਟਲਾ ਨਿਹੰਗ ਖਾਂ ਵਿਚ ਨਿਹੰਗ ਖਾਂ ਦੇ ਘਰ ਲੈ ਗਿਆ। ਗੁਰੂ ਜੀ ਪਹਿਲਾਂ ਹੀ ਉਥੇ ਪੁੱਜੇ ਹੋਏ ਸਨ। ਭਾਈ ਬਚਿੱਤਰ ਸਿੰਘ ਇਥੇ ਹੀ ਪਰਲੋਕ ਸਿਧਾਰ ਗਿਆ। ਗੁਰੂ ਜੀ ਵੱਡੇ ਸਾਹਿਬਜ਼ਾਦਿਆਂ ਨਾਲ ਨਿਹੰਗ ਖਾਂ ਦੇ ਪੁੱਤਰ ਆਲਮ ਜੋ ਰਾਏਕੋਟ ਵਾਲੇ ਰਾਏ ਕੱਲ ਦਾ ਜਵਾਈ ਸੀ, ਦੀ ਸਹਾਇਤਾ ਨਾਲ ਰਾਤ ਨੂੰ ਚਮਕੌਰ ਸਾਹਿਬ ਪਹੁੰਚ ਗਏ।

22 ਦਸੰਬਰ ਅੰਮ੍ਰਿਤ ਵੇਲੇ ਸਰਸਾ ਨਦੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦਾ ਵਿਛੋੜਾ ਪੈ ਗਿਆ ਸੀ।

ਜਦੋਂ ਅਨੰਦਪੁਰ ਸਾਹਿਬ ਲੜਾਈ ਸ਼ੁਰੂ ਹੋਈ ਸੀ ਗੁਰੂ ਸਾਹਿਬ ਕੋਲ 10000 ਫੌਜ ਸੀ ਹੁਣ ਸਿਰਫ 1500-1600 ਰਹਿ ਗਏ, ਉਸ ਵਿਚੋਂ ਵੀ ਭੁਖ ਦੇ ਕਾਰਨ ਬਹੁਤੇ ਮਰਨ ਦੇ ਕਿਨਾਰੇ ਪਹੁੰਚ ਚੁਕੇ ਸੀ। ਅਨੰਦਪੁਰ ਦਾ ਕਿਲਾ ਤੇ ਹੋਰ ਗੁਰੂ ਅਸਥਾਨਾਂ ਦੀ ਸੇਵਾ ਭਾਈ ਗੁਰਬਖ਼ਸ਼ ਉਦਾਸੀ ਨੂੰ ਸੌਂਪ ਕੇ ਅੱਧੀ ਰਾਤ ਨੂੰ ਕਿਲਾ ਖਾਲੀ ਕਰ ਦਿਤਾ। 1500-1600 ਸਿੱਖ 21ਦਸੰਬਰ ਦੀ ਬਰਫੀਲੀ ਰਾਤ ਵਿਚ ਭੁਖੇ ਭਾਣੇ ਜਿਸ ਦਲੇਰੀ ਤੇ ਸਾਹਸ ਨਾਲ ਗੁਰੂ ਸਾਹਿਬ ਦੀ ਅਗਵਾਈ ਹੇਠ ਜਾਲਮਾਂ ਦੇ ਘੇਰੇ ਵਿਚੋਂ ਲੰਘ ਕੇ ਜਾ ਰਹੇ ਸੀ ਉਸਦੀ ਦਾਦ ਜਾਲਮ ਤੇ ਲੁਟੇਰੇ ਵੀ ਦੇ ਰਹੇ ਸੀ। ਅਜੇ ਓਹ ਕੀਰਤਪੁਰ ਹੀ ਪਹੁੰਚੇ ਸਨ ਕਿ ਮੁਗਲ ਬੜੀ ਬੇਰਹਿਮੀ ਤੇ ਬੇਹਿਆਈ ਨਾਲ ਕਸਮਾਂ ਵਾਅਦੇ ਛਿਕੇ ਟੰਗ ਕੇ ਥੱਕੇ ਟੁੱਟੇ, ਭੁੱਖੇ ਭਾਣੇ ਗਿਣਤੀ ਦੇ ਸਿੱਖਾਂ ਤੇ ਟੁਟ ਪਏ। ਬਾਬਾ ਅਜੀਤ ਸਿੰਘ, ਭਾਈ ਉਦੈ ਸਿੰਘ, ਭਾਈ ਜੀਵਨ ਸਿੰਘ ਤੇ ਕੁਝ ਹੋਰ ਸਿਖਾਂ ਨੇ ਇਨਾਂ ਨੂੰ ਇਥੇ ਹੀ ਰੋਕਣ ਦਾ ਫੈਸਲਾ ਕਰ ਲਿਆ ਤਾਕਿ ਓਹ ਗੁਰੂ ਸਾਹਿਬ ਤੱਕ ਨਾ ਪੁਜ ਸਕਣ। ਸ਼ਾਹੀ ਟਿਬੀ, ਸਰਸਾ ਦੇ ਕੰਢੇ, ਜਿਸ ਸਿਦਕ ਤੇ ਦਲੇਰੀ ਨਾਲ ਇਨਾ ਗਿਣਤੀ ਦੇ ਸਿੰਘਾਂ ਨੇ ਟਾਕਰਾ ਕੀਤਾ ਓਹ ਬੇਮਿਸਾਲ ਸੀ ਜੋ ਜਰਨੈਲ ਜੁਝ ਕੇ ਸ਼ਹੀਦ ਹੋਏ ਉਨਾਂ ਵਿਚ, ਭਾਈ ਜੀਵਨ ਸਿੰਘ, ਭਾਈ ਬਚਿਤਰ ਸਿੰਘ ਤੇ ਭਾਈ ਉਦੈ ਸਿੰਘ ਜੀ ਸਨ। ਗੋਲੀਆਂ ਵਰ ਰਹੀਆਂ ਸਨ, ਤੀਰ ਚਲ ਰਹੇ ਸਨ, ਗੁਰੂ ਸਾਹਿਬ ਦੇ ਨਿਤਨੇਮ ਦਾ ਵਕਤ ਹੋ ਗਿਆ ਸੀ। ਗੁਰੂ ਸਾਹਿਬ ਨਿਤਨੇਮ ਦਾ ਪਾਠ ਤੇ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸੀ। ਕੋਟਲਾ ਨਿਹੰਗ ਸਿੰਘ ਸੰਗਤਾਂ ਦੀ ਰਾਖੀ ਕਰ ਰਹੇ ਸੀ। ਭਿਆਨਕਤਾ ਚਰਮ ਸੀਮਾ ਤਕ ਪਹੁੰਚ ਚੁਕੀ ਸੀ, ਪੰਜਾਬ ਦੀਆ ਠੰਡੀਆਂ ਰਾਤਾਂ, ਬਾਰਸ਼, ਝਖੜ, ਮੀਹ ਵਰਗੀਆਂ ਗੋਲੀਆਂ ਦੀ ਬੁਛਾੜ, ਪਿੱਛੇ ਲੱਖਾਂ ਦੀ ਫੌਜ, ਚੜ ਆਈ ਸਰਸਾ ਜਿਸ ਨੂੰ ਪਾਰ ਕਰਨਾ ਸੀ, ਦੇ ਵਿਚ ਤਿਲਕਦੀਆਂ ਜਾਨਾਂ, ਜਿਨਾਂ ਵਿਚ ਕਈ ਸ਼ਹੀਦ ਹੋਏ, ਕਈ ਡੁਬੇ, ਮਸਾਂ ਕੁਝ ਕੁ ਸਿੰਘ ਬਰਫੀਲੇ ਪਾਣੀ ਦੀ ਫੇਟ ਤੋਂ ਬਚਕੇ ਪਾਰ ਹੋਏ, ਪਰ ਅਜਿਹੇ ਖੇਰੂੰ ਖੇਰੂੰ ਹੋਏ ਕਿ ਆਪਸ ਵਿਚ ਉਨਾਂ ਦਾ ਮੇਲ ਨਾ ਹੋ ਸਕਿਆ। ਮਾਤਾ ਗੁਜਰ ਕੌਰ ਤੇ ਦੋ ਸਾਹਿਬਜਾਦੇ ਗੰਗੂ ਬ੍ਰਾਹਮਣ ਨਾਲ ਸਰਹੰਦ ਵਲ ਨਿਕਲ ਗਏ। ਭਾਈ ਮਨੀ ਸਿੰਘ ਦੇ ਜਥੇ ਨਾਲ ਮਾਤਾ ਸੁੰਦਰ ਕੌਰ ਤੇ ਮਾਤਾ ਸਾਹਿਬ ਕੌਰ ਤੇ ਪੰਜ ਹੋਰ ਸਿੰਘਾਂ ਦੀ ਮੋਹਾੜ ਦਿਲੀ ਵਾਲੇ ਪਾਸੇ ਹੋ ਗਈ। ਬਹੁਤ ਸਾਰਾ ਸਮਾਨ ਜਿਸ ਵਿਚ ਸਾਲਾਂ ਦੀ ਕੀਤੀ ਮਿਹਨਤ ਦੇ ਨਾਲ ਨਾਲ ਕਈ ਗ੍ਰੰਥ ਵੀ ਰੁੜ ਗਏ। ਨੌ ਮਣ ਦੇ ਕਰੀਬ ਗੁਰੂ ਸਾਹਿਬ ਦੀਆਂ ਰਚਨਾਵਾਂ ਦੇ ਨਾਲ ਨਾਲ ਹੋਰ ਵੀ ਸਹਿਤ ਸਰਸਾ ਨਦੀ ਦੀ ਭੇਟ ਚੜ ਗਿਆ। ਪਰਿਵਾਰ ਵਿਚ ਵਿਛੋੜਾ ਪੈ ਗਿਆ, ਤਿੰਨ ਥਾਈਂ ਵੰਡੇ ਗਏ, ਜੋ ਮੁੜ ਕਦੇ ਇਕੱਠੇ ਨਾ ਹੋ ਸਕੇ।

ਗੁਰੂ ਜੀ ਅਤੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਤਕਰੀਬਨ 40 ਸਿੰਘਾਂ ਨਾਲ ਸਰਸਾ ਪਾਰ ਕਰ ਗਏ ਜਦਕਿ ਮਾਤਾ ਗੁਜਰ ਕੌਰ ਜੀ ਤੇ ਛੋਟੇ ਸਾਹਿਬਜ਼ਾਦੇ (ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ) ਗੁਰੂ ਜੀ ਤੋਂ ਵਿਛੜ ਗਏ ਅਤੇ ਅੱਗੇ ਜਾ ਕੇ ਗੰਗੂ ਨੂੰ ਮਿਲ ਪਏ ਅਤੇ ਉਸਦੇ ਨਾਲ ਉਸਦੇ ਘਰ ਚਲੇ ਗਏ। ਸਾਹਿਬਜ਼ਾਦਿਆਂ ਦੀ ਮਾਤਾਵਾ ਸੁੰਦਰ ਕੌਰ ਤੇ ਮਾਤਾ ਸਾਹਿਬ ਕੌਰ ਜੀ ਅਤੇ ਕੁੱਝ ਸਿੰਘ ਦਿੱਲੀ ਪਹੁੰਚ ਗਏ।

ਇਸ ਜਗਾ ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ ਸਥਾਪਤ ਹੈ, ਜਿਸ ਦੇ ਦਰਸ਼ਨ ਹਰ ਇੱਕ ਨੂੰ ਕਰਨੇ ਚਾਹੀਦੇ ਹਨ। ਉੱਥੇ ਜਾ ਕੇ ਤੇ ਆਲਾ-ਦੁਆਲਾ ਦੇਖ ਕੇ ਅੱਜ ਵੀ ਮਹਿਸੂਸ ਹੁੰਦਾ ਹੈ ਕਿ ਕਿਹੋ ਜਿਹੇ ਹੋਣਗੇ ਉਹ ਦਿਨ, ਜਦ ਗੁਰੂ ਸਾਹਿਬ ਦਾ ਪਰਿਵਾਰ ਵਿਛੜਿਆ ਅਤੇ ਸਿੱਖ ਜੰਗ ਲੜਦਿਆਂ ਸ਼ਹੀਦ ਹੋਏ।

ਗੁਰੂ ਸਾਹਿਬ ਆਪਣੇ ਦੋਨੋ ਸਾਹਿਬਜ਼ਾਦਿਆਂ ਤੇ ਗਿਣਤੀ ਦੇ ਕੁਛ ਸਿੰਘਾਂ ਨਾਲ ਵਸਦੇ ਮੀਹ, ਭਿਜੇ ਹੋਏ ਕਪੜੇ, ਥਕੇ, ਭੁਖੇ ਸਰੀਰਾਂ ਨੂੰ ਠੇਲਦੇ ਰੋਪੜ ਪਹੁੰਚੇ ਜਿਥੇ ਉਥੋਂ ਦੇ ਪਠਾਣਾਂ ਨੇ ਉਨਾਂ ਦਾ ਤਲਵਾਰਾਂ ਨਾਲ ਸਵਾਗਤ ਕੀਤਾ। ਮੁਕਾਬਲਾ ਕਰਦੇ ਕਰਦੇ ਉਹ ਚਮਕੌਰ ਦੀ ਗੜੀ ਤਕ ਪਹੁੰਚ ਗਏ। ਇਥੋਂ ਦੇ ਜ਼ਮੀਦਾਰ ਚੌਧਰੀ ਬੁਧੀ ਚੰਦ ਨੇ ਆਪਜੀ ਨੂੰ ਬੇਨਤੀ ਕੀਤੀ ਕਿ ਖੁੱਲੇ ਮੈਦਾਨ ਨਾਲੋਂ ਗੜੀ ਵਿਚ ਕੁਝ ਬਚਾਓ ਹੋ ਜਾਏਗਾ। ਕੁਰੂਕਸ਼ੇਤਰ ਤੋਂ ਮੁੜਦਿਆਂ ਵੀ ਓਹ ਇਸੇ ਹਵੇਲੀ ਵਿਚ ਠਹਿਰੇ ਸੀ। ਗੁਰੂ ਸਾਹਿਬ ਨੇ ਇਥੇ ਰੁਕਣ ਤੇ ਆਖਰੀ ਦਮ ਤੱਕ ਝੂਝਣ ਦਾ ਫੈਸਲਾ ਕਰ ਲਿਆ। ਗੁਰੂ ਸਾਹਿਬ ਦਾ ਕਾਫਲਾ ਚਮਕੌਰ ਦੇ ਆਸ ਪਾਸ ਪਹੁੰਚ ਗਿਆ ਹੈ ਇਹ ਖਬਰ ਸਰਹੰਦ ਤੱਕ ਪਹੁੰਚ ਗਈ। ਨਵਾਬ ਨੇ ਤੁਰੰਤ ਆਪਣੀ ਸੈਨਾ ਚਮਕੌਰ ਸਾਹਿਬ ਵੱਲ ਭੇਜ ਦਿੱਤੀ ਤਾਕਿ ਰਾਤੋ ਰਾਤ ਗੁਰੂ ਸਾਹਿਬ ਨੂੰ ਘੇਰ ਕੇ ਪਕੜ ਲਿਆ ਜਾਏ, ਰਸਤੇ ਵਿਚੋਂ ਪਿੰਡਾਂ ਦੇ ਅਨੇਕ ਮੁਲਖਈਆਂ ਨੂੰ ਇਕੱਠਾ ਕਰ ਲਿਆ।

ਜਿਸ ਦਮ ਹੁਏ ਚਮਕੌਰ ਮੈਂ ਸਿੰਘੋਂ ਕੇ ਉਤਾਰੇ,
ਬਿਫਰੇ ਹੁਏ ਸਤਿਗੁਰੂ ਕੇ ਦੁਲਾਰੇ ਨਜਰ ਆਏ,
ਕਹਿਤੇ थे ਹਮੇ ਇਜਾਜ਼ਤ ਹੀ ਨਹੀਂ ਹੈ ਰਣ ਕੀ,
ਮਟੀ ਤਕ ਉੜਾ ਸਕਤੇ ਹੈ ਦੁਸ਼ਮਨ ਕੇ ਚਮਨ ਕੀ।

ਚਮਕੌਰ ਦੀ ਜੰਗ ਵਿੱਚ 40 ਸਿੰਘਾਂ ਨਾਲ ਲੜਨ ਵਾਲੀਆਂ ਫੌਜਾਂ ਇਹ ਸਨ, ਔਰੰਗਜੇਬ ਦੀ ਫੌਜ ਵਜੀਰ ਖਾਨ ਦੀ ਅਗਵਾਈ ਵਿੱਚ ਬਾਈ ਧਾਰ ਦੇ ਹਿੰਦੂ ਰਾਜਿਆਂ ਦੀ ਫੌਜ ਵਿੱਚ।

ਰਾਜਾ ਕਹਿਲੂਰ ਦੀ ਫੌਜ
ਰਾਜਾ ਬੜੌਲੀ ਦੀ ਫੌਜ ,
ਰਾਜਾ ਕਸੌਲੀ ਦੀ ਫੌਜ ,
ਰਾਜਾ ਕਾਂਗੜਾ ਦੀ ਫੌਜ ,
ਰਾਜਾ ਨਦੌਨ ਦੀ ਫੌਜ ,
ਰਾਜਾ ਨਾਹਨ ਦੀ ਫੌਜ ,
ਰਾਜਾ ਬੁੜੈਲ ਦੀ ਫੌਜ ,
ਰਾਜਾ ਚੰਬਾ ਦੀ ਫੌਜ ,
ਰਾਜਾ ਭੰਬੋਰ ਦੀ ਫੌਜ ,
ਰਾਜਾ ਚੰਬੇਲੀ ਦੀ ਫੌਜ ,
ਰਾਜਾ ਜੰਮੂ ਦੀ ਫੌਜ ,

ਬਾਕੀ ਸਫ਼ਾ 25 'ਤੇ

ਰਾਜਾ ਨੂਰਪੁਰ ਦੀ ਫੌਜ ,
ਰਾਜਾ ਜਸਵਾਲ ਦੀ ਫੌਜ ,
ਰਾਜਾ ਸ੍ਰੀਨਗਰ ਦੀ ਫੌਜ ,
ਰਾਜਾ ਗੜਵਾਲ ਦੀ ਫੌਜ ,
ਰਾਜਾ ਹਿੰਡੌਰ ਦੀ ਫੌਜ ,
ਰਾਜਾ ਮੰਡੀ ਦੀ ਫੌਜ ,
ਰਾਜਾ ਭੀਮ ਚੰਦ ਦੀ ਫੌਜ ,

24 ਦਸੰਬਰ ਨੂੰ ਚਮਕੌਰ ਦੀ ਜੰਗ ਵਿੱਚ ਭਾਈ ਸੰਗਤ ਸਿੰਘ ਜੀ ਤੇ ਕੁਝ ਰਹਿੰਦੇ ਸਿੰਘਾਂ ਨੇ ਸ਼ਹਾਦਤ ਪ੍ਰਾਪਤ ਕੀਤੀ ਸੀ ।

ਦਸਮੇਸ਼ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਟਨਾ ਸਾਹਿਬ ਵਿਖੇ 1666 ਈ. ਦੇ ਪ੍ਰਕਾਸ਼ ਤੋਂ 3-4 ਮਹੀਨੇ ਦੇ ਫ਼ਰਕ ਨਾਲ ਭਾਵ 25 ਅਪ੍ਰੈਲ, 1667 ਈ. ਨੂੰ ਭਾਈ ਸੰਗਤ ਸਿੰਘ ਜੀ ਨੇ ਭਾਈ ਰਣੀਆ ਜੀ ਤੇ ਬੀਬੀ ਅਮਰੋ ਜੀ ਦੇ ਗ੍ਰਹਿ ਵਿਖੇ ਜਨਮ ਲਿਆ। ਭਾਈ ਸੰਗਤ ਸਿੰਘ ਜੀ ਦਾ ਚਿਹਰਾ-ਮੋਹਰਾ ਹੂ-ਬ-ਹੂ ਦਸਮੇਸ਼ ਪਿਤਾ ਦੇ ਚਿਹਰੇ ਨਾਲ ਮੇਲ ਖਾਂਦਾ ਸੀ।ਇਸ ਕਰਕੇ ਚਮਕੌਰ ਦੀ ਗੜ੍ਹੀ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਸੰਗਤ ਸਿੰਘ ਜੀ ਦੇ ਸਿਰ ਉੱਪਰ ਕਲਗੀ ਸਜਾ ਕੇ ਤੇ ਦੁਸ਼ਮਨ ਨੂੰ ਲਲਕਾਰ ਕੇ ਨਿਕਲੇ ਸਨ। ਆਉ ਸੰਗਤ ਜੀ ਤਹਾਨੂੰ ਚਮਕੌਰ ਦੀ ਗੜ੍ਹੀ ਵਿੱਚ ਲੈ ਕੇ ਚਲਦੇ ਹਾਂ।

ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਥਾਪੜਾ ਦੇ ਕੇ ਉਨਾਂ ਨਾਲ ਹੋਰ ਸਿੰਘਾਂ ਨੂੰ ਥਾਪੜਾ ਦੇ ਕੇ ਜੰਗ ਵੱਲ ਤੋਰ ਦਿੱਤਾ। ਬਾਬਾ ਅਜੀਤ ਸਿੰਘ ਤੇ ਹੋਰ ਸਿੰਘ ਇਸ ਮੌਕੇ ਰਹਿੰਦੇ ਪ੍ਰਾਣਾਂ ਤਕ ਦੁਸ਼ਮਣਾਂ ਦੇ ਆਹੂ ਲਾਹੁੰਦੇ ਆਖ਼ਰ ਸ਼ਹਾਦਤ ਦਾ ਜਾਮ ਪੀ ਗਏ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਯੁੱਧ ਦਾ ਸਾਰਾ ਨਜ਼ਾਰਾ ਆਪਣੀ ਅੱਖੀਂ ਦੇਖ ਜੈਕਾਰਾ ਗਜਾਉਂਦੇ ਬਚਨ ਕੀਤੇ-ਆਜ ਖ਼ਾਸ ਭਯੋ ਖਾਲਸਾ, ਸਤਿਗੁਰੁ ਕੇ ਦਰਬਾਰ।

ਇਸ ਤੋਂ ਬਾਅਦ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੂੰ ਜੰਗ ਲਈ ਆਪਣੇ ਹੱਥੀਂ ਤਿਆਰ ਕਰ ਗੁਰੂ ਜੀ ਨੇ ਹੋਰ ਸਿੰਘ ਨਾਲ ਤੋਰੇ। ਉਸ ਸਮੇਂ ਬਾਬਾ ਜੁਝਾਰ ਸਿੰਘ ਜੀ ਦੇ ਮੈਦਾਨ ਵਿਚ ਆਉਣ ਨਾਲ ਯੁੱਧ ਇਕ ਵਾਰ ਫੇਰ ਭੱਖ ਪਿਆ। ਮੁਗ਼ਲ ਫੌਜਾਂ ਦੀ ਗਿਣਤੀ ਵੱਧ ਹੋਣ ਕਰਕੇ ਉਨਾਂ ਦੇ ਹੌਸਲੇ ਵਧੇ ਹੋਏ ਸਨ ਤੇ ਉਨਾਂ ਨੇ ਸਾਹਿਬਜ਼ਾਦੇ ਸਮੇਤ ਸਾਰੇ ਸਿੰਘਾਂ ਨੂੰ ਘੇਰੇ ਵਿਚ ਲੈ ਲਿਆ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇਜ਼ਾ ਹੱਥ ਵਿਚ ਫੜ ਦੁਸ਼ਮਣਾਂ ਨੂੰ ਕੂਚੀਆਂ ਵਾਂਗ ਉਸ ਵਿਚ ਪਰੋ-ਪਰੋ ਕੇ ਸੁੱਟਦੇ ਰਹੇ। ਉੱਪਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਯੁੱਧ ਵਿਚ ਚਾਰੇ ਪਾਸੇ ਤੋਂ ਸਾਹਿਬਜ਼ਾਦੇ ਸਮੇਤ ਸਿੰਘਾਂ ਨੂੰ ਘਿਰੇ ਦੇਖ ਤੀਰਾਂ ਦੀ ਬੁਛਾੜ ਲਗਾ ਦਿੱਤੀ। ਇਸ ਤਰਾਂ ਘੇਰਾ ਟੁੱਟ ਗਿਆ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਤਲਵਾਰ ਦੇ ਜੌਹਰ ਦਿਖਾ ਅਨੇਕਾਂ ਦੁਸ਼ਮਣਾਂ ਨੂੰ ਪਾਰ ਬੁਲਾਇਆ। ਅੰਤ ਵੈਰੀ ਦਲ ਨਾਲ ਜੂਝਦੇ ਹੋਏ ਬਾਬਾ ਜੁਝਾਰ ਸਿੰਘ ਜੀ ਵੀ ਇਕ ਮਹਾਨ ਸੂਰਬੀਰ ਯੋਧੇ ਦੀ ਤਰਾਂ ਸ਼ਹਾਦਤ ਦਾ ਜਾਮ ਪੀ ਗਏ।

ਮਿਰਜ਼ਾ ਅਬਦੁਲ ਗ਼ਨੀ ਲਿਖਦਾ ਹੈ ਕਿ :-
ਬੇਟੇ ਕੇ ਕਤਲ ਹੋਨੇ ਕੀ ਪਹੁੰਚੀ ਯੂੰਹੀ ਖ਼ਬਰ।
ਸ਼ੁਕਰੇ ਅੱਲਾਹ ਕੀਆ ਉਠਾ ਕੇ ਸਰ।
ਮੁਝ ਪਰ ਸੇ ਆਜ ਤੇਰੀ ਅਮਾਨਤ ਅਦਾ ਹੂਈ।ਬੇਟੋਂ ਕੀ ਜਾਂ, ਧਰਮ ਕੀ ਖ਼ਾਤਿਰ ਫ਼ਿਦਾ ਹੂਈ।

ਹੁਣ ਵੈਰੀ ਦਲ ਦੇ ਜਰਨੈਲਾਂ ਰਲ ਸਲਾਹ ਕੀਤੀ ਕਿ ਸਵੇਰ ਦੀ ਲੜਾਈ ਵਾਸਤੇ ਗੜ੍ਹੀ ਅੰਦਰ ਗਿਣਤੀ ਦੇ ਸਿੰਘਾਂ ਨੂੰ ਹੱਥੋ-ਹੱਥੀ ਫੜ ਲਿਆ ਜਾਵੇ। ਇਸ ਤਰਾਂ ਅਜਿਹਾ ਮਤਾ ਪਕਾ ਕੇ ਦੁਸ਼ਮਣ ਦਲ ਦੀਆਂ ਫੌਜਾਂ ਗੜ੍ਹੀ ਦੁਆਲੇ ਪਹਿਰੇ ਦੀ ਤਕੜਾਈ ਕਰ ਆਰਾਮ ਕਰਨ ਲੱਗ ਪਈਆਂ। ਉਧਰ ਬਚਦੇ ਸਿੰਘਾਂ ਨੇ ਗੁਰਮਤੇ ਸੋਧਣੇ ਸ਼ੁਰੂ ਕਰ ਦਿੱਤੇ। ਵਿਚਾਰ ਕੀਤੀ ਗਈ ਕਿ ਅੱਜ ਹੀ ਰਾਤੀਂ ਦਸਮੇਸ਼ ਜੀ ਗੜ੍ਹੀ ਛੱਡ ਕੇ ਚਲੇ ਜਾਣ ਤਾਂ ਜੋ ਬਾਹਰ ਜਾ ਕੇ ਸੁਰੱਖਿਅਤ ਸਥਾਨ ਤੇ ਹੋਰ ਫੌਜਾਂ ਦੀ ਤਿਆਰੀ ਕਰ ਸਕਣ ਪ੍ਰੰਤੂ ਗੁਰੂ ਜੀ ਨੇ ਨਾਂਹ ਕਰ ਦਿੱਤੀ। ਗੜ੍ਹੀ ਵਿਚ ਬਾਕੀ ਰਹਿੰਦੇ ਸਿੰਘਾਂ ਨੇ ਪੰਜ ਪਿਆਰੇ ਚੁਣੇ ਤੇ ਮਤਾ ਪਕਾਇਆ। ਭਾਈ ਦਇਆ ਸਿੰਘ ਜੀ ਨੇ ਮਤਾ ਪੜ ਕੇ ਸੁਣਾਉਂਦਿਆਂ 'ਗੁਰੂ ਪੰਥ' ਵੱਲੋਂ ਗੁਰੂ ਜੀ ਨੂੰ ਗੜ੍ਹੀ ਛੱਡ ਕੇ ਸੁਰੱਖਿਅਤ ਸਥਾਨ ਵੱਲ ਜਾਣ ਬਾਰੇ 'ਹੁਕਮ' ਸੁਣਾਇਆ। 'ਆਪੇ ਗੁਰ ਚੇਲਾ' ਦੇ ਵਾਕ ਨੂੰ ਸੱਚਾ ਕਰ ਵਿਖਾਉਣ ਹਿਤ ਪੰਥ ਗੁਰੂ ਦੇ ਹੁਕਮ ਅੱਗੇ ਸਿਰ ਨਿਵਾਇਆ, ਪ੍ਰੰਤੂ ਕਿਹਾ ਕਿ ਜਾਣ ਤੋਂ ਪਹਿਲੇ ਦੁਸ਼ਮਣ





ਨੂੰ ਵੰਗਾਰ ਕੇ ਜਾਣਗੇ, ਇਹ ਬੇਨਤੀ 'ਗੁਰੂ ਪੰਥ' ਅੱਗੇ ਕੀਤੀ ਜੋ ਪ੍ਰਵਾਨ ਕਰ ਲਈ ਗਈ। ਦਸਮੇਸ਼ ਪਿਤਾ ਨੇ ਤਿੰਨ ਸਿੰਘ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ ਆਪਣੇ ਨਾਲ ਲੈ ਜਾਣ ਦੀ ਵਿਉਂਤ ਬਣਾਈ। ਆਪਣੇ ਮੂੰਹ-ਮੁਹਾਂਦਰੇ ਵਾਲੇ ਹਮਸ਼ਕਲ ਭਾਈ ਸੰਗਤ ਸਿੰਘ ਨੂੰ ਆਪਣੀ ਪੁਸ਼ਾਕ ਅਤੇ ਜਿਗਾ ਕਲਗੀ ਪਹਿਨਾ ਕੇ ਗੜ੍ਹੀ ਦੀ ਉੱਚੀ ਮਮਟੀ (ਗੁੰਬਦ) ਉੱਤੇ ਬੈਠਣ ਦੀ ਸਲਾਹ ਦਿੱਤੀ ਕਿਉਂਕਿ ਅਜਿਹਾ ਕਰਨ ਨਾਲ ਦੁਸ਼ਮਣ ਨੂੰ ਗੁਰੂ ਸਾਹਿਬ ਦੀ ਮੌਜੂਦਗੀ ਦਾ ਅਹਿਸਾਸ ਹੋ ਸਕੇ। ਇਸ ਤੋਂ ਬਾਅਦ ਗੁਰੂ ਸਾਹਿਬ ਜੀ ਨੇ ਭਾਈ ਸੰਗਤ ਸਿੰਘ ਜੀ ਨੂੰ ਤੇ ਹੋਰ ਸਿੰਘਾਂ ਨੂੰ ਦੂਸਰੇ ਦਿਨ ਦੀ ਲੜਾਈ ਵਿਚ ਅਪਨਾਉਣ ਯੋਗ ਨੀਤੀ ਬਾਰੇ ਉਪਦੇਸ਼ ਦਿੱਤਾ। ਗੁਰੂ ਜੀ ਨੇ ਆਪਣਾ ਤੀਰ ਕਮਾਨ ਤੇ ਹੋਰ ਸ਼ਸਤਰ ਬਾਬਾ ਜੀ ਨੂੰ ਦੇ ਕੇ ਕਿਹਾ ਕਿ ਜਿਉਂਦੇ-ਜੀਅ ਦੁਸ਼ਮਣ ਦੇ ਹੱਥ ਨਹੀਂ ਆਉਣਾ।

ਅਗਲੀ ਸਵੇਰ 10 ਪੋਹ, 1761 ਬਿਕ੍ਰਮੀ ਦਿਨ ਚੜਿਆ ਮੁਗ਼ਲਾਂ ਨੇ ਗੜ੍ਹੀ ਵੱਲ ਨਜ਼ਰ ਮਾਰੀ, ਉਨਾਂ ਨੂੰ ਮਮਟੀ 'ਤੇ ਬੈਠਾ ਭਾਈ ਸੰਗਤ ਸਿੰਘ, ਸ੍ਰੀ ਗੁਰੂ ਗੋਬਿੰਦ ਸਿੰਘ ਦਿਖਾਈ ਦੇ ਰਿਹਾ ਸੀ ਤੇ ਮੁਗ਼ਲ ਬੜੇ ਹੀ ਖੁਸ਼ ਹੋਏ ਕਿ ਗੜ੍ਹੀ ਵਿਚ ਪੰਜ-ਸੱਤ ਸਿੰਘ ਹਨ, ਇਕ ਹੱਲੇ ਨਾਲ ਹੀ ਗੜ੍ਹੀ ਸਰ ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਿਊਂਦਿਆਂ ਹੀ ਫੜ ਲਿਆ ਜਾਵੇਗਾ ਅਤੇ ਸਰਕਾਰ ਵੱਲੋਂ ਉਨਾਂ ਨੂੰ ਕਾਫ਼ੀ ਇਨਾਮੋਕਰਮ ਮਿਲੇਗਾ। ਇਹ ਸੋਚ ਕੇ ਮੁਗ਼ਲਾਂ ਨੇ ਗੜ੍ਹੀ 'ਤੇ ਹਮਲਾ ਕਰ ਦਿੱਤਾ। ਮੁੱਠੀ-ਭਰ ਸਿੰਘਾਂ ਨੇ ਡੱਟ ਕੇ ਮੁਕਾਬਲਾ ਕੀਤਾ, ਜਿੰਨਾ ਚਿਰ ਉਨਾਂ ਪਾਸ ਗੋਲੀ-ਸਿੱਕੇ ਦਾ ਭੰਡਾਰ ਰਿਹਾ ਦੁਸ਼ਮਣ ਨੂੰ ਲਾਗੇ ਨਹੀਂ ਢੁਕਣ ਦਿੱਤਾ। ਜਦੋਂ ਤੀਰ ਤੇ ਗੋਲੀ-ਸਿੱਕਾ ਮੁੱਕ ਗਿਆ ਤਾਂ ਲੜਾਈ ਹੱਥੋ-ਹੱਥੀ ਹੋ ਗਈ। ਇਕ-ਇਕ ਕਰ ਕੇ ਸਾਰੇ ਸਿੰਘ ਜਾਮ-ਏ-ਸ਼ਹਾਦਤ ਪੀ ਗਏ। ਭਾਈ ਸੰਗਤ ਸਿੰਘ ਜੀ ਚਾਰੇ ਪਾਸੇ ਤੋਂ ਦੁਸ਼ਮਣ ਵਿੱਚ ਘਿਰੇ ਹੋਏ ਵੈਰੀਆਂ ਦੇ ਆਹੂ ਲਾਹੁੰਦੇ ਰਹੇ। ਕਈ ਘੰਟੇ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਹੋਏ ਆਖ਼ਿਰ 'ਫ਼ਤਹਿ ਗਜਾ' ਧਰਤੀ 'ਤੇ ਡਿੱਗ ਪਏ। ਮੁਗ਼ਲਾਂ ਨੇ ਕਾਹਲੀ 'ਚ ਇਹ ਸੋਚ ਲਿਆ ਕਿ ਇਹ ਕਲਗੀ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਹਨ। ਇਕ ਪਠਾਣ ਨੇ ਕਲਗੀ ਵਾਲਾ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ। ਭਾਈ ਕੁਇਰ ਸਿੰਘ ਲਿਖਦੇ ਹਨ :-
ਕਲਗੀ ਜਿਗਾ ਔਰ ਯਹ ਹੋਈ। ਗੁਰੂ ਗੋਬਿੰਦ ਇਹੈ ਹੈ ਸੋਈ। ਮਾਰ ਸ਼ੀਸ਼-ਸ਼ਮਸ਼ੇਰ ਪਠਾਨਾਂ। ਸੀਸ ਰਹਿਤ ਕਲਗੀ ਲੀ ਮਾਨਾ।

ਇਹ ਸੀ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿਰਾਲੀ ਖੇਡ-
ਸੀਸ ਨਿਹਾਰ ਬੰਗੇਸਰ ਕੋ ਬੋਲਤ ਹੈ ਸਭ ਨਰ ਨਾਰੀ। ਏਕ ਕਹੇ ਕਰੁਨਾ ਨਿਧ ਕੋ, ਇਕ ਭਾਖਤ ਹੈ ਇਹ ਖੇਲ ਅਪਾਰੀ।

ਭਾਈ ਸੰਗਤ ਸਿੰਘ ਜੀ ਜਿਵੇਂ ਪੁਕਾਰ, ਜੋਦੜੀ ਕਰ ਰਹੇ ਹੋਵਣ ਦਸਮ-ਪਿਤਾ ਅੱਗੇ ਕਿ-ਅਪਨੇ ਸੇਵਕ ਕਉ ਕਬਹੁ ਨ ਬਿਸਾਰਹੁ॥ ਉਰਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ॥(**829**) ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ (**26**)

ਉਸ ਵੇਲੇ ਰੌਲਾ ਪੈ ਗਿਆ ਕਿ ਸਿੱਖਾਂ ਦਾ ਗੁਰੂ ਗਿਆ ਜੇ ਫੜੋ, ਸਿੱਖਾਂ ਦਾ ਗੁਰੂ ਗਿਆ ਜੇ ਫੜੋ, ਹੁਣ ਬਚ ਕੇ ਕਿਤੇ ਨਿਕਲ ਨਾ ਜਾਵੇ। ਇਹ ਬੋਲ ਸਰਹਿੰਦ ਦੇ ਘਬਰਾਏ ਹੋਏ ਸੂਬੇਦਾਰ ਵਜ਼ੀਰ ਖਾਨ ਦੇ ਹਨ। ਜਦੋਂ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਚਮਕੌਰ ਦੀ ਲੜਾਈ ਦੇ ਅੰਤਿਮ ਦਿਨਾਂ ਵਿਚ, ਗੁਰੂ ਰੂਪ ਪੰਜ ਪਿਆਰਿਆਂ ਨੇ ਆਦੇਸ਼ ਦਿੱਤਾ ਕਿ 'ਉਹ ਚਮਕੌਰ ਦੀ ਹਵੇਲੀ ਛੱਡ ਜਾਣ' ਮਹਾਬਲੀ ਸਤਿਗੁਰੂ ਜੀ ਨੇ ਪੰਚ-ਪ੍ਰਧਾਨੀ ਪ੍ਰੰਪਰਾ ਅਰਥਾਤ ਖਾਲਸਾ ਪੰਥ ਦੇ ਹੁਕਮ ਨੂੰ ਸਿਰ-ਮੱਥੇ ਮੰਨ ਕੇ, ਪੋਹ ਦੀ ਕਾਲੀ-ਬੋਲ਼ੀ ਰਾਤ ਨੂੰ, ਜ਼ੋਰ-ਜ਼ੋਰ ਨਾਲ ਹੱਥਾਂ ਦੀ ਤਾੜੀ ਮਾਰ ਕੇ, ਉੱਚੀ ਆਵਾਜ਼ ਨਾਲ ਕਿਹਾ, ਸਿੱਖਾਂ ਦਾ ਗੁਰੂ ਚੱਲਿਆ ਜੇ ! ਜੇ ਕਿਸੇ ਵਿਚ ਹਿੰਮਤ ਹੈ ਤਾਂ ਫੜ ਲਓ। ਜਦੋਂ ਨਿਰਭੈ ਮਹਾਬਲੀ ਗੁਰੂ ਜੀ ਨੇ ਅਜਿਹੇ ਬੋਲ ਕਹੇ ਤਾਂ ਮੁਗਲ ਫੌਜਾਂ ਵਿਚ ਭਗਦੜ ਮਚ ਗਈ। ਵਜ਼ੀਰ ਖਾਨ ਨੇ ਆਪਣੇ ਸੈਨਾਪਤੀਆਂ ਨੂੰ ਟਿਕਣ ਨਾ ਦਿੱਤਾ। ਹੁਣ ਕਿਤੇ ਵੇਲਾ ਖੁੰਝ ਨਾ ਜਾਵੇ, ਤਕੜੇ ਹੋ ਕੇ ਹਿੰਮਤ ਮਾਰ ਕੇ ਗੁਰੂ ਨੂੰ ਜਿਉਂਦਾ ਹੀ ਫੜ ਲਓ। ਵਜ਼ੀਰ ਖਾਨ ਆਪਣੀਆਂ ਫੌਜਾਂ ਨੂੰ ਵੰਗਾਰ-ਵੰਗਾਰ ਕੇ ਕਹਿ ਰਿਹਾ ਸੀ।

ਅਕਾਲ ਪੁਰਖ ਦੇ ਰੰਗ ਨਿਆਰੇ ਹਨ। ਕਾਲੀ ਬੋਲ਼ੀ ਤੇ ਠੰਡੀ ਰਾਤ ਦੇ ਹਨੇਰੇ ਵਿਚ ਹੜਬੜਾਏ ਹੋਏ, ਮੁਗਲ ਫੌਜੀ ਆਪੋ ਵਿਚ ਹੀ ਲੜ-ਲੜ ਕੇ ਮਰਨ ਲੱਗ ਪਏ। ਸਵੇਰੇ ਪਹੁ-ਫੁਟਾਲੇ ਨਾਲ, ਜਦੋਂ ਸੂਰਜ ਦੀਆਂ ਕਿਰਨਾਂ ਨਿਕਲੀਆਂ ਤਾਂ ਉਨਾਂ ਨੇ ਛੱਤ ਉੱਪਰ ਬੈਠੇ ਹੋਏ ਗੁਰੂ ਜੀ ਨੂੰ ਦੇਖਿਆ। ਵਾਸਤਵ ਵਿਚ ਸਤਿਗੁਰੂ ਜੀ ਦੁਆਰਾ ਬਖਸ਼ਿਆ ਹੋਇਆ ਚੋਲਾ ਅਤੇ ਕਲਗੀ ਸਜਾਈ ਬੈਠਾ, ਇਹ ਭਾਈ ਸੰਗਤ ਸਿੰਘ ਨਿਰਭੈ ਯੋਧਾ ਸੀ। ਭਾਈ ਸੰਗਤ ਸਿੰਘ ਜੀ ਦੀ ਸ਼ਕਲ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਸੂਰਤ ਨਾਲ ਰਲਦੀ-ਮਿਲਦੀ ਸੀ। ਵਜ਼ੀਰ ਖਾਨ ਨੇ ਖੁਦ ਅੱਖੀਂ ਦੇਖ ਲਿਆ ਕਿ ਗੁਰੂ ਗੋਬਿੰਦ ਸਿੰਘ ਤਾਂ ਸਾਹਮਣੇ ਹਵੇਲੀ ਉੱਪਰ ਬੈਠੇ ਹੋਏ ਹਨ। ਕਲਗੀ, ਸ਼ਕਲ, ਕੱਦ ਅਤੇ ਚੋਲਾ ਵੀ ਉਹੀ ਹੈ।ਤਾਂ ਵਜ਼ੀਰ ਖਾਂ ਨੂੰ ਕੜਾਕੇਦਾਰ ਠੰਡ ਵਿਚ ਹੀ ਤ੍ਰੇਲੀਆਂ ਆਉਣ ਲੱਗ ਪਈਆਂ। ਸਾਰਾ ਸਰੀਰ ਪਸੀਨੇ ਨਾਲ ਭਿੱਜ ਗਿਆ। ਹੈਂ, ਗੁਰੂ ਅਜੇ ਜਿਉਂਦਾ ਹੈ ? ਰਾਤ ਉਹ ਕੌਣ ਜਿਸਨੇ ਮੇਰੀ ਅਣਖ ਨੂੰ ਤਾੜੀ ਮਾਰ ਕੇ, ਉੱਚੀ ਬੋਲ ਕੇ ਵੰਗਾਰਿਆ ਸੀ ? ਏਨੀ ਸੈਨਾ ਵੀ ਮਰ ਗਈ। ਲਾਸ਼ਾਂ ਪਰ ਲਾਸ਼ਾਂ ਪਈਆਂ ਹੋਈਆਂ ਹਨ ਪਰ ਗੁਰੂ ਅਜੇ ਵੀ ਜਿਉਂਦਾ ਹੈ ? ਹੇ ਖੁਦਾ ! ਇਹ ਸਿੰਘ ਕਿਸ ਮਿੱਟੀ ਦੇ ਬਣੇ ਹੋਏ ਹਨ, ਇਨਾਂ ਨੂੰ ਨਾਂ ਭੁੱਖ ਲੱਗਦੀ, ਨਾਂ ਪਿਆਸ, ਨਾਂ ਹੀ ਇਹ ਕਿਸੇ ਤੋਂ ਡਰਦੇ ਹਨ। ਜੇ ਅਸੀਂ ਇਨਾਂ ਨੂੰ ਲਲਕਾਰਦੇ ਹਾਂ ਤਾਂ ਸਾਡੀ ਸ਼ਾਹ ਰਗ ਨੂੰ ਐਸਾ ਹੱਥ ਪਾਉਂਦੇ ਹਨ ਕਿ ਕਿਸੇ ਨੂੰ ਜਿਉਂਦਾ ਵਾਪਸ ਮੁੜਨ ਹੀ ਨਹੀਂ ਦਿੰਦੇ। ਗਿਣਤੀ ਦੇ ਕੁਝ ਦਰਜਨ ਕੁ ਸਿੰਘਾਂ ਨੇ ਸਾਡੀ ਫੌਜ ਲੱਗਭਗ ਖਤਮ ਹੀ ਕਰ ਦਿੱਤੀ ਹੈ। ਵੱਡੇ-ਵੱਡੇ ਸੈਨਾਪਤੀ ਨਹੀਂ ਰਹੇ, ਵਜ਼ੀਰ ਖਾਨ ਦੇ ਕਮਾਂਡਰ ਇਕੱਠੇ ਹੋਏ। ਸੈਨਾਪਤੀ ਨੂਰ ਖਾਂ ਨੇ ਆਖਿਆ, ਸਿੱਖਾਂ ਵਿਚ ਕੋਈ ਜਾਦੂ-ਸ਼ਕਤੀ ਕੰਮ ਕਰਦੀ ਹੈ। ਉਨਾਂ ਦੀ ਪਿੱਠ ਪਿੱਛੇ ਜ਼ਰੂਰ ਕੋਈ ਤਾਕਤ ਹੈ। ਗੁਰੂ ਦੀ ਸ਼ਕਤੀ ਦਾ ਤਾਂ ਅੰਦਾਜ਼ਾ ਹੀ ਬੇਹਿਸਾਬ ਹੈ, ਉਸਦੇ ਤਾਂ ਸਿੱਖ ਹੀ ਸਾਡੀ ਪੇਸ਼ ਨਹੀਂ ਜਾਣ ਦਿੰਦੇ। ਸਿੱਖਾਂ ਦਾ ਗੁਰੂ ਜੇਕਰ ਇਕ ਤੀਰ ਮਾਰਦਾ ਹੈ ਤਾਂ ਸਾਡੇ ਚਾਰ-ਚਾਰ, ਪੰਜ-ਪੰਜ ਸੂਰਮਿਆਂ ਨੂੰ ਵਿੰਨ ਦਿੰਦਾ ਹੈ। ਸੈਨਾਪਤੀ ਨੂਰ ਖਾਂ ਨੇ ਆਖਿਆ, ਤਾਹੀਓਂ ਤਾਂ ਸਾਨੂੰ ਇਨਾਂ ਸਿੰਘਾਂ ਤੋਂ ਡਰ ਲੱਗਦਾ ਹੈ।

ਵਜ਼ੀਰ ਖਾਨ ਨੇ ਆਪਣੇ ਇਕੱਠੇ ਹੋਏ ਸੈਨਾਪਤੀਆਂ ਨੂੰ ਆਖਿਆ ਚਾਹੇ ਕੁਝ ਵੀ ਹੈ, ਸਾਨੂੰ ਹਮਲਾ ਤਾਂ ਕਰਨਾ ਹੀ ਪਵੇਗਾ। ਆਖਰੀ ਵੇਰ ਦਾ ਇਕ ਕਹਿਰੀ ਹੱਲਾ ਬੋਲ ਦਿਓ ਤੇ ਇਹ ਹੱਲਾ ਐਸਾ ਧਮਾਕੇਦਾਰ ਧੜੱਲੇ ਨਾਲ ਕਰੋ ਕਿ ਆਰ-ਪਾਰ ਦੀ ਲੜਾਈ ਹੋ ਜਾਵੇ। ਮੁੱਠੀ ਕੁ ਭਰ ਤਾਂ ਸਿੰਘ ਨੇ, ਹੁਣ ਬਚ ਕੇ ਨਾਂ ਜਾਣ, ਆਓ ਹੱਥੀਂ ਪਕੜ ਲਓ।

ਇਧਰ ਗੁਰੂ ਕੇ ਸਿੰਘਾਂ ਨੂੰ ਭਿਣਕ ਪੈ ਗਈ, ਨਿਰਭੈ ਯੋਧੇ ਭਾਈ ਸੰਗਤ ਸਿੰਘ ਜੀ ਹਵੇਲੀ ਦੇ ਬਾਹਰੀ ਦਰਵਾਜ਼ੇ ਲਾਗੇ ਖੜੇ, ਬਾਕੀ ਸਾਥੀ ਸਿੰਘਾਂ ਦੇ ਕੋਲ ਆ ਗਏ। ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਕੇ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ, ਹਵੇਲੀ ਦਾ ਬੂਹਾ ਇਕਦਮ ਖੋਲ ਕੇ, ਸਿੰਘ 'ਸਤਿ ਸ੍ਰੀ ਅਕਾਲ' ਬੁਲਾ ਕੇ ਮੁਗਲ ਫੌਜਾਂ ਉੱਤੇ ਟੁੱਟ ਪੈ ਗਏ। ਤੇਗਾਂ ਨਾਲ ਤੇਗਾਂ ਇਸ ਤਰਾਂ ਟਕਰਾਉਣ ਲੱਗੀਆਂ ਜਿਵੇਂ ਅਸਮਾਨੀ ਬਿਜਲੀ ਕਾਲੇ ਬੱਦਲਾਂ ਵਿਚ ਚਮਕਦੀ ਹੈ। ਸਿੰਘਾਂ ਦੇ ਜੈਕਾਰਿਆਂ ਨਾਲ ਧਰਤੀ ਗੂੰਜ ਉੱਠੀ। ਸਿੰਘਾਂ ਦਾ ਏਨਾ ਜ਼ਬਰਦਸਤ ਹੱਲਾ ਹੋਣ ਨਾਲ ਮੁਗਲ ਸੈਨਿਕ ਧੜਾ-ਧੜ ਧਰਤੀ 'ਤੇ ਡਿੱਗਣ ਲੱਗ ਪਏ। ਕਿਸੇ ਦੀ ਲੱਤ, ਕਿਸੇ ਦੀ ਬਾਂਹ, ਕਿਸੇ ਦਾ ਸਿਰ, ਕਿਸੇ ਦਾ ਧੜ ਕੱਟਿਆ ਹੋਇਆ ਸੀ ਤੇ ਉਹ ਕੁਰਲਾ ਰਹੇ ਸਨ। ਭਾਈ ਸੰਗਤ ਸਿੰਘ ਜੀ ਸਿੰਘਾਂ ਦੇ ਸੈਨਾਪਤੀ ਦੇ ਰੂਪ ਵਿਚ ਲਲਕਾਰੇ ਮਾਰ ਰਹੇ ਸਨ। ਬਹਾਦਰ ਯੋਧੇ ਭਾਈ ਸੰਗਤ ਸਿੰਘ ਦੀ ਤਲਵਾਰ ਦਾ ਵਾਰ ਕੋਈ ਵੀ ਨਹੀਂ ਸੀ ਸਹਾਰ ਸਕਦਾ। ਉਹ ਵੀ ਇਸ ਵਾਰੀ ਆਰ-ਪਾਰ ਦੀ ਲੜਾਈ ਲੜ ਰਹੇ ਸਨ। ਭਾਈ ਸੰਗਤ ਸਿੰਘ ਦੀ ਕਮਾਂਡ ਹੇਠ ਲੜਦੇ ਹੋਏ ਸਾਰੇ ਸਿੰਘ ਬੁਰੀ ਤਰਾਂ ਫੱਟੜ ਹੋ ਗਏ। ਮੁਗਲ ਫੌਜਾਂ ਦਾ ਕਹਿਰੀ ਹੱਲਾ ਵਧੇਰੇ ਕਰਕੇ ਭਾਈ ਸੰਗਤ ਸਿੰਘ ਦੇ ਉੱਪਰ ਹੀ ਸੀ। ਉਨਾਂ ਨੂੰ ਭੁਲੇਖਾ ਸੀ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਹੀ ਹਨ। ਭਾਈ ਸੰਗਤ ਸਿੰਘ ਜੀ ਦੋਵਾਂ ਹੱਥਾਂ ਨਾਲ ਸ਼ਸਤਰਾਂ ਦੇ ਵਾਰ ਕਰ ਰਹੇ ਸਨ। ਚਮਕੌਰ ਦੇ ਇਸ ਘਮਸਾਣ ਯੁੱਧ ਵਿਚ ਭਾਈ ਸੰਗਤ ਸਿੰਘ ਜੀ, ਬਾਕੀ ਸਿੰਘਾਂ ਦੇ ਨਾਲ ਮਹਾਨ ਸ਼ਹੀਦੀ ਪ੍ਰਾਪਤ ਕਰ ਗਏ।

ਇਹ ਸੀ ਬੀਰ-ਕਹਾਣੀ ਮਹਾਨ ਯੋਧੇ ਭਾਈ ਸੰਗਤ ਸਿੰਘ ਜੀ ਦੀ ਜੋ ਮਾਤਾ ਅਮਰੋ ਜੀ ਅਤੇ ਪਿਤਾ ਭਾਈ ਰਣੀਆਂ ਜੀ ਦੇ ਗ੍ਰਹਿ ਵਿਖੇ ਪੈਦਾ ਹੋਇਆ। ਬਚਪਨ ਦੀ ਉਮਰ ਤੋਂ ਹੀ ਭਾਈ ਸੰਗਤ ਸਿੰਘ ਜੀ, ਸਤਿਗੁਰੂ ਜੀ ਦੀ ਸੰਗਤ ਵਿਚ ਰਹੇ। ਆਪ ਜੀ ਸ਼ਸਤਰ ਵਿੱਦਿਆ ਵਿਚ ਬਹੁਤ ਮਾਹਿਰ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਬਾਲ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਭਾਈ ਸੰਗਤ ਸਿੰਘ ਜੀ ਰਹੇ। ਜਦੋਂ 1699 ਈ. ਵਿਚ ਗੁਰੂ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ, ਉਦੋਂ ਤੋਂ ਭਾਈ ਸੰਗਤਾ ਜੀ ਅੰਮ੍ਰਿਤਪਾਨ ਕਰਕੇ ਭਾਈ ਸੰਗਤ ਸਿੰਘ ਬਣ ਗਏ ਸਨ। ਆਪ ਜੀ ਸਦਾ ਹੀ ਗੁਰੂਘਰ ਪ੍ਰਤੀ ਵਫਾਦਾਰ, ਇਮਾਨਦਾਰ ਅਤੇ ਆਗਿਆਕਾਰ ਰਹੇ। ਪਰਉਪਕਾਰ, ਸੇਵਾ, ਸਿਮਰਨ ਵਿਚ ਵੀ ਆਪ ਘੱਟ ਨਹੀਂ ਸਨ। ਆਰੰਭਿਕ ਅਵਸਥਾ ਤੋਂ ਹੀ ਆਪ ਜੀ ਵਿਚ ਬੀਰਰਸ, ਗੁਰੂਘਰ ਪ੍ਰਤੀ ਸ਼ਰਧਾ ਅਤੇ ਪ੍ਰੇਮ ਕੁੱਟ-ਕੁੱਟ ਕੇ ਭਰਿਆ ਪਿਆ ਸੀ। ਨਾ ਤਾਂ ਕਿਸੇ ਤੋਂ ਆਪ ਜੀ ਡਰਦੇ ਹੀ ਸਨ ਅਤੇ ਨਾ ਹੀ ਕਿਸੇ ਨੂੰ ਡਰਾਉਂਦੇ ਸਨ। ਮੌਤ ਦਾ ਡਰ ਭਾਈ ਸੰਗਤ ਸਿੰਘ ਵਿਚ ਰੱਤੀ ਭਰ ਵੀ ਨਹੀਂ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਇਕ ਪੰਡਤ ਨੇ ਰੋ-ਰੋ ਕੇ ਅਰਜੋਈ ਕੀਤੀ ਕਿ ਗੁਰੂ ਜੀ ! ਮੇਰੀ ਘਰਵਾਲੀ ਨੂੰ ਇਕ ਪਠਾਣ ਜ਼ਬਰਦਸਤੀ ਖੋਹ ਕੇ ਰੋਪੜ ਵਾਲੇ ਪਾਸੇ ਲੈ ਗਿਆ ਹੈ, ਕ੍ਰਿਪਾ ਕਰੋ ਜੀ, ਗਰੀਬ ਨਿਮਾਣੇ-ਨਿਤਾਣੇ ਦੀ ਆਸ ਕੇਵਲ ਗੁਰੂ ਬਾਬੇ ਨਾਨਕ ਦਾ ਦਰ-ਘਰ ਹੀ ਹੈ। ਮਿਹਰ ਕਰਕੇ ਮੇਰੀ ਘਰਵਾਲੀ ਮੈਨੂੰ ਵਾਪਸ ਦਿਵਾਈ ਜਾਵੇ, ਤਾਂ ਦਸਮੇਸ਼ ਪਿਤਾ ਜੀ ਨੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੂੰ ਹੁਕਮ ਕੀਤਾ ਕਿ ਤੁਰੰਤ ਕਾਰਵਾਈ ਕਰੋ ਅਤੇ ਉਸ ਬੀਬੀ ਨੂੰ ਪਠਾਣ ਕੋਲੋਂ ਛੁਡਵਾ ਕੇ ਲੈ ਆਓ। ਉਸ ਸਮੇਂ ਸਾਹਿਬਜ਼ਾਦਾ ਅਜੀਤ ਸਿੰਘ ਦੇ ਨਾਲ ਭਾਈ ਸੰਗਤ ਸਿੰਘ ਜੀ ਵੀ ਗਏ ਸਨ। ਸਿੰਘਾਂ ਨੇ ਸਵਾਰ ਹੋ ਕੇ ਘੋੜੇ ਏਨੇ ਤੇਜ਼ ਭਜਾਏ ਕਿ ਕਮਾਲ ਹੀ ਕਰ ਦਿੱਤੀ।

ਪਠਾਣ ਅਜੇ ਆਪਣੇ ਘਰ ਦੇ ਲਾਗੇ ਪਹੁੰਚਿਆ ਹੀ ਸੀ ਕਿ ਸਿੰਘਾਂ ਨੇ ਲਲਕਾਰਾ ਮਾਰਿਆ। ਪਠਾਣ ਡਰਦਾ ਘਰ ਵਿਚ ਲੁਕ ਗਿਆ ਤੇ ਅੰਦਰੋਂ ਬੂਹਾ ਬੰਦ ਕਰ ਲਿਆ। ਓਧਰ ਖੋਹ ਕੇ ਲਿਆਂਦੀ ਪੰਡਤਾਣੀ ਰੋ-ਰੋ ਕੇ ਵਾਸਤੇ ਪਾ ਰਹੀ ਸੀ। ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਸੰਗਤ ਸਿੰਘ ਨੇ ਉਸ ਬੀਬੀ ਨੂੰ ਹੌਂਸਲਾ ਦਿੱਤਾ। ਸਿੰਘਾਂ ਨੇ ਪਠਾਣ ਨੂੰ ਪਕੜ ਲਿਆ। ਖੂਬ ਸੋਧਾ ਲਾਇਆ। ਜਦੋਂ ਉਸ ਨੂੰ ਪਾਰ (ਖਤਮ) ਕਰਨ ਲਈ ਸਿੰਘਾਂ ਨੇ ਤੇਗ ਉੱਪਰ ਕੀਤੀ ਤਾਂ ਪਠਾਣ ਦੀ ਘਰਵਾਲੀ ਨੇ ਤਰਲੇ ਪਾਏ, ਮਿੰਨਤਾਂ ਕੀਤੀਆਂ, ਪਠਾਣ ਨੇ ਅੱਗੇ ਤੋਂ ਅਜਿਹੇ ਕੁਕਰਮ ਨਾਂ ਕਰਨ ਦੀ ਸਹੁੰ ਖਾਧੀ। ਸਿੰਘਾਂ ਨੇ ਪਠਾਣ ਦੀ ਜਾਨ ਬਖਸ਼ ਦਿੱਤੀ ਅਤੇ ਪੰਡਤਾਣੀ ਵਾਪਸ ਲਿਆ ਕੇ ਗੁਰੂ-ਦਰਬਾਰ ਦੀ ਸ਼ਰਣ ਵਿਚ ਆ ਪੰਡਤ ਦੇ ਹਵਾਲੇ ਕੀਤੀ। ਇਸ ਸਾਰੀ ਕਾਰਵਾਈ ਵਿਚ ਬਾਬਾ ਸੰਗਤ ਸਿੰਘ ਜੀ ਦਾ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਸਹਿਯੋਗ ਸ਼ਲਾਘਾਯੋਗ ਸੀ।

ਸ੍ਰੀ ਆਨੰਦਪੁਰ ਸਾਹਿਬ ਦਾ ਕਿਲਾ ਛੱਡਣ ਵੇਲੇ ਸਰਸਾ ਨਦੀ ਦੇ ਕੰਢੇ ਹੋਏ ਮੁਗਲਾਂ ਨਾਲ ਘਮਸਾਣ ਯੁੱਧ ਵਿਚ ਭਾਈ ਸੰਗਤ ਸਿੰਘ ਜੀ ਨੇ ਵੀ ਤੇਗ ਦੇ ਚੰਗੇ ਜੌਹਰ ਦਿਖਾਏ ਸਨ।

ਭਾਈ ਸੰਗਤ ਸਿੰਘ ਜੀ ਦੀ ਜੀਵਨ-ਗਾਥਾ, ਇਕ ਉੱਚੇ-ਸੁੱਚੇ ਗੁਰਸਿੱਖ ਦੀ ਜੀਵਨ-ਗਾਥਾ ਹੈ। ਆਪ ਜੀ ਜਿਥੇ ਗੁਰੂ ਦਸਮੇਸ਼ ਪਿਤਾ ਦੇ ਪੂਰੇ ਵਿਸ਼ਵਾਸਪਾਤਰ ਤੇ ਆਗਿਆਕਾਰੀ ਸਨ, ਉਥੇ ਸਿੱਖ ਸੰਗਤਾਂ ਪ੍ਰਤੀ ਵੀ ਆਪ ਜੀ ਦਾ ਅਥਾਹ ਪਿਆਰ ਸੀ। ਆਪ ਜੀ ਗੁਰਬਾਣੀ ਪ੍ਰੇਮੀ ਅਤੇ ਨਾਮ-ਰਸੀਏ ਵੀ ਸਨ। ਸਿੱਖ ਇਤਿਹਾਸ ਵਿਚ ਜਿਥੇ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਯੋਧਿਆਂ ਤੇ ਵਫਾਦਾਰ ਸਿੰਘਾਂ ਦੀ ਗੱਲ ਚੱਲੇਗੀ, ਉਥੇ ਭਾਈ ਸੰਗਤ ਸਿੰਘ ਜੀ ਦਾ ਨਾਮ ਵੀ ਬੜੇ ਫਕਰ ਨਾਲ ਲਿਆ ਜਾਂਦਾ ਰਹੇਗਾ।

**ਬਾਕੀ ਸਫ਼ਾ 31 'ਤੇ**

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਤੀਜੀ ਕਿਸ਼ਤ

ਦੋ ਢਾਈ ਸਾਲ ਅਮਨ ਰਿਹਾ। ਇਸ ਦੌਰਾਨ ਖਾਲਸਾ ਦਲਾਂ ਨੇ ਆਪਣੀ ਸ਼ਕਤੀ ਦਾ ਵਿਸਥਾਰ ਕੀਤਾ। ਉਹ ਪੂਰੇ ਪੰਜਾਬ ਵਿਚ ਫੈਲ ਗਏ। ਤਰੁਣਾ-ਦਲ ਦੇ ਘੋੜਿਆਂ ਦੇ ਖੁਰਾਂ ਦੀ ਟਾਪ ਜਮਨਾ ਪਾਰ ਦਿੱਲੀ ਦੇ ਲਾਲ ਕਿਲੇ ਵਿਚ ਸੁਣੀ ਜਾਣ ਲੱਗੀ। ਇਸ ਨਾਲ ਮੁਗਲ ਹੁਕਮਰਾਨ ਦੀ ਨੀਂਦ ਹਰਾਮ ਹੋ ਗਈ।

ਖਾਨ ਬਹਾਦਰ ਜ਼ਕਰੀਆ ਖਾਂ ਨੇ ਨਵਾਬ ਕਪੂਰ ਸਿੰਘ ਨੂੰ ਸੁਨੇਹਾ ਘੱਲਿਆ ਕਿ ਤੁਹਾਡੇ ਇਹ ਨੌਜਵਾਨ ਜੇ ਆਪਣਾ ਰਵੱਈਆ ਬਦਲ ਲੈਣ ਤਾਂ ਮੈਂ ਉਨਾਂ ਨੂੰ ਸ਼ਾਹੀ ਫੌਜ ਵਿਚ ਭਰਤੀ ਕਰਨ ਲਈ ਤਿਆਰ ਹਾਂ। ਉਸਦਾ ਇਹ ਸੁਝਾਅ ਰੱਦ ਕਰ ਦਿੱਤਾ ਗਿਆ। ਫੇਰ ਜ਼ਕਰੀਆ ਖਾਂ ਨੇ ਦੂਜਾ ਸੁਝਾਅ ਰੱਖਿਆ ਕਿ ਜੇ ਇਹ ਨੌਜਵਾਨ ਅਮਲ ਪਸੰਦ ਵਾਹੀਵਾਨ ਬਣ ਕੇ ਪਿੰਡਾਂ ਵਿਚ ਵੱਸਣਾ ਚਾਹੁੰਦੇ ਹਨ ਤਾਂ ਸਰਕਾਰ ਇਨਾਂ ਤੋਂ ਲਗਾਨ ਨਹੀਂ ਲਏਗੀ। ਇਹ ਸੁਝਾਅ ਵੀ ਰੱਦ ਕਰ ਦਿੱਤਾ ਗਿਆ। ਉਹਨਾਂ ਸਾਹਮਣੇ ਇਕੋ ਟੀਚਾ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਆਜ਼ਾਦ ਪੰਜਾਬ ਦਾ ਜੋ ਸੁਪਨਾ ਦੇਖਿਆ ਸੀ, ਉਸਨੂੰ ਸਾਕਾਰ ਕੀਤਾ ਜਾਏ। ਅੱਜ ਤੱਕ ਜਿੰਨੀਆਂ ਸ਼ਹੀਦੀਆਂ ਦਿੱਤੀਆਂ ਗਈਆਂ ਸਨ, ਉਹ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਹੀ ਦਿੱਤੀਆਂ ਗਈਆਂ ਸਨ, ਸੋ ਉਹ ਇਸ ਟੀਚੇ ਨੂੰ ਕਿੰਝ ਛੱਡ ਦਿੰਦੇ ?

ਖਾਨ ਬਹਾਦਰ ਜ਼ਕਰੀਆ ਖਾਂ ਨੇ ਸੋਚਿਆ ਸੀ ਕਿ ਉਹ ਲਾਲਚ ਤੇ ਐਸ਼-ਆਰਾਮ ਵਿਚ ਪੈ ਕੇ ਸੰਘਰਸ਼ ਤੇ ਵਿਦਰੋਹ ਦਾ ਰਸਤਾ ਛੱਡ ਦੇਣਗੇ। ਉਸਦਾ ਇਹ ਭਰਮ ਟੁੱਟ ਗਿਆ। ਉਸਨੇ ਜਾਗੀਰ ਵਾਪਸ ਲੈ ਲਈ ਤੇ ਨਵਾਬ ਦਾ ਖਿਤਾਬ ਵੀ; ਪਰ ਇਸ ਨਾਲ ਕੀ ਹੋਣਾ ਸੀ, ਨਵਾਬ ਕਪੂਰ ਸਿੰਘ ਤਾਂ ਫੇਰ ਵੀ ਨਵਾਬ ਬਣੇ ਰਹੇ। ਸਿੱਖਾਂ ਦੇ ਦਿਲਾਂ ਦੇ ਨਵਾਬ, ਪੂਰੇ ਪੰਥ ਦੇ ਨਵਾਬ।

ਜ਼ਕਰੀਆ ਖਾਂ ਨੇ ਫੇਰ ਆਪਣੀਆਂ ਤੋਪਾਂ ਊਠਾਂ ਉੱਤੇ ਲਦਵਾ ਦਿੱਤੀਆਂ। ਗਸ਼ਤੀ-ਫੌਜ ਪਿੰਡ-ਪਿੰਡ ਘੁੰਮਣ ਲੱਗੀ। ਸਿੱਖਾਂ ਨੇ ਵੀ ਆਪਣੀਆਂ ਕਿਰਪਾਨਾ 'ਸਾਣ' 'ਤੇ ਲਾ ਲਈਆਂ ਤੇ ਵਾਤਾਵਰਣ 'ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫ਼ਤਿਹ' ਦੇ ਨਾਅਰਿਆਂ, ਜੈਕਾਰਿਆਂ ਨਾਲ ਗੂੰਜ ਉਠਿਆ। ਉਹ ਫੇਰ ਪਹਾੜਾਂ ਤੇ ਜੰਗਲਾਂ ਵੱਲ ਨਿਕਲ ਗਏ। ਰਾਹ ਵਿਚ ਪੈਂਦੇ ਸ਼ਹਿਰਾਂ ਤੇ ਕਸਬਿਆਂ ਵਿਚ ਛਾਪੇ ਮਾਰਦੇ ਰਹੇ। ਧਨ, ਹਥਿਆਰ ਤੇ ਘੋੜੇ ਲੁੱਟ ਕੇ ਲੈ ਗਏ। ਉਹ ਬਿਲਾਸਪੁਰ, ਨਾਲਾਗੜ ਤੇ ਸਰਮੂਰ ਦੀਆਂ ਪਹਾੜੀਆਂ ਤੇ ਲੱਖੀ ਜੰਗਲ ਵਿਚ ਜਾ ਛੁਪੇ। ਕੁਝ ਬਠਿੰਡੇ ਤੇ ਮੁਕਤਸਰ ਦੇ ਰੇਤਲੇ ਟਿੱਬਿਆਂ ਵਿਚਕਾਰ ਚਕਰਾਉਣ ਲੱਗੇ।

ਬੁੱਢਾ-ਦਲ ਮਾਝੇ ਵੱਲੋਂ ਨੱਸ ਕੇ ਮਾਲਵੇ ਵਿਚ ਚਲਾ ਗਿਆ। ਇੱਥੇ ਦੇ ਕਾਫੀ ਖਿੱਤੇ ਉਪਰ ਆਲਾ ਦਾ ਰਾਜ ਸੀ। ਉਸਦੀ ਰਾਜਧਾਨੀ ਵਿਚ ਬੁੱਢਾ-ਦਲ ਦਾ ਨਿੱਘਾ ਸਵਾਗਤ ਕੀਤਾ ਗਿਆ। ਇੰਜ ਉਸਦੀ ਆਪਣੀ ਸ਼ਕਤੀ ਵੀ ਵਧੀ ਤੇ ਉਸਨੇ ਸੁਨਾਮ ਤੱਕ ਆਪਣੇ ਰਾਜ ਦਾ ਵਿਸਥਾਰ ਕੀਤਾ। ਅੰਮ੍ਰਿਤਸਰ ਪਹੁੰਚ ਕੇ ਦਿਵਾਲੀ ਮਨਾਉਣ ਲਈ ਬੁੱਢਾ-ਦਲ ਫੇਰ ਮਾਝੇ ਵੱਲ ਤੁਰ ਪਿਆ। ਸਫਰ ਖਰਚ ਲਈ ਉਹਨਾਂ ਕੋਲ ਖਾਸੀ ਰਕਮ ਸੀ। ਜਦੋਂ ਉਹ ਗੋਬਿੰਦਵਾਲ ਤੇ ਤਰਨ ਤਾਰਨ ਲੰਘ ਕੇ ਅੰਮ੍ਰਿਤਸਰ ਤੋਂ ਥੋੜਾ ਕੁ ਦੂਰ ਬਾਸਰਕੇ ਵਿਖੇ ਰੁਕੇ ਹੋਏ ਸਨ, ਦੀਵਾਨ ਲਖਪਤ ਰਾਏ ਨੇ 7,000 ਸੈਨਿਕਾਂ ਨਾਲ ਉਹਨਾਂ ਉਪਰ ਹਮਲਾ ਕਰ ਦਿੱਤਾ ਤੇ ਉਹਨਾਂ ਨੂੰ ਚੂਨੀਆਂ ਵੱਲ ਭਜਾ ਦਿੱਤਾ। ਤਰੁਣਾ-ਦਲ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਬੁੱਢਾ ਦਲ ਦੀ ਸਹਾਇਤਾ ਲਈ ਆ ਪਹੁੰਚਿਆ। ਇਨਾਂ ਦੋਹਾਂ ਦਲਾਂ ਨੇ ਸਾਂਝਾ ਹੱਲਾ ਬੋਲ ਕੇ ਮੁਗਲ ਸੈਨਾ ਦੇ ਛੱਕੇ ਛੁਡਾ ਦਿੱਤੇ। ਲਖਪਤ ਰਾਏ ਦਾ ਭਤੀਜਾ ਦੂਨੀ ਚੰਦ ਤੇ ਜਮਾਲ ਖਾਂ ਤੇ ਤਤਾਰ ਖਾਂ ਨਾਂ ਦੇ ਦੋ ਫੌਜਦਾਰ ਵੀ ਖੇਤ ਰਹਿ ਗਏ। ਇਸ ਜਿੱਤ ਨੇ ਸਿੱਖਾਂ ਦੇ ਹੌਂਸਲੇ ਬੁਲੰਦ ਕਰ ਦਿੱਤੇ ਤੇ ਉਹਨਾਂ ਅੰਮ੍ਰਿਤਸਰ ਤਕ ਦੇ ਪੂਰੇ ਇਲਾਕੇ ਨੂੰ ਲੁੱਟ ਲਿਆ।

ਇਸ ਹਾਰ ਤੋਂ ਪਿੱਛੋਂ ਸਰਕਾਰ ਆਪਣੀ ਪੂਰੀ ਤਾਕਤ ਨਾਲ ਹਰਕਤ ਵਿਚ ਆ ਗਈ। ਮੁਗਲ ਸੈਨਾ ਨੇ ਹਰਿਮੰਦਰ ਸਾਹਬ ਉਪਰ ਕਬਜਾ ਕਰ ਲਿਆ ਤੇ ਅੰਮ੍ਰਿਤਸਰ ਪਹੁੰਚਣ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਗਸ਼ਤੀ ਫੌਜ ਦੇ ਨਾਲ ਮੁੱਕਦਮਾਂ ਤੇ ਨੰਬਰਦਾਰਾਂ ਨੂੰ ਵੀ ਹਦਾਇਤਾਂ ਕਰ ਦਿੱਤੀਆਂ ਗਈਆਂ ਕਿ ਸਿੱਖਾਂ ਨੂੰ ਫੜ-ਫੜ ਕੇ ਲਾਹੌਰ ਭੇਜਣ। ਸਿੱਖਾਂ ਨੂੰ ਪਨਾਹ ਦੇਣੀ ਜਾਂ ਕਿਸੇ ਕਿਸਮ ਦੀ ਮਦਦ ਦੇਣੀ ਅਪਰਾਧ ਐਲਾਨਿਆਂ ਗਿਆ ਤੇ ਸਿੱਖਾਂ ਦੇ ਸਿਰਾਂ ਲਈ ਇਨਾਮ ਦਿੱਤੇ ਜਾਣ ਲੱਗ ਪਏ। ਹਜ਼ਾਰਾਂ ਸਿੱਖ ਲਾਹੌਰ ਲਿਜਾਅ ਕੇ ਸ਼ਹੀਦ ਕੀਤੇ ਜਾਣ ਲੱਗੇ।

ਹਜ਼ਾਰਾਂ ਸਿੱਖ ਸ਼ਹੀਦ ਹੋ ਗਏ ਪਰ ਕਿਸੇ ਨੇ ਵੀ ਧਰਮ ਬਦਲਣਾ ਸਵਿਕਾਰ ਨਹੀਂ ਕੀਤਾ। ਕੋਈ ਵੀ ਰੋਇਆ ਜਾਂ ਗਿੜਗਿੜਾਇਆ ਨਹੀਂ, ਬਲਕਿ ਸਾਰਿਆਂ ਨੇ, 'ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫਤਿਹ' ਦੇ ਜੈਕਾਰੇ ਛੱਡਦਿਆਂ ਹੱਸ-ਹੱਸ ਕੇ ਮੌਤ ਨੂੰ ਗਲ਼ੇ ਲਾ ਲਿਆ। ਧਰਮ ਪਰਿਵਰਤਨ ਦਾ ਮਤਲਬ ਸੀ ਮਨੋਬਲ ਤੋੜਨਾ। ਸਿੰਘਾਂ ਨੇ ਸ਼ਹੀਦੀਆਂ ਦੇ ਕੇ ਕੌਮ ਦਾ ਮਨੋਬਲ ਕਾਇਮ ਰੱਖਿਆ।

ਜ਼ਕਰੀਆ ਖਾਂ ਦਾ ਜ਼ੁਲਮ ਉਨਾਂ ਦੇ ਇਸ ਵਿਸ਼ਵਾਸ ਨੂੰ ਡੋਲਾਉਣ ਤੋਂ ਅਸਮਰਥ ਰਿਹਾ ਕਿ ਉਨਾਂ ਦੀ ਸੰਸਾਰਕ ਸੰਪਤੀ, ਨਾਸ਼ਵਰ ਸਰੀਰ ਤੇ ਆਤਮਾ ਤੱਕ ਉਨਾਂ ਦੀ ਆਪਣੀ ਨਹੀਂ ਗੁਰੂ ਦੀ ਇਮਾਨਤ ਹੈ ਜਿਨਾਂ ਆਪਣਾ ਸਰਬੰਸ ਪੰਥ ਉਪਰੋਂ ਵਾਰ ਦਿੱਤਾ ਹੈ। ਇਸ ਲਈ ਪੰਥ ਖਾਤਰ ਕੀਤੀ ਹਰ ਕੁਰਬਾਨੀ ਸਦਕਾ ਗੁਰੂ ਦਾ ਅਸ਼ੀਰਵਾਦ ਪ੍ਰਾਪਤ ਹੁੰਦਾ ਹੈ ਅਤੇ ਮੋਕਸ਼ ਦਾ ਦਰ ਖੁੱਲਦਾ ਹੈ। 'ਜੋ ਲੜੇ ਦੀਨ ਕੇ ਹੇਤ' ਯੁੱਧ-ਗੀਤ ਵਿਚ ਇਹੀ ਭਾਵਨਾ ਭਰੀ ਹੋਈ ਹੈ, ਜਿਸ ਨਾਲ ਆਤਮਕ-ਬਲ ਪ੍ਰਾਪਤ ਹੁੰਦਾ ਹੈ।

ਭਾਈ ਮਨੀ ਸਿੰਘ ਸਹਿਜ-ਸੁਭਾਅ ਦੇ ਹਰਮਨ-ਪਿਆਰੇ ਤੇ ਵਿਦਵਾਨ ਆਦਮੀ ਸਨ। ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਅੰਮ੍ਰਿਤ ਛਕ ਕੇ ਸਿੱਖ ਸਜਨ ਦਾ ਮਾਣ ਪ੍ਰਾਪਤ ਸੀ। ਉਹ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਨ। ਉਨਾਂ ਨੂੰ ਵੀ ਗ੍ਰਿਫ਼ਤਾਰ ਕਰਕੇ ਲਾਹੌਰ ਪਹੁੰਚਾ ਦਿੱਤਾ ਗਿਆ ਸੀ। ਜਦੋਂ ਉਨਾਂ ਧਰਮ ਬਦਲਣ ਤੋਂ ਇਨਕਾਰ ਕੀਤਾ ਸੀ ਤਾਂ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਨਾਲ ਸਿੱਖਾਂ ਵਿਚ ਜਬਰਦਸਤ ਰੋਸ ਫੈਲ ਗਿਆ। ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਤੇ ਬੰਦਾ ਬਹਾਦਰ ਦੇ ਨਾਲ ਭਾਈ ਮਨੀ ਸਿੰਘ ਦਾ ਨਾਂ ਵੀ ਅਰਦਾਸ ਵਿਚ ਸ਼ਾਮਲ ਹੋ ਗਿਆ। ਤੇ ਉਨਾਂ ਦੀ ਸ਼ਹਾਦਤ ਦੇ ਜ਼ਿੰਮੇਵਾਰ ਜ਼ਕਰੀਆ ਖਾਂ ਤੇ ਉਸਦੇ ਸਹਾਇਕ ਸੱਯਦ ਖਾਂ ਨੂੰ ਮੌਤ ਦੇ ਘਾਟ ਉਤਾਰਨ ਦਾ ਫੈਸਲਾ ਕਰ ਲਿਆ ਗਿਆ।

ਜ਼ਕਰੀਆ ਖਾਂ ਨੇ ਹਰਿਮੰਦਰ ਸਾਹਿਬ ਉੱਤੇ ਕਬਜਾ ਕਰਕੇ ਫੌਜਦਾਰ ਰਹਿਮਾਨ ਖਾਂ ਨੂੰ ਤਾਇਨਾਤ ਕਰ ਦਿੱਤਾ ਤਾਂ ਕਿ ਕੋਈ ਸਿੱਖ ਉੱਥੇ ਨਾ ਆ ਸਕੇ। ਉਸਦਾ ਖਿਆਲ ਸੀ ਕਿ ਹਰਿਮੰਦਰ ਦੇ ਦਰਸ਼ਨਾਂ ਤੇ ਸਰੋਵਰ ਵਿਚ ਇਸ਼ਨਾਨ ਸਦਕਾ ਹੀ ਸਿੱਖਾਂ ਦਾ ਬਲ, ਉਤਸ਼ਾਹ ਤੇ ਹੌਂਸਲਾ ਪ੍ਰਬਲ ਹੁੰਦਾ ਹੈ। ਪਰ ਭਾਈ ਕਪੂਰ ਸਿੰਘ ਦੀ ਅਗਵਾਨੀ ਵਿਚ ਸਿੱਖ ਸੂਰਮਿਆਂ ਨੇ ਅੰਮ੍ਰਿਤਸਰ ਸਰੋਵਰ ਵਿਚ ਟੁੱਭੀ ਲਾਉਣ ਦੇ ਆਪਣੇ ਅਧਿਕਾਰ ਨੂੰ ਬਰਕਰਾਰ ਰੱਖਿਆ। ਸਾਹਸੀ ਗੁਰੀਲੇ ਕਦੀ ਭੇਸ ਬਦਲ ਕੇ ਤੇ ਕਦੀ ਖੁੱਲੇ-ਆਮ ਆਉਂਦੇ ਤੇ ਸਰੋਵਰ ਵਿਚ ਟੁੱਭੀ ਲਾ ਕੇ ਚਲੇ ਜਾਂਦੇ। ਇਕ ਵਾਰੀ ਮਾੜੀ ਕੰਬੋ ਦਾ ਭਰਾ ਸੁੱਖਾ ਸਿੰਘ ਤੇ ਭਾਈ ਮਨੀ ਸਿੰਘ ਦਾ ਭਤੀਜਾ ਬਾਜ ਸਿੰਘ ਯਕਦਮ ਆਏ, ਸਰੋਵਰ ਵਿਚ ਟੁੱਭੀ ਲਾਈ ਤੇ ਆਪਣੇ ਘੋੜਿਆਂ ਉਪਰ ਸਵਾਰ ਹੋ ਕੇ ਭੱਜ ਨਿਕਲੇ। ਅਬਦੁੱਲ ਰਹਿਮਾਨ ਨੇ ਇਹ ਸੋਚਿਆ ਕਿ ਸਿਰਫ ਦੋ ਹੀ ਆਦਮੀ ਹਨ, ਆਪਣੇ ਕੁਝ ਸਿਪਾਹੀਆਂ ਨਾਲ ਉਨਾਂ ਦਾ ਪਿੱਛਾ ਕੀਤਾ ਪਰ ਹਰਿਮੰਦਰ ਸਾਹਿਬ ਦੇ ਬਾਹਰ ਚਾਰ-ਪੰਜ ਸੌ ਸਿੱਖ ਸਵਾਰ ਉਹਨਾਂ ਦੀ ਉਡੀਕ ਕਰ ਰਹੇ ਸਨ। ਸੁੱਖਾ ਸਿੰਘ ਤੇ ਬਾਜ ਸਿੰਘ ਆਪਣੇ ਇਨਾਂ ਸਾਥੀਆਂ ਨਾਲ ਆ ਮਿਲੇ। ਅਬਦੁੱਲ ਰਹਿਮਾਨ ਨੂੰ ਪਿੱਛੇ ਨੱਸ ਜਾਣ ਦਾ ਮੌਕਾ ਵੀ ਨਹੀਂ ਮਿਲਿਆ। ਉਹ ਤੇ ਉਸਦੇ ਸੈਨਕ ਸਿੱਖਾਂ ਨਾਲ ਹੋਏ ਮੁੱਠ-ਭੇੜ ਵਿਚ ਮਾਰੇ ਗਏ।



ਜਦੋਂ ਜ਼ਕਰੀਆ ਖਾਂ ਨੂੰ ਇਸ ਘਟਨਾ ਦੀ ਖੁਬਰ ਮਿਲੀ ਤਾਂ ਉਸਨੇ ਸੱਯਦ ਖਾਂ ਦੀ ਕਮਾਂਡ ਵਿਚ ਇਕ ਵੱਡੀ ਸੈਨਾ ਨਵਾਬ ਕਪੂਰ ਸਿੰਘ ਦੀ ਭਾਲ ਵਿਚ ਭੇਜ ਦਿੱਤੀ। ਸੱਯਦ ਖਾਂ ਦੀ ਇਹ ਆਦਤ ਸੀ ਕਿ ਉਹ ਆਪ ਪਿੱਛੇ ਰਹਿੰਦਾ ਸੀ ਤੇ ਆਪਣੇ ਅਧੀਨ ਅਫਸਰਾਂ ਨੂੰ ਅੱਗੇ ਰੱਖਦਾ ਸੀ। ਭਾਈ ਕਪੂਰ ਸਿੰਘ ਨੇ ਅਜਿਹੀ ਚਾਲ ਚੱਲੀ, ਜਿਸ ਨਾਲ ਖੁਦ ਸੱਯਦ ਖਾਂ ਸਾਹਮਣੇ ਆ ਗਿਆ। ਭਾਈ ਕਪੂਰ ਸਿੰਘ ਨੇ ਆਪਣੇ ਗੁਰੀਲੇ ਸਾਥੀਆਂ ਨੂੰ ਦੋ ਟੁਕੜੀਆਂ ਵਿਚ ਵੰਡਿਆ। ਇਕ ਟੁਕੜੀ ਨੂੰ ਦੁਸ਼ਮਨ ਨਾਲ ਲੜਨ ਲਈ ਭੇਜ ਦਿੱਤਾ ਤੇ ਦੂਜੀ ਟੁਕੜੀ, ਜਿਸ ਦੀ ਕਮਾਨ ਉਹ ਆਪ ਕਰ ਰਹੇ ਸਨ, ਝੜੀਆਂ ਵਿਚ ਘਾਤ ਲਾ ਕੇ ਬੈਠ ਗਈ। ਕੁਝ ਚਿਰ ਲੜਨ ਤੋਂ ਬਾਅਦ ਪਹਿਲੀ ਟੁਕੜੀ ਨੇ ਸੋਚੀ-ਸਮਝੀ ਯੋਜਨਾ ਅਨੁਸਾਰ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ। ਸੱਯਦ ਖਾਂ ਨੂੰ ਲੱਗਿਆ ਕਿ ਸਿੱਖ ਭੱਜ ਰਹੇ ਨੇ ਤੇ ਉਹ ਜੋਸ਼ ਵਿਚ ਆ ਕੇ ਉਨਾਂ ਦਾ ਪਿੱਛਾ ਕਰਨ ਲਈ ਅੱਗੇ ਵਧ ਆਇਆ। ਇਹੀ ਭਾਈ ਕਪੂਰ ਸਿੰਘ ਚਾਹੁੰਦੇ ਸਨ। ਉਹਨਾਂ ਦੀ ਕਮਾਨ ਵਿਚ ਘਾਤ ਲਾ ਕੇ ਬੈਠੀ ਟੁਕੜੀ ਨੇ ਸੱਯਦ ਖਾਂ ਨੂੰ ਆਣ ਦਬੋਚਿਆ। ਉਸਨੂੰ ਫੜ ਕੇ ਚਾਰ ਘੋੜਿਆਂ ਪਿੱਛੇ ਬੰਨ ਲਿਆ ਗਿਆ। ਘੋੜੇ ਦੌੜਾਏ ਤਾਂ ਸੱਯਦ ਖਾਂ ਉਨਾਂ ਦੇ ਪਿੱਛੇ ਘਸੀਟੇ ਖਾਂਦਿਆਂ ਹੋਇਆਂ ਦਮ ਤੋੜ ਗਿਆ।

ਇਹ ਭਾਈ ਮਨੀ ਸਿੰਘ ਦੀ ਸ਼ਹਾਦਤ ਦਾ ਬਦਲਾ ਸੀ, ਪਰ ਮੁੱਖ ਅਪਰਾਧੀ ਜ਼ਕਰੀਆਂ ਖਾਂ ਅਜੇ ਵੀ ਜਿਉਂਦਾ ਸੀ। ਉਹ ਸਿੱਖਾਂ ਦੇ ਭੈਅ ਕਾਰਨ ਕਿਲੇ ਵਿਚ ਲੁਕਿਆ ਰਹਿੰਦਾ ਸੀ ਤੇ ਬਾਹਰ ਨਿਕਲਣ ਦਾ ਸਾਹਸ ਨਹੀਂ ਸੀ ਕਰਦਾ। ਨਵਾਬ ਕਪੂਰ ਸਿੰਘ ਨੇ ਸੂਹੀਏ ਛੱਡੇ ਹੋਏ ਸਨ, ਜਿਹੜੇ ਉਸਦੀਆਂ ਗਤੀਵਿਧੀਆਂ ਦੀ ਖਬਰ ਦਿੰਦੇ ਰਹਿੰਦੇ ਸਨ। ਇਕ ਵਾਰੀ ਇਹ ਖਬਰ ਆਈ ਜ਼ਕਰੀਆ ਖਾਂ ਜੁਮੇਂ (ਸ਼ੁਕਰਵਾਰ) ਦੀ ਨਮਾਜ ਪੜਨ ਲਾਹੌਰ ਦੀ ਸ਼ਾਹੀ ਮਸਜਦ ਵਿਚ ਜਾਏਗਾ। ਨਵਾਬ ਕਪੂਰ ਸਿੰਘ ਨੇ ਦੋ ਹਜ਼ਾਰ ਮੰਨੇ ਹੋਏ ਗੁਰੀਲੇ ਨਾਲ ਲਏ। ਉਹ ਸਾਰੇ ਉਚ ਵਰਗ ਦੇ ਮੁਸਲਿਮ ਮੁਰੀਦਾਂ ਦੇ ਭੇਸ ਵਿਚ ਸਨ। ਹਰੇ ਰੰਗ ਦੇ ਬਸਤਰ, ਲੰਮੇ-ਲੰਮੇ ਵਾਲ ਪਿੱਛੇ ਵੱਲ ਲਹਿਰਾਉਂਦੇ ਹੋਏ ਤੇ ਅੱਗੇ-ਅੱਗੇ ਹੈਦਰੀ-ਝੰਡਾ। ਉਹਨਾਂ ਨੇ 'ਅੱਲਾ ਹੂ ਅਕਬਰ' ਦੇ ਨਾਅਰੇ ਲਾਉਂਦਿਆਂ ਹੋਇਆਂ ਸ਼ਹਿਰ ਵਿਚ ਪ੍ਰਵੇਸ਼ ਕੀਤਾ। ਸਬੱਬ ਨਾਲ ਜ਼ਕਰੀਆ ਖਾਂ ਬਿਮਾਰ ਹੋ ਗਿਆ ਤੇ ਮਸਜਦ ਵਿਚ ਨਹੀਂ ਆਇਆ। ਇਸ ਨਾਲ ਸਿੱਖਾਂ ਨੂੰ ਨਿਰਾਸ਼ਾ ਤਾਂ ਜ਼ਰੂਰ ਹੋਈ, ਪਰ ਉਹਨਾਂ ਆਪਣਾ ਅਸਲੀ ਰੂਪ ਵੀ ਜਾਹਰ ਕਰ ਦਿੱਤਾ, ਉਹ 'ਬੋਲੇ ਸੋ ਨਿਹਾਲ, ਸਤ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦੇ ਸ਼ਹਿਰ ਵਿਚੋਂ ਨਿਕਲੇ ਤੇ ਜੰਗਲਾਂ ਵੱਲ ਹੋ ਲਏ।

ਇਸ ਪਿੱਛੋਂ ਨਵਾਬ ਕਪੂਰ ਸਿੰਘ ਨੇ ਮਾਲਵੇ ਵੱਲ ਕੂਚ ਕੀਤਾ। ਸਤਲੁਜ ਪਾਰ ਕਰਕੇ ਉਹ ਦਿੱਲੀ ਵੱਲ ਵਧੇ। ਰਸਤੇ ਵਿਚ ਝੱਜਰ, ਦਾਦਰੀ ਤੇ ਪਟੌਦੀ ਦੇ ਮੁਗਲ ਫੌਜਦਾਰਾਂ ਤੋਂ ਖਿਰਾਜ (ਟੈਕਸ) ਵਸੂਲਿਆ। ਫਰੀਦਾਬਾਦ, ਬਲੱਭਗੜ ਤੇ ਗੁੜਗਾਂਵ ਦੇ ਪੂਰੇ ਇਲਾਕੇ ਨੂੰ ਲੁੱਟਿਆ ਤੇ ਫੇਰ ਜੰਗਲ ਵਿਚ ਪਰਤ ਆਏ।

ਇਹਨਾਂ ਸਾਰੀਆਂ ਮੁਹਿੰਮਾਂ ਵਿਚ ਜੱਸਾ ਸਿੰਘ ਆਹਲੂਵਾਲੀਆ, ਨਵਾਬ ਕਪੂਰ ਸਿੰਘ ਦੀ ਸੱਜੀ ਬਾਂਹ ਸੀ। ਉਸਦੀ ਉਮਰ ਹੁਣ ਅਠਾਰਾਂ-ਉੱਨੀਂ ਵਰਿਆਂ ਦੀ ਸੀ। ਕੱਦ ਛੇ ਫੁੱਟ ਤਿੰਨ ਇੰਚ, ਦਾੜੀ-ਮੁੱਛਾਂ ਵੀ ਆ ਗਈਆਂ ਸਨ, ਜਿਸ ਕਰਕੇ ਚਿਹਰਾ ਭਰਿਆ-ਭਰਿਆ ਲੱਗਣ ਲੱਗ ਪਿਆ ਸੀ ਤੇ ਵਿਅਕਤੀਤੱਵ ਵਿਚ ਵੀ ਨਿਖਾਰ ਆ ਗਿਆ ਸੀ। ਉਹ ਯੁੱਧ-ਕਲਾ ਵਿਚ ਮਾਹਰ, ਇਕ ਕੁਸ਼ਲ ਤੇ ਨਿੱਡਰ ਯੋਧਾ ਬਣ ਚੁੱਕਿਆ ਸੀ।

ਜਦੋਂ ਇਹ ਸੰਘਰਸ਼ ਚਲ ਰਿਹਾ ਸੀ, ਉਦੋਂ ਹੀ ਨਾਦਰ ਸ਼ਾਹ ਦਾ ਹਮਲਾ ਹੋਇਆ।

ਜ਼ਕਰੀਆ ਖਾਂ ਨੇ ਦੂਹਰੀ ਨੀਤੀ ਅਪਣਾਈ। ਜਿੱਥੇ ਉਹ ਸਿੱਖਾਂ ਨੂੰ ਮਿਟਾਅ ਦੇਣ 'ਤੇ ਤੁਲਿਆ ਹੋਇਆ ਸੀ, ਉੱਥੇ ਉਹ ਸਿੱਖਾਂ ਹੱਥੋਂ ਲੁੱਟੇ ਜਾਣ ਵਾਲਿਆਂ ਨੂੰ ਰਾਹਤ (ਸਹਾਇਤਾ) ਵੀ ਦਿੰਦਾ ਸੀ ਤਾਂ ਕਿ ਸਿੱਖਾਂ ਵਿਰੁੱਧ ਉਨਾਂ ਦਾ ਸਹਿਯੋਗ ਪ੍ਰਾਪਤ ਹੋਏ। ਜਿਹੜੇ ਲੋਕ ਸਿੱਖਾਂ ਦੇ ਘਰ ਬਰਬਾਦ ਕਰਦੇ ਤੇ ਲੁੱਟਦੇ ਸਨ, ਉਨਾਂ ਨੂੰ ਲੁੱਟ ਦਾ ਮਾਲ ਆਪਣੇ ਕੋਲ ਰੱਖਣ ਦੀ ਛੋਟ ਸੀ। ਮਤਲਬ ਇਹ ਕਿ ਕਾਨੂੰਨ ਤੇ ਵਿਵਸਥਾ ਸਿੱਖਾਂ ਦੁਆਰਾ ਹੀ ਨਹੀਂ, ਖੁਦ ਸਰਕਾਰ ਦੁਆਰਾ ਵੀ ਭੰਗ ਹੋ ਰਹੀ ਸੀ। ਅਮਨ ਬਹਾਲ ਹੋਣ ਦੇ ਬਜਾਏ ਅਰਾਜਕਤਾ ਤੇ ਹਿੰਸਾ ਵਧ ਰਹੀ ਸੀ। ਖੇਤੀਬਾੜੀ, ਵਪਾਰ, ਦਸਤਕਾਰੀ ਸਾਰੇ ਧੰਦੇ ਚੌਪਟ ਹੋ ਚੁੱਕੇ ਸਨ। ਵਿਧਵਾ ਔਰਤਾਂ, ਅਨਾਥ ਬੱਚਿਆਂ, ਬੇਰੁਜ਼ਗਾਰਾਂ ਤੇ ਭੁੱਖੇ ਮਰਨ ਵਾਲਿਆਂ ਦੀ ਗਿਣਤੀ ਏਨੀ ਵਧ ਗਈ ਸੀ ਕਿ 'ਦੇਅ ਅੱਲਾ ਦੇ ਨਾਮ, ਕੁਝ ਦੇ-ਦੇ ਬਾਬਾ' ਦੀਆਂ ਸਦਾਵਾਂ ਲਾਉਣ ਵਾਲੇ ਫਕੀਰਾਂ-ਭਿਖਾਰੀਆਂ ਦੀਆਂ ਅਣਗਿਣਤ ਟੋਲੀਆਂ ਇਧਰ-ਉਧਰ ਘੁੰਮਦੀਆਂ ਨਜ਼ਰ ਆਉਂਦੀਆਂ। ਇਨਾਂ ਫਕੀਰਾਂ ਤੇ ਭਿਖਾਰੀਆਂ ਦੇ ਭੇਸ ਵਿਚ ਸਿੱਖਾਂ ਤੇ ਸਰਕਾਰ ਦੇ ਜਸੂਸ ਵੀ ਹੁੰਦੇ ਸਨ, ਜਿਹੜੇ ਆਪਣੇ-ਆਪਣੇ ਠਿਕਾਣਿਆਂ ਉਪਰ ਦੁਸ਼ਮਣ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਪਹੁੰਚਾਉਂਦੇ ਸਨ।

ਜਗਾ-ਜਗਾ ਤਕੀਏ ਤੇ ਡੇਰੇ ਬਣ ਗਏ ਸਨ, ਜਿੱਥੇ ਬੇਘਰੇ ਲੋਕਾਂ ਨੂੰ ਠਿਕਾਣਾ ਮਿਲਦਾ ਸੀ। ਇਹ ਤਕੀਏ ਤੇ ਡੇਰੇ ਆਮ ਤੌਰ 'ਤੇ ਸੂਫੀਮਤ ਦੇ ਪੈਰੋਕਾਰ ਪੀਰਾਂ-ਫਕੀਰਾਂ ਵੱਲੋਂ ਬਣਾਏ ਗਏ ਸਨ, ਜਿਹੜੇ ਦੀਨ-ਦੁਖੀਆਂ ਨਾਲ ਸੱਚਮੁੱਚ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

ਹਮਦਰਦੀ ਕਰਦੇ ਸਨ ਤੇ ਜਿਹਨਾਂ ਪ੍ਰਤੀ ਲੋਕਾਂ ਦੇ ਮਨਾਂ ਵਿਚ ਸ਼ਰਧਾ ਵੀ ਸੀ। ਉਹ ਇਨਾਂ ਤਕੀਆਂ ਤੇ ਡੇਰਿਆਂ ਵਿਚ ਮਕਤਬ (ਸਕੂਲ) ਵੀ ਚਲਾਉਂਦੇ ਸਨ, ਜਿਹਨਾਂ ਵਿਚ ਅਰਬੀ, ਫਾਰਸੀ ਤੇ ਸੂਫੀਵਾਦ ਦੀ ਸਿੱਖਿਆ ਦਿੱਤੀ ਜਾਂਦੀ ਸੀ। ਇਕ ਅਜਿਹਾ ਹੀ ਤਕੀਆ ਅੰਮ੍ਰਿਤਸਰ ਤੇ ਲਾਹੌਰੇ ਦੇ ਵਿਚਕਾਰ ਵੀ ਸਥਾਪਤ ਕੀਤਾ ਗਿਆ ਸੀ, ਜਿਸ ਨੂੰ ਮੌਲਵੀ ਜਹੀਰ ਬਖ਼ਸ਼ ਚਲਾਉਂਦੇ ਸਨ। ਇਸ ਤਕੀਏ ਵਿਚ ਅਰਬੀ, ਫਾਰਸੀ ਪੜਾਉਣ ਦੇ ਨਾਲ-ਨਾਲ ਯਤੀਮ ਬੱਚਿਆਂ ਦੇ ਰਹਿਣ ਤੇ ਖਾਣ-ਪੀਣ ਦਾ ਪ੍ਰਬੰਧ ਵੀ ਸੀ। ਇਹਨਾਂ ਤਕੀਆਂ ਵਿਚ ਉਨਾਂ ਹਿੰਦੂ-ਜਾਟਾਂ ਤੇ ਸਿੱਖਾਂ ਦੇ ਬੱਚੇ ਵੀ ਸਨ ਜਿਨਾਂ ਦੇ ਘਰ-ਬਾਰ ਉੱਜੜ ਚੁੱਕੇ ਸਨ ਜਾਂ ਜਿਨਾਂ ਦੇ ਘਰਵਾਲੇ ਗੁਰੀਲਿਆਂ ਨਾਲ ਜਾ ਰਲੇ ਸਨ, ਉਨਾਂ ਨੂੰ ਸਾਈਂ ਜਹੀਰ ਬਖ਼ਸ਼ ਭੇਸ ਬਦਲ ਕੇ ਜਾਸੂਸੀ ਕਰਨ ਦੀ ਸਿੱਖਿਆ ਵੀ ਦਿੰਦੇ ਸਨ ਤੇ ਉਹ ਵੱਡੇ ਹੋ ਕੇ ਗੁਰੀਲਿਆਂ ਨਾਲ ਜਾ ਰਲਦੇ ਸਨ।

ਮੌਲਵੀ ਜਹੀਰ ਬਖ਼ਸ਼ ਦਾ ਅਸਲੀ ਨਾਂ ਬਾਬਾ ਗੁਰਬਖ਼ਸ਼ ਸਿੰਘ ਸੀ। ਉਸ ਲਗਭਗ ਸੱਤਰ ਵਰਿਆਂ ਦੇ ਸਨ। ਉਹ ਸਿਰਫ ਭੇਖ ਦੇ ਹੀ ਮੁਸਲਮਾਨ ਨਹੀਂ ਸਨ, ਬਲਕਿ ਅਰਬੀ, ਫਾਰਸੀ ਤੇ ਸੂਫੀਵਾਦ ਦੇ ਵਿਦਵਾਨ ਵੀ ਸਨ। ਪੰਜੇ ਵੇਲੇ ਨਮਾਜ ਪੜਦੇ ਸਨ ਤੇ ਕੁਰਾਨ ਸ਼ਰੀਫ਼ ਦੀ ਤਲਾਵਤ ਕਰਦੇ ਸਨ। ਉਨਾਂ ਉੱਤੇ ਸਿੱਖ ਹੋਣ ਦਾ ਸ਼ੱਕ ਪੈਣ ਦੀ ਬਿਲਕੁਲ ਹੀ ਸੰਭਾਵਨਾ ਨਹੀਂ ਸੀ। ਇਸੇ ਤਰਾਂ ਦੇ ਦਸ-ਬਾਰਾਂ ਮਕਤਬ, ਅਲੱਗ-ਅਲੱਗ ਥਾਵਾਂ ਉਪਰ, ਹੋਰ ਵੀ ਸਨ ਜਿਹਨਾਂ ਨੂੰ ਬਾਬਾ ਗੁਰਬਖ਼ਸ਼ ਸਿੰਘ ਵਰਗੇ ਚਿੱਤ-ਲਗਦੇ ਮੌਲਵੀ ਹੀ ਚਲਾਉਂਦੇ ਸਨ। ਉਹਨਾਂ ਵਿਚ ਸਿੱਖ ਬੱਚਿਆਂ ਦੀ ਪੜਾਈ-ਸਿਖਲਾਈ ਹੁੰਦੀ ਸੀ।

ਇਹ ਇਕ ਅਜਿਹਾ ਵਚਿੱਤਰ ਯੁੱਗ ਸੀ, ਜਿਸ ਵਿਚ ਇਤਿਹਾਸ ਤੇ ਮਿਥਿਹਾਸ ਦਾ ਅੰਤਰ ਮਿਟ ਗਿਆ ਸੀ। ਜਿਸ ਵਿਚ ਇਹੋ ਜਿਹੇ ਵਿਅੱਕਤੀ ਪੈਦਾ ਹੋਏ ਤੇ ਅਜਿਹੀਆਂ-ਅਜਿਹੀਆਂ ਘਟਨਾਵਾਂ ਵਾਪਰੀਆਂ, ਜਿਨਾਂ ਨੂੰ ਪੜ-ਸੁਣ ਕੇ ਅਕਲ ਚਕਰਾਉਣ ਲੱਗ ਪੈਂਦੀ ਹੈ। ਇਸੇ ਯੁੱਗ ਵਿਚ ਇਕ ਅਜਿਹਾ ਅਦਭੁਤ ਫਕੀਰ ਪੈਦਾ ਹੋਇਆ, ਜਿਸ ਨੇ ਲਾਹੌਰ ਵਿਚ ਮੁਜਰਾ ਕਰਨ ਵਾਲੀਆਂ ਵੇਸਵਾਵਾਂ ਦੀ ਚਾਕਰੀ ਕਰਕੇ ਨੱਚਣ ਤੇ ਗਾਉਣ ਦੀ ਕਲਾ ਸਿੱਖੀ। ਖ਼ੁਦਾ ਨੂੰ ਆਪਣਾ ਪਤੀ ਮੰਨ ਕੇ ਖ਼ੁਦ ਉਸਦੀ ਪ੍ਰੇਮਕਾ ਬਣ ਗਿਆ। ਉਹ ਮਸਤੀ ਵਿਚ ਨੱਚਦਾ ਤੇ ਗਾਉਂਦਾ...:

'ਕੀ ਪੁੱਛਦਾਏਂ ਜਾਤ ਸਿਫਾਤ ਮੇਰੀ,
ਓਹੋ ਆਦਮ ਵਾਲੀ ਜਾਤ ਮੇਰੀ।
ਮੈਨੂੰ ਇਸ਼ਕ ਹੁਲਾਰੇ ਦੇਂਦਾ,
ਮੂੰਹ ਚੜਿਆ ਯਾਰ ਬੁਲੇਂਦਾ।
ਕਿਤੇ ਸ਼ੀਆ ਹੈ ਕਿਤੇ ਸੁਨੀਂ ਹੈ,
ਕਿਤੇ ਜਟਾਧਾਰੀ ਕਿਤੇ ਮੁਨੀਂ ਹੈ।
ਮੇਰੀ ਸਭ ਤੋਂ ਫਾਰਗ ਕੰਨੀਂ ਹੈ,
ਜੋ ਕਹਾਂ ਸੋ ਯਾਰ ਮਨੇਂਦਾ
ਮੈਨੂੰ ਇਸ਼ਕ ਹੁਲਾਰੇ ਦੇਂਦਾ।'

ਲੋਕ ਉਸਦੇ ਦੁਆਲੇ ਇਕੱਠੇ ਹੋ ਜਾਂਦੇ। ਉਸੇ ਵਾਂਗ ਝੂੰਮਦੇ ਤੇ ਗਾਉਂਦੇ। ਧਰਮ, ਜਾਤ ਤੇ ਸੰਪਰਦਾਏ ਦਾ ਫਰਕ ਮਿਟ ਜਾਂਦਾ। ਜਿਸ ਧਰਤੀ ਉਪਰ ਮੌਤ ਮੰਡਲਾ ਰਹੀ ਸੀ ਤੇ ਹਰ ਪਾਸੇ ਆਹਾਂ ਤੇ ਕਰਾਹਾਂ ਸੁਣਾਈ ਦਿੰਦੀਆਂ ਸਨ, ਉਸੇ ਧਰਤੀ ਉਪਰ ਉਹ ਨੱਚਦਾ ਗਾਉਂਦਾ ਤੇ ਜਿੰਦਗੀ ਦਾ ਜਸ਼ਨ ਮਨਾਉਂਦਾ ਹੋਇਆ ਦਿਖਾਈ ਦਿੰਦਾ ਸੀ। ਇਸ ਅਦਭੁਤ ਫਕੀਰ ਦਾ ਨਾਂ ਸੀ ਬੁੱਲੇਸ਼ਾਹ। ਹਜ਼ਰਤ ਬੁੱਲੇਸ਼ਾਹ ਇਕ ਮਸ਼ਹੂਰ ਸ਼ਾਇਰ ਜਿਸ ਦੀ ਮੌਤ 1933 ਵਿਚ ਹੋ ਗਈ, ਪਰ ਉਸਦੀਆਂ ਕਾਫੀਆਂ ਅੱਜ ਵੀ ਜਿਉਂਦੀਆਂ ਹਨ, ਜਿਹੜੀਆਂ ਪੰਜਾਬੀ ਸਾਹਿਤ ਦੀ ਗੌਰਵਮਈ ਵਿਰਾਸਤ ਹਨ। ਇਕ ਕਾਫੀ ਦੇ ਬੋਲ ਹਨ :

ਇਕ ਨੁਕਤੇ ਵਿਚ ਗੱਲ ਮੁਕਦੀ ਹੈ,
ਫੜ ਨੁਕਤਾ ਛੱਡ ਕਿਤਾਬਾਂ ਨੂੰ।

(ਚਲਦਾ...)

# ਪੰਜਾਬੀ ਗੀਤਾਂ ਵਿੱਚ ਵਸਿਆ ਸ਼ਹਿਰ ਲਾਹੌਰ

**ਸ਼ਵਿੰਦਰ ਕੌਰ**

ਵਿਆਹ ਸ਼ਾਦੀਆਂ ਸਮੇਂ ਗਾਏ ਜਾਂਦੇ ਲੰਬੀ ਹੇਕ ਵਾਲੇ ਗੀਤ ਅਤੇ ਗਿੱਧੇ ਦੀ ਧਮਾਲ ਵਿੱਚ ਪੈਂਦੀਆਂ ਬੋਲੀਆਂ ਸਮੇਂ ਅੱਜ ਵੀ ਅਣਵੰਡੇ ਪੰਜਾਬ ਦਾ ਸ਼ਹਿਰ ਲਾਹੌਰ ਮਲਕੜੇ ਜਿਹੇ ਆਣ ਦਸਤਕ ਦਿੰਦਾ ਹੈ।ਸ਼ਹਿਰ ਲਾਹੌਰ ਜੋ ਆਪਣੇ ਵਿੱਚ ਸਾਂਝੇ ਪੰਜਾਬ ਦਾ ਇਤਿਹਾਸ ਸਾਂਭੀ ਬੈਠਾ ਹੈ, ਕਦੇ ਪੰਜਾਬ ਦੇ ਤਾਜ 'ਤੇ ਜੜਿਆ ਹੀਰੇ ਦਾ ਨਗ ਸੀ। ਲਾਹੌਰ ਜਿਸ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸ਼ਾਨ ਤੱਕੀ ਹੈ। ਸਿਰਲੱਥ ਯੋਧਿਆਂ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਦੇਸ਼ ਨੂੰ ਮੁਕਤੀ ਦਿਵਾਉਣ ਲਈ ਫਾਂਸੀ ਦੇ ਰੱਸੇ ਚੁੰਮਦਿਆਂ ਦੇਖਿਆ ਹੈ। ਅੰਤ ਵਿੱਚ ਆਜ਼ਾਦੀ ਦੀ ਕੀਮਤ ਚਕਾਉਂਦਿਆਂ ਪੰਜਾਬ ਨੂੰ ਵੰਡਦੀ ਲਕੀਰ ਦੇ ਆਰ ਪਾਰ ਜਾਂਦਿਆਂ, ਸਦੀਆਂ ਪੁਰਾਣੀਆਂ ਸਾਂਝੀਆਂ ਮੁਹੱਬਤਾਂ ਦੇ ਪੀਡੇ ਰਿਸ਼ਤਿਆਂ ਨੂੰ ਟੁੱਟਦਿਆਂ ਅਤੇ ਇੱਕ ਦੂਜੇ ਦੇ ਗਲ਼ ਰੇਤਦਿਆਂ ਤੱਕਿਆ ਹੈ।



ਮਿਟ ਜਾਣ ਹੱਦਾਂ ਬੰਨੇ ਗੱਡੀ ਜਾਵੇ ਸ਼ੂਕਦੀ
ਵੇਚ ਦੇਈਏ ਤੋਪਾਂ ਲੋੜ ਪਵੇ ਨਾ ਬੰਦੂਕ ਦੀ
ਬੜਾ ਮੁੱਲ ਤਾਰਿਆ ਏ ਲੀਡਰਾਂ ਦੀ ਟੌਹਰ ਦਾ
ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ।
ਪੈਂਡਾ ਦੂਰ ਪਿਛੌਰ ਦਾ ਉਏ ਪੈਂਡਾ ਦੂਰ ਪਿਛੌਰ ਦਾ
ਵਾਹਗੇ ਦੇ ਬਾਡਰ 'ਤੇ ਉਏ ਰਾਹ ਪੁੱਛਦੀ ਲਾਹੌਰ ਦਾ।

ਬੇਸ਼ੱਕ ਪੰਜਾਬੀਆਂ ਦੀਆਂ ਸਦੀਆਂ ਪੁਰਾਣੀਆਂ ਸਾਂਝਾਂ ਨੂੰ ਤੋੜ ਕੇ ਇੱਕ ਤੋਂ ਦੋ ਪੰਜਾਬ ਬਣਾ ਦਿੱਤੇ ਗਏ, ਪਰ ਵਿਆਹ ਸ਼ਾਦੀਆਂ ਵਿੱਚ ਗਾਏ ਜਾਂਦੇ ਗੀਤਾਂ ਅਤੇ ਗਿੱਧੇ ਵਿੱਚ ਪੈਂਦੀਆਂ ਬੋਲੀਆਂ ਵਿੱਚ ਰਚੇ ਸ਼ਹਿਰ ਲਾਹੌਰ ਨੂੰ ਕੋਈ ਨਾ ਤਾਂ ਮਿਟਾ ਸਕਿਆ ਹੈ ਤੇ ਨਾ ਹੀ ਜਦੋਂ ਤੱਕ ਸਾਡਾ ਸੱਭਿਆਚਾਰ ਜਿਊਂਦਾ ਹੈ, ਕੋਈ ਮਿਟਾ ਸਕੇਗਾ। ਵਿਆਹ ਤੋਂ ਪੰਜ ਜਾਂ ਸੱਤ ਦਿਨ ਪਹਿਲਾਂ ਚੱਕੀਆਂ ਲਾਉਣ ਦੀ ਰਸਮ ਕੀਤੀ ਜਾਂਦੀ ਹੈ। ਭਾਵੇਂ ਹੁਣ ਇਹ ਰਸਮ ਖ਼ਤਮ ਹੋਣ ਦੇ ਕਿਨਾਰੇ ਹੈ, ਪਰ ਅਜੇ ਕਈ ਘਰਾਂ ਵਿੱਚ ਇਹ ਰਸਮ ਕੀਤੀ ਜਾਂਦੀ ਹੈ। ਇਹ ਰਸਮ ਇੱਕ ਤਰਾਂ ਵਿਆਹ ਦਾ ਆਰੰਭਿਕ ਮਹੂਰਤ ਹੁੰਦੀ ਹੈ। ਇਸ ਨੂੰ ਸ਼ੁਰੂ ਕਰਨ ਸਮੇਂ ਔਰਤਾਂ ਇਹ ਗੀਤ ਗਾਉਂਦੀਆਂ ਹਨ :

ਕਿੱਥੋਂ ਲਿਆਂਦੀ ਚੱਕੀ ਨੀਂ ਰਾਣੀਏਂ,
ਕਿੱਥੋਂ ਲਿਆਂਦਾ ਹੱਥਾ।
ਧੁਰ ਲਹੌਰੋਂ ਚੱਕੀ ਲਿਆਂਦੀ,
ਪਟਿਆਲਿਓਂ ਲਿਆਂਦਾ ਹੱਥਾ।

ਇਸੇ ਤਰਾਂ ਵਿਆਹ ਤੋਂ ਪੰਜ ਜਾਂ ਸੱਤ ਦਿਨ ਪਹਿਲਾਂ ਸ਼ਰੀਕੇ ਅਤੇ ਭਾਈਚਾਰੇ ਦੀਆਂ ਔਰਤਾਂ ਰਾਤ ਦੇ ਰੋਟੀ ਟੁੱਕ ਤੋਂ ਵਿਹਲੀਆਂ ਹੋ ਕੇ ਵਿਆਹ ਵਾਲੇ ਘਰ ਵਿੱਚ ਇਕੱਠੀਆਂ ਹੋ ਕੇ ਸੁਹਾਗ, ਘੋੜੀਆਂ ਅਤੇ ਲੰਬੀ ਹੇਕ ਦੇ ਗੀਤ ਗਾਉਂਦੀਆਂ ਹਨ। ਇਨਾਂ ਗੀਤਾਂ ਵਿੱਚ ਵਸਿਆ ਲਾਹੌਰ ਕਿਸੇ ਤਰਾਂ ਮਨਫ਼ੀ ਨਹੀਂ ਕੀਤਾ ਜਾ ਸਕਦਾ :

ਦੂਰੋਂ ਤਾਂ ਲਹੌਰੋਂ ਮੈਂ ਸੁਨਿਆਰ ਮੰਗਾਉਨੀਆਂ
ਸੱਚ ਨੀਂ ਸਹੇਲੀਓ ਮੈਂ ਗਹਿਣੇ ਬਣਾ ਲੈਨੀਆਂ।
ਆ ਵੇ ਵੀਰਾ ਬਾਗੀਂ ਸੈਰ ਕਰੇਂਦਿਆਂ
ਆ ਵੇ ਵੀਰਾ ਭਾਈਆਂ ਨਾਲ ਖਡੇਂਦਿਆਂ
ਸੁਣੋਂ ਨੀਂ ਸਹੇਲੀਓ ਮੈਂ ਵੀਰੇ ਦੇ ਸ਼ਗਨ ਮਨਾ ਲੈਨੀਆਂ।

ਇਸ ਤਰਾਂ ਇੱਕ ਗੀਤ ਮੁੱਕਦਾ ਹੈ ਤਾਂ ਅਗਲਾ ਸ਼ੁਰੂ ਹੋ ਜਾਂਦਾ ਹੈ :

ਲੰਮੀ ਲੰਮੀ ਸੜਕ ਲਹੌਰ ਦੀ ਨੀਂ ਵੀਰਨ ਤੁਰਿਆ ਜਾਵੇ
ਨੀਂ ਵੀਰ ਚੌਧਰੀ ਮਾਏ ਨੀਂ ਸਰਕਾਰੀ ਹੁਕਮ ਚਲਾਵੇ

ਵੀਰ ਦੇ ਵਿਆਹ ਸਮੇਂ ਜਦੋਂ ਬਰਾਤ ਤੁਰਦੀ ਹੈ ਤਾਂ ਭੈਣਾਂ ਉਸ ਉੱਪਰ ਫੁਲਕਾਰੀ ਤਾਣਦੀਆਂ ਹਨ ਜੋ ਚਾਰੇ ਕੰਨੀਆਂ ਤੋਂ ਫੜੀ ਹੁੰਦੀ ਹੈ, ਉਦੋਂ ਭੈਣਾਂ ਇਹ ਗੀਤ ਗਾਉਂਦੀਆਂ ਹਨ :

ਲਹੌਰੋਂ ਮਾਲਣ ਆਈ ਵੀਰਾ
ਤੇਰੇ ਸਿਹਰੇ ਗੁੰਦ ਲਿਆਈ ਵੀਰਾ।
ਤੇਰੇ ਸਿਹਰਿਆਂ ਦਾ ਕੀ ਮੁੱਲ ਵੀਰਾ
ਇੱਕ ਲੱਖ ਤੇ ਡੇਢ ਹਜ਼ਾਰ ਭੈਣੇ।

ਇਸੇ ਤਰਾਂ ਗਿੱਧੇ ਵਿੱਚ ਨੱਚਦੀ ਜਵਾਨੀ ਦੇ ਪੈਰਾਂ ਦੀ ਧਮਕ ਸਮੇਂ ਜਦੋਂ ਕੋਈ ਮੁਟਿਆਰ ਦਿਲਾਂ ਦੇ ਜਜ਼ਬੇ ਪ੍ਰਗਟ ਕਰਦੀ ਬੋਲੀ ਪਾਉਂਦੀ ਹੈ :

ਉਠਾਂ ਵਾਲਿਓ ਉੱਠ ਲੱਦੇ ਵੇ ਲਹੌਰ ਨੂੰ
'ਕੱਲੀ ਕਤਾਂ ਵੇ ਘਰ ਘੱਲਿਓ ਮੇਰੇ ਭੌਰ ਨੂੰ
ਨੀਂ ਲਹੌਰੀ ਜਿੰਦਾ ਖੋਲੂਗਾ ਮੇਰਾ ਜੇਠ ਨੀਂ।

ਤਾਂ ਗਿੱਧੇ ਵਿੱਚ ਨੱਚਦੀਆਂ ਮੁਟਿਆਰਾਂ ਧਰਤੀ ਨੂੰ ਨੀਵਾਂ ਕਰ ਦਿੰਦੀਆਂ ਹਨ। ਇਸੇ ਤਰਾਂ ਸਾਡੇ ਗਾਇਕਾਂ ਵੱਲੋਂ ਗਾਏ ਗੀਤ ਸਾਂਝੇ ਪੰਜਾਬ ਪ੍ਰਤੀ ਆਪਣੀ ਮੁਹੱਬਤ ਪ੍ਰਗਟ ਕਰਦੇ ਹਨ ਤੇ ਕਦੇ ਮੁੜ ਪੰਜਾਬ ਨੂੰ ਇੱਕ ਹੋਣ ਦੀਆਂ ਦੁਆਵਾਂ ਕਰਦੇ ਹਨ:

ਮਿਟ ਜਾਣ ਹੱਦਾਂ ਬੰਨੇ ਗੱਡੀ ਜਾਵੇ ਸ਼ੂਕਦੀ
ਵੇਚ ਦੇਈਏ ਤੋਪਾਂ ਲੋੜ ਪਵੇ ਨਾ ਬੰਦੂਕ ਦੀ
ਬੜਾ ਮੁੱਲ ਤਾਰਿਆ ਏ ਲੀਡਰਾਂ ਦੀ ਟੌਹਰ ਦਾ
ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ।
ਪੈਂਡਾ ਦੂਰ ਪਿਛੌਰ ਦਾ ਉਏ ਪੈਂਡਾ ਦੂਰ ਪਿਛੌਰ ਦਾ
ਵਾਹਗੇ ਦੇ ਬਾਡਰ 'ਤੇ ਉਏ ਰਾਹ ਪੁੱਛਦੀ ਲਾਹੌਰ ਦਾ।

ਕਾਸ਼! ਮੁੜ ਹੱਦਾਂ, ਸਰਹੱਦਾਂ ਤੇ ਪਿਆਰ ਮੁਹੱਬਤ ਦੀ ਠੰਢੀ ਹਵਾ ਰੁਮਕਣ ਲੱਗ ਪਵੇ। ਸਰਹੱਦ ਦੇ ਦੋਵੇਂ ਪਾਸੇ ਵੱਸਦੇ ਪੰਜਾਬੀ ਆਪਣੇ ਪਿਆਰਿਆਂ, ਸੱਜਣਾਂ ਤੇ ਸੁਨੇਹੀਆਂ ਨੂੰ ਮਿਲ ਸਕਣ। ਸਾਂਝੇ ਸੱਭਿਆਚਾਰ ਦੇ ਦੀਵੇ ਬਾਲਦੇ ਇੱਕ ਦੂਜੇ ਦੀਆਂ ਸੁੱਖਾਂ ਮੰਗਦੇ ਰਹਿਣ। ਆਰ ਅਤੇ ਪਾਰ ਵੱਸਦੇ ਲੋਕ ਆਪਣੀ ਆਪਣੀ ਜਨਮ ਭੋਇੰ ਦੀ ਮਿੱਟੀ ਮਸਤਕ ਨਾਲ ਲਾ ਸਕਣ।

# ਪੰਜਾਬ ਸੰਤਾਪ ਨਾਲ ਜੁੜੀ ਕਹਾਣੀ 'ਜਮਰੌਦ'

**ਅੰਗਰੇਜ ਸਿੰਘ ਵਿਰਦੀ**

'ਜਮਰੌਦ' ਪੰਜਾਬੀ ਦੇ ਸਿਰਮੌਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀ ਅਜਿਹੀ ਦਿਲ ਨੂੰ ਛੂਹ ਲੈਣ ਵਾਲੀ ਕਹਾਣੀ ਹੈ ਜਿਸ ਵਿੱਚ ਪੰਜਾਬ ਵਾਸੀਆਂ ਦੇ ਧਾਰਮਿਕ, ਆਰਥਿਕ, ਰਾਜਨੀਤਕ ਤੇ ਸਮਾਜਿਕ ਮਸਲਿਆਂ ਨੂੰ ਬੜੀ ਡੂੰਘਾਈ ਨਾਲ ਬਿਆਨ ਕੀਤਾ ਗਿਆ ਹੈ। ਇਸੇ ਕਹਾਣੀ ਨੂੰ ਆਧਾਰ ਬਣਾ ਕੇ ਫਿਲਮਸਾਜ਼ ਨਵਤੇਜ ਸੰਧੂ ਨੇ ਪੰਜਾਬੀ ਫ਼ਿਲਮ 'ਜਮਰੌਦ' ਦਾ ਨਿਰਮਾਣ ਕੀਤਾ ਹੈ ਜੋ ਹਾਲ ਹੀ ਵਿੱਚ ਰਿਲੀਜ਼ ਹੋਈ ਹੈ।




ਨਿਰਮਾਤਾ ਬੌਬੀ ਸਚਦੇਵਾ ਦੀ ਇਸ ਫ਼ਿਲਮ ਦੀ ਪਟਕਥਾ ਅਤੇ ਸੰਵਾਦ ਵੀ ਨਵਤੇਜ ਸੰਧੂ ਅਤੇ ਵਰਿਆਮ ਸਿੰਘ ਸੰਧੂ ਨੇ ਲਿਖੇ ਹਨ। ਇਸ ਵਿੱਚ ਸਰਦਾਰ ਸੋਹੀ, ਕੁਲਜਿੰਦਰ ਸਿੱਧੂ, ਹਰਵਿੰਦਰ ਕੌਰ ਬਬਲੀ, ਜਤਿੰਦਰ ਕੌਰ, ਕੁਲ ਸਿੱਧੂ, ਮਨਪ੍ਰੀਤ ਕੌਰ ਦਿਓਲ ਅਤੇ ਜੋਤ ਅਰੋੜਾ ਆਦਿ ਨੇ ਅਦਾਕਾਰੀ ਕੀਤੀ ਹੈ। ਇਸ ਦੇ ਗੀਤ ਲਿਖੇ ਹਨ ਬਾਬੂ ਸਿੰਘ ਮਾਨ, ਅਮਰਦੀਪ ਸਿੰਘ ਗਿੱਲ ਅਤੇ ਰਾਜ ਸੰਧੂ ਨੇ। ਸੰਗੀਤ ਤਿਆਰ ਕੀਤਾ ਹੈ ਸੰਗੀਤਕਾਰ ਗੁਰਮੀਤ ਸਿੰਘ ਅਤੇ ਅਨੁਜ ਚਤੁਰਵੇਦੀ ਨੇ।

ਫ਼ਿਲਮ ਦੀ ਕਹਾਣੀ ਸ਼ੁਰੂ ਹੁੰਦੀ ਹੈ ਸਾਲ 1995 ਤੋਂ ਜਦੋਂ ਪੰਜਾਬ ਦੇ ਮਾੜੇ ਹਾਲਾਤ ਪਹਿਲਾਂ ਨਾਲੋਂ ਬਿਹਤਰ ਹੋ ਰਹੇ ਹੁੰਦੇ ਹਨ। ਮਾਝੇ ਦੇ ਇੱਕ ਪਿੰਡ ਦੇ ਰਹਿਣ ਵਾਲੇ ਅਮਰ ਸਿੰਘ ਨੂੰ ਕੈਨੇਡਾ ਤੋਂ ਉਸ ਦੇ ਇਕਲੌਤੇ ਪੁੱਤਰ ਸਤਿੰਦਰ ਦਾ ਟੈਲੀਫੋਨ ਆਉਂਦਾ ਹੈ ਕਿ ਉਹ ਕੈਨੇਡਾ ਵਿੱਚ ਪੱਕਾ ਹੋ ਗਿਆ ਹੈ ਤੇ ਛੇਤੀ ਹੀ ਉਹ ਉਨਾਂ ਸਾਰਿਆਂ ਨੂੰ ਕੈਨੇਡਾ ਬੁਲਾ ਰਿਹਾ ਹੈ। ਅਮਰ ਸਿੰਘ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀ ਰਹਿੰਦਾ। ਉਹ ਤੇ ਉਹਦਾ ਸਾਰਾ ਪਰਿਵਾਰ ਕੈਨੇਡਾ ਜਾਣ ਦੀਆਂ ਤਿਆਰੀਆਂ ਵਿੱਚ ਰੁੱਝ ਜਾਂਦਾ ਹੈ। ਅਮਰ ਸਿੰਘ ਯਾਦ ਕਰਦਾ ਹੈ, 7 ਸਾਲ ਪਹਿਲਾਂ ਯਾਨੀ 1988 ਦੇ ਪੰਜਾਬ ਦੇ ਮਾੜੇ ਦੌਰ ਦਾ ਉਹ ਵੇਲਾ ਜਦੋਂ ਉਸ ਦਾ ਪੁੱਤਰ ਸਤਿੰਦਰ ਅਜੇ ਕਾਲਜ ਪੜ ਰਿਹਾ ਹੁੰਦਾ ਹੈ। ਇੱਕ ਦਿਨ ਉਨਾਂ ਦੇ ਘਰ ਰਾਤ ਵੇਲੇ ਪੰਜ ਸੱਤ ਹਥਿਆਰਬੰਦ ਸਿੰਘ ਪ੍ਰਸ਼ਾਦਾ ਛਕਣ ਆ ਜਾਂਦੇ ਹਨ। ਸਿੰਘ ਪ੍ਰਸ਼ਾਦਾ ਛਕ ਕੇ ਚਲੇ ਜਾਂਦੇ ਹਨ, ਪਰ ਸਵੇਰ ਵੇਲੇ ਜਦੋਂ ਇਲਾਕੇ ਦੇ ਥਾਣੇਦਾਰ ਗੁਰਜੰਟ ਸਿੰਘ ਦੇ ਕੰਨੀ ਇਹ ਗੱਲ ਪੈਂਦੀ ਹੈ ਤਾਂ ਉਹ ਅਮਰ ਸਿੰਘ ਦੇ ਘਰ ਆ ਧਮਕਦਾ ਹੈ। ਇਹ ਉਹ ਦੌਰ ਸੀ ਜਦੋਂ ਪੰਜਾਬ ਦੇ ਬੇਗੁਨਾਹ ਨੌਜਵਾਨਾਂ ਨੂੰ ਮਾਰ ਕੇ ਪੁਲੀਸ ਅਫ਼ਸਰ ਤਰੱਕੀਆਂ ਲੈਣ ਦੀ ਦੌੜ ਵਿੱਚ ਲੱਗੇ ਹੋਏ ਸਨ ਤੇ ਇਸ ਸਭ ਲਈ ਉਹ ਹਰ ਗ਼ਲਤ ਕੰਮ ਕਰਨ ਨੂੰ ਤਿਆਰ ਰਹਿੰਦੇ ਸਨ। ਥਾਣੇਦਾਰ ਗੁਰਜੰਟ ਸਿੰਘ ਅਮਰ ਸਿੰਘ ਨੂੰ ਧਮਕੀ ਦਿੰਦਾ ਹੈ ਕਿ ਜਾਂ ਤਾਂ ਉਸ ਨੂੰ ਪੰਜ ਲੱਖ ਰੁਪਿਆ ਦਿੱਤਾ ਜਾਵੇ ਜਾਂ ਉਹ ਆਪਣੇ ਮੁੰਡੇ ਦੇ ਪੁਲੀਸ ਮੁਕਾਬਲੇ ਵਿੱਚ ਮਾਰੇ ਜਾਣ ਦੀ ਖ਼ਬਰ ਸੁਣਨ ਲਈ ਤਿਆਰ ਰਹੇ। ਇਸ ਤਰਾਂ ਕਹਾਣੀ ਅੱਗੇ ਵਧਦੀ ਹੈ।

ਫ਼ਿਲਮ ਦੀ ਕਹਾਣੀ ਪਰਿਵਾਰਕ ਰਿਸ਼ਤਿਆਂ ਨਾਲ ਪਰੁੱਚੇ ਹੋਏ ਸਿੱਧੇ ਸਾਦੇ ਸਾਧਾਰਨ ਪੇਂਡੂ ਪਰਿਵਾਰ ਦੀ ਕਹਾਣੀ ਹੈ। ਜਿਸ ਵਿੱਚ ਕਿਸਾਨੀ ਕਿੱਤੇ ਨਾਲ ਜੁੜੇ ਪਿਓ ਵੱਲੋਂ ਪੁੱਤਰ 'ਤੇ ਲਾਈਆਂ ਆਸਾਂ ਤੇ ਉਮੀਦਾਂ, ਮਾਂ-ਪੁੱਤ ਦੇ ਮੋਹ ਪਿਆਰ ਅਤੇ ਭੈਣਾਂ ਦੀ ਆਪਣੇ ਪ੍ਰਦੇਸੀ ਵੀਰ ਲਈ ਖਿੱਚ ਤੇ ਉਹਦੀਆਂ ਖੁਸ਼ੀਆਂ ਨਾਲ ਹੀ ਆਪਣੀਆਂ ਖੁਸ਼ੀਆਂ ਜੁੜੀਆਂ ਹੋਣ ਦੀਆਂ ਭਾਵਨਾਵਾਂ ਨੂੰ ਬਾਖੂਬੀ ਦਰਸਾਇਆ ਗਿਆ ਹੈ। ਬੇਸ਼ੱਕ ਫ਼ਿਲਮ ਨੂੰ ਕਾਫ਼ੀ ਮਿਹਨਤ ਨਾਲ ਬਣਾਇਆ ਗਿਆ ਹੈ, ਪਰ ਮੈਨੂੰ ਵਰਿਆਮ ਸਿੰਘ ਦੀ ਲਿਖੀ ਅਸਲ ਕਹਾਣੀ ਤੇ ਫ਼ਿਲਮ ਦੀ ਕਹਾਣੀ ਵਿੱਚ ਕਾਫ਼ੀ ਅੰਤਰ ਨਜ਼ਰ ਆਇਆ। ਫ਼ਿਲਮ ਦਾ ਮਾਹੌਲ ਵੀ ਲੋੜ ਤੋਂ ਜ਼ਿਆਦਾ ਦੁਖੀ ਦਿਖਾਇਆ ਗਿਆ ਹਾਲਾਂਕਿ ਦੁੱਖ ਦਾ ਕਾਰਨ ਸਿਰਫ਼ ਅਮਰ ਸਿੰਘ ਨੂੰ ਪਤਾ ਹੁੰਦਾ ਹੈ, ਪਰ ਕੈਨੇਡਾ ਜਾਣ ਤੋਂ ਪਹਿਲਾਂ ਸਾਰਾ ਪਰਿਵਾਰ ਕਿਉਂ ਇੰਨਾ ਦੁਖੀ ਵਿਖਾਇਆ, ਇਸ ਦੀ ਸਮਝ ਨਹੀਂ ਲੱਗੀ। ਜੇਕਰ ਫ਼ਿਲਮ ਦੇ ਸੰਗੀਤ ਦੀ ਗੱਲ ਕੀਤੀ ਜਾਵੇ ਤਾਂ ਹਰ ਗੀਤ ਫ਼ਿਲਮ ਦੀ ਕਹਾਣੀ ਅਨੁਸਾਰ ਢੁੱਕਵਾਂ ਲੱਗਾ।

# ਧੰਨ ਧੰਨ ਸਿੱਖੀ ਤੇਰੀ ਪਾਤਸ਼ਾਹ

ਆਰੇ ਨਾਲ ਸਿਰ ਕਟਾਲੇ,
ਦੇਗਾਂ ਵਿੱਚ ਖਾਏ ਉਬਾਲੇ,
ਰੂੰ ਵਿੱਚ ਬੰਨ ਕੇ ਸੜ ਗਈ,
ਐਸੀ ਇਹਨੂੰ ਗੁੜਤੀ ਚੜ ਗਈ,
ਐਸੀ ਸਿੱਖੀ ਤੇਰੀ ਪਾਤਸ਼ਾਹ,
ਧੰਨ ਧੰਨ ਧੰਨ ਸਿੱਖੀ ਤੇਰੀ ਪਾਤਸ਼ਾਹ,
ਧੰਨ ਧੰਨ....।

ਤੱਤੀ ਤਵੀ ਤੇ ਬਹਿ ਕੇ,
ਦੱਸਿਆ ਵਿੱਚ ਭਾਣੇ ਰਹਿ ਕੇ,
ਤੱਤੀ ਰੇਤ ਸੀਸ ਸਿਰ ਸਹਿ ਕੇ,
ਕੀਆ ਤੇਰਾ ਮੀਠਾ ਕਹਿ ਕੇ,
ਹੋ ਗਈ ਨਿਰੰਕਾਰ ਸੱਚੇ ਪਾਤਸ਼ਾਹ,
ਜੋਤ ਇਹ ਤੇਰੀ, ਸਿੱਖੀ ਸੱਚੇ ਪਾਤਸ਼ਾਹ,
ਧੰਨ ਧੰਨ.....।

ਨੇਜ਼ਿਆਂ ਤੇ ਪੁੱਤ ਟੰਗਾ ਲਏ,
ਗਲਾਂ ਵਿੱਚ ਹਾਰ ਪੁਆ ਲਏ,
ਡੇਰੇ ਵਿੱਚ ਜੰਗਲਾਂ ਲਾ ਲਏ,
ਚਰਖੜੀ ਬੰਦ ਬੰਦ ਕਟਾ ਲਏ,
ਇਹ ਭੀ ਦਾਤ ਤੇਰੀ ਦਾਤਾਰ ਸੱਚੇ ਪਾਤਸ਼ਾਹ,
ਗਾਉਂਦੀ ਰਹੀ ਤੇਰੀ, ਸਿੱਖੀ ਸੱਚੇ ਪਾਤਸ਼ਾਹ,
ਧੰਨ ਧੰਨ.....।

ਕਿਹੋ ਜਿਹੇ ਪਰਚੇ ਪਾ ਤੇ,
ਜੰਗ ਵਿੱਚ ਪੁੱਤ ਘਲਾ ਤੇ,
ਕੱਫਣ ਨਹੀਂ ਪਾਇਆ ਤੇਰੇ ਨੇ ਚੋਜ ਨਿਆਰੇ,
ਫਰਕ ਨਹੀਂ ਕਰਨਾ ਮੇਰੇ ਨੇ ਸਿੱਖ ਪਿਆਰੇ,
ਬੂੰਦ ਅੰਮ੍ਰਿਤ ਦੀ ਪੀ ਕੇ,
ਹੋ ਗਈ ਅਮਰ ਸੱਚੇ ਪਾਤਸ਼ਾਹ,
ਧੰਨ ਧੰਨ ਧੰਨ ਸਿੱਖੀ ਤੇਰੀ ਪਾਤਸ਼ਾਹ,
ਧੰਨ ਧੰਨ......।

ਛੋਟੇ ਦੋ ਖੜ ਗਏ ਵਿੱਚ ਨੀਹਾਂ,
ਸਿੱਖੀ ਦੀਆਂ ਪਾ ਗਏ ਲੀਹਾਂ,
ਗਰਜੇ ਸੀ ਵਾਂਗ ਉਹ ਸ਼ੀਹਾਂ,
ਪੁੱਤ ਗੋਬਿੰਦ ਦੇ ਜੀ ਹਾਂ,
ਬਾਬੇ ਦੇ ਬੋਲ ਪੁੱਗਾ ਗਏ,
ਧਰਮ ਤੋਂ ਨਾ ਡੋਲੇ ਸੱਚੇ ਪਾਤਸ਼ਾਹ,
ਧੰਨ ਧੰਨ ਧੰਨ ਸਿੱਖੀ ਤੇਰੀ ਪਾਤਸ਼ਾਹ,
ਧੰਨ ਧੰਨ.....।

ਮਾਂ ਗੁਜਰੀ ਦੀਆਂ ਅਸੀਸਾਂ,
ਕੌਣ ਇਹ ਦੀ ਕਰ ਲਊ ਰੀਸਾਂ,
ਸਿਰ ਦੀਆਂ ਇੱਥੇ ਲੱਗਦੀਆਂ ਫ਼ੀਸਾਂ,
ਵਿਰਕ ਦੀ ਸੁਣ ਅਰਜੋਈ,
ਮੈਂ ਵੀ ਕੁਝ ਇਵੇਂ ਮਰੀਸਾਂ,
ਤੇਰੇ ਚਰਨਾ ਵਿੱਚ ਰਹਿਮਤ,
ਮਿਲਦੀ ਹੈ ਸੱਚੇ ਪਾਤਸ਼ਾਹ,
ਧੰਨ ਧੰਨ ਧੰਨ ਤੇਰੀ ਸਿੱਖੀ ਸੱਚੇ ਪਾਤਸ਼ਾਹ,
ਧੰਨ ਗੁਰੁ ਨਾਨਕ, ਗੋਬਿੰਦ ਰੂਪ ਸੱਚਾ ਪਾਤਸ਼ਾਹ,
ਸਿੱਖੀ ਹੈ ਤੇਰੀ ਰੂਹ, ਸੱਚੇ ਪਾਤਸ਼ਾਹ,
ਧੰਨ ਧੰਨ ਸਿੱਖੀ ਤੇਰੀ ਹੈ ਪਾਤਸ਼ਾਹ,
ਧੰਨ ਧੰਨ....।

**ਸੁਰਜੀਤ ਸਿੰਘ ਵਿਰਕ**

# ਟੇਵੇ ਵਾਲੀ ਜੁਗਤ

**ਡਾ. ਓਪਿੰਦਰ ਸਿੰਘ ਲਾਂਬਾ**

ਵਿਗਿਆਨਕ ਯੁੱਗ ਵਿਚ ਕੁਲ ਲੋਕਾਈ ਦੇ ਵੱਡੇ ਹਿੱਸੇ ਉੱਤੇ ਜੋਤਿਸ਼ ਦਾ ਪ੍ਰਭਾਵ ਅੱਜ ਵੀ ਪ੍ਰਤੱਖ ਨਜ਼ਰ ਆਉਂਦਾ ਹੈ। ਅਨਪੜ੍ਹ ਅਤੇ ਘੱਟ ਪੜ੍ਹੇ-ਲਿਖੇ ਲੋਕ ਤਾਂ ਇਕ ਪਾਸੇ, ਨਵੀਨਤਮ ਤਕਨਾਲੋਜੀ ਨੂੰ ਵੱਡੀ ਪੱਧਰ ਤੇ ਅਪਨਾਉਣ ਵਾਲੇ ਪੜ੍ਹੇ-ਲਿਖੇ ਲੋਕ ਵੀ ਜੋਤਿਸ਼ ਦੇ ਅਸਰ ਤੋਂ ਅਣਭਿੱਜ ਨਹੀਂ ਰਹਿ ਸਕੇ। ਕੁਝ ਕੁ ਲੋਕ ਤਾਂ ਅਖ਼ਬਾਰਾਂ ਵਿਚ ਛਪੇ ਰਾਸ਼ੀ ਫਲ ਤੇ ਕਈ ਟੀ ਵੀ ਚੈਨਲਾਂ ਤੋਂ ਖ਼ਾਸ ਪ੍ਰਸਾਰਿਤ ਕੀਤੇ ਜਾਂਦੇ ਪ੍ਰੋਗਰਾਮਾਂ ਵਿਚ ਆਪਣੀ ਰਾਸ਼ੀ ਮੁਤਾਬਿਕ ਹੀ ਆਪਣਾ ਕਾਰੋਬਾਰ, ਨੌਕਰੀ ਅਤੇ ਬੱਚਿਆਂ ਦੀ ਪੜ੍ਹਾਈ ਲਿਖਾਈ ਕਰਦੇ ਹਨ। ਅਗਾਂਹਵਧੂ ਲੋਕ ਲੰਮੇ ਸਮੇਂ ਤੋਂ ਇਨਾਂ ਵਹਿਮਾਂ-ਭਰਮਾਂ ਦੀ ਦਲਦਲ ਵਿਚ ਫਸੇ ਸਮਾਜ ਨੂੰ ਕੱਢ ਕੇ ਜਾਗ੍ਰਿਤ ਕਰਨ ਲਈ ਪੂਰਾ ਵਾਹ ਲਾ ਰਹੇ ਹਨ। ਅਜਿਹੇ ਲੋਕਾਂ ਦੀ ਗਤੀਸ਼ੀਲ ਸੋਚ ਸਦਕਾ ਕੁਝ ਤਾਂ ਉਨਾਂ ਦੇ ਦੱਸੇ ਮਾਰਗ ਤੇ ਤੁਰ ਪਏ ਹਨ ਪਰ ਬਹੁਤਿਆਂ ਨੇ ਅਜੇ ਵੀ ਰਾਸ਼ੀ ਫਲ ਨੂੰ ਹੀ ਆਪਣੀ ਜੀਵਨ-ਜਾਚ ਦਾ ਆਧਾਰ ਬਣਾਇਆ ਹੋਇਆ ਹੈ।

ਕੁਝ ਸਮਾਂ ਪਹਿਲਾਂ ਮੇਰਾ ਇਕ ਲੰਗੋਟੀਆ ਮਿੱਤਰ ਜੋ ਪੇਸ਼ੇ ਵਜੋਂ ਵਕੀਲ ਹੈ, ਆਪਣੇ ਪੁੱਤਰ ਦੇ ਵਿਆਹ ਦੀ ਤਰੀਕ ਸੁਧਾਉਣ ਅਤੇ ਮੁੰਡੇ-ਕੁੜੀ ਦੇ ਗੁਣ ਮਿਲਾਉਣ ਲਈ ਮੈਨੂੰ ਇਕ ਪੰਡਿਤ ਕੋਲ ਆਪਣੇ ਨਾਲ ਲਿਜਾਣ ਲਈ ਜ਼ੋਰ ਪਾਉਣ ਲੱਗਾ। ਮੇਰਾ ਭਾਵੇਂ ਇਨਾਂ ਕਰਮ-ਕਾਂਡਾਂ ਵਿਚ ਭੋਰਾ ਵੀ ਵਿਸ਼ਵਾਸ ਨਹੀਂ ਪਰ ਉਸ ਦਾ ਮਾਣ ਸਤਿਕਾਰ ਰੱਖਦਿਆਂ ਉਸ ਨਾਲ ਜਾਣ ਦੀ ਹਾਮੀ ਭਰ ਦਿੱਤੀ। ਅਸੀਂ ਦੋਵੇਂ ਪੰਡਿਤ ਜੀ ਦੇ ਟਿਕਾਣੇ ਤੇ ਜਾ ਪੁੱਜੇ। ਪਹਿਲਾਂ ਵਕੀਲ ਸਾਹਿਬ ਨੇ ਪੰਡਿਤ ਮੂਹਰੇ ਆਪਣੇ ਪੁੱਤਰ ਦਾ ਟੇਵਾ ਰੱਖ ਕੇ, ਨਾਲ ਹੀ ਆਪਣੀ ਜੇਬ ਵਿਚੋਂ ਹੋਣ ਵਾਲੀ ਨੂੰਹ ਦੀ ਜਨਮ ਮਿਤੀ, ਸਮਾਂ ਤੇ ਸਥਾਨ ਬਾਬਤ ਲਿਖੀ ਪਰਚੀ ਫੜਾਉਂਦਿਆਂ ਉਸ ਨੂੰ ਕਿਹਾ, 'ਪੰਡਿਤ ਜੀ, ਆਪਣਾ ਹਿਸਾਬ-ਕਿਤਾਬ ਲਾ ਕੇ ਦੱਸੋ ਕਿ ਬੱਚਿਆਂ ਦੀ ਗ੍ਰਹਿ ਚਾਲ ਮੁਤਾਬਿਕ ਇਨਾਂ ਦੋਵਾਂ ਦੇ ਕਿੰਨੇ ਗੁਣ ਆਪਸ ਵਿਚ ਮਿਲਦੇ ਨੇ।'



ਪੰਡਿਤ ਜੀ ਦੀ ਨਜ਼ਰ ਵਕੀਲ ਦੀ ਪਾਈ ਚਿੱਟੀ ਕਮੀਜ਼ ਦੀ ਜੇਬ ਵਿਚ ਪਏ 2-2 ਹਜ਼ਾਰ ਦੇ ਨੋਟਾਂ ਦੀ ਗੱਟੀ ਤੇ ਪਈ ਜੋ ਮੱਲੋਮੱਲੀ ਬਾਹਰ ਉਲਰਨ ਨੂੰ ਆ ਰਹੇ ਸਨ। ਗੜ੍ਹਵਾਲ ਤੋਂ ਇੱਧਰ ਆ ਕੇ ਵੱਸਿਆ ਪੰਡਿਤ ਰਲਵੀਂ-ਮਿਲਵੀਂ ਭਾਸ਼ਾ ਵਿਚ ਬੋਲਿਆ, 'ਜਜਮਾਨ ਐਸਾ ਰਿਸ਼ਤਾ ਤੋ ਲਾਖੋਂ ਮੇ ਏਕ ਹੋਤਾ ਹੈ, ਲੜਕੇ ਲੜਕੀ ਕੇ ਆਪਸ ਮੇਂ ਲਗਭਗ 100 ਫੀਸਦੀ ਗੁਣ ਮਿਲਤੇ ਹੈਂ। ਐਸਾ ਰਿਸ਼ਤਾ ਕਿਸਮਤ ਵਾਲੋਂ ਕੇ ਨਸੀਬ ਮੇਂ ਹੋਤਾ ਹੈ। ਇਸੇ ਮਤ ਛੋੜੇਂ। ਮੈਂ ਤੋਂ ਕਹੂੰ, ਸ਼ਾਦੀ ਕੀ ਤੁਰੰਤ ਤਰੀਕ ਨਿਕਲਵਾਏਂ ਓਰ ਘਰ ਬਹੂ ਲੇ ਆਏਂ। ਅਗਲੇ ਬਰਸ ਆਪ ਕੇ ਆਂਗਨ ਮੇਂ ਮਹਾਂਮਾਈ ਕੀ ਕਿਰਪਾ ਸੇ ਪੋਤਾ ਖੇਲੇ।' ਇਹ ਸਭ ਸੁਣ ਕੇ ਵਕੀਲ ਨੇ ਬਿਨਾ ਹੋਰ ਸਵਾਲ ਕੀਤਿਆਂ ਦੋ ਹਜ਼ਾਰ ਦਾ ਕੜਕਵਾਂ ਨੋਟ ਪੰਡਿਤ ਦੀ ਝੋਲੀ ਵਿਚ ਧਰ ਦਿੱਤਾ। ਪੰਡਿਤ ਬਾਗ਼ੋਬਾਗ਼ ਹੋਇਆ ਕਹਿਣ ਲੱਗਾ, 'ਕਹੋਂ ਤੋ ਅਭੀ ਸ਼ਾਦੀ ਕੀ ਤਰੀਕ ਭੀ ਨਿਕਾਲ ਦੂੰ।' ਵਕੀਲ ਨੇ ਤੁਰੰਤ ਪੰਡਿਤ ਦੀ ਹਾਂ ਵਿਚ ਹਾਂ ਮਿਲਾਈ, 'ਪੰਡਿਤ ਜੀ, ਨੇਕੀ ਔਰ ਪੂਚ ਪੂਚ।'

**ਹੱਡ ਬੀਤੀ**

ਇੰਨੇ ਨੂੰ ਪੰਡਿਤ ਦੋਵਾਂ ਦੇ ਟੇਵੇ ਮਿਲਾਉਣ, ਤੇ ਫਿਰ ਆਪਣੀ ਡਾਇਰੀ ਦੇ ਪੰਨੇ ਫਰੋਲਣ ਮਗਰੋਂ ਕਹਿਣ ਲੱਗਾ, 'ਮੇਰੇ ਹਿਸਾਬ ਸੇ ਤੋ 20 ਔਰ 27 ਨਵੰਬਰ ਕੇ ਇਲਾਵਾ 7 ਦਸੰਬਰ ਕੀ ਤਰੀਕ ਨਿਕਲਤੀ ਹੈ। ਅਗਰ ਇਨ ਮੇਂ ਸੇ ਕੋਈ ਭੀ ਦਿਨ ਠੀਕ ਲਗੇ ਤੋ ਘਰ ਵਾਲੋਂ ਸੇ ਸਲਾਹ ਕਰ ਕੇ ਸ਼ਗੁਨ ਕੀ ਤਿਆਰੀ ਕਰੋ।' ਵਕੀਲ ਮਿੱਤਰ ਵੀ ਆਪਣੇ ਹੱਥ ਵਿਚ ਫੜੀ ਡਾਇਰੀ ਖੋਲ ਕੇ ਨਵੰਬਰ ਦਸੰਬਰ ਦੇ ਕੇਸਾਂ ਦੀਆਂ ਤਰੀਕਾਂ ਦੇਖਣ ਲੱਗਾ ਕਿ ਕਿਤੇ ਵਿਆਹ ਦੀ ਤਰੀਕ ਕਿਸੇ ਕੇਸ ਨਾਲ ਟਕਰਾਉਂਦੀ ਤਾਂ ਨਹੀਂ। ਇੰਨੇ ਨੂੰ ਪੰਡਿਤ ਨੂੰ ਕੋਈ ਹੋਰ ਮਿਲਣ ਆ ਗਿਆ ਤੇ ਉਹ ਕਾਗ਼ਜ਼ ਤੇ ਤਿੰਨੇ ਤਰੀਕਾਂ ਲਿਖ ਕੇ ਵਕੀਲ ਨੂੰ ਫੜਾਉਣ ਮਗਰੋਂ ਨਾਲ ਦੇ ਕਮਰੇ ਵਿਚ ਚਲਾ ਗਿਆ। ਡਾਇਰੀ ਦੇਖਣ ਮਗਰੋਂ ਵਕੀਲ ਮਿੱਤਰ ਕੁਝ ਪਰੇਸ਼ਾਨੀ ਵਿਚ ਕਹਿਣ ਲੱਗਾ, 'ਯਾਰ ਪੰਗਾ ਪੈ ਗਿਆ, ਪੰਡਿਤ ਵਾਲੀਆਂ ਸਾਰੀਆਂ ਤਰੀਕਾਂ ਪਹਿਲੋਂ ਹੀ ਬੁੱਕ ਨੇ। ਇਨਾਂ ਵਿਚੋਂ ਪਹਿਲੀਆਂ ਦੋ ਤਰੀਕਾਂ ਤੇ ਤਾਂ ਰੋਪੜ ਜਾਣੈ, ਬਾਕੀ ਇਕ ਤੇ ਚੰਡੀਗੜ੍ਹ ਹਾਈ ਕੋਰਟ ਵਿਚ ਕੇਸ ਲੱਗੈ। ਕਸੂਤੇ ਫਸ ਗਏ, ਹੁਣ ਕੀ ਕਰੀਏ?' ਮੈਂ ਉਸ ਨੂੰ ਮਲਕਣੇ ਜਿਹੇ ਪੁੱਛਿਆ, 'ਬਾਈ, ਤੂੰ ਦੱਸ ਤੈਨੂੰ ਕਿਹੜੀ ਤਰੀਕ ਲੋਟ ਐ।' ਉਹ ਕਹਿਣ ਲੱਗਾ, 'ਮਿੱਤਰਾ ਇਨਾਂ ਤੋਂ ਇਲਾਵਾ ਕੋਈ ਵੀ ਚੱਲੂ ਕਿਉਂਜੋ ਬਾਕੀ ਸਾਰੇ ਕੇਸ ਲੋਕਲ ਮੁਹਾਲੀ ਕਚਹਿਰੀ ਵਿਚ ਹੀ ਨੇ।' ਮੈਂ ਦਿਲ ਹੀ ਦਿਲ ਸੋਚ ਰਿਹਾ ਸੀ ਕਿ ਵਿਚਾਰਾ ਵਕੀਲ ਹੁਣ ਪੂਰੀ ਤਰਾਂ ਪੰਡਿਤ ਦੇ ਜਾਲ ਵਿਚ ਫਸ ਚੁੱਕਾ ਹੈ ਤੇ ਉਸ ਨੂੰ ਬਾਹਰ ਨਿਕਲਣ ਦਾ ਕੋਈ ਰਾਹ ਨਹੀਂ ਲੱਭ ਰਿਹਾ। ਆਖ਼ਰ ਮੈਨੂੰ ਤਰਕੀਬ ਸੁੱਝੀ। ਪੰਡਿਤ ਦੇ ਆਉਣ ਤੋਂ ਪਹਿਲਾਂ ਮੈਂ ਕਾਗ਼ਜ਼ ਤੇ ਲਿਖੀਆਂ ਤਰੀਕਾਂ ਦੇ ਮੂਹਰੇ ਉਸੇ ਦੇ ਪੈਨ ਨਾਲ ਹੀ 15 ਦਸੰਬਰ ਦੀ ਤਰੀਕ ਪਾ ਦਿੱਤੀ। ਕੁਝ ਚਿਰ ਪਿੱਛੋਂ ਪੰਡਿਤ ਉਧਰੋਂ ਫਾਰਗ ਹੋ ਕੇ ਆ ਗਿਆ ਤੇ ਕਹਿਣ ਲੱਗਾ, 'ਬਤਾਓ ਜਜਮਾਨ ਕਿਆ ਸੋਚਾ?' ਵਕੀਲ ਨੇ ਮੇਰੇ ਵੱਲੋਂ ਪਰਚੀ ਵਿਚ ਕੀਤੀ ਤਰਮੀਮ ਬਿਨਾ ਪੜ੍ਹੇ ਪਰਚੀ ਪੰਡਿਤ ਮੂਹਰੇ ਧਰ ਦਿੱਤੀ ਤੇ ਨਿੰਮੋਝੂਣਾ ਹੋਇਆ ਕਹਿਣ ਲੱਗਾ, 'ਪੰਡਿਤ ਜੀ, ਕੁਛ ਔਰ ਤਰੀਕ ਨਿਕਾਲੀਏ ਯੇ ਤੀਨੋਂ ਤਰੀਕੇਂ ਤੋ ਮੁਝੇ ਸੂਟ ਨਹੀਂ ਕਰ ਰਹੀ, 20, 27 ਨਵੰਬਰ ਔਰ 7 ਦਸੰਬਰ ਕੋ ਤੋ ਪਹਿਲੇ ਸੇ ਹੀ ਮੇਰੇ ਕੇਸ ਲਗੇ ਹੁਏ ਹੈਂ।' ਪੰਡਿਤ ਜੀ ਵਿਚੋਂ ਟੋਕਦੇ ਹੋਏ ਬੋਲੇ, 'ਜਜਮਾਨ ਚੌਥੀ ਭੀ ਤੋ ਹੈ 15 ਦਸੰਬਰ? ਮੁਝੇ ਲਗਤਾ ਹੈ ਆਪ ਨੇ ਧਿਆਨ ਸੇ ਨਹੀਂ ਦੇਖਾ।' ਪੰਡਿਤ ਦੀ ਗੱਲ ਸੁਣ ਕੇ ਵਕੀਲ ਨੇ ਮੁੜ ਆਪਣੀ ਡਾਇਰੀ ਕੱਢ ਲਈ ਤੇ ਕਹਿਣ ਲੱਗਾ, 'ਪੰਡਿਤ ਜੀ ਬਾਤ ਬਣ ਗਈ, ਯੇ ਦਿਨ ਮੇਰੇ ਪਾਸ ਬਿਲਕੁਲ ਖ਼ਾਲੀ ਹੈ।' ਵਕੀਲ ਨੇ ਆਪਣੀ ਜੇਬ ਵਿਚੋਂ 2 ਹਜ਼ਾਰ ਦਾ ਇਕ ਹੋਰ ਨਵਾਂ ਨਕੋਰ ਨੋਟ ਕੱਢ ਕੇ ਉਸ ਦੇ ਹੱਥ ਫੜਾਉਂਦਿਆਂ ਕਿਹਾ, 'ਪੰਡਿਤ ਜੀ, ਆਪ ਤੋ ਅਸਲ ਮੇਂ ਸੰਕਟ-ਮੋਚਨ ਨਿਕਲੇ।

ਅਸੀਂ ਘਰ ਪਰਤ ਆਏ। ਹੁਣ ਮੈਂ ਇਹੀ ਸੋਚ ਰਿਹਾ ਸੀ ਕਿ ਸਭ ਕੁਝ ਠੀਕ-ਠਾਕ ਰਹੇ। ਵਕੀਲ ਉਂਜ ਵੀ ਸਿਰੇ ਦਾ ਇਮਾਨਦਾਰ ਅਤੇ ਸਾਊ ਸੁਭਾਅ ਵਾਲਾ ਇਨਸਾਨ ਸੀ ਜੋ ਹਰ ਗ਼ਰੀਬ-ਗੁਰਬੇ ਦਾ ਭਲਾ ਕਰਨਾ ਆਪਣਾ ਧਰਮ ਸਮਝਦਾ ਸੀ। ਮੇਰਾ ਪੂਰਨ ਵਿਸ਼ਵਾਸ ਸੀ ਕਿ ਅਜਿਹੇ ਇਨਸਾਨ ਨਾਲ ਕਦੇ ਮਾੜਾ ਨਹੀਂ ਵਾਪਰ ਸਕਦਾ, ਭਾਵੇਂ ਜੋਤਿਸ਼ ਜਾਂ ਉਸ ਦੀ ਗ੍ਰਹਿ ਚਾਲ ਕੁਝ ਵੀ ਹੋਵੇ। ਬੰਦਾ ਤਾਂ ਹਮੇਸ਼ਾ ਆਪਣੇ ਕਰਮ, ਕਿਰਦਾਰ ਤੇ ਵਰਤਾਰੇ ਤੋਂ ਹੀ ਪਛਾਣਿਆ ਜਾਂਦਾ ਹੈ। ਆਖ਼ਰ, ਵਕੀਲ ਦੇ ਮੁੰਡੇ ਦਾ ਵਿਆਹ ਬੜੇ ਚਾਵਾਂ-ਮਲਾਰਾਂ ਨਾਲ ਮਿੱਥੀ ਤਰੀਕ ਅਨੁਸਾਰ 15 ਦਸੰਬਰ ਨੂੰ ਹੋਇਆ ਤੇ ਪੰਡਿਤ ਜੀ ਦੀ ਭਵਿੱਖਬਾਣੀ ਅਨੁਸਾਰ ਵਕੀਲ ਤੇ ਉਹਦੀ ਘਰਵਾਲੀ ਅਗਲੇ ਸਾਲ ਦਾਦਾ-ਦਾਦੀ ਵੀ ਬਣ ਗਏ।

ਪੰਡਿਤ ਜੀ ਵੱਲੋਂ 'ਤਦਬੀਰ' ਨਾਲ ਕੱਢੀ ਤਰੀਕ ਦੀ ਬਜਾਇ ਮੇਰੀ 'ਤਰਕੀਬ' ਨਾਲ ਸੁਝਾਈ ਤਰੀਕ ਨਾਲ ਵਕੀਲ ਦੀ ਪ੍ਰੇਸ਼ਾਨੀ ਦਾ ਨਾ ਕੇਵਲ ਹੱਲ ਹੋਇਆ ਸਗੋਂ ਉਨਾਂ ਦੀਆਂ ਸਾਰੀਆਂ ਸੱਧਰਾਂ ਵੀ ਪੂਰੀਆਂ ਹੋਈਆਂ।

# ਸੌਂਕਣ ਤੋਂ ਛੁਟਕਾਰੇ ਵਾਲੇ 'ਕੌਤਕੀ' ਬਾਬੇ !

**ਸੁਰਜੀਤ ਭਗਤ**

ਜ਼ਿੰਦਗੀ ਦੀ ਕਿਤਾਬ ਦੀ ਵਰਕ-ਗਿਰਦਾਨੀ ਕਰਦਿਆਂ ਕਈ ਮਹੱਤਵਪੂਰਨ ਘਟਨਾਵਾਂ ਯਾਦ ਆ ਜਾਂਦੀਆਂ ਹਨ, ਜੋ ਆਪਣੇ ਲਈ ਨਹੀਂ ਸਗੋਂ ਲੋਕਾਈ ਲਈ ਵੀ ਇਕ ਸਬਕ ਹੋ ਨਿੱਬੜਦੀਆਂ ਹਨ। ਕਈ ਵਰੇ ਪਹਿਲਾਂ ਦੀ ਗੱਲ ਹੈ। ਵਿਦੇਸ਼ ਵਿਚ ਰਹਿ ਰਹੇ ਗੂੜੇ ਮਿੱਤਰ ਨੇ ਫੋਨ ਕਰ ਕੇ ਦੱਸਿਆ ਕਿ ਉਸ ਦਾ ਛੋਟਾ ਭਰਾ ਇਕ ਧੀ ਦਾ ਪਿਤਾ ਹੈ, ਕੋਈ ਕੰਮ ਨਹੀਂ ਕਰਦਾ ਤੇ ਨਾ ਹੀ ਕਈ-ਕਈ ਦਿਨ ਘਰ ਵੜਦਾ ਹੈ। ਇਹ ਵੀ ਪਤਾ ਲੱਗਿਆ ਹੈ ਕਿ ਉਹ ਕਿਸੇ ਬਾਹਰੀ ਔਰਤ ਦੇ ਚੱਕਰ ਵਿਚ ਫਸ ਗਿਆ ਹੈ, ਜੋ ਉਸ ਨੂੰ ਘਰ ਨਹੀਂ ਆਉਣ ਦਿੰਦੀ। ਉਸ ਦੀ ਬਜ਼ੁਰਗ ਮਾਂ ਵੀ ਆਪਣੇ ਮੁੰਡੇ ਦੀਆਂ ਹਰਕਤਾਂ ਤੋਂ ਬੇਹੱਦ ਦੁਖੀ ਹੈ। ਪੱਤਰਕਾਰ ਦੇ ਤੌਰ 'ਤੇ ਇਲਾਕੇ ਵਿਚ ਮੇਰੀ ਕਾਫ਼ੀ ਪੁੱਛ ਪ੍ਰਤੀਤ ਸੀ। ਇਸ ਲਈ ਉਸ ਨੂੰ ਇਹ ਆਸ ਹੀ ਨਹੀਂ ਸਗੋਂ ਪੂਰਾ ਯਕੀਨ ਵੀ ਸੀ ਕਿ ਮੈਂ ਆਪਣਾ ਅਸਰ ਰਸੂਖ਼ ਵਰਤ ਕੇ ਉਨਾਂ ਨੂੰ ਇਸ ਖ਼ਲਜਗਣ ਵਿਚੋਂ ਕੱਢ ਲਵਾਂਗਾ।

ਸ਼ਾਮ ਨੂੰ ਸੈਰ ਕਰਦਿਆਂ ਮੈਂ ਉਨਾਂ ਦੇ ਘਰ ਜਾ ਪੁੱਜਾ ਤਾਂ ਉਸ ਦੀ ਪਤਨੀ ਤੇ ਮਾਂ ਨੇ ਆਪਣੀ ਵਿਥਿਆ ਸੁਣਾਉਣੀ ਸ਼ੁਰੂ ਕੀਤੀ। ਸਹਿਮੀ ਹੋਈ ਛੋਟੀ ਬੱਚੀ ਸਾਹ ਰੋਕ ਕੇ ਆਪਣੇ ਪਾਪਾ ਬਾਰੇ ਸਭ ਕੁਝ ਗਹੁ ਨਾਲ ਸੁਣ ਰਹੀ ਸੀ। ਸਾਰੀ ਗੱਲ ਸਮਝਣ ਉਪਰੰਤ ਉਸ ਓਪਰੀ ਔਰਤ ਨੂੰ ਦੋ-ਤਿੰਨ ਦਿਨ ਬਾਅਦ ਜਦੋਂ ਮੈਂ ਮਿਲਣ ਲਈ ਗਿਆ ਤਾਂ ਪਹਿਲੀ ਹੀ ਨਜ਼ਰੇ ਉਹ ਮੈਨੂੰ ਸਧਾਰਨ ਨਹੀਂ ਸਗੋਂ ਦਾਤ ਵਰਗੀ ਤਿੱਖੀ ਕੋਈ ਸ਼ੈਅ ਲੱਗੀ।

ਸਬੱਬ ਨਾਲ ਭਾਈ ਸਾਹਿਬ ਵੀ ਉੱਥੇ ਹੀ ਕੋਲ ਕੁਰਸੀ 'ਤੇ ਬਿਰਾਜਮਾਨ ਸਨ। ਉਸ ਕੋਲ ਮੇਰੇ ਹਰ ਸਵਾਲ ਦਾ ਜਵਾਬ ਪਹਿਲਾਂ ਹੀ ਮੌਜੂਦ ਸੀ ਤੇ ਉਹ ਮੈਨੂੰ ਗੱਲ ਵੀ ਪੂਰੀ ਨਹੀਂ ਸੀ ਕਰਨ ਦੇ ਰਹੀ। ਉਸ ਦਾ ਕਹਿਣਾ ਸੀ ਕਿ ਤੁਹਾਡੇ ਇਸ ਭਾਈ ਸਾਹਿਬ ਨੇ ਮੇਰੇ ਕੋਲੋਂ 3 ਲੱਖ ਰੁਪਏ ਕੰਮਕਾਜ ਲਈ ਉਧਾਰੇ ਲਏ ਹੋਏ ਹਨ ਤੇ ਜਿੰਨੀ ਦੇਰ ਤੱਕ ਇਹ ਕਰਜ਼ਾ ਉਸ ਨੂੰ ਵਾਪਸ ਨਹੀਂ ਮਿਲਦਾ, ਓਨੀ ਦੇਰ ਤਕ ਉਹ ਉਸ ਨੂੰ ਘਰ ਵਾਪਸ ਨਹੀਂ ਜਾਣ ਦੇਵੇਗੀ। ਉਸ ਦਾ ਇਹ ਵੀ ਕਹਿਣਾ ਸੀ ਕਿ ਉਹ ਤਾਂ ਉਸ ਨੂੰ ਖੁੱਲਾ ਖ਼ਰਚਾ ਦੇ ਕੇ ਮਹਿੰਗੇ ਸੂਟ- ਬੂਟ ਪਹਿਨਾ ਕੇ ਪੂਰੀ ਐਸ਼ ਕਰਵਾ ਰਹੀ ਹੈ ਜਦਕਿ ਮੈਨੂੰ ਪਤਾ ਸੀ ਕਿ ਇਹ ਸਾਰਾ ਕੁਝ ਝੂਠ ਦੇ ਪੁਲੰਦੇ ਤੋਂ ਵੱਧ ਕੁਝ ਨਹੀਂ ਸੀ ਤੇ ਮੈਂ ਸਾਰਾ ਕੁਝ ਜਾਣਦਾ ਹੋਇਆ ਵੀ ਬੇਵੱਸ ਸਾਂ। ਕਾਰਨ ਇਹ ਕਿ ਭਾਈ ਸਾਹਿਬ ਵੀ ਮੇਰੇ ਵੱਲ ਵੇਖਣ ਦੀ ਬਜਾਏ ਉਸ ਬੀਬੀ ਦੇ ਹੱਕ 'ਚ ਹੀ ਹੁੰਗਾਰਾ ਭਰ ਰਹੇ ਸਨ। ਪਰਿਵਾਰ ਵੱਲੋਂ ਪੁਲਿਸ ਤਕ ਕੀਤੀ ਗਈ ਪਹੁੰਚ ਵੀ ਬਸ ਗੋਂਗਲੂਆਂ ਤੋਂ ਮਿੱਟੀ ਝਾੜਨ ਵਾਲੀ ਗੱਲ ਹੀ ਸਾਬਿਤ ਹੋਈ। ਮੈਂ ਪਰਿਵਾਰ ਦੇ ਲਗਾਤਾਰ ਸੰਪਰਕ ਵਿਚ ਸਾਂ। ਉਨਾਂ ਦਾ ਹਰ ਕਿਸੇ ਤੋਂ ਯਕੀਨ ਉੱਠ ਚੁੱਕਾ ਸੀ। ਉਹ ਸਥਾਨਕ ਟੀਵੀ ਚੈਨਲ ਤੋਂ ਕਿਸੇ ਬਾਬੇ ਦੀ ਚਲਦੀ ਮਸ਼ਹੂਰੀ ਵੇਖ ਚੁੱਕੇ ਸਨ ਜੋ ਵਸ਼ੀਕਰਨ, ਮੁੱਠ ਕਰਨੀ, ਵਿਆਹ 'ਚ ਦੇਰੀ, ਆਪਹੁਦਰੀ ਹੋਈ ਔਲਾਦ ਤੇ ਸੌਂਕਣ ਤੋਂ ਛੁਟਕਾਰਾ ਆਦਿ ਦਾ ਸ਼ਰਤੀਆ ਇਲਾਜ ਕਰਨ ਦਾ ਦਾਅਵਾ ਕਰਦਾ ਸੀ। ਉਨਾਂ ਨੂੰ ਭਲਾ ਹੋਰ ਕੀ ਚਾਹੀਦਾ ਸੀ? ਉਨਾਂ ਨੂੰ ਲੱਗਦਾ ਸੀ ਕਿ ਉਨਾਂ ਅੱਗੇ ਹਿਮਾਲਾ ਪਰਬਤ ਜਿੱਡੀ ਖੜੀ ਮੁਸੀਬਤ 'ਸੌਂਕਣ' ਤੋਂ ਛੁਟਕਾਰਾ ਤਾਂ ਸਿਰਫ਼ ਬਾਬਾ ਜੀ ਹੀ ਕਰਵਾ ਸਕਦੇ ਹਨ। ਸੋ ਮੇਰੇ ਲੱਖ ਮਨਾ ਕਰਨ ਦੇ ਬਾਵਜੂਦ ਦੋਵੇਂ ਸੱਸ-ਨੂੰਹ ਬਾਬਾ ਜੀ ਦੇ ਦਰਬਾਰ ਵਿਚ ਜਾ ਹਾਜ਼ਰ ਹੋਈਆਂ। ਵਾਹਵਾ ਮੂੰਹ ਮੱਥੇ ਲੱਗਦੀ ਭਰ ਜਵਾਨ ਨੂੰਹ ਤੇ ਦੁਖੀ ਬਜ਼ੁਰਗ ਸੱਸ ਦੋਵੇਂ ਹੀ ਬਾਬੇ ਨੂੰ ਚੰਗੀਆਂ ਸਾਮੀਆਂ ਜਾਪੀਆਂ। ਕੁਝ ਦਿਨ ਦੇ ਓਹੜ- ਪੋਹੜ ਮਗਰੋਂ ਬਾਬੇ ਨੇ ਆਪਣਾ ਮਾਸਟਰ ਸਟਰੋਕ ਖੇਡਿਆ। ਉਸ ਨੇ ਕਿਹਾ ਕਿ ਉਹ ਉਨਾਂ ਦਾ ਮਸਲਾ ਪੱਕੇ ਤੌਰ 'ਤੇ ਹੱਲ ਕਰ ਸਕਦਾ ਹੈ ਜੇ ਉਹ ਉਸ ਦੇ ਕਹਿਣ ਤੇ ਇਕ ਉਪਾਅ ਕਰਨ। ਹੈ ਜ਼ਰਾ ਮਹਿੰਗਾ ਪਰ ਕੰਮ ਸਿੱਕੇ ਬੰਦ ਹੋਊ। ਉਪਾਅ ਇਹ ਸੀ ਕਿ ਉਹ ਇਕ ਨਿਸ਼ਚਿਤ ਦਿਨ ਅਤੇ ਸਮੇਂ 'ਤੇ ਸ਼ਹਿਰ 'ਚ ਵਗਦੀ ਨਹਿਰ ਦੇ ਕਿਨਾਰੇ ਸਵਾ ਤੋਲਾ ਸੋਨਾ ਤੇ ਕੁਝ ਹੋਰ ਨਿੱਕ-ਸੁੱਕ ਲੈ ਕੇ ਪਹੁੰਚਣ। ਉਹ ਉੱਥੇ ਪੂਜਾ ਕਰੇਗਾ ਤੇ ਇਸ ਦੌਰਾਨ ਉਹ ਸੋਨਾ ਤੇ ਹੋਰ ਨਿੱਕ- ਸੁੱਕ ਲੈ ਕੇ ਮਿੱਟੀ ਦੇ ਕੋਰੇ ਕੁੱਜੇ ਵਿਚ ਪਾ ਕੇ ਉਸ ਦੇ ਹਵਾਲੇ ਕਰ ਕੇ ਮੱਥਾ ਟੇਕ ਕੇ ਪਿੱਛੇ ਨਾ ਵੇਖਣ ਤੇ ਚੁੱਪਚਾਪ ਬਿਨਾਂ ਪਿੱਛੇ ਝਾਕਿਆਂ ਵਾਪਸ ਘਰ ਚਲੇ ਜਾਣ ਤੇ ਦਰਵਾਜ਼ਾ ਖੋਲ ਕੇ ਸਿੱਧੇ ਹੀ ਅੰਦਰ ਦਾਖ਼ਲ ਹੋਣ। ਉਨਾਂ ਨੇ ਅਜਿਹਾ ਹੀ ਕੀਤਾ। ਮੇਰੇ ਵਾਰ- ਵਾਰ ਕਹਿਣ ਦੇ ਬਾਵਜੂਦ ਉਨਾਂ ਨੇ ਮੈਨੂੰ ਇਹ ਸਾਰਾ ਕੁਝ ਕਰਨ ਦੀ ਭਿਣਕ ਹੀ ਨਹੀਂ ਪੈਣ ਦਿੱਤੀ।



ਮੈਨੂੰ ਸ਼ੱਕ ਹੀ ਨਹੀਂ ਸਗੋਂ ਪੂਰਾ ਯਕੀਨ ਸੀ ਕਿ ਸੋਨਾ ਤੇ ਹੋਰ ਸਾਰਾ ਕੁਝ ਲੈ ਕੇ ਬਾਬਾ ਸਹਿਜੇ ਹੀ ਉੱਥੋਂ ਖਿਸਕ ਜਾਵੇਗਾ ਕਿਉਂਕਿ ਵਹਿਮਾਂ ਦੀਆਂ ਮਾਰੀਆਂ ਇਨਾਂ ਸੱਸ-ਨੂੰਹ ਨੇ ਤਾਂ ਆਉਣ-ਜਾਣ ਦਾ ਸਾਲਮ ਰਿਕਸ਼ਾ ਕਰਵਾ ਕੇ ਨਹਿਰ 'ਤੇ ਜਾਣਾ ਸੀ। ਪਿੱਛੇ ਮੁੜ ਕੇ ਨਾ ਵੇਖਣ ਕਾਰਨ ਬਾਬੇ ਨੇ ਫੌਰਨ ਹੀ ਉੱਥੋਂ ਫੁਰਰ ਹੋ ਜਾਣਾ ਸੀ। ਉਨਾਂ ਨੂੰ ਯਕੀਨ ਸੀ ਕਿ ਹੁਣ ਦੁਨੀਆ ਦੀ ਕੋਈ ਵੀ ਤਾਕਤ ਬਾਬਾ ਜੀ ਦੀ ਸ਼ਕਤੀ ਅੱਗੇ ਨਹੀਂ ਟਿਕ ਸਕੇਗੀ ਤੇ ਉਨਾਂ ਦਾ ਸੌਂਕਣ ਵਾਲਾ ਮਸਲਾ ਹੁਣ ਹੱਲ ਹੋ ਜਾਵੇਗਾ। ਬਾਬਿਆਂ ਵਿਰੁੱਧ ਮੇਰੇ ਵੱਲੋਂ ਦਿੱਤੀਆਂ ਠੋਸ ਦਲੀਲਾਂ ਵੀ ਉਨਾਂ ਅੱਗੇ ਕਾਗ਼ਜ਼ ਦੇ ਉੱਡਦੇ ਟੁਕੜਿਆਂ ਵਰਗੀਆਂ ਹੋ ਕੇ ਰਹਿ ਗਈਆਂ ਸਨ। ਉਨਾਂ ਦਾ ਕਹਿਣਾ ਸੀ ਕਿ ਇਕ ਵਾਰੀ ਸਾਡਾ ਮੁੰਡਾ ਬੰਦਾ ਬਣ ਜਾਵੇ, ਸੋਨੇ ਦਾ ਕੀ ਏ, ਇਹ ਤਾਂ ਫਿਰ ਵੀ ਬਣ ਜਾਊ। ਮੈਂ ਜਾਣਦਾ ਸਾਂ ਕਿ ਪਰਿਵਾਰ ਦੀ ਮਾਲੀ ਹਾਲਤ ਚੰਗੀ ਨਹੀਂ ਪਰ ਮੇਰੀਆਂ ਗੱਲਾਂ ਸਭ ਨੂੰ ਮਾੜੀਆਂ ਲੱਗ ਰਹੀਆਂ ਸਨ। ਕਈ ਦਿਨ ਬੀਤ ਗਏ, ਹਫ਼ਤੇ ਲੰਘ ਗਏ ਪਰ ਊਠ ਦਾ ਬੁੱਲ ਨਾ ਡਿੱਗਾ। ਦੋਵੇਂ ਸੱਸ-ਨੂੰਹ ਹਰ ਵੇਲੇ ਦਰਵਾਜ਼ਾ ਖੜਕਣ ਦਾ ਇੰਤਜ਼ਾਰ ਕਰਦੀਆਂ ਰਹੀਆਂ ਪਰ ਮੁੰਡਾ ਘਰ ਨਾ ਪਰਤਿਆ। ਸੱਸ ਦੇ ਜ਼ੋਰ ਦੇਣ 'ਤੇ ਬੜੀ ਆਸ ਨਾਲ ਨੂੰਹ ਨੇ ਕਰਵਾ ਚੌਥ ਦਾ ਵਰਤ ਵੀ ਰੱਖ ਲਿਆ। 'ਭੈਣ ਵੀਰਾਂ' ਵਾਲੀ ਦੀ ਕਰਵਾ ਚੌਥ ਵਾਲੀ ਕਥਾ ਸੁਣਨ ਤੋਂ ਬਾਅਦ ਸ਼ਾਮੀਂ ਨੂੰਹ ਸੱਜ-ਧੱਜ ਕੇ ਦਰਵਾਜ਼ੇ ਵੱਲ ਵੇਖਦੀ ਰਹੀ ਪਰ ਪਤੀ ਦੇਵ ਨਾ ਬਹੁੜੇ। ਦੇਰ ਰਾਤ ਜਦੋਂ ਉਸ ਨੂੰ ਨੀਂਦ ਦਾ ਝੋਂਕਾ ਕਦੋਂ ਆਇਆ, ਪਤਾ ਹੀ ਨਾ ਲੱਗਾ ਤੇ ਸਵੇਰੇ ਦਿਨ ਚੜ੍ਹੇ ਹੀ ਉਸ ਦੀ ਅੱਖ ਖੁੱਲੀ।

ਕੁਝ ਨਾ ਕਰ ਸਕਣ ਕਾਰਨ ਬੇਵੱਸ ਹੋਇਆ ਮੈਂ ਖ਼ੁਦ ਬੇਹੱਦ ਪ੍ਰੇਸ਼ਾਨ ਸਾਂ ਜਦਕਿ ਦੋ- ਤਿੰਨ ਮਹੀਨੇ ਬੀਤਣ 'ਤੇ ਵੀ ਪਰਿਵਾਰ ਦਾ ਬਾਬਾ ਜੀ ਉੱਤੇ ਅਜੇ ਅਟੁੱਟ ਵਿਸ਼ਵਾਸ ਕਾਇਮ ਸੀ। ਕਈ ਦਿਨਾਂ ਬਾਅਦ ਉੱਧਰੋਂ ਲੰਘਦਾ ਮੈਂ ਫਿਰ ਉਨਾਂ ਦੇ ਘਰ ਗਿਆ ਤਾਂ ਪੁੱਛਣ 'ਤੇ ਨੂੰਹ ਨੇ ਦੱਸਿਆ ਕਿ ਬਾਬੇ-ਬੂਬੇ ਬੱਸ ਐਵੇਂ ਹੀ ਹੁੰਦੇ ਹਨ। ਉਨਾਂ ਦੀ ਸੋਚ 'ਚ ਆਈ ਅਚਾਨਕ ਤਬਦੀਲੀ ਤੋਂ ਹੈਰਾਨ ਪ੍ਰੇਸ਼ਾਨ ਹੋਏ ਨੇ ਮੈਂ ਪੁੱਛਿਆ, 'ਕੀ ਹੋ ਗਿਆ ਹੁਣ? ਗਏ ਨੀ ਉਸ ਕੋਲ?' 'ਗਏ ਸਾਂ, ਉਹ ਤਾਂ ਕੁਝ ਹੋਰ ਹੀ ਕਹਿੰਦਾ ਸੀ।' ਉਸ ਨੇ ਨੀਵੀਂ ਪਾਉਂਦਿਆਂ ਜਵਾਬ ਦਿੱਤਾ। 'ਕੀ?' ਮੈਂ ਉਤਸੁਕਤਾ ਨਾਲ ਪੁੱਛਿਆ। 'ਕੀ ਦੱਸਾਂ ਜੀ?' ਉਸ ਨੇ ਮੂੰਹ ਹੋਰ ਨੀਵਾਂ ਕਰਦਿਆਂ ਆਪਣੀਆਂ ਨਜ਼ਰਾਂ ਪੈਰਾਂ ਵਿਚ ਗੱਡ ਲਈਆਂ। ਉਸ ਦੇ ਕੁਝ ਦੱਸੇ ਬਿਨਾਂ ਹੀ ਮੈਨੂੰ ਮੇਰੇ ਸਵਾਲ ਦਾ ਜਵਾਬ ਮਿਲ ਗਿਆ ਸੀ ਤੇ ਮੈਂ ਖ਼ੁਦ ਨੂੰ ਧਰਤੀ 'ਚ ਗੱਡਿਆ ਮਹਿਸੂਸ ਕਰ ਰਿਹਾ ਸਾਂ।

# ਜਰਖੜ ਖੇਡਾਂ 24-25-26 ਜਨਵਰੀ ਨੂੰ, ਨਾਇਬ ਸਿੰਘ ਗਰੇਵਾਲ ਆਲ ਓਪਨ ਕਬੱਡੀ ਕੱਪ ਵਿੱਚ ਖੇਡਣਗੀਆਂ ਚੋਟੀ ਦੀਆਂ 8 ਕਲੱਬਾਂ,

## ਮਹਿੰਦਰ ਪ੍ਰਤਾਪ ਗਰੇਵਾਲ ਗੋਲਡ ਕੱਪ ਹਾਕੀ ਵਿੱਚ ਖੇਡਣਗੀਆਂ 24 ਟੀਮਾਂ , 6 ਸ਼ਖ਼ਸੀਅਤਾਂ ਦਾ ਹੋਵੇਗਾ ਸਨਮਾਨ

**ਲੁਧਿਆਣਾ/ਏ.ਟੀ.ਨਿਊਜ਼**:ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਦੀ ਇਕ ਜ਼ਰੂਰੀ ਮੀਟਿੰਗ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਜਰਖੜ ਖੇਡਾਂ ਜਨਵਰੀ 24-25-26 ਜਨਵਰੀ ਨੂੰ ਹੀ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ ।

ਅੱਜ ਦੀ ਮੀਟਿੰਗ ਵਿੱਚ ਸਰਦਾਰ ਸਿੱਧੂ ਤੋਂ ਇਲਾਵਾ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ,ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਇੰਸਪੈਕਟਰ ਬਲਵੀਰ ਸਿੰਘ , ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ ,ਪ੍ਰੋ ਰਜਿੰਦਰ ਸਿੰਘ, 5ਜਾਬ ਫਾਊਂਡੇਸ਼ਨ ਦੇ ਮੁਖੀ ਜਗਦੀਪ ਸਿੰਘ ਘੁੰਮਣ, ਪ੍ਰਿੰਸੀਪਲ ਬਲਵੰਤ ਸਿੰਘ ਚਕਰ ਕਬੱਡੀ ਪ੍ਰਮੋਟਰ ਤਰਨ ਜੋਧਾ ,ਰਾਣਾ ਜੋਧਾਂ ,ਮੀਕਾ ਜੋਧਾਂ, ਤੇਜਿੰਦਰ ਸਿੰਘ ਜਰਖੜ ਸਾਹਿਬ ਜੀਤ ਸਿੰਘ ਜਰਖੜ , ਗੁਰਸਤਿੰਦਰ ਸਿੰਘ ਪਰਗਟ, ਪਹਿਲਵਾਨ ਹਰਮੇਲ ਸਿੰਘ ਕਾਲਾ , ਅਜੀਤ ਸਿੰਘ ਲਾਦੀਆ ,ਲੱਖਾ ਖਾਨਪੁਰ, ਕਾਲਾ ਘਵੱਦੀ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ਮੀਟਿੰਗ ਦੀ ਕਾਰਵਾਈ ਬਾਰੇ ਦੱਸਦਿਆਂ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਅਤੇ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਇਸ ਵਾਰ ਨਾਇਬ ਸਿੰਘ ਗਰੇਵਾਲ ਜੋਧਾਂ ਆਲ ਓਪਨ ਕਬੱਡੀ ਕੱਪ ਮੁੱਖ ਖਿੱਚ ਦਾ ਕੇਂਦਰ ਹੋਵੇਗਾ । ਜਿਸ ਵਿਚ ਨਾਮੀ 8 ਟੀਮਾਂ ਹਿੱਸਾ ਲੈਣਗੀਆਂ। ਜਿਨਾਂ ਵਿੱਚ ਸ਼ਹੀਦ ਭਗਤ ਸਿੰਘ ਕਲੱਬ ਸਰਹਾਲਾ ਰਣੂਆਂ, ਭਗਵਾਨਪੁਰ ,ਅਲੰਕਾਰ ਟੋਨੀ ਕਲੱਬ ਕੁੱਬੇ , ਸਾਹਿਬਜ਼ਾਦਾ ਅਜੀਤ ਸਿੰਘ ,ਜ਼ੋਰਾਵਰ ਸਿੰਘ ਕਲੱਬ ਚਮਕੌਰ ਸਾਹਿਬ , ਜਗਰਾਉਂ ਕਬੱਡੀ ਕਲੱਬ, ਬਾਬਾ ਹੁੰਦਲ ਕਬੱਡੀ ਕਲੱਬ ਬੋਪਾਰਾਏ ਸਮੇਤ 6 ਟੀਮਾਂ ਦੀ ਐਂਟਰੀ ਨਿਸਚਤ ਹੋ ਗਈ ਹੈ ਤੇ ਜਦ ਕਿ ਇਸ ਤੋਂ ਇਲਾਵਾ 2 ਟੀਮਾਂ ਹੋਰ ਲਈਆਂ ਜਾਣਗੀਆਂ। ਕਬੱਡੀ ਆਲ ਓਪਨ ਦੀ ਚੈਂਪੀਅਨ ਟੀਮ ਨੂੰ ਇੱਕ ਲੱਖ ਰੁਪਏ ਦੀ ਨਕਦ ਰਾਸ਼ੀ ਅਤੇ ਨਾਇਬ ਸਿੰਘ ਗਰੇਵਾਲ ਯਾਦਗਾਰੀ ਟਰਾਫੀ, ਉਪ ਜੇਤੂ ਟੀਮ ਨੂੰ 75 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਮਿਲੇਗੀ । ਜੇਤੂ ਜਾਫੀ ਅਤੇ ਧਾਵੀ ਨੂੰ ਇੱਕ ਇੱਕ ਮੋਟਰਸਾਈਕਲ ਮਿਲੇਗਾ । ਇਸ ਤੋਂ ਇਲਾਵਾ ਹਾਕੀ ਲਈ ਮਹਿੰਦਰਪ੍ਰਤਾਪ ਸਿੰਘ ਗਰੇਵਾਲ ਗੋਲਡ ਕੱਪ ਹਾਕੀ ਟੂਰਨਾਮੈਂਟ ਮੁੱਖ ਖਿੱਚ ਦਾ ਕੇਂਦਰ ਹੋਵੇਗਾ ਜਿਸ ਵਿੱਚ ਤਿੰਨ ਵਰਗਾਂ ਦੀ ਹਾਕੀ ਹੋਏਗੀ ਹਾਕੀ ਸੀਨੀਅਰ ਲੜਕੇ, ਹਾਕੀ ਲੜਕੀਆਂ ਹਾਕੀ ਸਬ ਜੂਨੀਅਰ ਲੜਕੇ ( ਅੰਡਰ 12 ਸਾਲ), ਜਿਸ ਵਿੱਚ ਨਾਮੀ 24 ਟੀਮਾਂ ਹਿੱਸਾ ਲੈਣਗੀਆਂ । ਜੇਤੂ ਹਾਕੀ ਟੀਮਾਂ ਨੂੰ 2:50 ਲੱਖ ਦੀ ਇਨਾਮੀ ਰਾਸ਼ੀ ਮਿਲੇਗੀ । ਹਾਕੀ ਮੈਚਾਂ ਦਾ ਉਦਘਾਟਨ ਹੰਸਲੋ ਦੇ ਸਾਬਕਾ ਮੇਅਰ ਪ੍ਰੀਤਮ ਸਿੰਘ ਗਰੇਵਾਲ ਕਰਨਗੇ । ਖੇਡਾਂ ਨੂੰ ਸਫਲਤਾਪੂਰਵਕ ਨੇਪਰੇ ਚਾੜਨ ਲਈ ਮਹਿੰਦਰਪ੍ਰਤਾਪ ਗਰੇਵਾਲ ਚੈਰੀਟੇਬਲ ਟਰੱਸਟ, ਕੋਕਾ ਕੋਲਾ, ਏਵਨ ਸਾਇਕਲ ,ਫਾਈਵ ਜਾਬ ਫਾਊਂਡੇਸ਼ਨ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ।ਇਸ ਤੋਂ ਇਲਾਵਾ ਵਾਲੀਬਾਲ ਸ਼ੂਟਿੰਗ ਵਿੱਚ ਅਮਰਜੀਤ ਗਰੇਵਾਲ ਚੈਂਪੀਅਨ ਕੱਪ ਅਤੇ ਬਾਬਾ ਸੁਰਜਨ ਸਿੰਘ ਸਰੀਂਹ ਰਨਰਜ਼ ਅੱਪ ਵਾਲੀਵਾਲ ਕੱਪ ਦਾ ਮੁਕਾਬਲਾ ਕਰਵਾਇਆ ਜਾਵੇਗਾ । ਇਸ ਤੋਂ ਇਲਾਵਾ ਪਹਿਲੀ ਵਾਰ ਜਰਖੜ ਖੇਡਾਂ ਵਿੱਚ ਮੁੱਕੇਬਾਜ਼ੀ ਮੁਕਾਬਲਿਆਂ ਦੀ ਸ਼ੁਰੂਆਤ ਹੋਵੇਗੀ । ਇਸ ਤੋਂ ਇਲਾਵਾ ਕੁਸ਼ਤੀਆਂ , ਕਬੱਡੀ ਵਜਨੀ ਅਤੇ ਹੋਰ ਖੇਡਾਂ ਕਰਵਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ । ਨਾਇਬ ਸਿੰਘ ਗਰੇਵਾਲ ਜੋਧਾਂ ਕਬੱਡੀ ਕੱਪ ਨੂੰ ਸਫਲਤਾਪੂਰਵਕ ਨੇਪਰੇ ਚਾੜਨ ਅਤੇ ਵਧੀਆ ਟੀਮਾਂ ਬਣਾਉਣ ਲਈ ਕੋਚ ਦੇਵੀ ਦਿਆਲ , ਕਬੱਡੀ ਸਟਾਰ ਪਾਲਾ ਜਲਾਲਪੁਰ, ਕਬੱਡੀ ਪ੍ਰਮੋਟਰ ਮੋਹਨਾ ਜੋਧਾਂ ਸਿਆਟਲ,ਰਪਿੰਦਰ ਸਿੰਘ ਜਲਾਲ,ਕੋਚ ਦਵਿੰਦਰ ਸਿੰਘ ਚਮਕੌਰ ਸਾਹਿਬ ,ਸੇਵਾ ਸਿੰਘ ਰਾਣਾ ਸਰਹਾਲਾ ਰਣੂਆ ,ਬਿੰਦਰ ਸਿੱਧੂ ਸਿੱਧਵਾ, ਆਦਿ ਹੋਰ ਕੋਚਾਂ ਨੇ ਇਹ ਵਿਸ਼ਵਾਸ ਦਿਵਾਇਆ ਕਿ ਇਸ ਵਾਰ ਦੀਆਂ ਜਰਖੜ ਖੇਡਾਂ ਦੇ ਦੋ ਦਿਨ ਦੇ ਕਬੱਡੀ ਕੱਪ ਇੱਕ ਨਵਾਂ ਇਤਿਹਾਸ ਸਿਰਜਣਗੇ । ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਤੇ ਇਸ ਵਾਰ ਕਰਨ ਔਜਲਾ ਆਪਣੀ ਗਾਇਕੀ ਦਾ ਰੰਗ ਬਖੇਰੇਗਾ । ਫਾਈਨਲ ਸਮਾਰੋਹ ਤੇ ਉੱਘੀਆਂ ਸਮਾਜ ਸੇਵੀ ਅਤੇ ਖੇਡ ਜਗਤ ਨਾਲ ਜੁੜੀਆਂ 6 ਸ਼ਖਸੀਅਤਾਂ ਦਾ ਵਿਸ਼ੇਸ਼ ਐਵਾਰਡਾਂ ਨਾਲ ਸਨਮਾਨ ਹੋਵੇਗਾ ।






## ਲੁਧਿਆਣਾ ਦੇ ਅਦਾਲਤੀ...

ਦੇ ਨਤੀਜਿਆਂ ਬਾਰੇ ਸੂਚਿਤ ਕਰਨ ਅਤੇ ਇਹ ਵੀ ਦੱਸਣ ਨੂੰ ਕਿਹਾ ਕਿ ਧਮਾਕੇ ਵਿਚ ਸੰਭਾਵੀ ਤੌਰ 'ਤੇ ਕੌਣ ਸ਼ਾਮਲ ਹੋ ਸਕਦਾ ਹੈ।

**ਬੇਅਦਬੀ ਤੇ ਧਮਾਕਾ ਇਕ ਕੜੀ: ਨਵਜੋਤ ਸਿੱਧੂ**

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਲੁਧਿਆਣਾ ਬੰਬ ਧਮਾਕੇ ਨੂੰ ਲੈ ਕੇ ਕਿਹਾ ਕਿ ਇਸ ਸੰਕਟ ਦੀ ਘੜੀ ਵਿਚ ਸਮੁੱਚਾ ਪੰਜਾਬ ਇਕਮੁੱਠ ਹੈ। ਸਿੱਧੂ ਨੇ ਕਿਹਾ ਕਿ ਬੇਅਦਬੀ ਦੀਆਂ ਕੋਸ਼ਿਸ਼ਾਂ ਅਤੇ ਲੁਧਿਆਣਾ ਦੇ ਬੰਬ ਧਮਾਕੇ ਵਿਚਕਾਰ ਇੱਕ ਕੜੀ ਜੁੜਦੀ ਹੈ, ਜਿਸ ਦਾ ਮਕਸਦ ਇੱਕ ਵਿਸ਼ੇਸ਼ ਭਾਈਚਾਰੇ ਦਾ ਧਰੁਵੀਕਰਨ ਕਰਨਾ ਹੈ।

**ਮਾਮਲੇ ਦੀ ਡੂੰਘਾਈ ਨਾਲ ਜਾਂਚ ਹੋਵੇ: ਅਮਰਿੰਦਰ**

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੁਧਿਆਣਾ ਅਦਾਲਤੀ ਕੰਪਲੈਕਸ ਵਿਚ ਹੋਏ ਧਮਾਕੇ 'ਤੇ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਧਮਾਕੇ ਵਿਚ ਦੋ ਵਿਅਕਤੀਆਂ ਦੀ ਮੌਤ ਹੋਣ 'ਤੇ ਬਹੁਤ ਦੁਖ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲੀਸ ਨੂੰ ਇਸ ਮਾਮਲੇ ਦੀ ਤਹਿ ਤੱਕ ਜਾਣਾ ਚਾਹੀਦਾ ਹੈ।

ਬੰਬ ਧਮਾਕੇ ਤੇ ਦਰਬਾਰ ਸਾਹਿਬ 'ਚ ਵਾਪਰੀ ਘਟਨਾ ਪਿੱਛੇ ਮਾਸਟਰ ਮਾਈਂਡ : ਕੇਜਰੀਵਾਲ

ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਬੀਤੇ ਦਿਨੀਂ ਸ੍ਰੀ ਦਰਬਾਰ ਸਾਹਿਬ ਵਿਚ ਵਾਪਰੀ ਘਟਨਾ ਤੇ ਬੰਬ ਧਮਾਕੇ ਪਿੱਛੇ ਕਿਸੇ ਵੱਡੇ ਮਾਸਟਰ ਮਾਈਂਡ ਦੇ ਹੱਥ ਹੋਣ ਦਾ ਖ਼ਦਸ਼ਾ ਜ਼ਾਹਰ ਕੀਤਾ ਹੈ। ਕੇਜਰੀਵਾਲ ਨੇ ਕਿਹਾ, "ਕੁਝ ਦਿਨ ਪਹਿਲਾਂ ਹਰਿਮੰਦਰ ਸਾਹਿਬ ਵਿੱਚ ਬੇਅਦਬੀ ਦਾ ਮਾਮਲਾ ਸਾਹਮਣੇ ਆਉਣਾ ਅਤੇ ਫਿਰ ਇਹ ਧਮਾਕਾ ਹੋਣਾ, ਜਨਤਾ ਨੂੰ ਲਗਦਾ ਹੈ ਕਿ ਇਹ ਸਾਰਾ ਕੁਝ ਸਾਜਿਸ਼ ਤਹਿਤ ਹੋ ਰਿਹਾ ਹੈ ਅਤੇ ਇਹ ਸਭ ਚੋਣਾਂ ਤੋਂ ਪਹਿਲਾਂ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਲਈ ਕੀਤੇ ਜਾ ਰਹੇ ਹਨ।" ਪਿਛਲੀਆਂ ਚੋਣਾਂ ਸਮੇਂ ਵੀ ਮੌੜ ਮੰਡੀ ਵਿਚ ਧਮਾਕਾ ਹੋਇਆ ਸੀ, ਬਰਗਾੜੀ ਕਾਂਡ ਵੀ ਚੋਣਾਂ ਸਮੇਂ ਹੀ ਵਾਪਰਿਆ ਜਦਕਿ ਹੁਣ ਫਿਰ ਉਨ੍ਹਾਂ ਲੋਕਾਂ ਨੇ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਸਾਜ਼ਿਸ਼ ਰਚੀ ਹੈ।

**ਕੇਂਦਰੀ ਮੰਤਰੀ ਰਿਜਿਜੂ ਬੋਲੇ- ਧਮਾਕੇ 'ਤੇ ਸਿਆਸਤ ਨਾ ਕਰੇ ਕਾਂਗਰਸ**

ਲੁਧਿਆਣਾ ਵਿਚ ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਘਟਨਾ ਸਥਾਨ ਦਾ ਜਾਇਜ਼ਾ ਲਿਆ। ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਪੰਜਾਬ ਦੇ ਮੁੱਖਮੰਤਰੀ, ਗ੍ਰਹਿ ਮੰਤਰੀ ਤੇ ਪੰਜਾਬ ਕਾਂਗਰਸ ਪ੍ਰੈਜ਼ੀਡੈਂਟ ਨਵਜੋਤ ਸਿੱਧੂ ਨੂੰ ਕਿਹਾ ਕਿ ਉਹ ਲੁਧਿਆਣਾ ਬਲਾਸਟ 'ਤੇ ਸਿਆਸਤ ਨਾ ਕਰਨ। ਫਿਲਹਾਲ ਕੋਈ ਅਜਿਹਾ ਬਿਆਨ ਨਾ ਦੇਣ। ਇਹ ਸੰਵੇਦਨਸ਼ੀਲ ਮੁੱਦਾ ਹੈ। ਸਾਨੂੰ ਮਿਲ ਕੇ ਲੜਨਾ ਪਵੇਗਾ। ਇਸ ਤੋਂ ਪਹਿਲਾਂ ਕੇਂਦਰੀ ਮੰਤਰੀ ਨੇ ਸਿਵਲ ਹਸਪਤਾਲ ਜਾ ਕੇ ਮਰੀਜ਼ਾਂ ਦਾ ਹਾਲ ਜਾਣਿਆ।

**ਖਾਲਿਸਤਾਨੀਆਂ ਨਾਲ ਵੀ ਜੋੜਿਆ ਜਾ ਰਿਹਾ ਲਿੰਕ**

ਕੋਰਟ ਕੰਪਲੈਕਸ ਅੰਦਰ ਜਿਸ ਵਿਅਕਤੀ ਦੀ ਲਾਸ਼ ਮਿਲੀ ਹੈ, ਉਸ ਦੀ ਪਛਾਣ ਤਾਂ ਫਿਲਹਾਲ ਨਹੀਂ ਹੋ ਸਕੀ ਹੈ ਪਰ ਉਸ ਦੀ ਬਾਂਹ 'ਤੇ ਇਕ ਖੰਡੇ ਦਾ ਟੈਟੂ ਛਪਿਆ ਹੋਇਆ ਦੇਖਿਆ ਗਿਆ ਹੈ।ਇਸ ਦੇ ਆਧਾਰ 'ਤੇ ਹੀ ਉਕਤ ਵਿਅਕਤੀ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਧਮਾਕੇ ਵਾਲੀ ਥਾਂ ਤੋਂ ਸੁਰੱਖਿਆ ਏਜੰਸੀਆਂ ਵੱਲੋਂ ਇਕ ਮੋਬਾਇਲ ਵੀ ਬਰਾਮਦ ਕੀਤਾ ਗਿਆ ਹੈ। ਜਾਂਚ ਏਜੰਸੀਆਂ ਵੱਲੋਂ ਵੱਖ-ਵੱਖ ਐਂਗਲਾਂ ਤੋਂ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਵਿਸਫੋਟ ਕਿਸ ਤਰ੍ਹਾਂ ਦਾ ਸੀ। ਖਾਲਿਸਤਾਨੀਆਂ ਨਾਲ ਇਹ ਲਿੰਕ ਜੋੜਨ ਦੀ ਵੀ ਕੋਸ਼ਿਸ਼ ਹੈ।ਗੋਦੀ ਮੀਡੀਆ ਇਸ ਬਾਰੇ ਦਬ ਕੇ ਪ੍ਰਚਾਰ ਕਰ ਰਿਹਾ ਹੈ।ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਹੈ ਕਿ ਲੁਧਿਆਣਾ ਬਲਾਸਟ ਪਿੱਛੇ ਕਿਸੇ ਖਾਲਿਸਤਾਨੀ ਅਤੇ ਬਾਹਰੀ ਏਜੰਸੀ ਹੋਣ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀ ਹੈ।ਉਨ੍ਹਾਂ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਵੀ ਉਨ੍ਹਾਂ ਦੀ ਗੱਲ ਹੋਈ ਸੀ, ਇਸ ਮਸਲੇ ਨੂੰ ਹੱਲ ਕਰਨ ਲਈ ਉਨ੍ਹਾਂ ਦੀ ਵੀ ਮਦਦ ਲਈ ਜਾ ਰਹੀ ਹੈ।ਤੁਹਾਨੂੰ ਦੱਸ ਦਈਏ ਕਿ ਹੁਣ ਤਕ ਦੀ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਮੌਕੇ 'ਤੇ ਮਾਰਿਆ ਗਿਆ ਵਿਅਕਤੀ 'ਵਿਸਫੋਟਕ ਕੈਰੀਅਰ' ਸੀ ਤੇ ਸ਼ਾਇਦ ਧਮਾਕੇ ਲਈ ਇਮਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈਈਡੀ) ਦੀ ਵਰਤੋਂ ਕੀਤੀ ਗਈ ਹੋ ਸਕਦੀ ਹੈ। ਜੰਮੂ-ਕਸ਼ਮੀਰ ਦੀ ਵਿਸ਼ੇਸ਼ ਜਾਂਚ ਟੀਮ ਆਈ.ਈ.ਡੀ. ਦੀ ਵਰਤੋਂ ਦੀ ਸੰਭਾਵਨਾ ਨੂੰ ਦੇਖਦਿਆਂ ਲੁਧਿਆਣਾ ਪਹੁੰਚ ਗਈ ਹੈ, ਕਿਉਂਕਿ ਜਿਹਾਦੀ ਘਟਨਾਵਾਂ ਨੂੰ ਅੰਜਾਮ ਦੇਣ ਲਈ ਜ਼ਿਆਦਾਤਰ ਆਈ.ਈ.ਡੀ. ਦੀ ਵਰਤੋਂ ਜੰਮੂ-ਕਸ਼ਮੀਰ ਵਿਚ ਕੀਤੀ ਜਾਂਦੀ ਹੈ। ਪੁਲੀਸ ਨੇ ਸ਼ਕ ਵਿਚ ਕੁਝ ਵਿਅਕਤੀਆਂ ਨੂੰ ਵੀ ਹਿਰਾਸਤ ਵਿਚ ਲਿਆ ਹੈ।

## ਜਥੇਦਾਰ ਬ੍ਰਹਮਪੁਰਾ ਬਾਦਲ...

ਬਡਾਲੀ, ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ, ਰਵਿੰਦਰ ਸਿੰਘ ਬ੍ਰਹਮਪੁਰਾ ਨੂੰ ਦਲ ਦੇ ਮੀਤ ਪ੍ਰਧਾਨ, ਕਰਨੈਲ ਸਿੰਘ ਪੀਰਮੁਹੰਮਦ ਨੂੰ ਜਨਰਲ ਸਕੱਤਰ ਅਤੇ ਬੁਲਾਰਾ, ਜਥੇਦਾਰ ਮਨਮੋਹਨ ਸਿੰਘ ਸਠਿਆਲਾ ਨੂੰ ਜਨਰਲ ਸਕੱਤਰ, ਗੋਪਾਲ ਸਿੰਘ ਜਾਨੀਆਂ ਨੂੰ ਜਥੇਬੰਦਕ ਸਕੱਤਰ, ਗੁਰਪੀਤ ਸਿੰਘ ਕਲਕੱਤਾ ਨੂੰ ਜੁਆਇੰਟ ਸਕੱਤਰ ਅਤੇ ਜਗਰੂਪ ਸਿੰਘ ਚੀਮਾ ਨੂੰ ਯੂਥ ਅਕਾਲੀ ਦਲ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਇਸ ਮੌਕੇ ਬ੍ਰਹਮਪੁਰਾ ਨੇ ਕਿਹਾ ਕਿ ਉਹ ਉਸੇ ਤਰੀਕੇ ਆਪਣੀ ਮਾਂ ਪਾਰਟੀ ਤੋਂ ਕੁਝ ਸਮੇਂ ਲਈ ਛੁੱਟੀ 'ਤੇ ਗਏ ਸਨ ਜਿਵੇਂ ਫ਼ੌਜੀ ਜਾਂਦੇ ਹਨ ਤੇ ਫਿਰ ਕੁਝ ਸਮੇਂ ਬਾਅਦ ਵਾਪਸ ਆਪਣੀ ਬਟਾਲੀਅਨ ਵਿੱਚ ਪਰਤ ਆਉਂਦੇ ਹਨ। ਉਨਾਂ ਕਿਹਾ ਕਿ ਅਕਾਲੀ ਦਲ ਨੇ ਪੰਥ ਤੇ ਪੰਜਾਬ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ ਅਤੇ ਹੁਣ ਪਾਰਟੀ ਨੂੰ ਮਜ਼ਬੂਤ ਕਰਨਾ ਸਾਡੀ ਜ਼ਿੰਮੇਵਾਰੀ ਬਣਦੀ ਹੈ। ਹਾਲਾਂਕਿ ਕਿ ਜਦੋਂ ਉਹਨਾਂ ਨੇ ਬਾਦਲ ਦਲ ਛਡਿਆ ਸੀ ਤਾਂ ਕਿਹਾ ਸੀ ਕਿ ਉਹਨਾਂ ਗੁਰੂ ਗਰੰਥ ਸਾਹਿਬ ਦੀਆਂ ਬੇਅਦਬੀਆਂ ਕਰਕੇ ਛਡਿਆ ਹੈ।ਉਹਨਾਂ ਨੇ ਆਪਣੇ ਸਾਥੀਆਂ ਸਮੇਤ ਅਕਾਲ ਤਖਤ ਸਾਹਿਬ ਅਗੇ ਅਰਦਾਸ ਕੀਤੀ ਸੀ ਕਿ ਉਹ ਬਾਦਲ ਦਲ ਵਿਚ ਮੁੜ ਸ਼ਾਮਲ ਨਹੀਂ ਹੋਣਗੇ।ਅਸਲ ਵਿਚ ਉਹਨਾਂ ਨੇ ਬਿਕਰਮਜੀਤ ਸਿੰਘ ਮਜੀਠੀਆ ਦੀ ਉਭਰਦੀ ਤਾਕਤ ਕਾਰਣ ਬਾਦਲ ਦਲ ਛਡਿਆ ਸੀ ,ਤੇ ਉਹਨਾਂ ਦੀ ਬਾਦਲ ਦਲ ਵਿਚ ਪੁਛ ਪ੍ਰਤੀਤ ਘਟ ਗਈ ਸੀ। ਕਈ ਵਾਰ ਸੁਖਬੀਰ ਸਿੰਘ ਬਾਦਲ ਨਾਲ ਵੀ ਖਟਪਟ ਹੋਈ ਸੀ।

**ਬ੍ਰਹਮਪੁਰਾ ਮੇਰੇ ਲਈ ਪਿਤਾ ਸਮਾਨ: ਸੁਖਬੀਰ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਜਥੇਦਾਰ ਬ੍ਰਹਮਪੁਰਾ ਉਨਾਂ ਲਈ ਪਿਤਾ ਸਮਾਨ ਹਨ। ਉਨਾਂ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਪੰਥ ਅਤੇ ਪੰਜਾਬ 'ਤੇ ਕੇਂਦਰ ਸਰਕਾਰ, ਪੰਜਾਬ ਤੇ ਦਿੱਲੀ ਸਰਕਾਰ ਸਮੇਤ ਤਿੰਨ ਸਰਕਾਰਾਂ ਵੱਲੋਂ ਬੋਲੇ ਹੱਲੇ ਦੇ ਮੱਦੇਨਜ਼ਰ ਸਾਰੀਆਂ ਪੰਥਕ ਧਿਰਾਂ ਦੀ ਇੱਕਜੁੱਟਤਾ ਦਾ ਸੱਦਾ ਦਿੱਤਾ ਹੈ। ਉਨਾਂ ਕਿਹਾ ਕਿ ਸਿਰਫ਼ ਅਕਾਲੀ ਦਲ ਹੀ ਪੰਥ ਅਤੇ ਪੰਜਾਬ ਦੀ ਪ੍ਰਤੀਨਿਧ ਪਾਰਟੀ ਹੈ ਜੋ ਮੀਰੀ ਪੀਰੀ ਦੇ ਸਿਧਾਂਤ ਮੁਤਾਬਕ ਚੱਲਦੀ ਹੈ। ਉਨਾਂ ਸਭ ਨੂੰ ਇੱਕਜੁੱਟ ਹੋਣ ਦੀ ਅਪੀਲ ਕੀਤੀ ਤਾਂ ਜੋ 'ਪੰਥ ਦੀ ਸਰਕਾਰ' ਬਣ ਸਕੇ।

**ਢੀਂਡਸਾ ਨੂੰ ਵੱਡਾ ਝਟਕਾ**

ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋਏ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦਾ ਫ਼ੈਸਲਾ ਸੁਖਦੇਵ ਸਿੰਘ ਢੀਂਡਸਾ ਲਈ ਵੱਡਾ ਝਟਕਾ ਹੈ। ਇਸ ਨਾਲ ਸ੍ਰੀ ਢੀਂਡਸਾ ਵੱਲੋਂ ਬਾਦਲਾਂ ਖ਼ਿਲਾਫ਼ ਇੱਕ ਵੱਡਾ ਪੰਥਕ ਸਿਆਸੀ ਮੁਹਾਜ਼ ਖੜਾ ਕਰਨ ਦੇ ਕੀਤੇ ਜਾ ਰਹੇ ਯਤਨਾਂ ਨੂੰ ਵੀ ਧੱਕਾ ਲੱਗਾ ਹੈ। ਢੀਂਡਸਾ ਦੀ ਪਾਰਟੀ ਦੇ ਕਈ ਹੋਰ ਵੱਡੇ ਲੀਡਰ ਵੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਹਨ।

## ਡਰੱਗ ਮਾਮਲੇ ਵਿਚ ਬਿਕਰਮ...

ਕਿ 2004 ਤੋਂ ਲੈ ਕੇ 2016 ਤੱਕ ਸਤਵੀਰ ਸਿੰਘ ਸੱਤਾ ਅਤੇ ਪਰਮਿੰਦਰ ਪਿੰਦੀ ਦੇ ਮਜੀਠੀਆ ਨਾਲ ਸੰਬੰਧ ਸਨ ਅਤੇ ਇਨ੍ਹਾਂ ਸੰਬੰਧਾਂ ਦੀ ਅਗਲੀ ਜਾਂਚ ਕਰਨ ਬਾਰੇ ਦੱਸਿਆ ਜਾ ਰਿਹਾ ਹੈ । ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਦਰਜ ਐਫ. ਆਈ. ਆਰ. ਤੋਂ ਪਹਿਲਾਂ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਮੁਖੀ ਰਹੇ ਐਸ.ਕੇ. ਅਸਥਾਨਾ ਦੀ ਚਿੱਠੀ ਲੀਕ ਹੋਣ ਦੇ ਮਾਮਲੇ ਵਿਚ ਸਟੇਟ ਸਾਈਬਰ ਸੈੱਲ ਵਲੋਂ ਐਫ. ਆਈ. ਆਰ. ਨੰ. 52 ਦਰਜ ਕੀਤੀ ਗਈ ਹੈ ।ਇਸ ਚਿੱਠੀ ਦੇ ਲੀਕ ਹੋਣ ਤੋਂ ਬਾਅਦ ਅਕਾਲੀ ਦਲ ਵਲੋਂ ਪੰਜਾਬ ਸਰਕਾਰ 'ਤੇ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਮਾਮਲਾ ਦਰਜ ਕਰਨ ਦੇ ਦੋਸ਼ ਲਗਾਉਂਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਪੁਲਿਸ ਅਧਿਕਾਰੀਆਂ 'ਤੇ ਦਬਾਅ ਪਾਉਣ ਦੀ ਗੱਲ ਕਹੀ ਸੀ । ਉਧਰ ਸਿਧੂ ਦੇ ਨੇੜੇ ਦਸੇ ਜਾਂਦੇ ਪੰਜਾਬ ਦੇ ਨਵੇਂ ਲਗਾਏ ਗਏ ਡੀ.ਜੀ. ਪੀ. ਸਿਧਾਰਥ ਚਟੋਉਪਾਧਿਆਏ ਨੇ ਆਪਣਾ ਅਹੁਦਾ ਸੰਭਾਲਦੇ

ਸਾਰ ਹੀ ਇਸ ਡਰੱਗਜ਼ ਮਾਮਲੇ ਵਿਚ ਤੁਰੰਤ ਕਾਰਵਾਈ ਨੂੰ ਅੰਜਾਮ ਦਿੰਦਿਆਂ ਆਉਣ ਵਾਲੇ ਦਿਨਾਂ ਵਿਚ ਹੋਰ ਵੀ ਵੱਡੀਆਂ ਕਾਰਵਾਈਆਂ ਹੋਣ ਦੇ ਸੰਕੇਤ ਦਿੱਤੇ ਸਨ ।

ਪੁਲਿਸ ਵਲੋਂ ਮਜੀਠੀਆ ਖ਼ਿਲਾਫ਼ ਦਰਜ ਐਫ. ਆਈ. ਆਰ. ਵਿਚ ਇਸ ਗੱਲ ਨੂੰ ਆਧਾਰ ਬਣਾਇਆ ਗਿਆ ਹੈ ਕਿ ਐਸ.ਟੀ.ਐਫ. ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਵਲੋਂ ਸਾਲ 20 18 ਵਿਚ ਡਰੱਗਜ਼ ਮਾਮਲੇ ਵਿਚ ਤਿਆਰ ਕੀਤੀ ਗਈ ਰਿਪੋਰਟ ਵਿਚ ਬਿਕਰਮ ਸਿੰਘ ਮਜੀਠੀਆ ਦਾ ਸਿੱਧੇ ਤੌਰ 'ਤੇ ਨਾਂਅ ਸਾਹਮਣੇ ਆਇਆ ਹੈ । ਚੰਡੀਗੜ੍ਹ ਦੇ ਸੈਕਟਰ-39 ਸਥਿਤ ਮਜੀਠੀਆ ਦੇ ਸਰਕਾਰੀ ਘਰ ਵਿਚ ਨਸ਼ਾ ਤਸਕਰ ਲਗਾਤਾਰ ਠਹਿਰਦੇ ਰਹੇ ਤੇ ਇਨੋਵਾ ਵਰਤਦੇ ਰਹੇ ।ਇਸ ਮਾਮਲੇ ਵਿਚ ਨਸ਼ਾ ਤਸਕਰੀ ਦੇ ਦੋਸ਼ ਵਿਚ ਫੜੇ ਗਏ ਮੁਲਜ਼ਮਾਂ ਦੇ ਬਿਆਨ ਵੀ ਸ਼ਾਮਲ ਕੀਤੇ ਗਏ ਹਨ। ਡਰੱਗਜ਼ ਮਾਮਲੇ ਵਿਚ ਸ਼ਾਮਿਲ ਮੁਲਜ਼ਮਾਂ ਦੇ ਬਿਕਰਮ ਸਿੰਘ ਮਜੀਠੀਆ ਦੇ ਵਿਆਹ ਸਮਾਗਮ ਵਿਚ ਸ਼ਾਮਿਲ ਹੋਣ ਬਾਰੇ ਪੁਲਿਸ ਵਲੋਂ ਦੱਸਿਆ ਜਾ ਰਿਹਾ ਹੈ । ਪੁਲਿਸ ਦਾ ਕਹਿਣਾ ਹੈ ਕਿ ਮਜੀਠੀਆ ਵਲੋਂ ਉਕਤ ਮੁਲਜ਼ਮਾਂ ਨੂੰ ਜਿਥੇ ਡਰੱਗਜ਼ ਨੂੰ ਇਕ ਥਾਂ ਤੋਂ ਦੂਜੀ ਥਾਂ 'ਤੇ ਲੈ ਕੇ ਜਾਣ ਲਈ ਸਰਕਾਰੀ ਵਾਹਨ ਇਸਤੇਮਾਲ ਕਰਨ ਲਈ ਦਿੱਤੇ ਗਏ ਸਨ, ਉਥੇ ਹੀ ਉਕਤ ਐਨ.ਆਰ.ਆਈਜ਼ ਨੂੰ ਗੰਨਮੈਨ ਤੱਕ ਦਿੱਤੇ ਜਾਣ ਦਾ ਦੋਸ਼ ਹੈ ।ਇਸ ਤੋਂ ਇਲਾਵਾ ਮਜੀਠੀਆ ਵਲੋਂ ਆਪਣਾ ਅੰਮ੍ਰਿਸਰ ਵਿਚਲਾ ਘਰ ਵੀ ਮੁਲਜ਼ਮਾਂ ਨੂੰ ਇਸਤੇਮਾਲ ਕਰਨ ਲਈ ਦਿੱਤਾ ਗਿਆ ਦੱਸਿਆ ਜਾ ਰਿਹਾ ਹੈ ।ਪੁਲਿਸ ਮੁਤਾਬਿਕ ਉਕਤ ਘਰ ਵਿਚ ਉਹ ਐਨ.ਆਈ.ਆਰ ਬੰਦੇ ਆ ਕੇ ਰਹਿੰਦੇ ਸਨ, ਜੋ ਕਿ ਇਸ ਡਰੱਗਜ਼ ਦੇ ਧੰਦੇ ਨਾਲ ਜੁੜੇ ਹੋਏ ਦੱਸੇ ਜਾ ਰਹੇ ਹਨ ।ਡਰੱਗਜ਼ ਦੇ ਇਸ ਧੰਦੇ ਰਾਹੀਂ ਕਮਾਏ ਪੈਸਿਆਂ ਤੋਂ ਪ੍ਰਾਪਰਟੀਆਂ ਵੀ ਬਣਾਈਆਂ ਗਈਆਂ ਦੱਸੀਆਂ ਜਾ ਰਹੀਆਂ ਹਨ, ਜਿਨ੍ਹਾਂ ਬਾਰੇ ਨਵੀਂ ਬਣਾਈ ਗਈ ਸਿੱਟ ਜਾਂਚ ਕਰੇਗੀ ।

**ਭੋਲਾ ਨੇ ਮੁਹਾਲੀ ਅਦਾਲਤ ਦੇ ਬਾਹਰ ਲਿਆ ਸੀ ਮਜੀਠੀਆ ਦਾ ਨਾਂ**

ਥਾਣਾ ਬਨੂੰੜ ਵਿਖੇ ਦਰਜ ਇਸ ਸਿੰਥੈਟਿਕ ਡਰੱਗਜ਼ ਮਾਮਲੇ ਵਿਚ ਜਦੋਂ ਪੁਲਿਸ ਵਲੋਂ ਸਾਬਕਾ ਡੀ.ਐਸ.ਪੀ. ਅਤੇ ਅੰਤਰਰਾਸ਼ਟਰੀ ਪਹਿਲਵਾਨ ਰਹੇ ਜਗਦੀਸ਼ ਸਿੰਘ ਭੋਲਾ ਸਮੇਤ ਕਈ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਮੁਹਾਲੀ ਦੀ ਅਦਾਲਤ ਵਿਚ ਪੇਸ਼ ਕਰਨ ਲਈ ਲਿਆਂਦਾ ਗਿਆ ਸੀ ਤਾਂ ਜਗਦੀਸ਼ ਸਿੰਘ ਭੋਲਾ ਨੇ ਇਸ ਡਰੱਗਜ਼ ਮਾਮਲੇ ਵਿਚ ਪਹਿਲੀ ਵਾਰ ਬਿਕਰਮ ਸਿੰਘ ਮਜੀਠੀਆ ਦਾ ਨਾਂਅ ਲਿਆ ਸੀ । ਉਸ ਸਮੇਂ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਸੀ ਅਤੇ ਪੁਲਿਸ ਵਲੋਂ ਮਜੀਠੀਆ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਸੀ । ਉਸ ਸਮੇਂ ਈ. ਡੀ. ਵਲੋਂ ਵੀ ਬਿਕਰਮ ਸਿੰਘ ਮਜੀਠੀਆ ਨੂੰ ਜਾਂਚ 'ਵਿਚ ਸ਼ਾਮਿਲ ਹੋਣ ਲਈ ਨੋਟਿਸ ਭੇਜਿਆ ਗਿਆ ਸੀ ਅਤੇ ਉਸ ਸਮੇਂ ਤੋਂ ਹੀ ਕਾਂਗਰਸੀ ਆਗੂ ਤੇ ਹੋਰਨਾਂ ਪਾਰਟੀਆਂ ਵਲੋਂ ਮਜੀਠੀਆ ਖ਼ਿਲਾਫ਼ ਕਾਰਵਾਈ ਨਾ ਹੋਣ ਦਾ ਰੌਲਾ ਪਾਇਆ ਜਾ ਰਿਹਾ ਸੀ ।

**ਕੀ ਹੈ ਸੂਡੋ ਐਫਡਰੀਨ**

ਪੁਲਿਸ ਮੁਤਾਬਿਕ ਸੂਡੋ ਐਫਡਰੀਨ ਜ਼ੁਕਾਮ ਲਈ ਵਰਤੀ ਜਾਂਦੀ ਹੈ ਪਰ ਜੇਕਰ ਸੂਡੋ ਐਫਡਰੀਨ ਦੀ ਮਾਤਰਾ ਵੱਧ ਲੈ ਲਈ ਜਾਵੇ ਤਾਂ ਵਿਅਕਤੀ ਨੂੰ ਨਸ਼ਾ ਹੋ ਜਾਂਦਾ ਹੈ । ਡਰੱਗਜ਼ ਸਮਗਲਰਾਂ ਵਲੋਂ ਇਸ ਦਵਾਈ ਨੂੰ ਨਸ਼ੇ ਲਈ ਵਰਤਣਾ ਸ਼ੁਰੂ ਕਰ ਦਿੱਤਾ ਗਿਆ ਸੀ ਅਤੇ ਹੌਲੀ-ਹੌਲੀ ਇਹ ਨਸ਼ਾ ਭਾਰਤ ਵਿਚੋਂ ਵਿਦੇਸ਼ਾਂ ਤੱਕ ਪਹੁੰਚ ਗਿਆ ਅਤੇ ਪਹਿਲੀ ਵਾਰ ਜਗਦੀਸ਼ ਭੋਲਾ ਅਤੇ ਉਸ ਦੇ ਕਈ ਸਾਥੀਆਂ ਦੀ ਗ੍ਰਿਫ਼ਤਾਰੀ ਉਪਰੰਤ ਉਕਤ ਨਸ਼ੇ ਦੀ ਤਸਕਰੀ ਬਾਰੇ ਪਤਾ ਚੱਲਿਆ ਸੀ ਙ ਇਸ ਡਰੱਗਜ਼ ਨੂੰ ਮਹਿੰਗੀ ਡਰੱਗਜ਼ ਅਤੇ ਅਮੀਰਾਂ ਦਾ ਮਹਿੰਗਾ ਨਸ਼ਾ ਦੱਸਿਆ ਜਾ ਰਿਹਾ ਹੈ ਅਤੇ ਇਸ ਨਸ਼ੇ ਨੂੰ ਆਈਸ ਵੀ ਕਹਿੰਦੇ ਹਨ ।

**ਕੀ ਕਹਿਣਾ ਹੈ ਕਾਨੂੰਨੀ ਮਾਹਿਰਾਂ ਦਾ**

ਮਜੀਠੀਆ ਖ਼ਿਲਾਫ਼ ਦਰਜ ਮਾਮਲੇ ਵਿਚ ਸੀਨੀਅਰ ਐਡਵੋਕੇਟ ਐੱਚ.ਐੱਸ. ਧਨੋਆ ਦਾ ਕਹਿਣਾ ਹੈ ਕਿ ਧਾਰਾ-25 ਵਿਚ ਮੁਲਜ਼ਮ ਨੂੰ ਉਹੀ ਸਜ਼ਾ ਹੋ ਸਕਦੀ ਹੈ, ਜੋ ਕਿ ਨਸ਼ੇ ਸਮੇਤ ਗ੍ਰਿਫ਼ਤਾਰ ਦੋਸ਼ੀ ਨੂੰ ਹੋ ਚੁੱਕੀ ਹੈ । ਉਨ੍ਹਾਂ ਦੱਸਿਆ ਕਿ ਧਾਰਾ-27ਏ ਦੋਸ਼ੀ ਨੂੰ ਪਨਾਹ ਦੇਣ ਦਾ ਦੋਸ਼ ਹੇਠ ਲਗਾਈ ਗਈ ਹੈ ਅਤੇ ਇਸ ਵਿਚ ਘੱਟੋ ਘੱਟ 10 ਸਾਲ ਅਤੇ ਵੱਧ ਤੋਂ ਵੱਧ 20 ਸਾਲਾਂ ਦੀ ਸਜ਼ਾ ਹੋ ਸਕਦੀ ਹੈ, ਜਦਕਿ ਧਾਰਾ-29 ਉਕਤ ਪਹਿਲੀਆਂ ਦੋਵਾਂ ਧਾਰਾਵਾਂ ਦੇ ਨਾਲ ਚਲਦੀ ਹੈ ।ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਟਰਾਇਲ ਚੱਲਣ ਸਮੇਂ ਅਸਲ ਸਥਿਤੀ ਸਪੱਸ਼ਟ ਹੁੰਦੀ ਹੈ ਕਿ ਕੇਸ ਕਿਸ ਪਾਸੇ ਰੁਖ ਲੈਂਦਾ ਹੈ ਅਤੇ ਕਿਸ ਤਰ੍ਹਾਂ ਦੇ ਸਬੂਤ ਅਦਾਲਤ ਵਿਚ ਪੇਸ਼ ਕੀਤੇ ਜਾਂਦੇ ਹਨ ।

**ਸਜ਼ਾ ਦਿਵਾਉਣ ਤੱਕ ਲੜਾਂਗੇ-ਸਿੱਧੂ**

ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਡਰੱਗਜ਼ ਮਾਮਲੇ ਵਿਚ ਐਫ. ਆਈ. ਆਰ. ਦਰਜ ਹੋਣ ਦੇ ਬਾਅਦ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਬਾਦਲ ਪਰਿਵਾਰ ਅਤੇ ਕੈਪਟਨ ਅਮਰਿੰਦਰ ਸਿੰਘ 'ਤੇ ਨਿਸ਼ਾਨਾ ਸਾਧਿਆ ਹੈ । ਉਨ੍ਹਾਂ ਕਿਹਾ ਕਿ ਸਾਢੇ ਪੰਜ ਸਾਲ ਭ੍ਰਿਸ਼ਟ ਸਿਸਟਮ ਦੇ ਵਿਰੁੱਧ ਲੜਨ ਅਤੇ ਚਾਰ ਸਾਲ ਤੱਕ ਈ.ਡੀ. ਤੇ ਐਸ.ਟੀ.ਐਫ. ਦੀ ਰਿਪੋਰਟ ਦੇ ਆਧਾਰ 'ਤੇ ਮਜੀਠੀਆ ਖ਼ਿਲਾਫ਼ ਕਾਰਵਾਈ ਨਾ ਹੋਣ ਦੇ ਬਾਅਦ ਆਖ਼ਰਕਾਰ ਇਮਾਨਦਾਰ ਅਧਿਕਾਰੀਆਂ ਨੂੰ ਕਮਾਨ ਸੌਂਪਣ 'ਤੇ ਇਹ ਕਾਰਵਾਈ ਹੋ ਸਕੀ ਹੈ ।ਉਨ੍ਹਾਂ ਟਵੀਟ ਕਰਕੇ ਲਿਖਿਆ ਕਿ ਪੰਜਾਬ ਪੁਲਿਸ ਦੀ ਅਪਰਾਧ ਸ਼ਾਖਾ ਨੇ ਐਸ.ਟੀ.ਐਫ. ਦੀ ਸਾਲ 2018 ਦੀ ਰਿਪੋਰਟ ਦੇ ਆਧਾਰ 'ਤੇ ਜੋ ਐਫ.ਆਈ.ਆਰ. ਦਰਜ ਕੀਤੀ ਹੈ ਮੈਂ ਇਸ ਦੀ ਮੰਗ ਚਾਰ ਸਾਲ ਪਹਿਲਾਂ ਕੀਤੀ ਸੀ ।ਉਨ੍ਹਾਂ ਕਿਹਾ ਕਿ ਜਦੋਂ ਤੱਕ ਡਰੱਗ ਮਾਫ਼ੀਆ ਦੇ ਪਿੱਛੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਨਹੀਂ ਮਿਲ ਜਾਂਦੀ ਅਸੀਂ ਉਦੋਂ ਤੱਕ ਲੜਦੇ ਰਹਾਂਗੇ ।ਸਿੱਧੂ ਨੇ ਕਿਹਾ ਕਿ ਜਿਹੜੇ ਲੋਕ ਦੋ-ਤਿੰਨ ਮਹੀਨੇ ਪਹਿਲਾਂ ਨਹੀਂ ਜਾਣਦੇ ਸਨ ਕਿ ਸਿੱਧੂ ਨੇ ਅਸਤੀਫ਼ਾ ਕਿਉਂ ਦਿੱਤਾ ਸੀ, ਉਹ ਹੁਣ ਸਮਝ ਗਏ ਹੋਣਗੇ। ਉਹ ਮਾਫੀਆ ਖਿਲਾਫ ਲੜਦਾ ਰਿਹਾ ਸੀ ਅਤੇ ਕਹਿ ਰਿਹਾ ਸੀ ਕਿ ਕੈਪਟਨ ਤੇ ਬਾਦਲ ਇਕ ਹਨ। ਕੈਪਟਨ ਅਮਰਿੰਦਰ ਸਿੰਘ ਨਸ਼ੇ ਦੀ ਰਿਪੋਰਟ 'ਤੇ ਚਾਰ ਸਾਲ ਸੁੱਤੇ ਰਹੇ। ਅੱਜ ਵੀ ਉਹ ਕਿਸੇ ਪਾਰਟੀ ਦੇ ਪ੍ਰੇਮੀ ਨਹੀਂ, ਈਡੀ ਦੇ ਪ੍ਰੇਮੀ ਹਨ। ਲੋਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਹੁਣ ਮਾਫੀਆ ਦਾ ਰਾਜ਼ ਬੇਨਕਾਬ ਹੋ ਗਿਆ ਹੈ। ਕੇਜਰੀਵਾਲ ਖ਼ੁਦ ਮਜੀਠੀਆ ਤੋਂ ਮਾਫ਼ੀ ਮੰਗ ਚੁੱਕੇ ਹਨ। ਇਹ ਉਹੀ ਕੇਜਰੀਵਾਲ ਹੈ ਜੋ ਬਾਦਲ ਦੀਆਂ ਬੱਸਾਂ ਦਿੱਲੀ ਲੈ ਕੇ ਜਾਂਦਾ ਹੈ ਤੇ ਆਪਣੇ ਵਿਧਾਇਕ ਦੀਪ ਮਲਹੋਤਰਾ ਨੂੰ ਸ਼ਰਾਬ ਦੇ ਠੇਕੇ ਦਿੰਦਾ ਹੈ।

**ਨਸ਼ਿਆਂ ਵਿਰੁੱਧ ਸਮੂਹ ਪੰਜਾਬੀ ਸਾਥ ਦੇਣ-ਮੁੱਖ ਮੰਤਰੀ**

ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਦਰਜ ਹੋਈ ਐਫ. ਆਈ. ਆਰ. ਦੇ ਬਾਅਦ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਨੇ ਟਵੀਟ ਕਰਦਿਆਂ ਕਿਹਾ ਕਿ ਜਿਨ੍ਹਾਂ ਮਾਵਾਂ ਦੇ ਪੁੱਤ ਨਸ਼ੇ ਦੀ ਭੇਟ ਚੜ੍ਹ ਗਏ, ਜਿਨ੍ਹਾਂ ਨੌਜਵਾਨਾਂ ਦੀਆਂ ਨਸ਼ਿਆਂ ਨਾਲ ਜ਼ਿੰਦਗੀਆਂ ਗਲ ਗਈਆਂ, ਜਿਹੜੇ ਪਰਿਵਾਰ ਨਸ਼ਿਆਂ ਨਾਲ ਬਰਬਾਦ ਹੋ ਗਏ, ਗੁਰੂਆਂ ਪੀਰਾਂ ਫਕੀਰਾਂ ਦੀ ਧਰਤੀ ਪੰਜਾਬ 'ਚ ਨਸ਼ੇ ਫੈਲਾਏ ਗਏ, ਅੱਜ ਉਨ੍ਹਾਂ ਮਾਵਾਂ, ਨੌਜਵਾਨਾਂ, ਪਰਿਵਾਰਾਂ ਅਤੇ ਪੰਜਾਬ ਨੂੰ ਬਰਬਾਦੀ ਦੀ ਰਾਹ 'ਤੇ ਤੋਰਨ ਵਾਲਿਆਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਸ਼ੁਰੂਆਤ ਹੋਈ ਹੈ ।ਇਹ ਬਹੁਤ ਵੱਡੀ ਲੜਾਈ ਹੈ ਅਤੇ ਮੈਂ ਇਸ ਵਿਚ ਸਮੂਹ ਪੰਜਾਬੀਆਂ ਨੂੰ ਸਾਥ ਦੇਣ ਦੀ ਅਪੀਲ ਕਰਦਾ ਹਾਂ ।ਉਨ੍ਹਾਂ ਟਵੀਟ 'ਚ ਕਿਹਾ ਕਿ ਹਾਈਕੋਰਟ ਦੇ ਆਦੇਸ਼ਾਂ ਅਨੁਸਾਰ ਤਿਆਰ ਹੋਈ ਐਸ.ਟੀ.ਐਫ. ਦੀ ਰਿਪੋਰਟ 'ਤੇ ਬਿਕਰਮ ਸਿੰਘ ਮਜੀਠੀਆ ਖਿਲਾਫ਼ ਐਫ. ਆਈ.ਆਰ. ਦਰਜ ਕੀਤੀ ਗਈ ਹੈ ।ਪੰਜਾਬ ਸਰਕਾਰ ਨਸ਼ੇ ਫੈਲਾਉਣ ਵਾਲੇ ਨਸ਼ਿਆਂ ਦੇ ਸੌਦਾਗਰਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਅਤੇ ਪੰਜਾਬੀਆਂ ਨੂੰ ਇਨਸਾਫ਼ ਦਿਵਾਉਣ ਲਈ ਵਚਨਬੱਧ ਹੈ ।

ਪਰਚੇ ਦਰਜ ਕਰਨ ਲਈ ਕਾਂਗਰਸ ਨੇ ਤਿੰਨ ਡੀ.ਜੀ.ਪੀ. ਸਾਡੇ 'ਤੇ ਹੀ ਬਦਲੇ-ਬਾਦਲ

ਬਿਕਰਮ ਸਿੰਘ ਮਜੀਠੀਆ 'ਤੇ ਹੋਏ ਪਰਚੇ ਸੰਬੰਧੀ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਬਹੁਤ ਥੋੜ੍ਹੇ ਦਿਨਾਂ ਵਿਚ ਤਿੰਨ ਡੀ.ਜੀ.ਪੀ. ਬਦਲ ਦਿੱਤੇ ਹਨ ਅਤੇ ਅਜਿਹਾ ਸਿਰਫ ਬਾਦਲਾਂ ਤੇ ਮਜੀਠੀਆ ਵਿਰੁੱਧ ਪਰਚਾ ਦਰਜ ਕਰਨ ਲਈ ਹੀ ਕੀਤਾ ਗਿਆ ਹੈ । ਉਨ੍ਹਾਂ ਕਿਹਾ ਕਿ ਸਰਕਾਰ ਮੈਨੂੰ ਹੀ ਫੜ ਕੇ ਅੰਦਰ ਦੇਵੇ ਮੈਂ ਬਿਲਕੁਲ ਤਿਆਰ ਬੈਠਾ ਹਾਂ । ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਸ ਲੜਾਈ ਨੂੰ ਪੂਰੀ ਸਿਦਕਦਿਲੀ ਨਾਲ ਲੜੇਗਾ ।

## ਚੋਣਾਂ ਨੇੜੇ ਲੁਧਿਆਣਾ...

ਹੋਈ ਬੇਅਦਬੀ ਅਤੇ ਲੁਧਿਆਣਾ ਬੰਬ ਧਮਾਕੇ ਪਿੱਛੇ ਲੁਕਵੇ ਸਿਆਸੀ ਹੱਥ ਅਤੇ ਸਰਕਾਰੀ ਏਜੰਸੀਆਂ ਦੀ ਸਾਜਿਸ਼ ਹੋਣ ਦਾ ਅੰਦੇਸ਼ਾ ਹੈ।ਕਮੇਟੀ ਆਗੂਆਂ ਨੇ ਕਿਹਾ ਕਿ ਗੈਰ ਸਰਕਾਰੀ ਸ਼ੁਤਰਾਂ ਦੀ ਜੇ ਮੰਨੀਏ ਤਾਂ ਸਜਾ ਪੂਰੀ ਕਰ ਚੁੱਕੇ ਬੰਦੀ ਸਿੰਘਾ ਨੂੰ ਰਿਹਾ ਕਰਨ ਦੀ ਖਬਰਾਂ ਦਾ ਮਹੌਲ ਗਰਮਾਇਆ ਹੋਇਆ ਹੈ ਪਰ ਦੂਜੇ ਪਾਸੇ ਸਰਕਾਰੀ ਤੰਤਰ ਦਹਿਸ਼ਤ ਦਾ ਮਹੌਲ ਸਿਰਜ ਕੇ ਸਿੱਖ ਨੌਜਵਾਨਾਂ ਤੇ ਤਸ਼ਦੱਦ ਕਰਨ ਦੀ ਤਿਆਰੀਆਂ ਕਰਨ ਲਈ ਜ਼ਮੀਨ ਤਿਆਰ ਕਰ ਰਿਹਾ ਹੈ ਜਿਸਤੋਂ ਸੁਚੇਤ ਰਹਿਣ ਦੀ ਲੋੜ ਹੈ। ਕਿਸਾਨ ਸੰਘਰਸ਼ ਦੀ ਸਮਾਪਤੀ ਉਪਰੰਤ ਕੌਮਾਂਤਰੀ ਪੱਦਰ ਤੇ ਪੰਜਾਬ ਅਤੇ ਸਿੱਖਾਂ ਦੇ ਅਕਸ਼ ਨੂੰ ਮਿਲੀ ਚਮਕ-ਦਮਕ ਕੁਝ ਲੋਕਾਂ ਨੂੰ ਬਰਦਾਸ਼ਤ ਨਹੀ ਹੋ ਰਹੀ ਹੈ।ਜਿਸ ਕਾਰਣ ਪੰਜਾਬ ਅਤੇ ਸਿੱਖ ਧਰਮ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਬਿਆਨ ਜਾਰੀ ਕਰਨ ਵਾਲਿਆਂ ਵਿੱਚ ਬਲਬੀਰ ਸਿੰਘ ਹਿਸਾਰ,ਬਲਦੇਵ ਸਿੰਘ ਨਵਾਪਿੰਡ ,ਜਥੇਦਾਰ ਸੁਖਰਾਜ ਸਿੰਘ ਵੇਰਕਾ,ਬਲਜੀਤ ਸਿੰਘ ਭਾਉ,ਜਸਪਾਲ ਸਿੰਘ ਪੁਤਲੀਘਰ,ਗੁਰਮੀਤ ਸਿੰਘ ਬੱਬਰ,ਸੁਖਦੇਵ ਸਿੰਘ ਵੇਰਕਾ ਆਦਿ ਸ਼ਾਮਿਲ ਹਨ।

## ਪਿੰਡ ਨਿਜ਼ਾਮਪੁਰ ਵਿਚ...

ਸ਼ਨਾਖ਼ਤੀ ਕਾਰਡਾਂ ਦੀ ਜਾਂਚ ਕੀਤੇ ਜਾਣ 'ਤੇ ਇਹ ਪਤਾ ਲੱਗਾ ਕਿ ਬੱਚਿਆਂ ਦੀ ਤਸਵੀਰਾਂ ਸ਼ਨਾਖ਼ਤੀ ਕਾਰਡ 'ਤੇ ਹੋਣ ਕਾਰਨ ਉਨ੍ਹਾਂ ਦੇ ਮਾਪਿਆਂ ਇਨ੍ਹਾਂ ਨੂੰ ਸਾੜਨ ਤੋਂ ਗੁਰੇਜ਼ ਕੀਤਾ। ਜਾਣਕਾਰੀ ਅਨੁਸਾਰ ਜਦੋਂ ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ ਦੀ ਸੂਚਨਾ ਮਿਲੀ ਤਾਂ ਸਵੇਰੇ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਮੈਂਬਰ ਜਥੇ: ਜਰਨੈਲ ਸਿੰਘ ਡੋਗਰਾਂਵਾਲਾ ਦੀ ਅਗਵਾਈ ਵਿਚ ਸ਼੍ਰੋਮਣੀ ਕਮੇਟੀ ਦੀ ਪ੍ਰਚਾਰਕ ਬੀਬੀ ਸਰਬਜੀਤ ਕੌਰ ਤੇ ਨਡਾਲਾ ਤੋਂ ਮੈਨੇਜਰ ਸੁਖਵਿੰਦਰ ਸਿੰਘ ਬੱਸੀ ਤੇ ਹੋਰ ਮੁਲਾਜ਼ਮਾਂ ਨੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵਲੋਂ ਕਾਬੂ ਕੀਤੇ ਨੌਜਵਾਨ ਤੋਂ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ਵਿਚ ਪੁੱਛਗਿੱਛ ਕੀਤੀ, ਪਰ ਉਕਤ ਨੌਜਵਾਨ ਨੇ ਆਪਣੀ ਪਹਿਚਾਣ ਬਾਰੇ ਕੁੱਝ ਵੀ ਪੱਲੇ ਨਹੀਂ ਪਾਇਆ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲਾ ਨੇ ਦੱਸਿਆ ਕਿ ਕੁਝ ਨੌਜਵਾਨਾਂ ਨੇ ਸਪੀਕਰ 'ਤੇ ਅਨਾਊਂਸਮੈਂਟ ਕੀਤੀ ਕਿ ਬੇਅਦਬੀ ਦੀ ਕੋਸ਼ਿਸ਼ ਕਰਨ ਵਾਲੇ ਨੌਜਵਾਨ ਨੂੰ ਸ਼੍ਰੋਮਣੀ ਕਮੇਟੀ ਤੇ ਪੁਲਿਸ ਹਵਾਲੇ ਨਾ ਕੀਤਾ ਜਾਵੇ ਤੇ ਬਾਅਦ ਵਿਚ ਉਨ੍ਹਾਂ ਕਮਰੇ ਦੀਆਂ ਖਿੜਕੀਆਂ ਤੇ ਦਰਵਾਜ਼ੇ ਤੋੜ ਕੇ ਉਸ ਨੂੰ ਨੌਜਵਾਨ ਨੂੰ ਮੌਕੇ 'ਤੇ ਹੀ ਮੌਤ ਦੇ ਘਾਟ ਉਤਾਰ ਦਿੱਤਾ।

ਦੂਜੇ ਪਾਸੇ ਇਸ ਘਟਨਾ ਬਾਅਦ ਸੁਭਾਨਪੁਰ-ਕਪੂਰਥਲਾ ਸੜਕ 'ਤੇ ਸਥਿਤ ਗੁਰਦੁਆਰਾ ਸਾਹਿਬ ਨਿਜ਼ਾਮਪੁਰ ਮੋੜ ਵਿਖੇ ਵਾਪਰੀ ਘਟਨਾ ਮਗਰੋਂ ਪੁਲਿਸ ਵੱਲੋਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਬਾਬਾ ਅਮਰਜੀਤ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ ਸੀ, ਜਿਸ ਮਗਰੋਂ ਸਿੱਖ ਜਥੇਬੰਦੀਆਂ ਵਿਚ ਮੁੜ ਰੋਸ ਦੀ ਲਹਿਰ ਜਾਗ ਪਈ ਅਤੇ ਸਿੱਖ ਜਥੇਬੰਦੀਆਂ ਨੇ ਮੁੜ ਸੁਭਾਨਪੁਰ-ਕਪੂਰਥਲਾ ਸੜਕ 'ਤੇ ਧਰਨਾ ਲਾ ਦਿੱਤਾ ਅਤੇ ਬਾਬਾ ਅਮਰਜੀਤ ਸਿੰਘ ਦੀ ਰਿਹਾਈ ਦੀ ਮੰਗ ਕੀਤੀ। ਇਸ ਧਰਨੇ ਵਿਚ ਹਰਦੀਪ ਸਿੰਘ ਡਿੱਬਡਿਬਾ, ਸਤਿਕਾਰਤ ਕਮੇਟੀ ਬਲਬੀਰ ਸਿੰਘ ਮੁੱਛਲ, ਭਾਈ ਲਖਬੀਰ ਸਿੰਘ ਮਾਹਲਮ, ਜਗਮੋਹਨ ਸਿੰਘ ਤਰਨਾ ਦਲ, ਬਾਬਾ ਨਿਸ਼ਾਨ ਸਿੰਘ, ਬਾਬਾ ਦਰਸ਼ਨ ਸਿੰਘ, ਆਦਿ ਸਿੱਖ ਸੰਗਤਾਂ ਵੱਲੋਂ ਸੁਭਾਨਪੁਰ-ਕਪੂਰਥਲਾ ਸੜਕ 'ਤੇ ਲਾਏ ਧਰਨੇ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਨੇ ਸਿੱਖ ਜਥੇਬੰਦੀਆਂ ਅੱਗੇ ਝੁਕਦਿਆਂ ਬਾਬਾ ਅਮਰਜੀਤ ਸਿੰਘ ਨੂੰ ਰਿਹਾਅ ਕਰ ਦਿੱਤਾ ਅਤੇ ਕਿਹਾ ਕਿ ਬਾਬਾ ਅਮਰਜੀਤ ਸਿੰਘ ਨੂੰ ਸਿਰਫ਼ ਬਿਆਨ ਦਰਜ ਕਰਨ ਵਾਸਤੇ ਹੀ ਕਪੂਰਥਲਾ ਲਿਜਾਇਆ ਗਿਆ ਸੀ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸਿਰਫ਼ ਬੇਅਦਬੀ ਦੀਆਂ ਧਾਰਾਵਾਂ ਅਧੀਨ ਹੀ ਪਰਚਾ ਦਰਜ ਕੀਤਾ ਗਿਆ ਹੈ ਪਰ ਹੁਣ ਮੁਖ ਮੰਤਰੀ ਚੰਨੀ ਦੀਆਂ ਹਦਾਇਤਾਂ ਉਪਰ ਗਰੰਥੀ ਨੂੰ ਫਿਰ ਗਿਰਫਤਾਰ ਕਰ ਲਿਆ ਹੈ।

ਕਪੂਰਥਲਾ ਜ਼ਿਲ੍ਹੇ ਦੇ ਪਿੰਡ ਬਾਦਸ਼ਾਹਪੁਰ ਨੇੜਲੇ ਗੁਰਦੁਆਰਾ ਨਿਜ਼ਾਮਪੁਰ ਸਾਹਿਬ ਵਿੱਚ ਕਥਿਤ ਬੇਅਦਬੀ ਮਾਮਲੇ ਵਿੱਚ ਪੁਲਿਸ ਨੇ ਫਿਰ ਗ੍ਰੰਥੀ ਅਮਰਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਆਈਪੀਸੀ ਦੀ ਧਾਰਾ 302, 307 ਤੇ ਹੋਰ ਧਾਰਾਵਾਂ ਤਹਿਤ ਕਤਲ ਕੇਸ ਦਰਜ ਕੀਤਾ ਗਿਆ ਹੈ।

ਆਈਜੀ ਜਲੰਧਰ ਰੇਂਜ ਜੀਐੱਸ ਢਿੱਲੋਂ ਨੇ ਇਸ ਦੀ ਪੁਸ਼ਟੀ ਕੀਤੀ ਹੈ ਕਿ ਅਮਰਜੀਤ ਸਿੰਘ ਨੂੰ ਕਤਲ ਕੇਸ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਬਾਰੇ

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਪੱਤਰਕਾਰਾਂ ਨੂੰ ਦੱਸਿਆ ਸੀ ਕਿ ਪੁਲਿਸ ਨੇ ਕਪੂਰਥਲਾ ਵਾਲਾ ਮਸਲਾ ਹੱਲ ਕਰ ਲਿਆ ਹੈ ਤੇ ਉਹ ਮਸਲਾ ਬੇਅਦਬੀ ਦਾ ਨਹੀਂ ਸੀ। ਚਰਨਜੀਤ ਚੰਨੀ ਨੇ ਕਿਹਾ ਸੀ ਕਿ ਉਥੇ ਬੇਅਦਬੀ ਨਹੀਂ ਹੋਈ ਸੀ।

ਮ੍ਰਿਤਕ ਵਿਅਕਤੀ ਬਾਰੇ ਨਿਜ਼ਾਮਪੁਰ ਗੁਰਦੁਆਰੇ ਦੇ ਗ੍ਰੰਥੀ ਨੇ ਇੱਕ ਵੀਡੀਓ ਪਾ ਕੇ ਦਾਅਵਾ ਕੀਤਾ ਸੀ ਕਿ ਇਹ ਵਿਅਕਤੀ ਗੁਰਦੁਆਰੇ ਵਿੱਚ ਐਤਵਾਰ ਤੜਕੇ 4 ਵਜੇ ਬੇਅਦਬੀ ਕਰਨ ਦੀ ਨੀਅਤ ਨਾਲ ਦਾਖ਼ਲ ਹੋਇਆ ਸੀ ਜਲੰਧਰ ਰੇਂਜ ਦੇ ਆਈਜੀ ਗੁਰਿੰਦਰ ਸਿੰਘ ਢਿੱਲੋਂ ਨੇ ਉਸ ਵੇਲੇ ਪ੍ਰੈੱਸ ਕਾਨਫਰੰਸ ਕਰਕੇ ਦੱਸਿਆ ਸੀ ਕਿ ਨਿਸ਼ਾਨ ਸਾਹਿਬ ਨਾਲ ਕੋਈ ਛੇੜਛਾੜ ਨਹੀਂ ਹੋਈ ਉਨ੍ਹਾਂ ਕਿਹਾ ਸੀ, "ਅਸੀਂ ਗੁਰੂ ਗ੍ਰੰਥ ਸਾਹਿਬ ਦੇਖਿਆ ਹੈ ਅਤੇ ਉਸੇ ਤਰ੍ਹਾਂ ਸੁਸ਼ੋਭਿਤ ਹਨ ਅਤੇ ਕੋਈ ਛੇੜ ਛਾੜ ਨਹੀਂ ਹੋਈ।"

ਉਨ੍ਹਾਂ ਮੁਤਾਬਕ ਸ਼ਿਕਾਇਤ ਕਰਨ ਵਾਲੇ ਨੇ ਕਿਹਾ ਸੀ ਕਿ ਨਿਸ਼ਾਨ ਸਾਹਿਬ ਨਾਲ ਛੇੜਛਾੜ ਹੋਈ ਹੈ ਅਤੇ ਇਸੇ ਆਧਾਰ ਉੱਤੇ ਅਸੀਂ ਮਾਮਲਾ ਦਰਜ ਕੀਤਾ ਹੈ।

**ਟਾਈਮਜ਼ ਆਫ ਇੰਡੀਆ ਦੇ ਪਤਰਕਾਰ ਆਈ ਪੀ ਸਿੰਘ ਦੀ ਰਿਪੋਰਟ**

ਪੰਜਾਬ ਪੁਲਿਸ ਨੇ ਐਤਵਾਰ ਨੂੰ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਨਿਜ਼ਾਮਪੁਰ ਨੇੜੇ ਇੱਕ ਗੁਰਦੁਆਰੇ ਵਿੱਚ ਇੱਕ ਨੌਜਵਾਨ ਦੀ ਕੁੱਟਮਾਰ ਕਰਨ ਦੇ ਮਾਮਲੇ ਵਿੱਚ ਅਜੇ ਤੱਕ ਕੋਈ ਮਾਮਲਾ ਦਰਜ ਨਹੀਂ ਕੀਤਾ ਹੈ, ਜਦੋਂ ਕਿ ਹੁਣ ਇਹ ਸਾਹਮਣੇ ਆ ਰਿਹਾ ਹੈ ਕਿ ਗੁਰਦੁਆਰੇ ਦਾ ਗ੍ਰੰਥੀ ਜਾਂ ਡੇਰੇਦਾਰ (ਨਿਊਜ਼ ਪੇਪਰ ਵਿੱਚ ਉਸ ਨੂੰ ਕੇਅਰਟੇਕਰ ਲਿਖਿਆ ਹੈ ) ਅਮਰਜੀਤ ਸਿੰਘ ਪੰਜਾਬ ਦੇ ਸੀਨੀਅਰ ਪੁਲਸ ਅਧਿਕਾਰੀਆਂ ਦੇ ਲਗਾਤਾਰ ਸੰਪਰਕ ਵਿੱਚ ਹੈ।

ਅਮਰਜੀਤ ਨੇ ਐਤਵਾਰ ਨੂੰ ਆਪਣੇ ਫੇਸਬੁੱਕ ਅਕਾਊਂਟ ਤੋਂ ਲਾਈਵ ਹੋਇਆ ਅਤੇ ਦੋਸ਼ ਲਾਇਆ ਕਿ ਨੌਜਵਾਨ ਨੇ ਬੇਅਦਬੀ ਦੀ ਕੋਸ਼ਿਸ਼ ਕੀਤੀ ਸੀ। ਗੁਰਦੁਆਰੇ ਤੋਂ ਕੁਝ ਕੁ ਗਜ਼ ਦੀ ਦੂਰੀ 'ਤੇ ਪੁਲੀਸ ਚੌਕੀ ਹੋਣ ਦੇ ਬਾਵਜੂਦ ਉਸ ਨੇ ਪੁਲੀਸ ਨੂੰ ਇਸ ਦੀ ਸੂਚਨਾ ਨਹੀਂ ਦਿੱਤੀ। ਅਮਰਜੀਤ ਦਾ ਪੁੱਤਰ ਪੰਜਾਬ ਪੁਲਿਸ ਵਿੱਚ ਸਹਾਇਕ ਸਬ-ਇੰਸਪੈਕਟਰ ਹੈ ਅਤੇ ਇਸ ਸਮੇਂ ਖੁਫੀਆ ਵਿਭਾਗ ਵਿੱਚ ਕੰਮ ਕਰ ਰਿਹਾ ਹੈ।

ਸਰਕਾਰੀ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਅਮਰਜੀਤ ਇੱਕ ਸੀਨੀਅਰ ਅਧਿਕਾਰੀ ਦੇ ਲਗਾਤਾਰ ਸੰਪਰਕ ਵਿੱਚ ਸੀ ਭਾਵੇਂ ਉਹ ਅਧਿਕਾਰੀ ਕਿਸੇ ਹੋਰ ਏਰੀਏ ਵਿਚ ਵਿੱਚ ਤਾਇਨਾਤ ਆ। ਸੂਤਰ ਨੇ ਦੱਸਿਆ, "ਉਹ ਪੁਲਿਸ ਅਫਸਰਾਂ ਨਾਲ ਨੇੜਤਾ ਬਣਾ ਕੇ ਰੱਖਦਾ ਹੈ।" ਅਮਰਜੀਤ ਦਾ ਪੁੱਤਰ ਖੁਫੀਆ ਵਿਭਾਗ ਵਿੱਚ ਏਐਸਆਈ ਵਜੋਂ ਕੰਮ ਕਰਦਾ ਆ। ਅਮਰਜੀਤ ਦਾ ਫੋਨ ਪੁਲਸ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਉਹ ਆਪਣੇ ਦੂਜੇ ਬੇਟੇ ਦਾ ਫੋਨ ਵਰਤ ਰਿਹਾ ਹੈ ਤੇ ਉਸ ਨੇ ਵਾਰ-ਵਾਰ ਕਾਲ ਕਰਨ ਤੇ ਫੋਨ ਨਹੀਂ ਚੁੱਕਿਆ ਅਤੇ ਇਕ ਵਾਰ ਵਟਸਐਪ ਕਾਲ ਕਰਨ ਤੇ ਜਦੋਂ ਉਸ ਨੂੰ ਪਤਾ ਲੱਗਾ ਕਿ ਕਾਲ ਟਾਈਮਜ਼ ਆਫ ਇੰਡੀਆ ਦੀ ਆ ਤਾਂ ਉਸਨੇ ਫੋਨ ਹੈਂਗ ਕਰ ਦਿੱਤਾ

ਗੁਰਦੁਆਰੇ ਦੀ ਜ਼ਮੀਨ ਤੇ ਵੀ ਉਸ ਨੇ ਕੁਝ ਸਾਲ ਪਹਿਲਾਂ ਪੁਲੀਸ ਚੌਕੀ ਲਈ ਦਿੱਤੀ ਸੀ ਜੋ ਕਿ ਸੜਕ ਦੇ ਬਿਲਕੁਲ ਪਾਰ ਹੈ। ਹਾਲਾਂਕਿ, ਬਾਅਦ ਵਿੱਚ ਉਹ ਜ਼ਮੀਨ ਖਾਲੀ ਕਰਵਾਉਣਾ ਚਾਹੁੰਦਾ ਸੀ ਅਤੇ ਉਹਨਾ ਦਿਨਾ ਦੀ ਇੱਕ ਵੀਡੀਓ ਕਲਿੱਪ ਵੀ ਸਾਹਮਣੇ ਆਈ ਸੀ, ਜਿਸ ਵਿੱਚ ਉਸਨੂੰ ਸ਼ਿਕਾਇਤ ਕਰਦਿਆਂ ਸੁਣਿਆ ਜਾ ਸਕਦਾ ਹੈ ਕਿ ਪੁਲਿਸ ਅਧਿਕਾਰੀ ਪੁਲਿਸ ਚੌਕੀ ਨੂੰ ਨਹੀਂ ਹਟਾ ਰਹੇ ਹਨ। ਕੁਝ ਪੁਲਿਸ ਅਧਿਕਾਰੀਆਂ ਨਾਲ ਨੇੜਤਾ ਦੇ ਬਾਵਜੂਦ, ਅਮਰਜੀਤ ਨੇ ਪੁਲਿਸ ਨੂੰ ਗੁਰਦੁਆਰੇ ਦੇ ਅਹਾਤੇ ਦੇ ਰਿਹਾਇਸ਼ੀ ਹਿੱਸੇ ਵਿੱਚ ਘੁਸਪੈਠ ਕਰਨ ਵਾਲੇ ਬੰਦੇ ਨੂੰ ਫੜਨ ਬਾਰੇ ਸੂਚਿਤ ਨਹੀਂ ਕੀਤਾ ਅਤੇ ਇਸ ਦੇ ਬਜਾਏ ਆਪਣੇ ਫੇਸਬੁੱਕ 'ਤੇ ਲਾਈਵ ਹੋਣ ਦੀ ਪਹਿਲ ਕੀਤੀ ਅਤੇ ਸਿੱਖ ਗਰੁੱਪਾਂ ਨੂੰ ਉਸ ਜਗ੍ਹਾ 'ਤੇ ਪਹੁੰਚਣ ਦੀ ਅਪੀਲ ਕੀਤੀ ਕਿਉਂਕਿ ਉਸਨੇ ਇਸ ਨੂੰ ਬੇਅਦਬੀ ਦਾ ਦੋਸ਼ੀ ਕਿਹਾ ਸੀ। ਅੰਮ੍ਰਿਤਸਰ ਦਰਬਾਰ ਸਾਹਿਬ ਵਿਚ ਸ਼ਨੀਵਾਰ ਸ਼ਾਮ ਨੂੰ ਨੌਜਵਾਨਾਂ ਨੇ ਬੇਅਦਬੀ ਦੀ ਕੋਸ਼ਿਸ਼ ਵੀ ਕੀਤੀ ਸੀ

ਉਸਨੇ ਇਹ ਵੀ ਕਿਹਾ ਕਿ ਘੁਸਪੈਠ ਕਰਨ ਵਾਲੇ ਵਿਅਕਤੀ ਨੇ ਉਸਨੂੰ ਦੱਸਿਆ ਸੀ ਕਿ ਘੁਸਪੈਠ ਕਰਨ ਵਾਲੇ ਨੂੰ ਦਿੱਲੀ ਤੋਂ "ਭੇਜਿਆ" ਗਿਆ ਸੀ। ਦੁਪਹਿਰ ਸਮੇਂ ਸਿੱਖ ਨੌਜਵਾਨਾਂ ਦੇ ਇੱਕ ਜਥੇ ਵੱਲੋਂ ਨੌਜਵਾਨ ਨੂੰ ਤਲਵਾਰਾਂ ਨਾਲ ਵੱਢ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ, ਜੋ ਉਸ ਕਮਰੇ ਦੀ ਖਿੜਕੀ ਤੋੜ ਕੇ ਅੰਦਰ ਦਾਖ਼ਲ ਹੋਏ, ਜਿੱਥੇ ਉਸ ਨੂੰ ਬੰਦ ਕੀਤਾ ਸੀ। ਆਪਣੇ ਫੇਸਬੁਕ ਲਾਈਵ ਵਿੱਚ, ਅਮਰਜੀਤ ਨੇ ਇਹ ਵੀ ਮਹੱਤਵਪੂਰਨ ਵੇਰਵੇ ਦਾ ਖੁਲਾਸਾ ਨਹੀਂ ਕੀਤਾ ਕਿ ਜਦੋਂ ਉਸਨੇ ਉਸ ਦੋਸ਼ੀ ਨੂੰ ਦੇਖਿਆ, ਤਾਂ ਉਹ ਰੋਟੀ ਗਰਮ ਕਰਕੇ ਖਾ ਰਿਹਾ ਸੀ ਜੋ ਬਾਅਦ ਵਿੱਚ ਉਸ ਨੇ ਧਾਰਮਿਕ ਭਾਵਨਾ ਨੂੰ ਠੇਸ ਪਹੁੰਚਾਉਣ ਵਾਲੀ ਐੱਫਆਈਅਰ ਵਿੱਚ ਕੀਤਾ

## ਸਿੱਖ ਪੰਥ 'ਤੇ ਚੌਤਰਫੋਂ ਹੋ...

ਉੱਥੇ ਇਨਾਂ ਬਹੁਮੁਖੀ ਤੇ ਬਹੁਪਰਤੀ ਹਮਲਿਆਂ ਦਾ ਟਾਕਰਾ ਕਰਨ ਤੇ ਇਨਾਂ ਨੂੰ ਪਛਾੜਣ ਲਈ ਪੰਥਕ ਏਕਤਾ ਦੀ ਵੱਡੀ ਲੋੜ ਹੈ। ਉਨਾਂ ਸਮੁੱਚੀਆਂ ਸਿੱਖ ਜਥੇਬੰਦੀਆਂ, ਰਾਜਨੀਤਕ ਦਲਾਂ, ਧਾਰਮਿਕ, ਸਮਾਜਿਕ ਤੇ ਸਿੱਖਿਆ ਸੰਸਥਾਵਾਂ ਅਤੇ ਸੰਪਰਦਾਵਾਂ ਨੂੰ ਅਪੀਲ ਕੀਤੀ ਕਿ ਉਹ ਮੌਜੂਦਾ ਪੰਥਕ ਹਾਲਾਤਾਂ ਨੂੰ ਵੇਖਦਿਆਂ ਸਾਰੇ ਤਰਾਂ ਦੇ ਰਾਜਸੀ, ਵਿਚਾਰਕ ਤੇ ਜ਼ਾਤੀ ਮਤਭੇਦਾਂ-ਵਖਰੇਵਿਆਂ ਨੂੰ ਪਾਸੇ ਰੱਖ ਕੇ ਇਕ ਖ਼ਾਲਸਈ ਨਿਸ਼ਾਨ ਸਾਹਿਬ ਹੇਠਾਂ ਇਕੱਤਰ ਹੋਣ ਤਾਂ ਜੋ ਸਿੱਖ ਪੰਥ ਬਿਖੜੇ ਹਾਲਾਤਾਂ ਵਿਚੋਂ ਇਕ ਵਾਰ ਮੁੜ 'ਕੁਠਾਲੀ 'ਚੋਂ ਕੁੰਦਨ ਵਾਂਗ ਚਮਕ ਕੇ' ਉੱਭਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿਰਜੇ ਮਾਨਵਤਾ ਦੇ ਭਲੇ ਤੇ ਜਬਰ ਦੇ ਵਿਰੁੱਧ ਸੰਘਰਸ਼ ਦੇ ਆਦਰਸ਼ਾਂ ਨੂੰ ਆਪਣੇ ਨੇਕ ਅਮਲਾਂ ਦੁਆਰਾ ਸੰਸਾਰ ਵਿਚ ਫੈਲਾ ਕਰ ਸਕੇ।

## ਜੰਗ 'ਚ ਰੋਬੋਟ ਦੀ...

ਪ੍ਰਣਾਲੀ ਦੇ ਵਿਕਾਸ ਦੀ ਹੋੜ ਆਉਣ ਵਾਲੇ ਸਮੇਂ ਵਿਚ ਰੁਕਣ ਵਾਲੀ ਨਹੀਂ ਹੈ।

**ਆਟੋਮੈਟਿਕ ਹਥਿਆਰਾਂ ਦਾ ਇਸਤੇਮਾਲ**

ਸੰਯੁਕਤ ਰਾਸ਼ਟਰ ਦੇ ਜਾਂਚ ਕਰਤਾਵਾਂ ਮੁਤਾਬਕ ਲੀਬੀਆ ਵਿਚ ਮਿਲਿਸ਼ੀਆ ਲੜਾਕਿਆਂ ਖ਼ਿਲਾਫ਼ ਆਟੋਮੈਟਿਕ ਹਥਿਆਰ ਪ੍ਰਣਾਲੀ ਦਾ ਇਸਤੇਮਾਲ ਕੀਤਾ ਗਿਆ। ਡ੍ਰੋਨ ਨੇ ਇਕ ਰਾਕੇਟ ਹਮਲੇ ਤੋਂ ਬਾਅਦ ਭੱਜਦੇ ਲੜਾਕਿਆਂ ਦਾ ਪਤਾ ਲਗਾ ਕੇ ਹਮਲਾ ਕੀਤਾ। 2020 ਵਿਚ ਅਜ਼ਰਬੈਜਾਨ ਨੇ ਆਰਮੇਨੀਆ ਖ਼ਿਲਾਫ਼ ਅਜਿਹੀ ਮਿਜ਼ਾਈਲ ਤੇ ਡ੍ਰੋਨ ਦਾ ਇਸਤੇਮਾਲ ਕੀਤਾ ਜੋ ਹਵਾ 'ਚ ਉੱਡਦੇ ਰਹਿੰਦੇ ਹਨ ਤੇ ਨਿਸ਼ਾਨਾ ਦਿਖਾਈ ਦੇਣ 'ਤੇ ਹਮਲਾ ਕਰਦੇ ਹਨ।

**ਇਸ ਲਈ ਅਹਿਮ ਸੀ ਕਾਨਫਰੰਸ**

ਕਿਲਰ ਰੋਬੋਟ 'ਤੇ ਰੋਕ ਲਗਾਉਣ ਜਾਂ ਵਰਤੋਂ ਸੀਮਤ ਕਰਨ ਦੀ ਦਿਸ਼ਾ ਵਿਚ ਕਾਨਫਰੰਸ ਨੂੰ ਅਹਿਮ ਮੰਨਿਆ ਜਾ ਰਿਹਾ ਸੀ। ਹਾਲਾਂਕਿ ਵੱਡੇ ਫ਼ੈਸਲੇ ਦੀ ਉਮੀਦ ਪੂਰੀ ਨਹੀਂ ਹੋ ਸਕੀ। ਆਧੁਨਿਕ ਹਥਿਆਰ ਤੇ ਤਕਨੀਕ ਬਣਾਉਣ ਵਾਲੇ ਦੇਸ਼ਾਂ (ਰੂਸ ਆਦਿ) ਦਾ ਕਹਿਣਾ ਹੈ ਕਿ ਅਜਿਹੇ ਹਥਿਆਰਾਂ 'ਤੇ ਰੋਕ ਦਾ ਫ਼ੈਸਲਾ ਸਰਬ ਸੰਮਤੀ ਨਾਲ ਹੋਵੇ। ਅਮਰੀਕਾ ਦਾ ਕਹਿਣਾ ਹੈ ਕਿ ਆਟੋਮੈਟਿਕ ਹਥਿਆਰ ਤਕਨੀਕ 'ਤੇ ਪਾਬੰਦੀ ਕਾਹਲੀ ਵਿਚ ਲਿਆ ਗਿਆ ਫ਼ੈਸਲਾ ਹੋਵੇਗਾ।

## ਭਾਰਤ ਵਿਚਲੇ ਹੁਨਰਮੰਦ...

ਜੋ ਵੀ ਭਾਰਤੀ ਵਿਦੇਸ਼ਾਂ ਵਿਚ ਰਹਿਣ ਦਾ ਸੁਪਨਾ ਦੇਖਦੇ ਹਨ, ਉਨਾਂ ਵਿਚ ਦੋ ਤਰਾਂ ਦੇ ਲੋਕ ਹੁੰਦੇ ਹਨ; ਇਕ ਤਾਂ ਉਹ ਜੋ ਪੜ੍ਹ-ਲਿਖ ਕੇ ਸਭ ਕੁਝ ਸਮਝਦੇ ਹੋਏ ਆਪਣੀ ਦਿਸ਼ਾ ਨਿਰਧਾਰਿਤ ਕਰਦੇ ਹਨ ਅਤੇ ਦੂਜੇ ਉਹ ਜੋ ਵਿਦੇਸ਼ ਵਿਚ ਜਾ ਕੇ ਜ਼ਿਆਦਾ ਕਮਾਈ ਕਰਨ ਅਤੇ ਦੇਸ਼ ਵਿਚ ਆਪਣੇ ਪਰਿਵਾਰ ਨੂੰ ਸੁਖੀ ਜੀਵਨ ਦੇਣ ਲਈ ਕੋਈ ਵੀ ਕੰਮ ਮਿਲਦਿਆਂ ਹੀ ਚਲੇ ਜਾਂਦੇ ਹਨ। ਇਨਾਂ ਵਿਚ ਮਜ਼ਦੂਰ, ਕਾਰੀਗਰ ਅਤੇ ਘੱਟ ਪੜ੍ਹੇ-ਲਿਖੇ ਲੋਕ ਹੁੰਦੇ ਹਨ। ਇਨਾਂ ਦੋਵਾਂ ਹੀ ਸ਼੍ਰੇਣੀਆਂ ਦੇ ਲੋਕਾਂ ਨੂੰ ਦੇਸ਼ ਵਿਚ ਹੀ ਰੋਕੀ ਰੱਖਿਆ ਜਾ ਸਕਦਾ ਹੈ, ਬਸ਼ਰਤੇ ਕਿ ਸਰਕਾਰ ਦੀਆਂ ਨੀਤੀਆਂ ਇਸ ਤਰਾਂ ਦੀਆਂ ਹੋਣ, ਜਿਨਾਂ ਵਿਚ ਕਿਸੇ ਦੇ ਨਾਲ ਭੇਦਭਾਵ ਜਾਂ ਜ਼ਿਆਦਤੀ ਹੋਣ ਦੀ ਸੰਭਾਵਨਾ ਨਾ ਹੋਵੇ। ਇਹ ਨੀਤੀਆਂ ਉਦੋਂ ਹੋਰ ਵੀ ਜ਼ਿਆਦਾ ਤਤਪਰਤਾ ਨਾਲ ਬਣਾਏ ਜਾਣ ਦੀ ਜ਼ਰੂਰਤ ਹੈ, ਕਿਉਂਕਿ ਇਕ ਵਾਰ ਵਿਦੇਸ਼ ਵਿਚ ਜਾਣ 'ਤੇ ਮਜ਼ਦੂਰੀ, ਨੌਕਰੀ, ਕਾਰੋਬਾਰ ਅਤੇ ਸਹੂਲਤਾਂ ਨਾਲ ਭਰਪੂਰ ਜੀਵਨ ਜਿਊਣ ਦੀ ਰਾਹ ਕਾਫ਼ੀ ਆਸਾਨ ਹੈ। ਜਦੋਂ ਖ਼ੁਸ਼ਹਾਲ ਅਤੇ ਵਿਕਸਿਤ ਦੇਸ਼ਾਂ ਦੇ ਹੁਨਰਵਾਨ ਨੌਜਵਾਨ ਆਪਣੇ ਦੇਸ਼ ਦੀਆਂ ਨੀਤੀਆਂ ਦੇ ਕਾਰਨ ਭਾਰਤ ਵਿਚ ਨਹੀਂ ਵਸਦੇ ਤਾਂ ਫਿਰ ਭਾਰਤੀ ਨੌਜਵਾਨਾਂ ਨੂੰ ਕਿਉਂ ਨਹੀਂ ਦੇਸ਼ ਵਿਚ ਰਹਿ ਕੇ ਆਪਣੀ ਯੋਗਤਾ ਅਨੁਸਾਰ ਮੌਕੇ ਦੇਣ ਦੀ ਵਿਵਸਥਾ ਕੀਤੀ ਜਾਂਦੀ, ਜ਼ਰਾ ਸੋਚੋ ?

## ਰਾਜਨੀਤਕ ਲਾਹੇ ਲਈ...

ਯੂਰਪੀ ਦੇਸ਼ਾਂ ਵਿੱਚ ਕਿੰਨੇ ਹੀ ਗੁਰੂ ਘਰ ਸਿੱਖਾਂ ਵੱਲੋਂ ਬਣਾਏ ਗਏ ਹਨ। ਉਨਾਂ ਗੁਰਘਰਾਂ ਦੀ ਸੇਵਾ ਸੰਭਾਲ ਆਮ ਸਿੱਖ ਭਾਈਚਾਰੇ ਵੱਲੋਂ ਹੀ ਕੀਤੀ ਜਾਂਦੀ ਹੈ ਫ਼ਰਕ ਸਿਰਫ਼ ਐਨਾ ਹੀ ਹੈ ਕਿ ਉਥੇ ਰਾਜਨੀਤਿਕ ਸਿਆਸਤ ਨਹੀਂ ਹੈ। ਉੱਥੇ ਸਿਰਫ਼ ਗੁਰੂ ਨਾਲ ਪਿਆਰ ਹੈ, ਇਸੇ ਪਿਆਰ ਦੇ ਸਦਕੇ ਸਿੱਖ ਭਾਈਚਾਰਾ ਲਗਾਤਾਰ ਬੁਲੰਦੀਆਂ ਨੂੰ ਛੂਹ ਰਿਹਾ ਹੈ। ਬੇਸ਼ੱਕ ਆਪਸੀ ਵਿਚਾਰਾਂ ਦਾ ਟਕਰਾਅ ਲਗਾਤਾਰ ਹੁੰਦਾ ਆ ਰਹਿੰਦਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਕਦੇ ਵੀ ਮੋਹਰਾ ਬਣਾ ਕੇ ਵਰਤਿਆ ਨਹੀਂ ਗਿਆ ਹੈ ਸਗੋਂ ਉਨਾਂ ਦੀ ਹਜ਼ੂਰੀ ਵਿੱਚ ਆਪਸੀ ਵਿਚਾਰਾਂ ਦੇ ਟਕਰਾਅ ਨੂੰ ਭੁੱਲ ਕੇ ਨਿਮਰਤਾ ਦੀ ਮਿਸਾਲ ਪੈਦਾ ਕਰਦੇ ਹਨ। ਪੰਜਾਬ ਵਿਚ ਵਿਚਾਰਾਂ ਦਾ ਟਕਰਾਅ ਘੱਟ ਹੈ ਪਰ ਅੰਦਰੂਨੀ ਸਾਜ਼ਿਸ਼ਾਂ ਵਿਚ ਇਹ ਰਾਜਨੈਤਿਕ ਸਿਆਸਤੀ ਲੋਕ ਗੁਰੂ ਨੂੰ ਵੀ ਵਰਤ ਰਹੇ ਹਨ। ਵੋਟਾਂ ਦੇ ਸਮੇਂ ਇਨਾਂ ਰਾਜਨੈਤਿਕ ਲੋਕਾਂ ਕੋਲ ਆਪਸੀ ਵੈਰ ਵਿਰੋਧ ਪੈਦਾ ਕਰਨ ਦੇ ਲਈ ਕੋਈ ਹੋਰ ਮੁੱਦਾ ਨਹੀਂ ਹੁੰਦਾ। ਸਿਆਸਤਦਾਨਾਂ ਨੂੰ ਇਹ ਵੀ ਪਤਾ ਹੈ ਕਿ ਸਿੱਖ ਕੌਮ ਆਪਣੇ ਪਿੰਡੇ ਤੇ ਸੰਤਾਪ ਤਾਂ ਸਬਰ ਨਾਲ ਹਟਾ ਸਕਦੀ ਹੈ ਪਰ ਗੁਰੂ ਦੀ ਬੇਅਦਬੀ ਕਰਨ ਵਾਲੇ ਦਾ ਸਿਰ ਕਲਮ ਵੀ ਕਰ ਸਕਦੀ ਹੈ। ਸੋ ਅਜਿਹੀਆਂ ਸੋਚਾਂ ਨਾਲ ਹੀ ਇਹ ਰਾਜਨੈਤਿਕ ਸਿਆਸਤੀ ਲੋਕ ਧਰਮ ਨੂੰ ਮੋਹਰਾ ਬਣਾ ਕੇ ਸਿਆਸਤਬਾਜ਼ੀ ਕਰ ਰਹੇ ਹਨ।

ਸਿਆਸਤ ਤੋਂ ਬਗੈਰ ਜਿੱਤਿਆ ਕਿਸਾਨੀ ਸੰਘਰਸ਼ ਇਸ ਗੱਲ ਦਾ ਸਦਾ ਗਵਾਹ ਰਹੇਗਾ ਕੀ 'ਰਾਜਨੀਤੀ ਤੋਂ ਬਗੈਰ ਹਮੇਸ਼ਾ ਸੰਘਰਸ਼ ਦੀ ਜਿੱਤ ਹੁੰਦੀ ਹੈ, ਜਿੱਥੇ ਸਿਆਸਤ ਸ਼ੁਰੂ ਹੋ ਜਾਵੇ, ਉੱਥੇ ਨੁਕਸਾਨ ਆਪਣਿਆਂ ਦਾ ਹੀ ਹੁੰਦਾ ਹੈ।'

## ਸਿੱਖ ਤਵਾਰੀਖ ਦੇ...

25 ਦਸੰਬਰ ਨੂੰ ਬੀਬੀ ਸ਼ਰਨ ਕੌਰ ਜੀ ਨੇ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਏ 2 ਸਾਹਿਬਜ਼ਾਦੇ 3 ਪਿਆਰਿਆਂ ਤੇ ਸ਼ਹੀਦ ਹੋਏ ਸਿੰਘਾਂ ਦੇ ਪਵਿੱਤਰ ਸਰੀਰਾਂ ਦਾ ਆਖਰੀ ਸਸਕਾਰ ਕੀਤਾ ਤੇ ਬਾਅਦ ਵਿੱਚ ਬੀਬੀ ਜੀ ਨੂੰ ਦੁਸ਼ਮਨਾਂ ਨੇ ਸ਼ਹੀਦ ਕਰ ਦਿੱਤਾ।

ਬਹਾਦਰ ਬੀਬੀ ਸ਼ਰਨ ਕੌਰ ਜੀ ਸ਼ਹੀਦ

ਬੀਬੀ ਸ਼ਰਨ ਕੌਰ ਉਹ ਮਹਾਨ ਸ਼ਹੀਦ ਸਿੰਘਣੀ ਹੋਈ ਹੈ ਜਿਸ ਨੇ ਚਮਕੌਰ ਦੇ ਮੈਦਾਨੇ ਜੰਗ ਵਿਚ ਅੱਧੀ ਰਾਤੀ ਬਰਫੀਲੀ ਰਾਤ ਵਿੱਚ ਵੈਰੀ ਦਲ ਦੇ ਲਸ਼ਕਰ ਦੇ ਪਹਿਰੇਦਾਰਾਂ ਨੂੰ ਚੀਰਦੀ ਆਈ। ਸਿੰਘਾਂ ਦੇ ਸਰੀਰ ਕੜਿਆਂ ਤੋ ਪਛਾਣ ਕੇ ਇਕੱਠੇ ਕਰਕੇ ਉਨਾਂ ਦਾ ਸਤਿਕਾਰ ਸਹਿਤ ਸਸਕਾਰ ਕਰ ਕੇ ਮਹਾਨ ਕਰਤੱਵ ਨਿਭਾਇਆ। ਸ਼ਰਨ ਕੌਰ ਹਰੀ ਦੀ ਸ਼ਰਨ ਵਿਚ ਬਿਰਾਜ ਗਈ। ਆਪਣੇ ਪੰਥਕ ਭਰਾਵਾਂ ਦੀ ਅੰਤਮ ਸੇਵਾ ਨਿਭਾਉਂਦੀ ਸੱਚਖੰਡ ਜਾ ਪੁੱਜੀ। ਮਹਾਨ ਕਰਤੱਵ ਕਰ ਦਸ ਗਈ ਕਿ ਸਿੱਖ ਇਸਤਰੀਆਂ ਦੇ ਦਿਲਾਂ ਵਿੱਚ ਕੌਮ ਪ੍ਰਤੀ ਕਿੰਨੀ ਸ਼ਰਧਾ ਤੇ ਪਿਆਰ ਹੋਣਾ ਚਾਹੀਦਾ ਹੈ। ਆਪਣੀ ਸੂਰਮਤਾ, ਨਿਰਭੈਅਤਾ ਤੇ ਜੁਰਅਤ ਦਾ ਆਦਰਸ਼ ਬਣ ਕੇ ਸ਼ਹੀਦੀ ਜਾਮ ਪੀਤਾ ਤੇ ਆਉਣ ਵਾਲੀਆਂ ਪੀੜੀਆਂ ਨੂੰ ਦੱਸ ਗਈ ਕਿ ਸਿੱਖ ਇਸਤਰੀਆਂ ਕਿੰਨੀਆਂ ਦਲੇਰ, ਬਹਾਦਰ, ਨਿਡਰ ਤੇ ਦ੍ਰਿੜ ਸੰਕਲਪ ਹੋਣੀਆਂ ਚਾਹੀਦੀਆਂ ਹਨ ਤੇ ਦਸ਼ਮੇਸ਼ ਪਿਤਾ ਦੀਆਂ ਅੰਮ੍ਰਿਤਧਾਰੀ ਪੁੱਤਰੀਆਂ ਪੰਥਕ ਆਨ ਤੇ ਸ਼ਾਨ ਲਈ ਕੁਰਬਾਨ ਹੋਣ ਵਿੱਚ ਮਰਦਾਂ ਨਾਲੋਂ ਕਿਸੇ ਤਰਾਂ ਘੱਟ ਨਹੀਂ ਹੁੰਦੀਆਂ। ਜਿਸ ਦੀ ਉਦਾਹਰਨ ਕੁਝ ਦਹਾਕਿਆਂ ਬਾਅਦ ਬੀਬੀਆਂ ਨੇ ਮੀਰ ਮੰਨੂੰ ਦੇ ਤਸੀਹੇ ਤੇ ਕਸ਼ਟ ਖਿੜੇ ਮੱਥੇ ਝਲ ਕੇ ਪੇਸ਼ ਕਰ ਦਿੱਤੀ।

ਚਮਕੌਰ ਦੀ ਗੜ੍ਹੀ ਵਿੱਚੋਂ ਗੁਰੂ ਜੀ ਪੰਜਾਂ ਪਿਆਰਿਆਂ ਦਾ ਗੁਰਮਤਾ ਮੰਨ ਕੇ ਗੁਰੂ ਜੀ ਆਪਣਾ ਬਾਣਾ ਤੇ ਕਲਗੀ ਭਾਈ ਸੰਗਤ ਸਿੰਘ ਨੂੰ ਪਹਿਣਾ ਕੇ ਇਥੇ ਭਾਈ ਆਲਮ ਸਿੰਘ, ਝੰਡਾ ਬਰਦਾਰ ਤੇ ਸੰਗਤ ਸਿੰਘ ਨੂੰ ਏਥੇ ਛੱਡ ਗਏ। ਭਾਈ ਦਯਾ ਸਿੰਘ ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨੇ ਤਿੰਨਾਂ ਦਿਸ਼ਾਵਾਂ ਵਿਚ ਜਾ ਤਾੜੀ ਵਜਾਈ ਤੇ ਵਾਰੀ ਵਾਰੀ ਕਹੀ ਗਏ ਕਿ ਸਿੱਖਾਂ ਦਾ ਗੁਰੂ ਜਾ ਰਿਹਾ ਫੜ ਲਓ, ਨਾਲ ਜੈਕਾਰੇ ਛੱਡੀ ਗਏ 'ਬੋਲੇ ਸੋ ਨਿਹਾਲ', ਜੈਕਾਰਿਆਂ ਦਾ ਉਤਰ ਗੜੀ ਵਾਲੇ ਸਿੰਘ ਵੀ ਦੇਂਦੇ ਸਨ। ਰਾਤ ਚੁਪ ਚਾਪ ਵਿਚ ਗੂੰਜਾਂ ਪੈਣ ਨਾਲ ਮੁਗਲ ਸੈਨਾ ਘਾਬਰੀ ਤੇ ਅਫ਼ੜਵਾਹੀ ਉੱਠੀ ਜੋ ਹੱਥ ਵਿਚ ਆਇਆ ਹਨੇਰੇ ਵਿਚ ਇਕ ਦੂਜੇ ਦੀ ਵਾਢੀ ਕਰਨ ਲੱਗੇ ਪਤਾ ਨਾ ਲੱਗਾ ਕਿ ਵੈਰੀ ਕਿਹੜਾ ਹੈ ਆਪਣਾ ਕਿਹੜਾ ਹੈ।ਉਧਰ ਇਨਾਂ ਦੀ ਤਬਾਹੀ ਮੱਚੀ ਹੋਈ ਸੀ। ਹਾਰ ਕੇ ਇਨਾਂ ਨੂੰ ਪਤਾ ਲੱਗਾ ਤਾਂ ਸਮਝ ਕੇ ਹੱਟ ਗਏ। ਸਿਆਲ ਦੀ ਸਭ ਤੋਂ ਲੰਮੀਆਂ ਰਾਤਾਂ ਫਿਰ ਸੌਂ ਗਏ।

ਇਕ ਮੁਟਿਆਰ (ਸ਼ਰਨ ਕੌਰ) ਹੱਥ ਵਿੱਚ ਦੀਵਾ ਲਈ ਫਿਰਦੀ ਹੈ। ਮੀਲਾਂ ਵਿਚ, ਹੁਣ ਅੱਧੀ ਕੁ ਰਾਤ ਤੋਂ ਜ਼ਿਆਦਾ ਦਾ ਸਮਾਂ ਸੀ।ਚੌਹੀਂ ਪਾਸੀ ਘੁੱਪ ਹਨੇਰਾ ਸੀ। ਜਿਥੇ ਸਾਰਾ ਦਿਨ ਤਲਵਾਰਾਂ ਦੀ ਛਣਕਾਰ ਦਾ ਬਰਛਿਆਂ ਦਾ ਟੁੱਟ-ਭੱਜਣ ਦਾ ਖੜਕਾ ਹੁੰਦਾ ਰਿਹਾ। ਜ਼ਖ਼ਮੀਆਂ ਤੇ ਮਰਨ ਵਾਲਿਆਂ ਦੀਆਂ ਚੀਖਾਂ ਘੋੜਿਆਂ ਦੀਆਂ ਟਾਪਾਂ ਦਾ ਖੜਕਾ ਬੰਦ ਹੋ ਚੁੱਪ ਚਾਪ ਦਾ ਵਾਤਾਵਰਨ ਸੀ। ਸਵਾਏ ਲੋਥਾਂ ਦੇ ਢੇਰਾਂ ਤੋਂ ਹੋਰ ਕੁਝ ਨਹੀਂ ਦਿੱਸਦਾ। ਇਕ ਮੁਟਿਆਰ ਸ਼ਰਨ ਕੌਰ ਹੱਥ ਵਿੱਚ ਦੀਵਾ ਲਈ ਫਿਰਦੀ ਹੈ।ਮੀਲਾਂ ਵਿੱਚ ਖਿਲਰੀਆਂ ਲੋਥਾਂ ਨੂੰ ਚੀਰ ਕੇ ਲੰਘ ਚਮਕੌਰ ਦੀ ਗੜ੍ਹੀ ਆ ਪੁੱਜੀ। ਇਸ ਲਹੂ ਭਿਜੀ ਰਣ ਭੂਮੀ ਵਿਚ ਇਸ ਵੇਲੇ ਇਕ ਇਕੱਲੀ ਔਰਤ ? ਫਿਰ ਪਸ਼ੂਆਂ ਤੇ ਮੁਰਦਿਆਂ ਦੀਆਂ ਲੋਥਾਂ ਦੇ ਅੰਬਾਰ ਲੱਗੇ ਹੋਣ। ਜਿਨਾਂ ਲੋਥਾਂ ਨੂੰ ਵੇਖ ਕੇ ਮਨੁੱਖਾਂ ਦਾ ਦਿਲ ਧੜਕਣ ਲੱਗ ਪੈਂਦਾ ਹੈ।

ਬਾਕੀ ਸਫ਼ਾ 32 'ਤੇ

## ਸਿੱਖ ਤਵਾਰੀਖ ਦੇ...

ਉਥੇ ਰਾਤ ਸ਼ਾਹੀ ਲਸ਼ਕਰ ਦੇ ਕਰੜੇ ਪਹਿਰੇ ਨੂੰ ਆਦਮੀ ਕੀ ਪੰਛੀ ਲਈ ਚੀਰਨਾ ਮੁਸ਼ਕਲ ਹੈ ਇਸ ਬਹਾਦਰ ਇਸਤਰੀ ਦਾ ਹੀ ਕੰਮ ਏਵੇਂ ਰਾਤ ਦੇ ਹਨੇਰੇ ਵਿਚੋਂ ਵੈਰੀਆਂ ਦੇ ਦਲਾਂ ਵਿਚੋਂ ਨਿਰਭੈ ਹੋ ਕੇ ਲੰਘ ਕੇ ਆਉਣਾ। ਕੱਚੀ ਗੜੀ ਕੋਲ ਪੁਜਦਿਆਂ ਲੋਥਾਂ ਫੋਲਣੀਆਂ ਸ਼ੁਰੂ ਕਰ ਦਿੱਤੀਆਂ। ਹਰ ਵਾਲਾਂ ਵਾਲੀ ਲੋਥ ਨੂੰ, ਕੜੇ ਵਾਲੀ ਬਾਹ ਨੂੰ ਲੱਭਦੀ ਹੈ । ਇਸ ਥਾਂ ਲਾਗੇ ਇਕ ਆਜੜੀਆਂ ਦਾ ਵਾੜਾ ਸੀ । ਜਿਥੇ ਸੈਂਕੜੇ ਮਣ ਕੰਡਿਆਂ ਵਾਲੇ ਛਾਪੇ ਇਕੱਠੇ ਕਰਕੇ ਭੇਡਾਂ ਦਾ ਵਾੜਾ ਬਣਾਇਆ ਹੋਇਆ । ਉਨਾਂ ਵਿੱਚ ਜੰਗਲੀ ਜਾਨਵਰ ਬਹੁਤ ਹੁੰਦੇ ਸਨ ਇਸ ਲਈ ਬਹੁਤ ਛਾਪੇ ਤੇ ਕੰਡੇਦਾਰ ਰੁਖ਼ ਵੱਢ ਕੇ ਸੁਟੇ ਹੋਏ ਸਨ । ਇਸ ਤਰਾਂ ਸਾਰੇ ਸਿੱਖਾਂ ਦੇ ਸਰੀਰ ਇਕੱਠੇ ਕਰਦੀ ਤੇ ਨਾਲ ਕਹਿੰਦੀ 'ਹੇ ਲਹੂ ਤੇ ਮਿੱਟੀ ਵਿਚ ਸੌਣ ਵਾਲਿਓ ਸ਼ਹੀਦੋ। ਤੁਹਾਨੂੰ ਪਰਨਾਮ, ਤੁਸੀਂ ਧੰਨ ਹੋ। ਜਿਹੜੇ ਜ਼ਾਲਮਾਂ ਤੇ ਜਰਵਾਨਿਆ ਦੇ ਖਿਲਾਫ ਲੜਦੇ ਹੋਏ ਜੂਝੇ ਹੋ। ਹੇ ਧਰਮ ਦੀ ਸ਼ਮਾਂ ਦੇ ਪਰਵਾਨਿਉ। ਤੁਸੀਂ ਮਾਤਭੂਮੀ ਦੀ ਸੁਤੰਤਰਤਾ ਲਈ ਉਠੇ ਹੋ ਤੇ ਸ਼ਹੀਦੀ ਜਾਮ ਪੀਤੇ ਹਨ। ਤੁਸੀਂ ਧਰਮ ਹੇਠ ਗੁਰੂ ਜੀ ਦੇ ਸਨਮੁਖ ਜ਼ਾਲਮ ਨਾਲ ਲੋਹਾ ਲੈਂਦੇ ਪ੍ਰਾਣ ਦਿੱਤੇ, ਸ਼ੇਰੋ ਵੀਰਿਓ, ਤੁਹਾਡੀ ਮੰਦ ਭਾਗੀ ਭੈਣ ਜੋ ਦਿਨ ਵੇਲੇ ਹਾਜ਼ਰ ਨਹੀਂ ਹੋ ਸਕੀ ਭਾਵੇਂ ਉਪਰਾਲਾ ਕਰਦੀ ਰਹੀ ਹੈ। ਇਸ ਵੇਲੇ ਹਾਜ਼ਰ ਹੋ ਕੇ ਤੁਹਾਡੇ ਪਵਿੱਤਰ ਸਰੀਰਾਂ ਨਾਲ ਛੋਹ ਪ੍ਰਾਪਤ ਕਰਕੇ ਆਪਣੇ ਆਪ ਨੂੰ ਸ਼ੁਭ ਜਾਣ ਤੇ ਆਪ ਦੇ ਪਵਿਤਰ ਸਰੀਰਾਂ ਨੂੰ ਠਿਕਾਣੇ ਲਾ ਕੇ ਸਸਕਾਰ ਕਰ ਸਕਾਂ। ਇਨਾਂ ਕਮੀਨੇ ਤੇ ਦੁਸ਼ਟਾਂ ਨੂੰ, ਇਨਾਂ ਲੋਥਾਂ ਦੀ ਬੇਅਦਬੀ ਦਾ ਸਮਾਂ ਨਾ ਦੇਵੇ ।

ਇਸ ਤਰਾਂ ਉਸ ਨੇ ਕਈ ਘੰਟਿਆਂ ਦੀ ਕਰੜੀ ਮਿਹਨਤ ਪਿਛੋਂ ਤੀਹ ਪੈਂਤੀ ਸਿੰਘਾਂ ਦੇ ਸਰੀਰ ਇਕੱਠੇ ਕਰਨ ਵਿਚ ਸਫਲ ਹੋਈ । ਇਸ ਤਰਾਂ ਸਿੱਖ ਵੀਰਾਂ ਦੀ ਲੋਥਾਂ ਲੱਭ ਲੱਭ ਕੇ ਵਾੜੇ ਤੱਕ ਲਿਆਉਂਦਿਆਂ ਲੱਕ ਦਰਦ , ਬਾਹਵਾਂ ਦਰਦ ਉਤੋਂ ਬਰਫੀਲੀ ਰਾਤ ਸੀ ਤਾਂ ਅੰਗ ਸੁੰਨ ਤੇ ਸੁਸਤ ਹੋ ਗਏ ਪਰ ਸਿਰੜ ਤੇ ਹੌਸਲਾ ਨਹੀਂ ਛੱਡਿਆ । ਕੋਈ ਡਰ ਨਹੀਂ ਭੈ ਨਹੀਂ ਲੋਥਾਂ ਵਿਚੋਂ ਲੱਖਾਂ ਵੈਰੀਆਂ ਦਾ ਕੋਈ ਖੌਫ ਨਹੀਂ ਖਾਧਾ। ਦਿਲ ਵਿਚ ਇਹੋ ਹੀ ਤਮੰਨਾ ਹੈ ਕਿ ਦਿਨ ਚੜਨ ਤੋਂ ਪਹਿਲਾਂ ਸ਼ਹੀਦਾਂ ਦਾ ਸਸਕਾਰ ਕੀਤਾ ਜਾ ਸਕੇ ।

ਉਧਰੋਂ ਪੂਰਬ ਵੱਲੋਂ ਲੋਅ ਹੋਣ ਲੱਗੀ ਹੈ । ਦੀਵਾ ਫੜੀ ਫਿਰਦੀ ਸਿਪਾਹੀ ਪਤਾ ਨਹੀਂ ਕੀ ਕੀ ਸਮਝਦੇ ਹੋਣਗੇ ਕਿ ਕੋਈ ਚੁੜੇਲ ਜਾਂ ਬਾਹਰ ਦੀ ਸ਼ੈ ਹੈ ਡਰਦੇ ਵੀ ਹੋਣਗੇ । ਲਾਗੇ ਵੀ ਨਹੀਂ ਜਾਂਦੇ । ਬੀਬੀ ਨੇ ਅਰਦਾਸ ਕਰਕੇ ਬਾਲਣ ਨੂੰ ਅੱਗ ਲਾ ਦਿੱਤੀ ਹੈ। ਲਾਗੇ ਪਾਠ ਕਰਨਾ ਸ਼ੁਰੂ ਕਰ ਦਿੱਤਾ ਹੈ ਸ੍ਰੀ ਸਾਹਿਬ ਨੰਗੀ ਕਰਕੇ ਹੱਥ ਵਿਚ ਫੜ ਲਈ ਹੈ ਠੰਡ ਨਾਲ ਠਰੂੰ-ਠਰੂੰ ਕਰਦੇ ਹੱਥਾਂ ਤੇ ਸਰੀਰ ਨੂੰ ਕੁਝ ਨਿੱਘ ਮਿਲਿਆ । ਸਰੀਰ ਕਾਇਮ ਹੋ ਗਿਆ ਚੰਡੀ ਬਣੀ ਪਈ ਹੈ ਪਾਠ ਕਰੀ ਜਾਂਦੀ ਹੈ। ਚਿਖਾ ਦੇ ਦੁਆਲੇ ਚੱਕਰ ਕੱਢੀ ਜਾਂਦੀ ਹੈ। ਅੱਗ ਦੇ ਭਾਂਬੜ ਮਚ ਉਠੇ। ਵੈਰੀ ਦਲ ਵੇਖ ਕੇ ਹੈਰਾਨ ਹੋ ਗਿਆ ਤੇ ਅਸਚਰਜ ਵੀ ਹੈ ਕਿ ਇਕੱਲੀ ਕਿੰਨੀ ਦਲੇਰੀ ਤੇ ਜੁਅਰਤ ਨਾਲ ਲਹੂ ਭਰੀ ਰਣ ਭੂਮੀ ਵਿਚ ਨਿਧੜਕ ਟਹਿਲ ਰਹੀ ਹੈ ।

ਕਦੀ ਵਿੱਚ ਡੰਡੇ ਨਾਲ ਅੱਗ ਨੂੰ ਹਿਲਾ ਵੀ ਦਿੰਦੀ ਹੈ । ਕੁਝ ਸਿਪਾਹੀ ਇਸ ਵਲ ਆਏ ਤਾਂ ਕਿਹਾ ਤੂੰ ਕੌਣ ਹੈ ? ਕੀ ਕਰਨ ਆਈ ਹੈ ? ਬਹਾਦਰ ਸ਼ਰਨ ਕੌਰ ਨੇ ਨੰਗੀ ਕਿਰਪਾਨ ਹਲਾਉਂਦਿਆਂ ਕਿਹਾ ਕਿ ਗੁਰੂ ਦਸਮੇਸ਼ ਦੀ ਪੁੱਤਰੀ ਸ਼ਰਨ ਕੌਰ ਹਾਂ । ਆਪਣੇ ਵੀਰਾਂ ਦੇ ਸਰੀਰਾਂ ਦਾ ਸਸਕਾਰ ਕਰਨ ਆਈ ਹਾਂ। ਫਿਰ ਉਨਾਂ ਪੁਛਿਆ ਤੈਨੂੰ ਖੌਫ ਨਹੀਂ ਆਉਂਦਾ ? ਬੀਬੀ ਜੀ ਕਿਹਾ ਖੌਫ ਗੁਰੂ ਦੇ ਸਿੱਖਾਂ ਪਾਸੋਂ ਕੋਹਾਂ ਦੂਰ ਰਹਿੰਦਾ ਹੈ। ਇਕ ਸਿਪਾਹੀ ਅੱਗੇ ਵਧਿਆ ਬੀਬੀ ਨੇ ਉਸ ਦੀ ਕਿਰਪਾਨ ਵਾਲੀ ਬਾਂਹ ਤੇ ਕਿਰਪਾਨ ਮਾਰ ਬਾਂਹ ਵੱਢ ਸੁਟੀ।ਹੁਣ ਸਾਰੇ ਸਿਪਾਹੀ ਇਕ ਦਮ ਬੀਬੀ ਤੇ ਟੁੱਟ ਪਏ ਬੀਬੀ ਨੇ ਇਕ ਦੋਹਾਂ ਦੇ ਸਿਰ ਕੱਟ ਦਿੱਤੇ । ਪਰ ਵੈਰੀਆਂ ਨੇ ਉਸ ਨੂੰ ਚੁੱਕ ਜੀਉਂਦੀ ਨੂੰ ਅੱਗ ਵਿਚ ਸੁੱਟ ਕੇ ਸ਼ਹੀਦ ਕਰ ਦਿੱਤਾ। ਬੀਬੀ ਸ਼ਰਨ ਕੌਰ ਮਹਾਨ ਸ਼ਹੀਦ ਇਸਤਰੀ ਹੋਈ ਹੈ । ਇਨਾਂ ਮਹਾਨ ਸਿੱਖ ਬੀਬੀਆਂ ਦੇ ਪੂਰਨਿਆਂ ਤੇ ਚਲ ਕੇ ਮੀਰ ਮੰਨੂੰ ਵੇਲੇ ਉਹ ਬੀਬੀਆਂ ਵੀ ਇਨਾਂ ਵਾਂਗ ਨਿਰਭੈ ਅਣਖ ਤੇ ਸਵੈਮਾਨ ਤੇ ਦ੍ਰਿੜ ਵਿਸ਼ਵਾਸ਼ ਤੇ ਖੜੇ ਪੱਟੀ ਦੀਆਂ ਜੇਲਾਂ ਵਿੱਚ ਕਸ਼ਟ ਝੱਲੇ, ਬੱਚਿਆਂ ਤੇ ਟੋਟੇ ਕਰਾ ਗਲਾਂ ਵਿੱਚ ਹਾਰ ਪਵਾ ਸਿੱਖ ਇਤਿਹਾਸ ਨੂੰ ਚਾਰ ਚੰਦ ਲਾਏ ਅਕਾਲ ਪੁਰਖ ਦਾ ਭਾਣਾ ਮਿੱਠਾ ਤੇ ਪਿਆਰਾ ਕਰ ਕੇ ਮੰਨਿਆ ਤੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ । 26 ਦਸੰਬਰ ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ ਸੀ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਦਰਦਨਾਕ ਘਟਨਾ ਤੇ ਦਿਲ ਨੂੰ ਕੰਬਾ ਦੇਣ ਵਾਲਾ ਘੋਰ ਪਾਪ ਦਾ ਸਾਕਾ ਹੈ। ਇੱਕ ਪਾਸੇ ਇਹ ਘਟਨਾ ਮਨੁੱਖੀ ਦਰਿੰਦਗੀ ਦਾ ਘਿਨਾਉਣਾ ਚਿੱਤਰ ਪੇਸ਼ ਕਰਦੀ ਹੈ, ਦੂਜੇ ਪਾਸੇ ਸਾਹਿਬਜ਼ਾਦਿਆਂ ਦੇ ਅੰਦਰ ਜੂਝ ਮਰਨ ਅਤੇ ਸਿੱਖੀ ਸਿਦਕ ਦੀ ਭਾਵਨਾ ਦੇ ਸਿਖਰ ਨੂੰ ਪ੍ਰਗਟ ਕਰਦੀ ਹੈ। ਜਿਸ ਕੁਲ ਜਾਤੀ ਦੇਸ ਕੇ ਬੱਚੇ ਦੇ ਸਕਤੇ ਹੈਂ ਯੋਂ ਬਲੀਦਾਨ। ਉਸ ਕਾ ਵਰਤਮਾਨ ਕੁਛ ਭੀ ਹੋ ਭਵਿਸ਼ਯ ਹੈ ਮਹਾਂ ਮਹਾਨ॥

ਗੁਰਮਤਿ ਅਨੁਸਾਰ ਅਧਿਆਤਮਿਕ ਅਨੰਦ ਦੀ ਪ੍ਰਾਪਤੀ ਲਈ ਮਨੁੱਖ ਨੂੰ ਆਪਾ ਮਿਟਾਉਣ ਦੀ ਲੋੜ ਹੁੰਦੀ ਹੈ। ਇਹ ਮਾਰਗ ਇੱਕ ਮਹਾਨ ਸੂਰਮਗਤੀ ਦਾ ਕਾਰਜ ਹੈ। ਸਿੱਖ ਧਰਮ ਦੀ ਨੀਂਹ ਰੱਖਣ ਵਾਲੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਮਾਰਗ ਤੇ ਚੱਲਣ ਲਈ ਸਿਰ ਭੇਟ ਕਰਨ ਦੀ ਸ਼ਰਤ ਰੱਖੀ ਸੀ। ਇਸੇ ਲੀਹ ਤੇ ਤੁਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਖਾਲਸੇ ਦੀ ਸਾਜਨਾ ਕੀਤੀ। ਖਾਲਸਾ ਇੱਕ ਆਦਰਸ਼ਕ, ਸੰਪੂਰਨ ਅਤੇ ਸੁਤੰਤਰ ਮਨੁੱਖ ਹੈ ਜਿਸ ਨੂੰ ਗੁਰਬਾਣੀ ਵਿੱਚ ਸਚਿਆਰ, ਗੁਰਮੁਖ ਅਤੇ ਬ੍ਰਹਮ ਗਿਆਨੀ ਕਿਹਾ ਗਿਆ ਹੈ। ਖਾਲਸਾ ਗੁਰੂ ਨੂੰ ਤਨ, ਮਨ, ਧਨ ਸੌਂਪ ਦਿੰਦਾ ਹੈ, ਤੇ ਜਬਰ ਜ਼ੁਲਮ ਦੇ ਟਾਕਰੇ ਲਈ ਜੂਝ ਮਰਨ ਤੋਂ ਝਿਜਕਦਾ ਨਹੀਂ ਹੈ-

ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ **1412**)

ਅਰੁ ਸਿੱਖ ਹੋਂ ਆਪਨੇ ਹੀ ਮਨ ਕਉ ਇਹ ਲਾਲਚ ਹਉ ਗੁਨ ਤਉ ਉਚਰੋਂ॥ ਜਬ ਆਵ ਕੀ ਅਉਧ ਨਿਧਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥

ਗੁਰੂ ਜੀ ਦੇ ਕਿਲਾ ਖਾਲੀ ਕਰਕੇ ਜਾਣ ਤੇ ਦੁਸ਼ਮਣ ਨੇ ਸਾਰੀਆਂ ਕਸਮਾਂ ਤੋੜ ਕੇ ਉਨਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਸਰਸਾ ਨਦੀ ਦੇ ਨੇੜੇ ਪਹੁੰਚਦਿਆਂ ਗਹਿਗੱਚ ਲੜਾਈ ਹੋਈ ਜਿਸ ਦੌਰਾਨ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਵਹੀਰ ਤੋਂ ਵੱਖ ਹੋ ਗਏ :

ਕਿ ਦਹ ਲਕ ਬਰਾਯਦ ਬਰੂੰ ਬੇਖ਼ਬਰ॥ (ਜ਼ਫ਼ਰਨਾਮਾ)

ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਗੰਗੂ ਬ੍ਰਾਹਮਣ ਮਿਲ ਗਿਆ। ਇਹ ਉਹਨਾਂ ਨੂੰ ਮੋਰਿੰਡੇ ਕੋਲ ਪਿੰਡ ਸਹੇੜੀ ਵਿਖੇ ਆਪਣੇ ਘਰ ਲੈ ਗਿਆ। ਘਰ ਜਾ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ। ਉਸ ਨੇ ਮੋਰਿੰਡੇ ਦੇ ਥਾਣੇਦਾਰ ਨੂੰ ਖ਼ਬਰ ਦੇ ਕੇ ਬੱਚਿਆਂ ਨੂੰ ਫੜਾ ਦਿੱਤਾ। ਮੋਰਿੰਡੇ ਦੇ ਥਾਣੇਦਾਰ ਨੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫ਼ਤਾਰ ਕਰਕੇ ਸੂਬਾ ਸਰਹਿੰਦ ਦੇ ਹਵਾਲੇ ਕਰ ਦਿੱਤਾ। ਉਸ ਰਾਤ ਉਹਨਾਂ ਨੂੰ ਕਿਲੇ ਦੇ ਠੰਢੇ ਬੁਰਜ ਵਿੱਚ ਰੱਖਿਆ ਗਿਆ। ਮਾਤਾ ਗੁਜਰ ਕੌਰ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ, ਤਿਨਾਂ ਨੂੰ ਸਾਰੀ ਰਾਤ ਠੰਡੇ ਬੁਰਜ 'ਚ ਭੁੱਖੇ-ਤਿਹਾਏ ਰੱਖਿਆ ਗਿਆ। ਭਾਈ ਮੋਤੀ ਰਾਮ ਨੇ, ਆਪਣੇ ਪਰਵਾਰ ਨੂੰ ਖ਼ਤਰੇ ਵਿੱਚ ਪਾ ਕੇ ਉਨਾਂ ਵਾਸਤੇ ਦੁੱਧ ਪਹੁੰਚਾਇਆ।

ਦੂਜੇ ਦਿਨ ਬੱਚਿਆਂ ਨੂੰ ਸੂਬਾ ਸਰਹਿੰਦ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਕਚਹਿਰੀ ਵਿੱਚ ਬੱਚਿਆਂ ਨੂੰ ਦੀਨ ਕਬੂਲ ਕਰਨ ਲਈ ਲਾਲਚ ਦੇਣ ਤੇ ਡਰਾਉਣ, ਧਮਕਾਉਣ ਦੇ ਯਤਨ ਕੀਤੇ ਗਏ। ਉਨਾਂ ਨੂੰ ਝੂਠ ਵੀ ਬੋਲਿਆ ਗਿਆ ਕਿ ਤੁਹਾਡਾ ਪਿਤਾ ਮਾਰਿਆ ਗਿਆ ਹੈ, ਹੁਣ ਤੁਸੀਂ ਕਿੱਥੇ ਜਾਓਗੇ। ਬੱਚਿਆਂ ਨੇ ਸੂਬਾ ਸਰਹਿੰਦ ਨੂੰ ਆਪਣਾ ਧਰਮ ਛੱਡਣ ਤੋਂ ਦਲੇਰੀ ਨਾਲ ਇਨਕਾਰ ਕਰ ਦਿੱਤਾ। ਵਜ਼ੀਰ ਖਾਨ ਨੇ ਕਾਜ਼ੀ ਦੀ ਰਾਇ ਲਈ ਕਿ ਇਨਾਂ ਬੱਚਿਆਂ ਨੂੰ ਕੀ ਸਜ਼ਾ ਦਿੱਤੀ ਜਾ ਸਕਦੀ ਹੈ। ਕਾਜ਼ੀ ਨੇ ਕਿਹਾ ਕਿ ਇਸਲਾਮ ਵਿੱਚ ਬੱਚਿਆਂ ਨੂੰ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਹੈ। ਵਜ਼ੀਰ ਖ਼ਾਨ ਵੀ ਕਿਸੇ ਹੱਦ ਤੱਕ ਬੱਚਿਆਂ ਦਾ ਕਤਲ ਆਪਣੇ ਮੱਥੇ 'ਤੇ ਲਾਉਣ ਤੋਂ ਬਚਣਾ ਚਾਹੁੰਦਾ ਸੀ। ਹੁਣ ਉਸ ਨੇ ਨਵਾਬ ਮਾਲੇਰਕੋਟਲਾ ਨੂੰ ਕਿਹਾ ਕਿ ਉਹ ਚਾਹੇ ਤਾਂ ਆਪਣੀ ਮਰਜ਼ੀ ਅਨੁਸਾਰ ਇਨਾਂ ਬੱਚਿਆਂ ਨੂੰ ਸਜ਼ਾ ਦੇ ਕੇ ਆਪਣੇ ਭਰਾ ਦਾ ਬਦਲਾ ਲੈ ਸਕਦਾ ਹੈ। ਸ਼ੇਰ ਖਾਨ ਨੇ ਅੱਗੋਂ ਕਿਹਾ ਕਿ ਮੇਰਾ ਭਰਾ ਜੰਗ ਵਿੱਚ ਮਾਰਿਆ ਗਿਆ ਸੀ ਮੈਂ ਇਹਨਾਂ ਸ਼ੀਰ-ਖੋਰਾਂ ਤੋਂ ਕੋਈ ਬਦਲਾ ਨਹੀਂ ਲੈਣਾ ਚਾਹੁੰਦਾ। ਅੱਲਾ ਯਾਰ ਖ਼ਾਂ ਜੋਗੀ ਦੇ ਸ਼ਬਦਾਂ ਵਿੱਚ- ਬਦਲਾ ਹੀ ਲੇਨਾ ਹੋਗਾ ਤੋ ਲੇਂਗੇ ਬਾਪ ਸੇ। ਮਹਿਫ਼ੂਜ਼ ਰਖੇ ਹਮ ਕੋ ਖ਼ੁਦਾ ਐਸੇ ਪਾਪ ਸੇ। ਕਾਜ਼ੀ ਅਤੇ ਸ਼ੇਰ ਖਾਨ ਨੇ ਇਸੇ ਤਰਾਂ ਦੇ ਰਵੱਈਏ ਨੂੰ ਦੇਖਦੇ ਹੋਏ ਵਜ਼ੀਰ ਖਾਨ ਦੇ ਮਨ ਵਿੱਚ ਨਰਮੀ ਆਉਣ ਲੱਗੀ ਸੀ, ਪਰ ਦੀਵਾਨ ਸੁੱਚਾ ਨੰਦ ਇਹ ਨਹੀਂ ਸੀ ਚਾਹੁੰਦਾ ਕਿ ਸਾਹਿਬਜ਼ਾਦਿਆਂ ਨੂੰ ਛੱਡਿਆ ਜਾਵੇ। ਇਤਿਹਾਸਕ ਹਵਾਲਿਆਂ ਅਨੁਸਾਰ ਉਸ ਨੇ ਇੱਕ ਸ਼ੈਤਾਨ ਵਾਂਗ ਸਾਹਿਬਜ਼ਾਦਿਆਂ ਨੂੰ ਕੁਝ ਅਜਿਹੇ ਪ੍ਰਸ਼ਨ ਕੀਤੇ ਜਿਹਨਾਂ ਦੇ ਉੱਤਰ ਤੋਂ ਉਹਨਾਂ ਨੂੰ ਬਾਗ਼ੀ ਸਿੱਧ ਕੀਤਾ। ਉਸ ਨੇ ਵਜ਼ੀਰ ਖਾਨ ਨੂੰ ਵੀ ਉਕਸਾਇਆ ਕਿ ਇਨਾਂ ਬੱਚਿਆਂ ਨੂੰ ਛੱਡਣਾ ਸਿਆਣਪ ਨਹੀਂ ਹੋਵੇਗੀ।

27 ਦਸੰਬਰ ਛੋਟੇ ਸਾਹਿਬਜ਼ਾਦਿਆਂ ਦਾ ਕਚਹਿਰੀ ਵਿੱਚ ਦੂਸਰੇ ਦਿਨ ਦਾ ਇਤਿਹਾਸ

ਜਦੋਂ ਅਗਲੇ ਦਿਨ ਮਾਸੂਮ ਜਿੰਦਾਂ ਨੂੰ ਵਜ਼ੀਰ ਖਾਂ ਦੀ ਕਚਹਿਰੀ ਅੰਦਰ ਪੇਸ਼ ਕੀਤਾ ਜਾਣ ਲੱਗਾ ਤਾਂ ਉਸ ਵਜ਼ੀਰ ਖਾਂ ਨੇ ਸ਼ਰਾਰਤ ਨਾਲ ਕਿਲੇ ਦਾ ਵੱਡਾ ਦਰਵਾਜਾ ਬੰਦ ਕਰਵਾ ਦਿੱਤਾ ਅਤੇ ਛੋਟੀ ਖਿੜਕੀ ਖੋਲ ਦਿੱਤੀ ਤਾਂ ਕਿ ਜਦ ਛੋਟੇ ਸਾਹਿਬਜ਼ਾਦੇ ਅੰਦਰ ਆਉਣਗੇ ਤਾਂ ਉਨਾਂ ਦਾ ਸੀਸ ਝੁਕ ਜਾਵੇਗਾ ਅਤੇ ਅਸੀਂ ਤਾੜੀ ਮਾਰ ਕੇ ਆਖਾਂਗੇ ਕਿ 'ਗੁਰੂ ਦਾ ਸਿੱਖ ਝੁੱਕ ਗਿਆ' ਪਰ, ਇਸਦੇ ਉਲਟ ਜਦ ਸਾਹਿਬਜ਼ਾਦੇ ਅੰਦਰ ਪ੍ਰਵੇਸ਼ ਕਰਨ ਲੱਗੇ ਤਾਂ ਪਹਿਲਾਂ ਖਿੜਕੀ ਰਾਹੀਂ ਆਪਣੇ ਪੈਰ ਰੱਖੇ ਫਿਰ ਸੀਸ ਅਤੇ ਛਾਤੀ ਤਾਨ ਕੇ ਗੱਜ ਕੇ ਫਤਹਿ ਬੁਲਾ ਦਿੱਤੀ। ਕੋਲ ਖੜਾ ਸੁੱਚਾ ਨੰਦ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ ਅਤੇ ਕਹਿਣ ਲੱਗਾ, 'ਓਏ, ਇਹ ਤੁਹਾਡੇ ਗੁਰੂ ਗੋਬਿੰਦ ਸਿੰਘ ਦਾ ਦਰਬਾਰ ਨਹੀਂ। ਇਹ ਸੂਬਾ ਸਰਹੰਦ ਵਜ਼ੀਰ ਖਾਂ ਦੀ ਕਚਹਿਰੀ ਹੈ, ਝੁੱਕ ਕੇ ਸਲਾਮ ਕਰੋ।' ਤਾਂ ਸਾਹਿਬਜ਼ਾਦਿਆਂ ਦਾ ਜੁਆਬ ਸੀ, 'ਸਾਨੂੰ ਪਤਾ ਹੈ, ਪਰ ਇਹ ਗੁਰੂ ਘਰ ਦਾ ਸਿਧਾਂਤ ਹੈ ਕਿ ਜਿੱਥੇ ਵੀ ਜਾਣਾ ਹੈ ਗੱਜ ਕੇ ਫ਼ਤਹਿ ਹੀ ਬੁਲਾਉਣੀ ਹੈ।'

ਵਜ਼ੀਰ ਖਾਂ ਦੀ ਕਚਹਿਰੀ ਦੇ ਅੰਦਰ ਕਹਿੰਦੇ ਨੇ ਜੇਕਰ ਕਿਸੇ ਦਾ ਈਮਾਨ ਡੁਲਾਉਣਾ ਹੋਵੇ ਤਾਂ ਤਿੰਨ ਤਰੀਕਿਆਂ ਨਾਲ ਡੁਲਾਇਆ ਜਾਂਦਾ ਹੈ। ਪਹਿਲਾਂ ਕਿਸੇ ਨੂੰ ਬਹੁੱਤਾ ਪਿਆਰ ਕਰ ਲਵੋ ਤਾਂ ਉਹ ਡੋਲ ਜਾਂਦਾ ਹੈ। ਦੂਜਾ ਲਾਲਚ ਨਾਲ ਅਤੇ ਤੀਜਾ ਡਰਾਵਾ ਦੇ ਕੇ। ਇਹ ਤਿੰਨੇ ਤਰੀਕੇ ਗੁਰੂ ਕੇ ਲਾਲਾਂ ਤੇ ਵੀ ਅਜ਼ਮਾਏ ਗਏ।

ਪਹਿਲਾਂ ਬੱਚਿਆਂ ਨੂੰ ਬੜੇ ਪਿਆਰ ਨਾਲ ਪੁਛਿਆ ਗਿਆ ਕਿ, 'ਬੱਚਿਓ ! ਜੇ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਵੱਡੇ ਹੋ ਕੇ ਕੀ ਕਰੋਗੇ ? ਲਾਲ ਕਹਿਣ ਲੱਗੇ: 'ਵਿੱਚ ਜੰਗਲਾਂ ਜਾਵਾਂਗੇ, ਸਿੱਖਾਂ ਨੂੰ ਜੋੜ ਲਿਆਵਾਂਗੇ (ਭਾਵ ਇਕੱਠੇ ਕਰਾਂਗੇ) ਸ਼ਸਤਰ ਇਕੱਠੇ ਕਰਾਂਗੇ, ਘੋੜਿਆਂ ਉਪਰ ਚੜਾਂਗੇ, ਨਾਲ ਤੁਹਾਡੇ ਲੜਾਂਗੇ।'

ਦਰਬਾਰੀ ਸੁੱਚਾ ਨੰਦ ਕਹਿਣ ਲੱਗੇ ਕਿ ਇਹ ਸਪੋਲੀਏ ਹਨ, ਇਨਾਂ ਨੂੰ ਜਿਉਂਦਿਆਂ ਨਹੀਂ ਛੱਡਣਾ ਚਾਹੀਦਾ। ਪਰ ਫਿਰ ਇੱਕ ਵਾਰੀ ਪਿਆਰ ਨਾਲ ਕਿਹਾ ਜਾਣ ਲੱਗਾ: 'ਤੁਸੀਂ ਬੜੇ ਮਾਸੂਮ ਹੋ, ਨਿੱਕੀਆਂ ਜਿੰਦਾਂ ਹੋ, ਤੁਹਾਨੂੰ ਕੋਹ-ਕੋਹ ਕੇ ਮਾਰ ਦਿੱਤਾ ਜਾਵੇਗਾ, ਇਸ ਲਈ ਜਿੰਦਗੀ ਜੀਉਣ ਲਈ ਸਿੱਖੀ ਦਾ ਤਿਆਗ ਕਰ ਦਿਉ।' ਅੱਗੋਂ ਸਾਹਿਬਜ਼ਾਦੇ ਕਹਿਣ ਲੱਗੇ : 'ਦਸਮੇਸ਼ ਪਿਤਾ ਦੇ ਬੱਚੜੇ ਹਾਂ, ਭਾਗਾਂ ਵਾਲੀ ਮਾਂ ਦੇ ਜਣੇ ਹੋਏ ਹਾਂ, ਉਤੋਂ ਮੱਖਣ ਵਰਗਾ ਮਾਹੌਲ ਨਾ ਸਮਝੀਂ, ਅੰਦਰੋਂ ਫੋਲਾਦ ਦੇ ਬਣੇ ਹੋਏ ਹਾਂ।' ਤਾਂ ਵਜ਼ੀਰ ਖਾਂ ਕਹਿਣ ਲੱਗਾ, 'ਤੁਸੀਂ ਜੇਕਰ ਮੇਰੀ ਗੱਲ ਨਾ ਮੰਨੀ ਤਾਂ ਤੁਹਾਨੂੰ ਸ਼ਹੀਦ ਕਰ ਦਿੱਤਾ ਜਾਵੇਗਾ' ਤਾਂ ਗੁਰੂ ਕੇ ਲਾਲ ਕਹਿਣ ਲੱਗੇ, 'ਇਹ ਸ਼ਹਾਦਤਾਂ ਦਾ ਡਰ ਕਿਸੇ ਹੋਰ ਨੂੰ ਦਈਂ, ਅਸੀਂ ਸ਼ਹੀਦੀ ਤੋਂ ਡਰਨ ਵਾਲੇ ਨਹੀਂ। ਅਸੀ ਕੌਮ ਤੋਂ ਕੁਰਬਾਨ ਹੋਣਾ ਚੰਗੀ ਤਰਾਂ ਜਾਣਦੇ ਹਾਂ। ਸਾਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ ਇਹ ਗੁੜਤੀ ਦਿੱਤੀ ਹੈ ਕਿ :

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥
(ਸਲੋਕ ਵਾਰਾਂ ਤੇ ਵਧੀਕ ਮ. **1**, ਪੰਨਾ **1412**)

ਵਜ਼ੀਰ ਖਾਂ ਕਹਿਣ ਲੱਗਾ, 'ਜ਼ੋਰਾਵਰ ਸਿੰਘ, ਔਹ ਵੇਖ ਲੈ ਆਰੇ ਦੇ ਦੰਦੇ।'

ਤਾਂ ਅਗੋਂ ਜਵਾਬ ਸੀ, 'ਮਤੀ ਦਾਸ ਦੇ ਸਿਰ ਐ ਜ਼ਾਲਮ, ਇਹ ਦੰਦੇ ਅਜ਼ਮਾ ਕੇ ਵੇਖ ਲਏ ਨੇ।'

ਵਜ਼ੀਰ ਖਾਂ ਫਿਰ ਕਹਿਣ ਲੱਗਾ, ਸੋਚ ਫਤਹਿ ਸਿੰਘ ਸੋਚ, ਨਹੀਂ ਤਾਂ ਮੱਛੀ ਵਾਂਗੂ ਲੋਹ ਤੇ ਤਲਸਾਂ।'

ਤਾਂ ਅਗੋਂ ਜਵਾਬ ਸੀ, 'ਓਏ ਮੇਰੇ ਬਾਬੇ ਅਰਜਨ ਨੇ, ਇਸਤੇ ਵੀ ਅੰਗ ਤੁਲਵਾ ਕੇ ਦੇਖ ਲਏ ਨੇ।'

ਤਾਂ ਵਜ਼ੀਰ ਖਾਂ ਕਹਿਣ ਲੱਗਾ, 'ਜ਼ੋਰਾਵਰ ਸਿੰਘ ਦੇਗਾਂ ਵਿੱਚ ਆਲੂਆਂ ਵਾਗ ਉਬਾਲੇ ਜਾਸੋ।'

ਅੱਗੋਂ ਜਵਾਬ ਆਇਆ, 'ਓਏ ਗੁਰਸਿੱਖੀ ਲਈ ਭਾਈ ਦਿਆਲੇ ਨੇ, ਕਈ ਉਬਾਲੇ ਖਾ ਕੇ ਦੇਖ ਲਏ ਨੇ।'

ਸ਼ਾਹਿਜ਼ਾਦੇ ਕਹਿਣ ਲੱਗੇ, 'ਤੂੰ ਜਿੰਨਾਂ ਮਰਜੀ ਜੁਲਮ ਕਰ ਲੈ, ਪਰ ਸਾਨੂੰ ਆਪਣੀ ਈਨ ਨਹੀਂ ਮੰਨਵਾ ਸਕਦਾ, ਅਸੀਂ ਕਿਸੇ ਵੀ ਹਾਲਤ ਵਿੱਚ ਸਿੱਖੀ ਨਹੀਂ ਛੱਡਾਂਗੇ।' ਅਸੀਂ ਸਿੱਖ ਹਾਂ ਅਤੇ ਆਪਾ ਮਿਟਾ ਕੇ ਗੁਰੂ ਦੇ ਵਿੱਚ ਲੀਨ ਹੋਵਾਂਗੇ ਕਿਉਂਕਿ ਜੋ ਸਿੱਖ ਉਸਨੇ ਆਪਣਾ ਤਨ, ਮਨ, ਧਨ ਗੁਰੂ ਨੂੰ ਹੀ ਅਰਪਣ ਕਰਨਾ ਹੈ ਅਤੇ ਸਿਰਫ ਗੁਰੂ ਪਾਤਸ਼ਾਹ ਜੀ ਦੇ ਹੁਕਿਮ ਨੂੰ ਹੀ ਸਤਿ ਸਤਿ ਕਰਕੇ ਮੰਨਣਾ ਹੈ। ਸਾਡਾ ਸਿਧਾਂਤ ਹੈ

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥ (ਰਾਮਕਲੀ ਮ. **3**, ਪੰਨਾ **918**)

ਹੁਣ ਦੂਸਰਾ ਤਰੀਕਾ ਵਰਤਿਆ ਜਾਣ ਲੱਗਾ ਅਤੇ ਵਜ਼ੀਰ ਖਾਂ ਗੁਰੂ ਕੇ ਲਾਲਾਂ ਨੂੰ ਲਾਲਚ ਦੇ ਕੇ ਕਹਿਣ ਲੱਗਾ, ਕਿ ਤੁਹਾਨੂੰ ਤਖ਼ਤ ਤੇ ਤਾਜ ਮਿਲੇਗਾ। ਤਾਂ ਅੱਗੋਂ ਜੁਆਬ ਸੀ, 'ਜੁੱਤੀ ਦੀ ਇੱਕ ਠੋਕਰ ਨਾਲ ਤਖ਼ਤ ਤੇ ਤਾਜ ਠੁਕਰਾ ਸਕਦੇ ਹਾਂ, ਪਰ ਅਸੀਂ ਆਪਣਾ ਧਰਮ ਨਹੀਂ ਛੱਡ ਸਕਦੇ ਇਹ ਸੁਣ ਕੇ ਵਜੀਰ ਖਾਂਨ ਸੜ ਬਲ ਗਿਆਂ ਤੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿੱਚ ਭੇਜ ਕੇ ਕਾਜੀ ਨੂੰ ਬਹੁਤ ਦਰਦਨਾਕ ਮੌਤ ਦਾ ਫਤਵਾ ਲਿਖ ਕੇ ਕਲ ਹਾਜਰ ਹੋਣ ਦਾ ਹੁਕਮ ਸੁਣਾਦਾ ਹੈ ।ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀਵਾਨ ਸੁੱਚਾ ਨੰਦ ਇਹ ਨਹੀਂ ਸੀ ਚਾਹੁੰਦਾ ਕਿ ਸਾਹਿਬਜ਼ਾਦਿਆਂ ਨੂੰ ਛੱਡਿਆ ਜਾਵੇ। ਇਤਿਹਾਸਕ ਹਵਾਲਿਆਂ ਅਨੁਸਾਰ ਉਸ ਨੇ ਇੱਕ ਸ਼ੈਤਾਨ ਵਾਂਗ ਸਾਹਿਬਜ਼ਾਦਿਆਂ ਨੂੰ ਕੁਝ ਅਜਿਹੇ ਪ੍ਰਸ਼ਨ ਕੀਤੇ ਜਿਹਨਾਂ ਦੇ ਉੱਤਰ ਤੋਂ ਉਹਨਾਂ ਨੂੰ ਬਾਗ਼ੀ ਸਿੱਧ ਕੀਤਾ। ਉਸ ਨੇ ਵਜ਼ੀਰ ਖਾਨ ਨੂੰ ਵੀ ਉਕਸਾਇਆ ਕਿ ਇਹਨਾਂ ਬੱਚਿਆਂ ਨੂੰ ਛੱਡਣਾ ਸਿਆਣਪ ਨਹੀਂ ਹੋਵੇਗੀ। ਵਜ਼ੀਰ ਖਾਨ ਨੇ ਕਾਜ਼ੀ ਤੋਂ ਫਿਰ ਪੁੱਛਿਆ। ਇਸ ਵਾਰ ਕਾਜ਼ੀ ਨੇ ਮਾਲਕਾਂ ਦੀ ਮਰਜ਼ੀ ਅਨੁਸਾਰ ਬੱਚਿਆਂ ਨੂੰ ਕੰਧਾਂ ਵਿੱਚ ਚਿਣੇ ਜਾਣ ਦਾ ਫ਼ਤਵਾ ਦੇ ਦਿੱਤਾ। ਬੱਚਿਆਂ ਨੂੰ ਕੰਧਾਂ ਵਿੱਚ ਚਿਣਿਆ ਗਿਆ। ਕੰਧ ਜਦੋਂ ਮੋਢਿਆਂ ਤੱਕ ਆਈ ਤਾਂ ਗਿਰ ਗਈ ਸੀ। ਬੱਚਿਆਂ ਦੇ ਫੁੱਲਾਂ ਵਰਗੇ ਸਰੀਰ ਇਸ ਚੋਟ ਨੂੰ ਨਾ ਸਹਾਰਦੇ ਹੋਏ ਬੇਹੋਸ਼ ਹੋ ਗਏ ਸਨ। ਇਸ ਤੋਂ ਬਾਅਦ 27 ਦਸੰਬਰ ਨੂੰ ਬੱਚਿਆਂ ਨੂੰ ਕਚਹਿਰੀ ਵਿੱਚ ਫਿਰ ਪੇਸ਼ ਕੀਤਾ ਗਿਆ। ਉਹਨਾਂ ਨੂੰ ਫਿਰ ਦੀਨ ਕਬੂਲਣ ਲਈ ਦਬਾਅ ਪਾਇਆ ਗਿਆ ਪਰ ਸਾਹਿਬਜ਼ਾਦਿਆਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਉਹਨਾਂ ਦੇ ਸਿਰ ਤੇ 10 ਪਾਤਸ਼ਾਹੀਆਂ ਦੇ ਮਹਾਨ ਕਾਰਜਾਂ ਦੀ ਜ਼ਿੰਮੇਵਾਰੀ ਦਾ ਭਾਰ ਆ ਪਿਆ ਸੀ ਉਹ ਇਸ ਨੂੰ ਹੇਠਾਂ ਨਹੀਂ ਗੇਰਨਾ ਚਾਹੁੰਦੇ ਸਨ। ਉਹਨਾਂ ਨੇ ਆਪਣੇ ਦਾਦੇ ਦੀ ਤਰਾਂ ਸ਼ਹੀਦੀ ਪਾਉਣ ਦਾ ਪ੍ਰਣ ਕਰ ਲਿਆ। ਭਾਈ ਦੁੱਨਾ ਸਿੰਘ ਹੰਡੂਰੀਆ ਜੋ ਚਮਕੌਰ ਤੱਕ ਗੁਰੂ ਜੀ ਦੇ ਨਾਲ ਸੀ, ਇਸ ਤਰਾਂ ਲਿਖਦਾ ਹੈ- ਜ਼ੋਰਾਵਰ ਸਿੰਘ ਐਸੇ ਭਨੈ, ਕਿਉਂ ਭਾਈ, ਅਬ ਕਿਉਂ ਕਰ ਬਨੈ। ਫਤੇ


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com